**Reo-Bankowned Properties**

From San Jose to Sacramento

JASSI GILL *Broker/Owner*

Ph:510-304-9292

**Refinance Now**

@ZERO COST

Call Sukhi Gill:510-207-9067

CA DRE Lic.#01180969



*Jassi Gill*

CA DRE# 00966763



COVERED CALIFORNIA

**ਓਬਾਮਾ ਕੇਅਰ**

ਦੀ ਐਪਲੀਕੇਸ਼ਨ ਖੁਲ੍ਹ ਗਈ ਹੈ

November 1 to January 31

ਐਪਲੀਕੇਸ਼ਨ ਭਰਨ ਲਈ ਮਿਲੋ

ਗੁਰਚਰਨ ਸਿੰਘ ਮਾਨ

ਫੋਨ: 510-797-7989

Email: duabba1@gmail.com




License# OC70672

Certified Agent

ਐਪਲੀਕੇਸ਼ਨ ਦੀ ਕੋਈ ਫੀਸ ਨਹੀਂ



**Jay Grewal Serving Entire Bay Area**



Jay Grewal

CalBre # 01978624

For All Your Real Estate Needs

Commercial or Residential

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

Call Today For Free Consultation!

Ph: 408-805-2760

jgrewal@kw.com



Sixteenth Year of Publication

ਕੈਲੀਫੋਰਨੀਆ ਐਡੀਸ਼ਨ

Price 50¢

Email:punjabtimes1@gmail.com

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 17, Issue 24, June 11, 2016 20451 N Plum Grove Rd., Palatine, IL 60074 Ph:847-359-0746, Fax:847-705-9388


# ਸਾਕਾ ਸਮਾਗਮ ਮੌਕੇ ਸੰਗਤ ਦਾ ਰੋਹ ਜੱਗ-ਜ਼ਾਹਿਰ

## ਜਥੇਦਾਰ ਵਿਰੋਧੀ ਨਾਅਰੇ ਲੱਗੇ; ਸੱਤਾਧਾਰੀਆਂ ਦੇ ਭਾਅ ਨੂੰ ਬਣੀ

**ਅੰਮ੍ਰਿਤਸਰ:** ਸਾਕਾ ਨੀਲਾ ਤਾਰਾ ਦੀ 32ਵੀਂ ਬਰਸੀ ਮੌਕੇ ਸ੍ਰੀ ਅਕਾਲ ਤਖਤ ਵਿਖੇ ਕਰਾਏ ਗਏ ਸ਼ਰਧਾਂਜਲੀ ਸਮਾਗਮ ਵਿਚ ਸਖਤ ਸੁਰੱਖਿਆ ਪ੍ਰਬੰਧਾਂ ਕਾਰਨ ਭਾਵੇਂ ਕੋਈ ਅਣਹੋਣੀ ਘਟਨਾ ਤਾਂ ਟਲ ਗਈ, ਪਰ ਪੰਜਾਬ ਵਿਚ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਤੇ ਅਕਾਲ ਤਖਤ ਦੇ ਜਥੇਦਾਰ ਵਿਰੁੱਧ ਸਿੱਖ ਸੰਗਤ ਵਿਚ ਪੈਦਾ ਰੋਹ ਨੂੰ ਜੱਗ ਜ਼ਾਹਿਰ ਕਰ ਦਿੱਤਾ। ਜਥੇਦਾਰ ਗਿਆਨੀ ਗੁਰਬਚਨ ਸਿੰਘ ਦਾ ਕੌਮ ਦੇ ਨਾਂ ਸੰਦੇਸ਼ ਜਾਰੀ ਕਰਨ ਸਮੇਂ ਸਖਤ ਵਿਰੋਧ ਹੋਇਆ। ਖਾਲਿਸਤਾਨ ਪੱਖੀ ਤੇ ਜਥੇਦਾਰ ਵਿਰੋਧੀ ਨਾਅਰਿਆਂ ਦੌਰਾਨ ਸਮਾਗਮ ਵਿਚ ਅਕਾਲੀ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਨੂੰ ਔਖਾ ਸਮਾਂ ਵੇਖਣਾ ਪਿਆ। ਭੀੜ ਵੱਲੋਂ ਉਨ੍ਹਾਂ ਨਾਲ ਧੱਕਾ ਮੁੱਕੀ ਅਤੇ ਕਈਆਂ ਦੀਆਂ ਦਸਤਾਰਾਂ ਨੂੰ ਹੱਥ ਪਾਉਣ ਦਾ ਯਤਨ ਕੀਤਾ ਗਿਆ। ਭੀੜ ਨੇ ਜਥੇਦਾਰ ਵਿਰੋਧੀ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਵਿਰੋਧ ਦੌਰਾਨ ਗਿਆਨੀ ਗੁਰਬਚਨ ਸਿੰਘ ਨੇ ਸੰਦੇਸ਼ ਪੜ੍ਹਨਾ ਜਾਰੀ ਰੱਖਿਆ। ਲੋਕਾਂ ਨੇ ਖਾਲਿਸਤਾਨ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਪੱਖੀ ਨਾਅਰੇ ਲਾਉਂਦਿਆਂ ਸਰਬੱਤ ਖਾਲਸਾ ਵੱਲੋਂ ਥਾਪੇ ਗਏ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਅਤੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਦੇ ਹੱਕ ਵਿਚ ਵੀ ਨਾਅਰੇਬਾਜ਼ੀ ਕੀਤੀ। ਜਦੋਂ ਸਮਾਗਮ ਸਮਾਪਤੀ ਵੱਲ ਵਧ ਰਿਹਾ ਸੀ ਤਾਂ ਅਕਾਲੀ ਵਿਧਾਇਕ ਤੇ ਸੰਸਦ ਮੈਂਬਰ ਬਾਹਰ ਜਾਣ ਲੱਗੇ ਤਾਂ ਭੀੜ ਵਿਚੋਂ ਲੰਘਣ ਸਮੇਂ ਲੋਕਾਂ ਨੇ ਉਨ੍ਹਾਂ ਖਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਧੱਕਾ-ਮੁੱਕੀ ਵੀ ਕੀਤੀ। ਅਕਾਲੀ ਦਲ ਵਲੋਂ ਇਸ ਵਿਰੋਧ ਨੂੰ ਭਾਵੇਂ ਸ਼ਰਾਰਤੀ ਅਨਸਰਾਂ ਦਾ ਕਾਰਾ ਦੱਸਿਆ ਜਾ ਰਿਹਾ ਹੈ, ਪਰ ਅਕਾਲੀ ਲੀਡਰਸ਼ਿਪ ਸਿੱਖ ਵੋਟ ਬੈਂਕ ਨੂੰ ਲੈ ਕੇ ਵੀ ਚਿੰਤਤ ਹੈ। ਇਸ ਘਟਨਾ ਤੋਂ

*(ਬਾਕੀ ਸਫਾ 6 'ਤੇ)*



## ਪਾਕਿਸਤਾਨੀ ਸਿੱਖਾਂ ਵੱਲੋਂ ਅਸੈਂਬਲੀ ਸਾਹਮਣੇ ਵਿਖਾਵਾ

**ਸਤਲਾਣੀ ਸਾਹਿਬ:** ਪਾਕਿਸਤਾਨ ਵਿਚ ਪੰਜਾਬ ਅਸੈਂਬਲੀ ਲਾਹੌਰ ਦੇ ਸਾਹਮਣੇ ਸਿੱਖਾਂ ਨੇ 6 ਜੂਨ 1984 ਨੂੰ ਭਾਰਤ ਸਰਕਾਰ ਦੇ ਹੁਕਮ 'ਤੇ ਭਾਰਤੀ ਫ਼ੌਜ ਵੱਲੋਂ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ 'ਤੇ ਕੀਤੇ ਹਮਲੇ ਦੇ ਰੋਸ ਵਜੋਂ ਪ੍ਰਦਰਸ਼ਨ ਕੀਤਾ ਗਿਆ ਜਿਸ ਦੀ ਅਗਵਾਈ ਪਾਕਿਸਤਾਨ ਪੰਜਾਬ ਅਸੈਂਬਲੀ ਦੇ ਐਮ.ਪੀ.ਏ. ਰਮੇਸ਼ ਸਿੰਘ ਅਰੋੜਾ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤਾਰਾ ਸਿੰਘ ਵੱਲੋਂ ਕੀਤੀ ਗਈ। ਖਾਲਿਸਤਾਨ ਜ਼ਿੰਦਾਬਾਦ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨ ਦੇ ਵਿਰੋਧ ਸਬੰਧੀ ਬਣਾਈਆਂ ਤਖ਼ਤੀਆਂ ਲੈ ਕੇ ਪਾਕਿਸਤਾਨ ਪੰਜਾਬ ਦੀ ਲਾਹੌਰ ਅਸੈਂਬਲੀ ਦੇ ਸਾਹਮਣੇ ਲਗਾਏ ਤੰਬੂ ਵਿਖੇ ਪਹੁੰਚੇ ਜਿਥੇ ਜ਼ੋਰ-ਸ਼ੋਰ ਨਾਲ ਨਾਅਰੇ ਲਗਾਏ ਗਏ।

# ਮਥੁਰਾ ਕਾਂਡ: ਸਿਆਸੀ ਤੇ ਡੇਰਾ ਗੱਠਜੋੜ ਦੀ ਖੋਲ੍ਹੀ ਪੋਲ

**ਮਥੁਰਾ:** ਜਵਾਹਰ ਬਾਗ ਵਿਚ ਸੈਂਕੜੇ ਏਕੜ ਸਰਕਾਰੀ ਜ਼ਮੀਨ ਉਤੋਂ ਨਾਜਾਇਜ਼ ਕਬਜ਼ਾ ਹਟਾਉਣ ਲਈ ਕੀਤੀ ਕਾਰਵਾਈ ਅਤੇ ਇਸ ਪਿਛੋਂ ਹੋਏ ਖੁਲਾਸਿਆਂ ਨੇ ਦੇਸ਼ ਵਿਚ ਸਿਆਸੀ ਧਿਰਾਂ ਤੇ ਡੇਰਾਵਾਦ ਦੇ ਗੱਠਜੋੜ ਦੀਆਂ ਪਰਤਾਂ ਖੋਲ੍ਹ ਦਿੱਤੀਆਂ ਹਨ। ਇਸ ਕਾਰਵਾਈ ਵਿਚ ਪੁਲਿਸ ਅਧਿਕਾਰੀਆਂ ਸਮੇਤ 29 ਮੌਤਾਂ ਹੋ ਗਈਆਂ। ਪੁਲਿਸ ਦਾ ਦਾਅਵਾ ਹੈ ਕਿ ਕਬਜ਼ਾਕਾਰਾਂ ਦਾ ਆਗੂ ਰਾਮ ਵਰਿਕਸ਼ ਯਾਦਵ ਵੀ ਮਾਰਿਆ ਗਿਆ ਹੈ। 60 ਸਾਲਾ ਯਾਦਵ 'ਆਜ਼ਾਦ ਭਾਰਤ ਵਿਧਿਕ ਵੈਚਾਰਿਕ ਕ੍ਰਾਂਤੀ ਸਤਿਆਗ੍ਰਹਿ' ਦਾ ਆਗੂ ਸੀ।

ਇਸ ਜਥੇਬੰਦੀ ਵੱਲੋਂ ਪਿਛਲੇ ਦੋ ਸਾਲਾਂ ਤੋਂ 260 ਏਕੜ ਜ਼ਮੀਨ ਉਤੇ ਕਬਜ਼ਾ ਕੀਤਾ ਹੋਇਆ ਸੀ। ਸਿਆਸੀ ਧਿਰਾਂ ਤੇ ਡੇਰਾਵਾਦ ਦੀ ਯਾਰੀ ਦੀ ਇਹ ਕੋਈ ਪਹਿਲੀ ਘਟਨਾ ਨਹੀਂ ਹੈ। ਇਸ ਤੋਂ ਪਹਿਲਾਂ ਹਰਿਆਣਾ ਵਿਚ ਪਿਛਲੇ ਸਾਲ ਅਖੌਤੀ ਗੁਰੂ ਰਾਮਪਾਲ ਦੇ ਡੇਰੇ ਖਿਲਾਫ ਪੁਲਿਸ ਨੂੰ ਸਖਤ ਕਾਰਵਾਈ ਅਦਾਲਤੀ ਹੁਕਮਾਂ ਕਾਰਨ ਹੀ ਕਰਨੀ ਪਈ ਸੀ। ਉਸ ਡੇਰੇ ਦੀਆਂ ਸਰਗਰਮੀਆਂ ਬਾਰੇ ਪੁਲਿਸ ਤੇ ਪ੍ਰਸ਼ਾਸਨ ਨੂੰ ਬਹੁਤ ਕੁਝ ਪਤਾ ਸੀ, ਫਿਰ ਵੀ ਡੇਰਾ ਮੁਖੀ ਨੂੰ ਹੱਥ ਨਹੀਂ ਸੀ ਪਾਇਆ ਗਿਆ।

ਮਥੁਰਾ ਕਾਂਡ ਦੀ ਮੁਢਲੀ ਜਾਂਚ ਵਿਚ ਪਤਾ ਲੱਗਾ ਹੈ ਕਿ ਜਿਹੜੇ ਜਵਾਹਰ ਬਾਗ ਵਿਚ ਹਿੰਸਾ ਹੋਈ ਸੀ, ਉਥੇ ਕਬਜ਼ਾ ਜਮਾਈ ਬੈਠੇ ਬੰਦਿਆਂ ਨੇ ਅਦਾਲਤ ਤੇ ਜੇਲ੍ਹ ਬੈਰਕਾਂ ਕਾਇਮ ਕੀਤੀਆਂ ਹੋਈਆਂ ਸਨ ਤੇ ਅੰਦਰਲੇ ਕਾਨੂੰਨ ਨੂੰ ਤੋੜਨ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ। ਜਥੇਬੰਦੀ ਨੇ ਆਪਣੀ ਨਿੱਜੀ ਫੌਜ ਬਣਾਈ ਸੀ ਅਤੇ ਉਸ ਬਸਤੀ ਅੰਦਰ ਨਾਜਾਇਜ਼ ਅਸਲਾ ਤੇ ਗੋਲਾ-ਬਾਰੂਦ ਜਮ੍ਹਾ ਕੀਤੀ ਹੋਇਆ ਸੀ।



ਇਥੇ ਵੀ ਕਾਰਵਾਈ ਉਦੋਂ ਹੋਈ ਜਦੋਂ ਅਲਾਹਾਬਾਦ ਹਾਈ ਕੋਰਟ ਨੇ ਲੋਕਾਂ ਦੀਆਂ ਸ਼ਿਕਾਇਤਾਂ ਦੇ ਆਧਾਰ ਉਤੇ ਪੁਲਿਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਜਵਾਹਰ ਬਾਗ ਖਾਲੀ ਕਰਵਾਉਣ ਦਾ ਹੁਕਮ ਦਿੱਤਾ।

ਪੁਲਿਸ ਅਧਿਕਾਰੀ ਮੰਨਦੇ ਹਨ ਕਿ ਜਦੋਂ ਕਦੇ ਵੀ ਉਨ੍ਹਾਂ ਨੇ ਕਾਰਵਾਈ ਕਰਨੀ ਚਾਹੀ ਤਾਂ ਲਖਨਊ ਤੋਂ ਆਉਂਦੀਆਂ ਫੋਨ ਕਾਲਾਂ ਇਹ ਕੰਮ ਰੁਕਵਾ ਦਿੰਦੀਆਂ ਸਨ। ਹਾਲਾਂਕਿ ਸਰਕਾਰੀ ਅਧਿਕਾਰੀ ਕਿਸੇ ਦਾ ਨਾਮ ਨਹੀਂ ਲੈ ਰਹੇ, ਪਰ ਭਾਰਤੀ ਜਨਤਾ ਪਾਰਟੀ ਦੇ ਮੁਕਾਮੀ ਨੇਤਾਵਾਂ ਦਾ ਦਾਅਵਾ ਹੈ ਕਿ 'ਨਾਜਾਇਜ਼ ਕਬਜ਼ਾਕਾਰ' ਸ਼ਿਵਪਾਲ ਸਿੰਘ ਯਾਦਵ ਦੇ 'ਗੁੰਡੇ' ਸਨ ਅਤੇ ਯੂ.ਪੀ. ਵਿਚ ਉਸ ਦੀ ਖਾਤਰ ਜ਼ਮੀਨਾਂ ਦੱਬਣ ਦਾ ਕੰਮ ਕਰਦੇ ਸਨ। ਜ਼ਿਕਰਯੋਗ ਹੈ ਕਿ ਸ਼ਿਵਪਾਲ ਸਿੰਘ ਯਾਦਵ, ਸਮਾਜਵਾਦੀ ਪਾਰਟੀ ਦੇ ਸੁਪਰੀਮੋ ਮੁਲਾਇਮ ਸਿੰਘ ਯਾਦਵ ਦਾ ਛੋਟਾ ਭਰਾ ਅਤੇ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਖਿਲੇਸ਼ ਯਾਦਵ ਦਾ ਚਾਚਾ ਹੈ।


**We Do Real Estate in Bay Area & Central Valley**

We do loans anywhere in California



Cell: 408-816-0408

Tel: 209-918-6464

Fax: 866-594-4680

email: realtoramanhundal@gmail.com

AMAN S. HUNDAL

Broker/Realtor/MBA

BRE# 01839828

NMLS# 162808

Alltime REALTY & MORTGAGE

16 Corning Ave, Ste. 230, Milpitas, CA 92035

3819 Northern Oak Dr., Ceres, CA 95307

CDPE, SFR *LAR 2010, 2011, 2012 Masters Club

Masters Emerald Award 2010, 2011





Raja SWEETS & CATERING

AUTHORIZED CATERER FOR MAJOR 5-STAR HOTELS

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA

www.rajasweets.com

msbains@rajasweets.com

Fresh Sweets, Snacks & Food

Catering with Portable Tandoor for up to 10000 guests

Lunch - Dinner - Take Out - Banquets

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Raja Sweets & Indian Cuisine

Raja Indian Cuisine & Bar

Call Makhan Bains or Ravinder Singh For Your Next Party

1-866-FOR-RAJA (367-7252)

www.RajaSweets.com



**Law Office of Manpreet S. Gahra**

>ਇਮੀਗਰੇਸ਼ਨ ਸੇਵਾਵਾਂ

>ਫੈਮਿਲੀ ਲਾਅ

>ਬਿਜਨਸ ਲਾਅ

Criminal Defense (DUI, simple battery, domestic violence, immigration post-conviction relief)



Manpreet S. Gahra

*Attorny At Law*

Berkeley Office

2161 Shattuck Ave., 304, Berkeley

Ph:510-841-4582 Fax:510-217-6847

Sacramento Office

Call For Appointment


Ph:916-970-5611

Email: manpreet@gahralaw.com

# ਚੀਨ ਨੇ ਮੁੰਬਈ ਹਮਲਿਆਂ 'ਚ ਪਾਕਿਸਤਾਨ ਤੇ ਲਸ਼ਕਰ ਦੀ ਭੂਮਿਕਾ ਮੰਨੀ

**ਬੀਜਿੰਗ:** ਚੀਨ ਨੇ ਪਹਿਲੀ ਵਾਰ ਨਵੰਬਰ 2008 ਦੇ ਮੁੰਬਈ ਅਤਿਵਾਦੀ ਹਮਲਿਆਂ ਵਿਚ ਪਾਕਿਸਤਾਨ ਅਤੇ ਲਸ਼ਕਰ-ਏ-ਤੋਇਬਾ ਦੀ ਭੂਮਿਕਾ ਨੂੰ ਸਵੀਕਾਰ ਕੀਤਾ ਹੈ। 26 ਤੋਂ 29 ਨਵੰਬਰ 2008 ਵਿਚਕਾਰ ਲਸ਼ਕਰ-ਏ-ਤੋਇਬਾ ਦੇ 10 ਅਤਿਵਾਦੀਆਂ ਨੇ ਭਾਰਤ ਦੀ ਵਿੱਤੀ ਰਾਜਧਾਨੀ ਮੁੰਬਈ ਵਿਚ ਵੱਖ-ਵੱਖ ਥਾਵਾਂ 'ਤੇ ਹਮਲਾ ਕੀਤਾ ਸੀ ਜਿਸ ਵਿਚ 166 ਵਿਅਕਤੀ ਮਾਰੇ ਗਏ ਅਤੇ ਸੈਂਕੜੇ ਹੋਰ ਜ਼ਖ਼ਮੀ ਹੋ ਗਏ ਸਨ।

ਚੀਨ ਦੇ ਸਰਕਾਰੀ ਟੈਲੀਵਿਜ਼ਨ ਸੀ.ਸੀ.ਟੀ.ਵੀ.-9 ਵੱਲੋਂ ਹਾਲ ਹੀ ਵਿਚ ਪ੍ਰਸਾਰਿਤ ਕੀਤੀ ਦਸਤਾਵੇਜ਼ੀ ਫਿਲਮ ਵਿਚ 26/11 ਦੇ ਮੁੰਬਈ ਹਮਲਿਆਂ ਵਿਚ ਲਸ਼ਕਰ-ਏ-ਤੋਇਬਾ ਅਤੇ ਪਾਕਿਸਤਾਨ ਵਿਚ ਇਸ ਦੇ ਸਪਾਂਸਰਾਂ ਦੀ ਭੂਮਿਕਾ ਬਾਰੇ ਚਰਚਾ ਕੀਤੀ ਗਈ ਹੈ। ਇਹ ਦਸਤਾਵੇਜ਼ੀ ਚੀਨ ਵਲੋਂ ਲਸ਼ਕਰ-ਏ-ਤੋਇਬਾ/ਜਮਾਤ-ਉਦ-ਦਾਵਾ ਦੇ ਤਿੰਨ ਅਤਿਵਾਦੀਆਂ ਹਾਫਿਜ਼ ਅਬਦੁਲ ਰਹਿਮਾਨ, ਤਲਹਾ ਸਈਦ ਅਤੇ ਹਾਫਿਜ਼ ਅਬਦੁਲ ਰੌਫ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਕਾਸਲ ਦੀ ਪਾਬੰਦੀ ਵਾਲੀ ਸੂਚੀ ਵਿਚ ਸ਼ਾਮਿਲ ਕਰਨ 'ਤੇ ਤਕਨੀਕੀ ਰੋਕ ਲਾਉਣ ਦੇ ਫ਼ੈਸਲੇ ਦੀ 9 ਜੂਨ, 2016 ਨੂੰ ਖਤਮ ਹੋ ਰਹੀ ਮਿਆਦ ਤੋਂ ਕੁਝ ਦਿਨ ਪਹਿਲਾਂ ਦਿਖਾਈ ਗਈ ਹੈ।


ਪੁਸਤਕ ਪ੍ਰਾਪਤ ਕਰਨ ਲਈ ਸੰਪਰਕ ਕਰੋ
ਨੀਲਮ ਸੈਣੀ, ਫੋਨ: 510-502-0551

ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ

Duplex, Four Plax ਅਤੇ Apartment Building ਵਿਚ Investment ਲਈ ਕਾਲ ਕਰੋ ਜੀ

ਜਗਦੇਵ ਸਿੰਘ
ਫੋਨ: 510-689-4625



JAGDEV SINGH
*Realtor*
CalBre #01423409
42820 Albrae, St.,
Fremont, CA 94538

REALTOR® EQUAL HOUSING OPPORTUNITY

STATEN SOLAR
AFFORDABLE ENERGY FOR EVERYONE

Zero Down, Big Savings

Commercial and Utility Solar Solutions



Southern California



Simran Deol
*Sales*
661-412-4728

Best Quality & Price Guaranteed!

*Professional Installation, Monitoring & Free 20 Year Maintenance.
*20 Year Performance Guarantee & 25 Year Panel Warranty.
*Freedom From Increasing Utility Rates.

*www.statensolar.com* *844-4-STATEN*

Northern California



Balwinder Garcha
*Sales*
510-468-9525

# ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮਰੀਕਾ

ਕਿਆ ਹੁਆ ਅਗਰ ਮਿਟ ਜਾਏਂ ਅਪਨੇ ਵਤਨ ਕੇ ਵਾਸਤੇ। ਬੁਲਬੁਲੇਂ ਕੁਰਬਾਨ ਹੋਤੀ ਹੈਂ ਚਮਨ ਕੇ ਵਾਸਤੇ।
ਗਾਜੀਓਂ ਮੇ ਬੂ ਰਹੇਗੀ ਜਬ ਤਲਕ ਈਮਾਨ ਕੀ, ਲੰਡਨ ਮੇ ਖੜਕੇਗੀ ਤੇਗ ਹਿੰਦੋਸਤਾਨ ਕੀ। -ਸ਼ਹੀਦ ਊਧਮ ਸਿੰਘ



## ਸ਼ਹੀਦ ਊਧਮ ਸਿੰਘ ਦਾ 76ਵਾਂ ਸ਼ਹੀਦੀ ਸਮਾਗਮ

## 31 ਜੁਲਾਈ 2016, ਐਤਵਾਰ

*ਦੁਪਹਿਰ 12 ਵਜੇ ਤੋਂ ਸ਼ਾਮ 4 ਵਜੇ ਤੱਕ*

**ਸਥਾਨ: ਗਦਰ ਮੈਮੋਰੀਅਲ ਹਾਲ**

(5 ਵੁਡ ਸਟਰੀਟ, ਸੈਨ ਫਰਾਂਸਿਸਕੋ, ਕੈਲੀਫੋਰਨੀਆ 94116)

**ਉਦਘਾਟਨ:** ਵੈਂਕਟੇਸ਼ਨ ਅਸ਼ੋਕ (ਕੌਂਸਲ ਜਨਰਲ ਆਫ ਇੰਡੀਆ, ਸੈਨ ਫਰਾਂਸਿਸਕੋ)

**Free Food & Tea - Free Entry and Parking**

### ਬੁਲਾਰੇ

ਡਾ. ਗੁਰਦੇਵ ਖੁਸ਼ (FRS, NAS, Professor Plant Sciences)
ਡਾ. ਸੁਖਵਿੰਦਰ ਸਿੰਘ (ਪ੍ਰਿੰਸੀਪਲ ਗੁਰੂ ਨਾਨਕ ਖਾਲਸਾ ਕਾਲਜ, ਸੁਲਤਾਨਪੁਰ ਲੋਧੀ)
ਡਾ. ਹਰਦਮ ਸਿੰਘ ਆਜ਼ਾਦ ਹਿਊਸਟਨ, ਡਾ. ਪਾਲ ਨਕੋਦਰ, ਡਾ. ਹਰਪਾਲ ਸਿੰਘ
ਸ. ਨਰਿੰਦਰਪਾਲ ਸਿੰਘ ਜੱਜ (ਪ੍ਰਧਾਨ, ਬਾਰ ਐਸੋਸੀਏਸ਼ਨ, ਜ਼ਿਲ੍ਹਾ ਜਲੰਧਰ)
ਡਾ. ਗੁਰੂਮੇਲ ਸਿੰਘ ਸਿੱਧੂ, ਡਾ. ਪ੍ਰਭਵੀਰ ਸਿੰਘ ਰੌਨੀ, ਡਾ. ਦਿਲਜੀਤ ਸਿੰਘ
ਸ. ਗੁਰਭਜਨ ਸਿੰਘ ਗਿੱਲ (ਸਾਬਕਾ ਪ੍ਰਧਾਨ), ਨਰੇਸ਼ਵਰ ਸਿੰਘ ਵਿਰਦੀ (ਅਟਾਰਨੀ ਐਟ ਲਾਅ)

### ਸੈਮੀਨਾਰ

*ਕੁਰਬਾਨੀਆਂ ਦੇ ਰਸ ਨਾਲ ਭਰੇ ਗੀਤ ਅਤੇ ਕਵਿਤਾਵਾਂ*
ਅਨੂਪ ਸਿੰਘ ਚੀਮਾ ਤੇ ਤਰਲੋਕ ਸਿੰਘ ਕੈਲੀਫੋਰਨੀਆ ਮਿਊਜ਼ਿਕ ਗਰੁਪ
ਪੰਮੀ ਮਾਨ, ਸੁਲਤਾਨ ਅਖਤਰ ਅਤੇ ਸਾਥੀ
**ਕਵਿਤਾਵਾਂ:** ਸੁਖਵਿੰਦਰ ਕੰਬੋਜ, ਤਾਰਾ ਸਾਗਰ, ਨੀਲਮ ਸੈਣੀ, ਮਨਜੀਤ ਸੇਖੋਂ, ਦਿਲਬੀਰ ਸਿੰਘ ਨਿੱਝਰ, ਮਹਿੰਦਰ ਸਿੰਘ ਘੱਗ, ਜੀਵਨ ਰੱਤੂ, ਰਾਠੇਸ਼ਵਰ ਸਿੰਘ ਸੂਰਾਪੁਰੀ ਤੇ ਗੁਰਮੇਲ ਕੌਰ।

## ਸਮੂਹ ਪੰਜਾਬੀ ਤੇ ਭਾਰਤੀ ਭਾਈਚਾਰੇ ਨੂੰ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਲਈ ਨਿੱਘਾ ਸੱਦਾ

**ਸਨਮਾਨ ਕਰਨਯੋਗ ਦਾਨਿਸ਼ਵਰ ਸਹਿਯੋਗੀ:** ਸ. ਬਹਾਦਰ ਸਿੰਘ, ਸ. ਦਿਲਜੀਤ ਸਿੰਘ, ਸ. ਹਰਜਿੰਦਰ ਸਿੰਘ, ਸ. ਬਲਰਾਜ ਸਿੰਘ ਪੰਨੂੰ, ਸ. ਦਿਲਜੀਤ ਸਿੰਘ (ਓਰੇਗਾਨ); ਪ੍ਰੋ. ਸੰਪੂਰਨ ਸਿੰਘ, ਸ. ਹੀਰਾ ਲਾਲ ਸਿੰਘ ਚਮਦਲ, ਸ. ਮਨੋਹਰ ਸਿੰਘ ਮਾਨ, ਸ. ਅਮਨ ਸਿੰਘ ਸਿੱਧੂ, ਸ. ਤੀਰਥ ਸਿੰਘ ਖਹਿਰਾ, ਸ. ਬਖਸ਼ੀਸ਼ ਸਿੰਘ ਜੋਸਨ (ਹਿਊਸਟਨ), ਸ. ਬੰਤ ਸਿੰਘ (ਪ੍ਰਧਾਨ), ਸ. ਬਲਬੀਰ ਸਿੰਘ (ਸਕੱਤਰ), ਸ. ਕਸ਼ਮੀਰ ਸਿੰਘ, ਸ. ਸੁਰਿੰਦਰ ਸਿੰਘ ਸਿੱਧੂ (ਜੈਕਸਨ, ਮਿਸੀਸਿਪੀ); ਸ. ਨਿਰੰਜਣ ਸਿੰਘ, ਸ. ਹਰਮਿੰਦਰ ਸਿੰਘ, ਸ. ਮਨਜਿੰਦਰ ਸਿੰਘ ਸਿਆਟਲ; ਸ. ਗੁਰਮੀਤ ਸਿੰਘ ਖਿੰਡਾ, ਸ. ਸੋਨੂੰ ਖਿੰਡਾ (ਰੈਡ ਬਲੱਫ); ਸ. ਨਿਰਮਲ ਸਿੰਘ ਚੰਦੀ, ਸ. ਕਰਨੈਲ ਸਿੰਘ ਟਰਲਕ, ਸ. ਸੁੱਚਾ ਸਿੰਘ ਕੰਬੋਜ, ਸ. ਤਰਲੋਚਨ ਸਿੰਘ, ਸ. ਜਸਵੀਰ ਸਿੰਘ ਕੰਬੋਜ (ਫਰਿਜ਼ਨੋ); ਸ. ਜਰਨੈਲ ਸਿੰਘ, ਸ. ਹਰੀ ਸਿੰਘ (ਲੈਥਰੂਪ); ਸ. ਸੰਤੋਖ ਸਿੰਘ ਜੱਜ, ਸ. ਸੁਰਜੀਤ ਸਿੰਘ ਜੱਜ, ਸ. ਹਰਜਿੰਦਰ ਸਿੰਘ ਜੱਜ, ਸ. ਮਹਿੰਦਰ ਸਿੰਘ, ਮਾਸਟਰ ਮੁਖਤਿਆਰ ਸਿੰਘ, ਸ. ਮੋਹਨ ਸਿੰਘ (ਟਰੇਸੀ); ਸ. ਰਤਨ ਸਿੰਘ, ਸ. ਗੁਰਬਿੰਦਰ ਸਿੰਘ, ਸ. ਮਹਿੰਗਾ ਸਿੰਘ ਸਰਪੰਚ, ਸ. ਅਵਤਾਰ ਸਿੰਘ (ਪ੍ਰਧਾਨ ਫਰੀਮਾਂਟ); ਸ. ਅਵਤਾਰ ਸਿੰਘ ਡੋਡ, ਸ. ਅਵਤਾਰ ਸਿੰਘ ਦੋਸਾਂਝ, ਸ. ਕੁਲਦੀਪ ਸਿੰਘ ਸੰਘੇੜਾ, ਡਾ. ਸੁਰਿੰਦਰ ਸਿੰਘ ਸੈਣੀ, ਸ. ਰੋਜਰ ਸਿੰਘ ਸੈਣੀ, ਸ. ਸਤਨਾਮ ਸਿੰਘ ਚੀਮਾ, ਸ. ਕੁਲਵਿੰਦਰ ਸਿੰਘ ਚੀਮਾ, ਸ. ਖੁਸ਼ਪਾਲ ਸਿੰਘ ਭੁੱਲਰ, ਸ. ਅਮਿਤੋਜ ਸਿੰਘ, ਸ. ਬਲਕਾਰ ਸਿੰਘ ਨਿਊ ਟੀਕ; ਜਸਵੰਤ ਸਿੰਘ ਜੱਸਾ, ਹਰਮੀਤ ਸਿੰਘ (ਮਾਊਨਟੇਨ ਪੀਜ਼ਾ), ਮਾਸਟਰ ਧਰਮਪਾਲ ਉਗੀ, ਕੁਲਵੰਤ ਸਿੰਘ ਨਿਊ ਯਾਰਕ, ਸ. ਹਰਵੰਤ ਸਿੰਘ ਰਤਨਪਾਲ।

### -------- ਸਨਮਾਨ ਕਮੇਟੀ --------

ਬਲਵਿੰਦਰ ਸਿੰਘ ਡੁਲਕੂ, ਡਾ. ਸੁਰਿੰਦਰ ਸਿੰਘ ਸੈਣੀ, ਅਵਤਾਰ ਸਿੰਘ ਦੋਸਾਂਝ, ਗੁਰਦੀਪ ਸਿੰਘ ਗਿੱਲ, ਸੰਤੋਖ ਸਿੰਘ ਜੱਜ, ਮਾਸਟਰ ਮੁਖਤਿਆਰ ਸਿੰਘ, ਮਹਿੰਦਰ ਸਿੰਘ ਟਰੇਸੀ।

### ਜਥੇਬੰਦੀ ਦੇ ਸੰਚਾਲਕ

ਗੁਲਿੰਦਰ ਸਿੰਘ ਗਿੱਲ (ਪ੍ਰਧਾਨ) ਫੋਨ: 916-844-5310
ਗੁਰਮੀਤ ਸਿੰਘ ਖਿੰਡਾ (ਮੀਤ ਪ੍ਰਧਾਨ) ਫੋਨ: 530-301-9963
ਰਤਨ ਸਿੰਘ (ਮੀਤ ਪ੍ਰਧਾਨ) ਫੋਨ: 510-825-8473
ਜਨਕ ਰਾਜ ਸਿਧਰਾ (ਸਕੱਤਰ) ਫੋਨ: 916-607-9287
ਜਗਮੀਤ ਸਿੰਘ ਜੋਸਨ ਤੇ ਗੁਰਬਿੰਦਰ ਸਿੰਘ (ਪ੍ਰਚਾਰ ਸਕੱਤਰ)
ਮਦਨ ਲਾਲ (ਚੇਅਰਮੈਨ) ਫੋਨ: 916-508-8939
ਸੰਤੋਖ ਸਿੰਘ ਜੱਜ (ਵਾਈਸ ਚੇਅਰਮੈਨ) ਫੋਨ: 925-487-4679
ਕੁਲਦੀਪ ਸਿੰਘ ਖਿੰਡਾ (ਵਾਈਸ ਚੇਅਰਮੈਨ) ਫੋਨ: 530-200-0725
ਬਲਵਿੰਦਰ ਸਿੰਘ ਡੁਲਕੂ (ਖਜ਼ਾਨਚੀ) ਫੋਨ: 916-289-5956
ਗੁਰਦੀਪ ਸਿੰਘ ਗਿੱਲ (ਖਜ਼ਾਨਚੀ) ਫੋਨ: 916-752-6778

# ਅੰਮ੍ਰਿਤ ਸੰਚਾਰ ਮਰਿਆਦਾ ਦੀ ਉਲੰਘਣਾ ਕਰਨ ਵਾਲੇ ਪੰਥ ਵਿਚੋਂ ਛੇਕੇ



**ਅੰਮ੍ਰਿਤਸਰ:** ਅਮਰੀਕਾ ਦੇ ਸ਼ਹਿਰ ਵਰਜੀਨੀਆ ਦੇ ਗੁਰਦੁਆਰੇ ਵਿਚ ਅੰਮ੍ਰਿਤ ਸੰਚਾਰ ਮਰਿਆਦਾ ਦੀ ਉਲੰਘਣਾ ਕਰਨ ਦੇ ਮਾਮਲੇ ਵਿਚ ਪੰਜ ਸਿੰਘ ਸਾਹਿਬਾਨਾਂ ਨੇ ਸ੍ਰੀ ਅਕਾਲ ਤਖ਼ਤ ਤੋਂ ਸਬੰਧਤ ਪੰਜ ਵਿਅਕਤੀਆਂ ਨੂੰ ਪੰਥ ਵਿਚੋਂ ਛੇਕਣ ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਬਲਬੀਰ ਸਿੰਘ ਨੂੰ ਆਸ਼ੂਤੋਸ਼ ਦੇ ਡੇਰੇ 'ਤੇ ਕੀਰਤਨ ਕਰਨ ਦੇ ਦੋਸ਼ ਵਿਚ ਦਸ ਦਿਨ ਭਾਂਡੇ ਸਾਫ ਕਰਨ ਦੀ ਤਨਖਾਹ ਲਾਈ ਗਈ ਹੈ।

ਇਥੇ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਹੋਈ ਇਕੱਤਰਤਾ ਵਿਚ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਮੀਤ ਜਥੇਦਾਰ ਗਿਆਨੀ ਜੋਤਇੰਦਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਸ਼ਾਮਲ ਹੋਏ।

ਜਥੇਦਾਰ ਗੁਰਬਚਨ ਸਿੰਘ ਨੇ ਸ੍ਰੀ ਅਕਾਲ ਤਖ਼ਤ ਦੀ ਫਸੀਲ ਤੋਂ ਵਰਜੀਨੀਆ ਦੇ ਗੁਰਦੁਆਰੇ ਦੇ ਪੰਜ ਆਗੂਆਂ ਨੂੰ ਪੰਥ ਵਿਚੋਂ ਛੇਕਣ ਦਾ ਹੁਕਮਨਾਮਾ ਜਾਰੀ ਕੀਤਾ। ਕੁਲਦੀਪ ਸਿੰਘ, ਗੁਰਦੀਪ ਸਿੰਘ, ਅਮਰਜੀਤ ਸਿੰਘ, ਰਜਿੰਦਰ ਸਿੰਘ ਅਤੇ ਅਮਰਜੀਤ ਸਿੰਘ ਨਰੂਲਾ ਨੂੰ ਅੰਮ੍ਰਿਤ ਸੰਚਾਰ ਦੀ ਮਰਿਆਦਾ ਦੀ ਉਲੰਘਣਾ ਦਾ ਦੋਸ਼ੀ ਠਹਿਰਾਇਆ ਗਿਆ ਹੈ। ਸਮੂਹ ਸਿੱਖ ਸੰਗਤ ਨੂੰ ਇਨ੍ਹਾਂ ਨਾਲ ਰੋਟੀ ਬੇਟੀ ਦੀ ਸਾਂਝ ਤੇ ਕਿਸੇ ਵੀ ਤਰ੍ਹਾਂ ਦਾ ਕੋਈ ਮੇਲ ਮਿਲਾਪ ਨਾ ਰੱਖਣ ਦੀ ਹਦਾਇਤ ਕੀਤੀ ਹੈ। ਉਨ੍ਹਾਂ ਦੱਸਿਆ ਕਿ 15 ਅਪਰੈਲ, 2016 ਨੂੰ ਵਰਜੀਨੀਆ ਦੇ ਗੁਰਦੁਆਰੇ ਦੇ ਇਨ੍ਹਾਂ ਵਿਅਕਤੀਆਂ ਨੇ ਪੰਜ ਪਿਆਰਿਆਂ ਦੇ ਰੂਪ ਵਿਚ ਅੰਮ੍ਰਿਤ ਸੰਚਾਰ ਕੀਤਾ ਸੀ ਅਤੇ ਮਰਿਆਦਾ ਦੀ ਉਲੰਘਣਾ ਕਰਦਿਆਂ ਪੰਜ ਬਾਣੀਆਂ ਦਾ ਪਾਠ ਕਰਨ ਦੀ ਥਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁਝ ਅੰਗਾਂ ਦੀ ਬਾਣੀ ਪੜ੍ਹ ਕੇ ਅੰਮ੍ਰਿਤ ਸੰਚਾਰ ਕੀਤਾ ਸੀ। ਸ੍ਰੀ ਅਕਾਲ ਤਖ਼ਤ ਵੱਲੋਂ ਇਸ ਮਾਮਲੇ ਦੀ ਜਾਂਚ ਕਰਾਈ ਗਈ ਸੀ ਅਤੇ ਰਿਪੋਰਟ ਦੇ ਆਧਾਰ 'ਤੇ ਇਨ੍ਹਾਂ ਨੂੰ ਚਾਰ ਜੂਨ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਹਾਜ਼ਰ ਹੋ ਕੇ ਸਪੱਸ਼ਟੀਕਰਨ ਦੇਣ ਦਾ ਆਦੇਸ਼ ਦਿੱਤਾ ਸੀ ਪਰ ਇਨ੍ਹਾਂ 'ਚੋਂ ਕੋਈ ਵੀ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਕੋਈ ਸਪੱਸ਼ਟੀਕਰਨ ਭੇਜਿਆ। ਉਨ੍ਹਾਂ ਦੱਸਿਆ ਕਿ ਇਸੇ ਗੁਰਦੁਆਰੇ ਦੇ ਭਾਈ ਸੁਰਿੰਦਰ ਸਿੰਘ, ਜੋ ਉਸ ਵੇਲੇ ਗ੍ਰੰਥੀ ਵਜੋਂ ਹਾਜ਼ਰ ਸਨ, ਨੇ ਪਿਛਲੇ ਦਿਨੀਂ ਵਾਸ਼ਿੰਗਟਨ ਡੀਸੀ ਦੇ ਗੁਰਦੁਆਰੇ ਵਿਚ ਇਸ ਮਾਮਲੇ ਸਬੰਧੀ ਸਿੱਖ ਸੰਗਤ ਕੋਲੋਂ ਮੁਆਫ਼ੀ ਮੰਗੀ ਸੀ।

ਉਸ ਨੇ ਇਹ ਮੁਆਫੀਨਾਮਾ ਸ੍ਰੀ ਅਕਾਲ ਤਖ਼ਤ 'ਤੇ ਵੀ ਭੇਜਿਆ ਸੀ, ਜਿਸ ਨੂੰ ਵਿਚਾਰਨ ਮਗਰੋਂ ਸੁਰਿੰਦਰ ਸਿੰਘ ਨੂੰ 30 ਜੂਨ ਤੱਕ ਸ੍ਰੀ ਅਕਾਲ ਤਖ਼ਤ 'ਤੇ ਹਾਜ਼ਰ ਹੋ ਕੇ ਸਪੱਸ਼ਟੀਕਰਨ ਦੇਣ ਦੀ ਹਦਾਇਤ ਕੀਤੀ ਹੈ। ਨਾ ਆਉਣ ਦੀ ਸੂਰਤ ਵਿਚ ਉਸ ਖਿਲਾਫ਼ ਵੀ ਇਨ੍ਹਾਂ ਪੰਜ ਵਿਅਕਤੀਆਂ ਵਾਲਾ ਹੁਕਮਨਾਮਾ ਲਾਗੂ ਹੋਵੇਗਾ।

ਇਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਬਲਬੀਰ ਸਿੰਘ ਨੂੰ ਆਸ਼ੂਤੋਸ਼ ਦੇ ਡੇਰੇ 'ਤੇ ਜਾ ਕੇ ਉਸ ਦੀ ਵਡਿਆਈ ਕਰਦਿਆਂ ਸ਼ਬਦ ਗਾਇਨ ਕਰਨ ਦੇ ਦੋਸ਼ ਹੇਠ ਤਨਖ਼ਾਹ ਲਾਈ ਗਈ। ਉਨ੍ਹਾਂ ਨੂੰ ਆਦੇਸ਼ ਦਿੱਤਾ ਕਿ ਉਹ ਖ਼ੁਦ ਇਕ ਸਹਿਜ ਪਾਠ ਕਰਨ ਜਾਂ ਸੁਣਨ, 10 ਦਿਨ ਲੰਗਰ ਵਿਚ ਭਾਂਡੇ ਦੀ ਸੇਵਾ ਕਰਨ ਅਤੇ ਮਗਰੋਂ 100 ਰੁਪਏ ਦੀ ਕੜਾਹ ਪ੍ਰਸਾਦਿ ਦੀ ਦੇਗ ਕਰਾਉਣ। ਇਸ ਮਗਰੋਂ ਸੌ ਰੁਪਏ ਗੁਰੂ ਦੀ ਗੋਲਕ ਵਿਚ ਪਾ ਕੇ ਖਿਮਾ ਯਾਚਨਾ ਦੀ ਅਰਦਾਸ ਕਰਾਉਣ। ਜਥੇਦਾਰ ਗੁਰਬਚਨ ਸਿੰਘ ਨੇ ਦੱਸਿਆ ਕਿ ਰਾਗੀ ਬਲਬੀਰ ਸਿੰਘ ਨੇ ਆਪਣੀ ਗਲਤੀ ਸਵੀਕਾਰ ਕਰਦਿਆਂ ਖਿਮਾ ਯਾਚਨਾ ਲਈ ਅਪੀਲ ਕੀਤੀ ਸੀ। ਇਸ ਦੌਰਾਨ ਬਜ਼ੁਰਗ ਰਾਗੀ ਨੇ ਕਿਹਾ ਕਿ ਉਹ ਸ੍ਰੀ ਅਕਾਲ ਤਖ਼ਤ ਨੂੰ ਸਮਰਪਤ ਹੈ ਅਤੇ ਇਥੋਂ ਲਾਈ ਗਈ ਤਨਖ਼ਾਹ ਨੂੰ ਪੂਰਾ ਕਰਨਗੇ।

## ਹੁਣ ਚੋਣਵੇਂ ਅਮਰੀਕੀ ਹਵਾਈ ਅੱਡਿਆਂ 'ਤੇ ਭਾਰਤੀਆਂ ਨੂੰ ਮਿਲੇਗੀ ਸੁਖਾਲੀ ਕਲੀਅਰੈਂਸ



**ਵਾਸ਼ਿੰਗਟਨ:** ਭਾਰਤ ਅਤੇ ਅਮਰੀਕਾ ਦਰਮਿਆਨ ਇਕ ਸੰਧੀ ਸਹੀਬੰਦ ਕੀਤੀ ਗਈ ਹੈ ਜਿਸ ਤਹਿਤ ਅਮਰੀਕਾ ਦੇ ਕੁਝ ਚੋਣਵੇਂ ਹਵਾਈ ਅੱਡਿਆਂ 'ਤੇ ਭਾਰਤੀਆਂ ਨੂੰ ਬਿਨਾਂ ਕਿਸੇ ਖੱਜਲ-ਖੁਆਰੀ ਤੋਂ ਸੁਰੱਖਿਆ ਕਲੀਅਰੈਂਸ ਮਿਲਿਆ ਕਰੇਗੀ।

ਭਾਰਤ ਅਜਿਹਾ ਨੌਵਾਂ ਮੁਲਕ ਹੈ ਜਿਸ ਨਾਲ ਅਮਰੀਕਾ ਨੇ ਐਕਸਪੀਡੀਏਟਿਡ ਟਰੈਵਲਰ ਇਨੀਸ਼ੀਏਟਿਵ ਜਿਸ ਨੂੰ ਗਲੋਬਲ ਐਂਟਰੀ ਪ੍ਰੋਗਰਾਮ ਵੀ ਕਿਹਾ ਜਾਂਦਾ ਹੈ, ਸਹੀਬੰਦ ਕੀਤਾ ਹੈ ਅਤੇ ਜਿਸ ਤੋਂ ਦੋਵੇਂ ਮੁਲਕਾਂ ਦਰਮਿਆਨ ਵਧ ਰਹੀ ਨੇੜਤਾ ਦੇਖੀ ਜਾ ਸਕਦੀ ਹੈ। ਇਸ ਪੇਸ਼ਕਦਮੀ 'ਤੇ ਅਮਲ ਵਿਚ ਕੁਝ ਮਹੀਨੇ ਲੱਗਣਗੇ ਤੇ ਪਹਿਲਾਂ ਤੋਂ ਪ੍ਰਵਾਨਗੀ ਤੇ ਘੱਟ ਜੋਖ਼ਮ ਵਾਲੇ ਭਾਰਤੀ ਸੈਲਾਨੀਆਂ ਨੂੰ ਕੁਝ ਚੋਣਵੇਂ ਅਮਰੀਕੀ ਹਵਾਈ ਅੱਡਿਆਂ 'ਤੇ ਪੁੱਜਣ ਮੌਕੇ ਸੁਰੱਖਿਆ ਕਲੀਅਰੈਂਸ ਮਿਲ ਸਕੇਗੀ। ਇਸ ਸਬੰਧੀ ਅਮਰੀਕਾ ਵਿਚ ਭਾਰਤੀ ਰਾਜਦੂਤ ਅਰੁਣ ਕੇ ਸਿੰਘ ਅਤੇ ਅਮਰੀਕਾ ਦੇ ਕਸਟਮਜ਼ ਤੇ ਬਾਰਡਰ ਪ੍ਰੋਟੈਕਸ਼ਨ ਬਾਰੇ ਡਿਪਟੀ ਕਮਿਸ਼ਨਰ ਕੇਵਿਨ ਕੇ ਮਕਲੀਨਨ ਨੇ ਸਹੀ ਪਾਈ। ਇਸ ਮੌਕੇ ਅਰੁਣ ਸਿੰਘ ਨੇ ਕਿਹਾ ਕਿ ਇਸ ਪ੍ਰੋਗਰਾਮ ਤਹਿਤ ਅਮਰੀਕੀ ਹਵਾਈ ਅੱਡਿਆਂ 'ਤੇ ਭਾਰਤੀ ਸੈਲਾਨੀਆਂ ਲਈ ਇਹ ਸਹੂਲਤ ਮਿਲਣ ਨਾਲ ਦੋਵਾਂ ਮੁਲਕਾਂ ਦਰਮਿਆਨ ਲੋਕਾਂ ਦੀ ਆਪਸੀ ਆਮਦੋ-ਰਫ਼ਤ ਨੂੰ ਹੁਲਾਰਾ ਮਿਲੇਗਾ। ਉਨ੍ਹਾਂ ਕਿਹਾ ਕਿ ਪਿਛਲੇ ਦੋ ਸਾਲਾਂ ਦੌਰਾਨ ਭਾਰਤ ਸਰਕਾਰ ਨੇ ਅਮਰੀਕਾ ਤੋਂ ਆਉਣ ਵਾਲੇ ਸੈਲਾਨੀਆਂ ਲਈ ਕਈ ਕਦਮ ਚੁੱਕੇ ਹਨ ਜਿਨ੍ਹਾਂ ਵਿਚ ਅਮਰੀਕੀ ਨਾਗਰਿਕਾਂ ਲਈ ਇਲੈਕਟ੍ਰਾਨਿਕ ਟੂਰਿਸਟ ਵੀਜ਼ਾ ਸ਼ੁਰੂ ਕਰਨ ਤੇ ਲੰਮ-ਚਿਰੇ ਵੀਜ਼ਿਆਂ ਜਿਹੇ ਪ੍ਰੋਗਰਾਮ ਸ਼ਾਮਲ ਹਨ।

## ਖਾਣ-ਪੀਣ ਵਾਲੀਆਂ ਚੀਜ਼ਾਂ ਵਿਚ ਮਿਲਾਵਟ ਨੇ ਚਿੰਤਾ ਵਧਾਈ



**ਚੰਡੀਗੜ੍ਹ:** ਖਾਣ ਵਾਲੀਆਂ ਚੀਜ਼ਾਂ ਵਿਚ ਹੋ ਰਹੀ ਮਿਲਾਵਟ ਹੁਣ ਲਗਾਤਾਰ ਵਧਦੀ ਜਾ ਰਹੀ ਹੈ। ਇਸ ਕਾਰਨ ਹੀ ਪੰਜਾਬ ਵਿਚ ਖਾਣ ਵਾਲੀਆਂ ਚੀਜ਼ਾਂ ਦੀ ਸ਼ੁੱਧਤਾ ਦਾ ਪੱਧਰ ਡਿੱਗ ਰਿਹਾ ਹੈ। ਇਹ ਦਾਅਵਾ ਪੰਜਾਬ ਦੇ ਫੂਡ ਤੇ ਡਰੱਗ ਟੈਸਟਿੰਗ ਵਿਭਾਗ ਦੀ ਸਟੇਟ ਲੈਬੋਰੇਟਰੀ ਦੀ ਰਿਪੋਰਟ ਨੇ ਕੀਤਾ ਹੈ।ਰਿਪੋਰਟ ਮੁਤਾਬਕ ਸਿਰਫ ਤੇਲ ਹੀ ਨਹੀਂ, ਪੀਣ ਵਾਲੇ ਪਾਣੀ ਦੇ ਸੈਂਪਲ ਵੀ ਵੱਡੀ ਗਿਣਤੀ ਫੇਲ੍ਹ ਹੋ ਰਹੇ ਹਨ। ਪਿਛਲੇ ਸਾਲ ਜਨਵਰੀ ਤੋਂ ਲੈ ਕੇ ਦਸੰਬਰ ਤੱਕ ਪਾਣੀ ਦੇ 103 ਸੈਂਪਲ ਭਰੇ ਗਏ ਹਨ। ਉਨ੍ਹਾਂ ਵਿਚੋਂ ਵੀ ਵੱਡੀ ਗਿਣਤੀ ਵਿਚ ਸੈਂਪਲ ਫੇਲ੍ਹ ਰਹੇ ਹਨ।

ਰਿਪੋਰਟ ਮੁਤਾਬਕ ਇਹ ਸੈਂਪਲ ਸਿਰਫ ਫੇਲ੍ਹ ਹੀ ਨਹੀਂ ਰਹੇ ਬਲਕਿ ਕੁਝ ਬੋਤਲ ਬੰਦ ਪਾਣੀ ਨੂੰ ਵੀ ਸਿਹਤ ਲਈ ਹਾਨੀਕਾਰਕ ਦੱਸਿਆ ਗਿਆ ਹੈ। ਜੇਕਰ ਤੁਸੀਂ ਸਰ੍ਹੋਂ ਦਾ ਤੇਲ ਇਹ ਸੋਚ ਕੇ ਵਰਤ ਰਹੇ ਹੋ ਕਿ ਉਹ ਸ਼ੁੱਧ ਹੈ ਤਾਂ ਤੁਸੀਂ ਗਲਤ ਹੋ। ਕਿਉਂਕਿ ਪਿਛਲੇ ਸਾਲ ਸਿਹਤ ਵਿਭਾਗ ਨੇ ਸੂਬੇ ਦੀਆਂ ਵੱਖ-ਵੱਖ ਥਾਵਾਂ ਤੋਂ ਤੇਲ ਦੇ 618 ਸੈਂਪਲ ਭਰੇ ਸਨ। ਤੁਸੀਂ ਜਾਣ ਕੇ ਹੈਰਾਨ ਹੋ ਜਾਵੋਗੇ ਕਿ ਇਨ੍ਹਾਂ ਵਿਚੋਂ 34 ਫੀਸਦੀ ਸੈਂਪਲ ਫੇਲ੍ਹ ਰਹੇ ਹਨ। ਜੇਕਰ ਤੁਹਾਨੂੰ ਲੱਗਦਾ ਹੈ ਕਿ ਦੁੱਧ ਹੀ ਸ਼ੁੱਧ ਬਚਿਆ ਹੈ ਤਾਂ ਤੁਸੀਂ ਫਿਰ ਗਲਤ ਸਾਬਤ ਹੋ ਗਏ ਹੋ ਕਿਉਂਕਿ ਖੁੱਲ੍ਹੇ ਦੁੱਧ ਵਿਚ ਮਿਲਾਵਟ ਦਾ ਪੱਧਰ ਬਹੁਤ ਵੱਡਾ ਹੈ। ਸਾਲ 2015 ਦੀ ਰਿਪੋਰਟ ਮੁਤਾਬਕ 36 ਫੀਸਦੀ ਦੁੱਧ ਦੇ ਸੈਂਪਲ ਫੇਲ੍ਹ ਰਹੇ ਹਨ।

ਜੇਕਰ ਹੁਣ ਪਿਛਲੇ ਇਕ ਸਾਲ ਦੀ ਰਿਪੋਰਟ ਦੀ ਗੱਲ ਕਰੀਏ ਤਾਂ ਪਿਛਲੇ ਸਾਲ ਸਿਹਤ ਵਿਭਾਗ ਵੱਲੋਂ ਵੱਖ-ਵੱਖ ਖਾਣ ਵਾਲੀਆਂ ਚੀਜ਼ਾਂ ਦੇ ਕੁੱਲ 9936 ਸੈਂਪਲ ਭਰੇ ਗਏ। ਇਨ੍ਹਾਂ ਵਿਚ ਖਾਣ ਵਾਲੇ ਵੱਖ-ਵੱਖ ਚੀਜ਼ਾਂ ਤੇਲ, ਦੁੱਧ, ਦੁੱਧ ਨਾਲ ਬਣੇ ਪਦਾਰਥ, ਬੇਕਰੀ ਦੇ ਪਦਾਰਥ, ਗੁਟਕਾ-ਸੁਪਾਰੀ ਵਰਗੀਆਂ ਕਈ ਚੀਜ਼ਾਂ ਸ਼ਾਮਲ ਹਨ ਤੇ ਕੁੱਲ ਸੈਂਪਲਾਂ ਵਿਚੋਂ 28 ਫੀਸਦੀ ਸੈਂਪਲ ਫੇਲ੍ਹ ਰਹੇ ਹਨ।

## ਮਲੇਸ਼ੀਆ ਵਿਚ ਬਰਨਾਲਾ ਦੇ ਨੌਜਵਾਨ ਦੀ ਭੇਤਭਰੀ ਹਾਲਤ ਵਿਚ ਮੌਤ

**ਮੁਹਾਲੀ:** ਮਲੇਸ਼ੀਆ ਵਿਚ ਨੌਜਵਾਨ ਅਮਨਦੀਪ ਸਿੰਘ (31 ਸਾਲ) ਦੀ ਭੇਤਭਰੀ ਹਾਲਤ ਵਿਚ ਮੌਤ ਦੇ ਮਾਮਲੇ ਬਾਰੇ ਪਰਿਵਾਰਕ ਮੈਂਬਰਾਂ ਨੇ ਵਿਦੇਸ਼ ਵਿਚ ਰਹਿੰਦੇ ਆਪਣੇ ਹੀ ਨਜ਼ਦੀਕੀ ਰਿਸ਼ਤੇਦਾਰ ਉਤੇ ਕਤਲ ਕਰਨ ਜਾਂ ਕਰਵਾਉਣ ਦਾ ਖ਼ਦਸ਼ਾ ਪ੍ਰਗਟ ਕੀਤਾ ਹੈ।

ਬਰਨਾਲਾ ਦਾ ਵਸਨੀਕ ਅਮਨਦੀਪ ਸਿੰਘ ਤਕਰੀਬਨ ਸਾਲ ਪਹਿਲਾਂ ਹੀ ਰੁਜ਼ਗਾਰ ਲਈ ਮਲੇਸ਼ੀਆ ਗਿਆ ਸੀ ਅਤੇ ਉਥੇ ਆਪਣੀ ਭੂਆ ਦੇ ਪੁੱਤਰ ਤਰਸੇਮ ਲਾਲ ਕੋਲ ਰਹਿੰਦਾ ਸੀ। ਪੀੜਤ ਪਰਿਵਾਰ ਨੇ ਮਲੇਸ਼ੀਆ ਦੇ ਹਾਈ ਕਮਿਸ਼ਨ ਨੂੰ ਪੱਤਰ ਲਿਖ ਕੇ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਪ੍ਰਧਾਨ ਮੰਤਰੀ, ਕੇਂਦਰੀ ਗ੍ਰਹਿ ਮੰਤਰੀ ਤੇ ਕੇਂਦਰੀ ਵਿਦੇਸ਼ ਮੰਤਰੀ ਨੂੰ ਵੀ ਸ਼ਿਕਾਇਤਾਂ ਭੇਜ ਕੇ ਇਨਸਾਫ਼ ਦੀ ਗੁਹਾਰ ਲਗਾਈ ਹੈ। ਇਥੋਂ ਦੇ ਫੇਜ਼-4 ਸਥਿਤ ਮੁਹਾਲੀ ਪ੍ਰੈੱਸ ਕਲੱਬ ਵਿਚ ਜ਼ਿਲ੍ਹਾ ਯੋਜਨਾ ਕਮੇਟੀ ਦੀ ਸਾਬਕਾ ਚੇਅਰਪਰਸਨ ਬੀਬੀ ਅਮਨਜੋਤ ਕੌਰ ਰਾਮੂਵਾਲੀਆ ਦੀ ਮੌਜੂਦਗੀ ਵਿਚ ਮ੍ਰਿਤਕ ਨੌਜਵਾਨ ਦੇ ਪਿਤਾ ਪੰਜਾਬ ਪੁਲਿਸ ਦੇ ਏ.ਐਸ.ਆਈ. ਕੁਲਜੀਤ ਸਿੰਘ ਤੇ ਹੋਰਨਾਂ ਪਰਿਵਾਰਕ ਮੈਂਬਰਾਂ ਨੇ ਦੋਸ਼ ਲਾਇਆ ਕਿ ਉਸ ਦੇ ਪੁੱਤਰ ਦੀ ਮੌਤ ਸੜਕ ਹਾਦਸੇ ਵਿਚ ਨਹੀਂ ਹੋਈ ਹੈ ਸਗੋਂ ਉਸ ਦਾ ਸੋਚੀ ਸਮਝੀ ਸਾਜ਼ਿਸ਼ ਅਧੀਨ ਕਤਲ ਕੀਤਾ ਗਿਆ ਹੈ।

ਮ੍ਰਿਤਕ ਦੇ ਭਰਾ ਲਵਪ੍ਰੀਤ ਸਿੰਘ ਨੇ ਦੋਸ਼ ਲਾਇਆ ਹੈ ਕਿ ਉਨ੍ਹਾਂ ਦੀਆਂ ਭੂਆ ਦੇ ਲੜਕੇ ਨੇ ਬੀਮੇ ਦੇ ਲੱਖਾਂ ਰੁਪਏ ਪੈਸੇ ਹੜੱਪਣ ਕਰਨ ਲਈ ਉਸ ਦੇ ਭਰਾ ਦਾ ਕਤਲ ਕਰ ਦਿੱਤਾ ਜਾਂ ਕਰਵਾ ਦਿੱਤਾ ਹੈ। ਬੀਬੀ ਰਾਮੂਵਾਲੀਆ ਨੇ ਇਸ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਯੋਗ ਪੈਰਵੀ ਕਰਨ ਦਾ ਭਰੋਸਾ ਦਿੱਤਾ ਹੈ।

## ਦਾਊਦ ਨਾਲ ਯਾਰੀ ਮਹਿੰਗੀ ਪਈ



**ਮੁੰਬਈ:** ਮਹਾਰਾਸ਼ਟਰ ਸਰਕਾਰ ਦੇ ਮਾਲ ਮੰਤਰੀ ਏਕਨਾਥ ਖੜਸੇ ਨੇ ਜ਼ਮੀਨ ਘੁਟਾਲੇ ਦੇ ਮਾਮਲੇ ਵਿਚ ਘਿਰੇ ਜਾਣ ਤੋਂ ਬਾਅਦ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਮਾਲ ਮੰਤਰੀ ਏਕਨਾਥ ਖੜਸੇ 'ਤੇ ਗੈਰ ਕਾਨੂੰਨੀ ਜ਼ਮੀਨ ਦੀ ਡੀਲ ਤੇ ਅੰਡਰਵਰਲਡ ਡਾਨ ਦਾਊਦ ਇਬਰਾਹੀਮ ਨਾਲ ਰਿਸ਼ਤਿਆਂ ਦੇ ਇਲਜ਼ਾਮ ਸਨ।

ਵਿਰੋਧੀ ਧਿਰ ਵੱਲੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੋਂ ਖੜਸੇ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ ਸੀ, ਜਿਸ ਤੋਂ ਬਾਅਦ ਖੜਸੇ ਨੇ ਅਸਤੀਫਾ ਦਿੱਤਾ ਹੈ। ਕਾਂਗਰਸ ਦੇ ਬੁਲਾਰੇ ਤੇ ਸੀਨੀਅਰ ਆਗੂ ਰਣਦੀਪ ਸਿੰਘ ਸੁਰਜੇਵਾਲ ਨੇ ਕਿਹਾ ਸੀ ਕਿ ਹੁਣ ਮੋਦੀ ਦੀ ਇੱਜ਼ਤ ਦਾਅ ਉਤੇ ਹੈ।ਉਨ੍ਹਾਂ ਦੀ ਸਰਕਾਰ ਦੇ ਮੰਤਰੀ ਨੇ ਆਪਣੀ ਸ਼ਕਤੀ ਦਾ ਗਲਤ ਇਸਤੇਮਾਲ ਕੀਤਾ ਹੈ। ਇਸ ਲਈ ਖੜਸੇ 'ਤੇ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਉਸ ਨੂੰ ਮੰਤਰੀ ਅਹੁਦੇ ਤੋਂ ਹਟਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਸੀ ਕਿ ਮਹਾਰਾਸ਼ਟਰ ਦੇ ਲੋਕ ਚਾਹੁੰਦੇ ਹਨ ਕਿ ਮੋਦੀ ਇਸ ਮੁੱਦੇ ਉਤੇ ਆਪਣੀ ਚੁੱਪ ਤੋੜਨ।

## ਅੰਦਰੂਨੀ ਖਾਨਾਜੰਗੀ ਨੇ ਉਲਝਾਏ ਅਕਾਲੀ

ਕੋਹਾੜ ਤੇ ਫਿਲੌਰ ਧੜਿਆਂ ਵਿਚ ਵਿਵਾਦ ਭਖਿਆ



**ਜਲੰਧਰ:** ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਦਿਹਾਤੀ ਦੇ ਪ੍ਰਧਾਨ ਅਤੇ ਟਰਾਂਸਪੋਰਟ ਮੰਤਰੀ ਅਜੀਤ ਸਿੰਘ ਕੋਹਾੜ ਤੇ ਸਾਬਕਾ ਮੰਤਰੀ ਸਰਵਣ ਸਿੰਘ ਫਿਲੌਰ ਦੇ ਧੜਿਆਂ ਵਿਚ ਵਿਵਾਦ ਵਧਦਾ ਜਾ ਰਿਹਾ ਹੈ। ਲੜਾਈ ਦੇ ਚੱਲਦਿਆਂ ਫਿਲੌਰ ਧੜੇ ਨੇ ਅਜੀਤ ਸਿੰਘ ਕੋਹਾੜ ਵਿਰੁੱਧ ਦਸਤਖ਼ਤੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਇਸ ਧੜੇ ਨੇ ਕੋਹਾੜ ਵਿਰੁੱਧ ਹੋਰਡਿੰਗ ਲਾ ਕੇ ਲੜਾਈ ਨੂੰ ਹੋਰ ਭਖਾ ਦਿੱਤਾ ਹੈ।

ਸਰਕਲ ਲਾਂਬੜਾ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੀ ਹੋਈ ਮੀਟਿੰਗ ਵਿਚ ਪਹਿਲੇ ਦਿਨ ਹੀ 300 ਤੋਂ ਵੱਧ ਅਕਾਲੀ ਵਰਕਰਾਂ ਨੇ ਕੋਹਾੜ ਵਿਰੁੱਧ ਦਸਤਖ਼ਤ ਕੀਤੇ। ਮੈਰਿਜ ਪੈਲੇਸ ਵਿਚ ਕੀਤੀ ਗਈ ਇਸ ਮੀਟਿੰਗ ਵਿਚ ਕੁੱਲ 33 ਪੰਚਾਇਤਾਂ ਵਿਚੋਂ 27 ਪੰਚਾਇਤਾਂ ਦੇ ਪੰਚਾਂ-ਸਰਪੰਚਾਂ ਨੇ ਹਿੱਸਾ ਲਿਆ। ਇਸ ਬਾਰੇ ਦਮਨਬੀਰ ਸਿੰਘ ਨੇ ਸ਼ੁਰੂ ਵਿਚ ਹੀ ਕਿਹਾ ਸੀ ਕਿ ਜੇਕਰ ਜਥੇਦਾਰ ਕੋਹਾੜ ਆਪਣੀਆਂ ਹਰਕਤਾਂ ਤੋਂ ਬਾਜ਼ ਨਾ ਆਏ ਤਾਂ ਉਨ੍ਹਾਂ ਵਿਰੁੱਧ ਦਸਤਖ਼ਤੀ ਮੁਹਿੰਮ ਸ਼ੁਰੂ ਕਰ ਦਿੱਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਹਲਕਾ ਕਰਤਾਰਪੁਰ ਦੀ ਨੁਮਾਇੰਦਗੀ ਕਰ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਸਰਵਣ ਸਿੰਘ ਫਿਲੌਰ ਦੇ ਪੁੱਤਰ ਦਮਨਬੀਰ ਸਿੰਘ ਵੱਲੋਂ ਬੀਤੇ ਕਈ ਦਿਨਾਂ ਤੋਂ ਅਜੀਤ ਸਿੰਘ ਕੋਹਾੜ ਵਿਰੁੱਧ ਸਰਕਲ ਪ੍ਰਧਾਨਾਂ ਦੀਆਂ ਨਿਯੁਕਤੀਆਂ ਸਬੰਧੀ ਮੋਰਚਾ ਖੋਲ੍ਹਿਆ ਹੋਇਆ ਹੈ। ਦੋਵੇਂ ਧੜੇ ਇਕ-ਦੂਜੇ ਵਿਰੁੱਧ ਖੁੱਲ੍ਹੇਆਮ ਦੋਸ਼ ਲਾ ਰਹੇ ਹਨ। ਪਿਛਲੇ ਦਿਨੀਂ ਹੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦੋਹਾਂ ਧੜਿਆਂ 'ਚ ਸ਼ੁਰੂ ਹੋਈ ਲੜਾਈ ਨੂੰ ਮੰਦਭਾਗਾ ਦੱਸਦਿਆਂ ਇਸ ਨੂੰ ਰੋਕਣ ਦੀਆਂ ਕੀਤੀਆਂ ਹਦਾਇਤਾਂ ਤੋਂ ਬਾਅਦ ਵੀ ਇਹ ਧੜੇ ਇਕ-ਦੂਜੇ ਵਿਰੁੱਧ ਬਿਆਨਬਾਜ਼ੀ ਕਰਨ ਤੋਂ ਰੁਕ ਨਹੀਂ ਰਹੇ। ਲਾਂਬੜਾ ਇਲਾਕੇ ਵਿਚ ਦਮਨਬੀਰ ਵੱਲੋਂ ਲਗਵਾਏ ਗਏ ਹੋਰਡਿੰਗ ਬੋਰਡਾਂ ਨਾਲ ਤਾਂ ਇਹ ਲੜਾਈ ਹੋਰ ਵੀ ਤਿੱਖੀ ਹੁੰਦੀ ਜਾ ਰਹੀ ਹੈ।

ਉਧਰ, ਅਜੀਤ ਸਿੰਘ ਕੋਹਾੜ ਨੇ ਮੁੜ ਸਪੱਸ਼ਟ ਕੀਤਾ ਕਿ ਜ਼ਿਲ੍ਹੇ ਵਿਚ ਉਨ੍ਹਾਂ ਵੱਲੋਂ ਕੀਤੀਆਂ ਜਾ ਰਹੀਆਂ ਨਿਯੁਕਤੀਆਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀਆਂ ਹਦਾਇਤਾਂ 'ਤੇ ਹੀ ਕੀਤੀਆਂ ਜਾ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਜਿਹੜੇ ਆਗੂ ਇਸ ਦਾ ਵਿਰੋਧ ਕਰ ਰਹੇ ਹਨ, ਅਸਲ ਵਿਚ ਉਹ ਪਾਰਟੀ ਪ੍ਰਧਾਨ ਦੇ ਹੁਕਮਾਂ ਨੂੰ ਸਿੱਧੀ ਚੁਣੌਤੀ ਦੇ ਰਹੇ ਹਨ। ਜਥੇਦਾਰ ਕੋਹਾੜ ਨੂੰ ਦਮਨਬੀਰ ਸਿੰਘ ਵੱਲੋਂ ਕੀਤੀ ਜਾ ਰਹੀ ਬਿਆਨਬਾਜ਼ੀ ਬਾਰੇ ਪੁੱਛੇ ਜਾਣ 'ਤੇ ਕਿਹਾ ਕਿ ਉਹ ਇਸ ਦਾ ਕੋਈ ਜਵਾਬ ਨਹੀਂ ਦੇਣਗੇ ਕਿਉਂਕਿ ਦਮਨਬੀਰ ਯੂਥ ਅਕਾਲੀ ਦਲ ਨਾਲ ਸਬੰਧਤ ਹੈ।

# ਸਿਰੋਪਾ ਦੇਣ ਬਾਰੇ ਬਾਦਲ ਦੇ ਦਾਅਵੇ ਨੇ ਮੱਕੜ ਨੂੰ ਕਸੂਤਾ ਫਸਾਇਆ

**ਅੰਮ੍ਰਿਤਸਰ :** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਿਰੋਪਾ ਨਾ ਦੇਣ ਦਾ ਮਾਮਲਾ ਭਖਦਾ ਜਾ ਰਿਹਾ ਹੈ। ਇਕ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਰਦਾਸੀਏ ਬਲਵੀਰ ਸਿੰਘ ਦੇ ਤਬਾਦਲੇ ਦੇ ਆਦੇਸ਼ ਦੇ ਦਿੱਤੇ ਹਨ ਤੇ ਦੂਜੇ ਪਾਸੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਖਿਆ ਹੈ ਕਿ ਦਰਬਾਰ ਸਾਹਿਬ ਦੀ ਫੇਰੀ ਦੌਰਾਨ ਉਨ੍ਹਾਂ ਨੂੰ ਕਿਸੇ ਨੇ ਵੀ ਸਿਰੋਪਾ ਤੋਂ ਇਨਕਾਰ ਨਹੀਂ ਕੀਤਾ। ਹੁਣ ਸਵਾਲ ਉੱਠਦਾ ਹੈ ਕਿ ਜੇਕਰ ਮੁੱਖ ਮੰਤਰੀ ਨੂੰ ਅਰਦਾਸੀਏ ਬਲਵੀਰ ਸਿੰਘ ਨੇ ਸਿਰੋਪਾ ਲਈ ਮਨਾ ਨਹੀਂ ਕੀਤਾ ਤਾਂ ਉਨ੍ਹਾਂ ਖਿਲਾਫ਼ ਕਮੇਟੀ ਵੱਲੋਂ ਕਾਰਵਾਈ ਕਿਸ ਲਈ ਕੀਤੀ ਗਈ।

ਲੰਬੀ ਵਿਖੇ ਮੁੱਖ ਮੰਤਰੀ ਨੇ ਆਖਿਆ ਹੈ ਕਿ ਦਰਬਾਰ ਸਾਹਿਬ ਵਿਖੇ ਸ਼ਰਧਾ ਵਜੋਂ ਮੱਥਾ ਟੇਕਣ ਲਈ ਗਏ ਸਨ ਨਾ ਕਿ ਸਿਰੋਪਾ ਲੈਣ ਲਈ। ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਦਰਬਾਰ ਸਾਹਿਬ ਵਿਖੇ ਸਿਰੋਪਾ ਦਿੱਤਾ ਗਿਆ ਹੈ ਤੇ ਕਿਸੇ ਨੇ ਵੀ ਉਨ੍ਹਾਂ ਨੂੰ ਸਿਰੋਪਾ ਦੇਣ ਤੋਂ ਇਨਕਾਰ ਨਹੀਂ ਕੀਤਾ। ਕਾਬਲੇਗੌਰ ਹੈ ਕਿ ਅਰਦਾਸੀਏ ਬਲਵੀਰ ਸਿੰਘ ਸਿੰਘ ਦੀ ਬਦਲੀ ਸ਼੍ਰੋਮਣੀ ਕਮੇਟੀ ਵੱਲੋਂ ਮਾਛੀਵਾੜਾ ਦੇ ਗੁਰਦੁਆਰਾ ਸਾਹਿਬ ਵਿਖੇ ਕਰ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਖੁਦ ਆਖਿਆ ਹੈ ਕਿ ਅਰਦਾਸੀਏ ਬਲਵੀਰ ਸਿੰਘ ਨੇ ਮੁੱਖ ਮੰਤਰੀ ਨੂੰ ਸਿਰੋਪਾ ਦੇਣ ਤੋਂ ਇਨਕਾਰ ਕੀਤਾ ਹੈ। ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਦੋ ਸੇਵਾਦਾਰਾਂ ਦੇ ਤੁਰਤ ਤਬਾਦਲੇ ਦੇ ਆਦੇਸ਼ ਦੇ ਦਿੱਤੇ ਹਨ।

ਦੱਸਣਯੋਗ ਹੈ ਕਿ ਪਿਛਲੇ ਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਬੇਅਦਬੀ ਮਾਮਲੇ ਵਿਚ ਸਰਕਾਰ ਵੱਲੋਂ ਹਾਲੇ ਤੱਕ ਢੁਕਵੀਂ ਕਾਰਵਾਈ ਨਾ ਕੀਤੇ ਜਾਣ ਦਾ ਰੋਸ ਲੋਕਾਂ ਦੇ ਮਨਾਂ ਵਿਚ ਬਰਕਰਾਰ ਹੈ। ਮੁੱਖ ਮੰਤਰੀ ਬਾਦਲ ਨੂੰ ਸਿਰੋਪਾ ਨਾ ਦੇਣਾ ਵੀ ਇਸ ਰੋਸ ਦਾ ਸਿੱਟਾ ਹੈ। ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ ਵਿਚ ਕਾਰਵਾਈ ਕਰਦਿਆਂ ਡਿਊਟੀ ਦੌਰਾਨ ਕੁਤਾਹੀ ਵਰਤਣ ਦੇ ਦੋਸ਼ ਹੇਠ ਦੋ ਅਰਦਾਸੀਆਂ ਦਾ ਮਾਛੀਵਾੜਾ ਤੇ ਸੰਗਰੂਰ ਦੇ ਗੁਰਦੁਆਰਿਆਂ ਵਿਚ ਤਬਾਦਲਾ ਕਰ ਦਿੱਤਾ ਹੈ ਅਤੇ ਮਾਮਲੇ ਦੀ ਜਾਂਚ ਦੇ ਆਦੇਸ਼ ਦਿੱਤੇ ਹਨ।

ਜਾਣਕਾਰੀ ਮੁਤਾਬਕ ਮੁੱਖ ਮੰਤਰੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਗਏ ਤਾਂ ਉਨ੍ਹਾਂ ਦੇ ਨਾਲ ਸਰਕਾਰੀ ਅਧਿਕਾਰੀਆਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦਾ ਇਕ ਸਕੱਤਰ ਅਤੇ ਮੈਨੇਜਰ ਵੀ ਸੀ। ਜਦੋਂ ਮੁੱਖ ਮੰਤਰੀ ਮੱਥਾ ਟੇਕ ਰਹੇ ਸਨ ਤਾਂ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਡਿਊਟੀ 'ਤੇ ਤਾਇਨਾਤ ਅਰਦਾਸੀਏ ਭਾਈ ਬਲਬੀਰ ਸਿੰਘ ਨੂੰ ਮੁੱਖ ਮੰਤਰੀ ਨੂੰ ਸਿਰੋਪਾ ਦੇਣ ਦਾ ਇਸ਼ਾਰਾ ਕੀਤਾ, ਪਰ ਉਸ ਨੇ ਇਸ ਨੂੰ ਅਣਦੇਖਿਆ ਕਰ ਦਿੱਤਾ। ਇਸ ਦੌਰਾਨ ਇਕ ਹੋਰ ਅਧਿਕਾਰੀ ਨੇ ਵੀ ਉਸ ਨੂੰ ਸਿਰੋਪੇ ਲਈ ਇਸ਼ਾਰੇ ਕੀਤੇ ਪਰ ਉਸ ਨੇ ਸਿਰਫ ਪਤਾਸਿਆਂ ਦਾ ਪ੍ਰਸਾਦ ਹੀ ਦਿੱਤਾ। ਮੁੱਖ ਮੰਤਰੀ ਬਿਨਾਂ ਸਿਰੋਪੇ ਹੀ ਸ੍ਰੀ ਹਰਿਮੰਦਰ ਸਾਹਿਬ ਤੋਂ ਬਾਹਰ ਆ ਗਏ। ਮੁੜ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਦੇ ਇਸ਼ਾਰੇ 'ਤੇ ਵਿਸ਼ੇਸ਼ ਤੌਰ ਉਤੇ ਸਿਰੋਪਾ ਦਿੱਤਾ ਗਿਆ। ਇਸ ਘਟਨਾ ਬਾਅਦ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਜਾਣਕਾਰੀ ਮੁਤਾਬਕ ਬੇਅਦਬੀ ਕਾਂਡ ਕਾਰਨ ਇਹ ਅਰਦਾਸੀਆ ਇਸ ਤੋਂ ਪਹਿਲਾਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਸਿਰੋਪਾ ਦੇਣ ਤੋਂ ਇਨਕਾਰ ਕਰ ਚੁੱਕਾ ਹੈ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਤੁਰਤ ਕਾਰਵਾਈ ਕਰਦਿਆਂ ਡਿਊਟੀ ਦੌਰਾਨ ਕੁਤਾਹੀ ਵਰਤਣ ਦੇ ਦੋਸ਼ ਹੇਠ ਅਰਦਾਸੀਆ ਬਲਬੀਰ ਸਿੰਘ ਅਤੇ ਅਰਦਾਸੀਆ ਗੁਰਚਰਨ ਸਿੰਘ ਦਾ ਤਬਾਦਲਾ ਮਾਛੀਵਾੜਾ ਤੇ ਸੰਗਰੂਰ ਦੇ ਗੁਰਦੁਆਰਿਆਂ ਵਿਚ ਕਰ ਦਿੱਤਾ ਹੈ। ਇਸ ਮਾਮਲੇ ਦੀ ਜਾਂਚ ਦੇ ਆਦੇਸ਼ ਦਿੱਤੇ ਹਨ। ਇਸ ਮਗਰੋਂ ਅਗਲੀ ਕਾਰਵਾਈ ਹੋਵੇਗੀ।

### ਅਰਦਾਸੀਏ ਵਿਰੁੱਧ ਕਰਵਾਈ 'ਤੇ ਸ਼੍ਰੋਮਣੀ ਕਮੇਟੀ ਲਾਜਵਾਬ



### ਵਿਧਾਇਕ ਰੰਧਾਵਾ ਵੱਲੋਂ ਅਰਦਾਸੀਏ ਨੂੰ ਤਨਖਾਹ ਭੇਟ

**ਚੰਡੀਗੜ੍ਹ:** ਸ੍ਰੀ ਦਰਬਾਰ ਸਾਹਿਬ ਵਿਖੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਿਰੋਪਾ ਨਾ ਦੇਣ ਵਾਲੇ ਅਰਦਾਸੀਏ ਭਾਈ ਬਲਬੀਰ ਸਿੰਘ ਵੱਲੋਂ ਨੌਕਰੀ ਤੋਂ ਅਸਤੀਫਾ ਦਿੱਤੇ ਜਾਣ ਮਗਰੋਂ ਇਕ ਕਾਂਗਰਸੀ ਵਿਧਾਇਕ ਅਰਦਾਸੀਏ ਦੇ ਹੱਕ ਵਿਚ ਡਟ ਗਏ ਹਨ। ਕਾਂਗਰਸੀ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੇ ਜਿਥੇ ਭਾਈ ਬਲਬੀਰ ਸਿੰਘ ਨੂੰ ਆਪਣੀ ਇਕ ਮਹੀਨੇ ਦੀ ਤਨਖਾਹ ਭੇਟ ਕੀਤੀ, ਉਥੇ ਹੋਰਾਂ ਨੂੰ ਵੀ ਅਰਦਾਸੀਏ ਦੇ ਹੱਕ 'ਚ ਉਤਰਨ ਦੀ ਅਪੀਲ ਕੀਤੀ।

### ਅਰਦਾਸੀਏ ਨੇ ਹੁਕਮਅਦੂਲੀ ਕੀਤੀ: ਮੱਕੜ



**ਲੁਧਿਆਣਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਮੁੱਖ ਮੰਤਰੀ ਨੂੰ ਸਿਰੋਪਾ ਨਾ ਦਿੱਤੇ ਜਾਣ ਦੀ ਵਾਪਰੀ ਘਟਨਾ ਬਾਰੇ ਕਿਹਾ ਕਿ ਦਰਬਾਰ ਸਾਹਿਬ ਦੇ ਮੀਤ ਮੈਨੇਜਰ ਨੇ ਅਰਦਾਸੀਏ ਬਲਵੀਰ ਸਿੰਘ ਨੂੰ ਅਗਾਊਂ ਸੂਚਿਤ ਕੀਤਾ ਸੀ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਮੱਥਾ ਟੇਕਣ ਲਈ ਆ ਰਹੇ ਹਨ। ਇਸ ਲਈ ਉਨ੍ਹਾਂ ਲਈ ਸਿਰੋਪੇ ਦਾ ਪ੍ਰਬੰਧ ਕਰ ਲਿਆ ਜਾਵੇ। ਇਸ ਦੇ ਬਾਵਜੂਦ ਬਲਵੀਰ ਸਿੰਘ ਨੇ ਸਿਰੋਪਾ ਨਾ ਦੇ ਕੇ ਸ਼੍ਰੋਮਣੀ ਕਮੇਟੀ ਦਾ ਮੁਲਾਜ਼ਮ ਹੁੰਦਿਆਂ ਹੁਕਮਅਦੂਲੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਬਲਵੀਰ ਸਿੰਘ ਦੀ ਬਦਲੀ ਗੁਰਦੁਆਰਾ ਚਰਨ ਕਮਲ ਸਾਹਿਬ ਮਾਛੀਵਾੜਾ ਵਿਚ ਕਰ ਦਿੱਤੀ ਗਈ ਹੈ ਅਤੇ ਜੇਕਰ ਉਹ 10 ਦਿਨ ਵਿਚ ਡਿਊਟੀ ਉਤੇ ਹਾਜ਼ਰ ਨਹੀਂ ਹੋਵੇਗਾ ਤਾਂ ਉਸ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਜਾਣਗੀਆਂ।

### ਅਰਦਾਸੀਏ ਸਿੰਘ ਵੱਲੋਂ ਮੱਕੜ ਦੇ ਆਦੇਸ਼ ਮੰਨਣ ਤੋਂ ਇਨਕਾਰ

**ਅੰਮ੍ਰਿਤਸਰ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਿਰੋਪਾ ਨਾ ਦੇਣ ਵਾਲੇ ਅਰਦਾਸੀਏ ਬਲਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਤਬਾਦਲੇ ਵਾਲੇ ਆਦੇਸ਼ ਨੂੰ ਮੰਨਣ ਤੋਂ ਨਾਂਹ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਆਖਿਆ ਹੈ ਕਿ ਜੇਕਰ ਬਲਬੀਰ ਸਿੰਘ ਨੇ ਤਬਾਦਲੇ ਵਾਲੀ ਥਾਂ ਗੁਰਦੁਆਰਾ ਮਾਛੀਵਾੜਾ ਵਿਖੇ 10 ਦਿਨਾਂ ਵਿਚ ਰਿਪੋਰਟ ਨਾ ਕੀਤੀ ਤਾਂ ਉਨ੍ਹਾਂ ਨੂੰ ਅਹੁਦੇ ਤੋਂ ਬਰਖਾਸਤ ਕਰ ਦਿੱਤਾ ਜਾਵੇਗਾ। ਆਪਣੇ ਬਿਆਨ ਵਿਚ ਬਲਬੀਰ ਸਿੰਘ ਨੇ ਆਖਿਆ ਹੈ ਕਿ ਉਹ ਸ਼੍ਰੋਮਣੀ ਕਮੇਟੀ ਦੇ ਤਬਾਦਲੇ ਵਾਲੇ ਹੁਕਮ ਨੂੰ ਨਹੀਂ ਮੰਨਦੇ। ਬਲਬੀਰ ਸਿੰਘ ਦੇ ਇਸ ਕਦਮ ਨਾਲ ਪੰਥਕ ਹਲਕਿਆਂ ਦੇ ਨਾਲ ਨਾਲ ਰਾਜਨੀਤਕ ਤੌਰ ਉੱਤੇ ਵੀ ਚਰਚਾ ਹੈ।

## ਅਦਾਕਾਰ ਰਾਜਪਾਲ ਯਾਦਵ ਫਿਰ ਖਾਵੇਗਾ ਜੇਲ੍ਹ ਦੀ ਹਵਾ



**ਨਵੀਂ ਦਿੱਲੀ:** ਅਦਾਕਾਰ ਰਾਜਪਾਲ ਯਾਦਵ ਇਕ ਵਾਰ ਫਿਰ ਤਿਹਾੜ ਜੇਲ੍ਹ ਜਾ ਸਕਦੇ ਹਨ। ਦਿੱਲੀ ਹਾਈ ਕੋਰਟ ਨੇ ਯਾਦਵ ਨੂੰ ਹੁਕਮ ਦਿੱਤੇ ਹਨ ਕਿ ਉਹ 15 ਜੁਲਾਈ ਤੱਕ ਤਿਹਾੜ ਜੇਲ੍ਹ ਵਿਚ ਸਰੰਡਰ ਕਰ ਕੇ ਬਾਕੀ ਸਜ਼ਾ ਦੇ ਛੇ ਦਿਨ ਜੇਲ੍ਹ ਵਿਚ ਕੱਟਣ। ਯਾਦਵ ਨੂੰ ਇਹ ਸਜ਼ਾ ਝੂਠਾ ਹਲਫਨਾਮਾ ਦਰਜ ਕਰਨ ਲਈ 2013 ਵਿਚ ਦਿੱਤੀ ਗਈ ਹੈ। ਯਾਦਵ ਨੇ ਤਿੰਨ ਦਸੰਬਰ 2013 ਤੱਕ ਜੇਲ੍ਹ ਵਿਚ ਚਾਰ ਦਿਨ ਕੱਟੇ ਸਨ, ਜਿਸ ਤੋਂ ਬਾਅਦ ਹਾਈ ਕੋਰਟ ਦੀ ਬੈਂਚ ਨੇ ਉਨ੍ਹਾਂ ਦੀ ਅਪੀਲ 'ਤੇ ਸਜ਼ਾ ਰੱਦ ਕਰ ਦਿੱਤੀ ਸੀ।

ਹਾਈ ਕੋਰਟ ਦੇ ਬੈਂਚ ਨੇ ਦਸੰਬਰ 2013 ਵਿਚ ਇਕ ਸਿੰਗਲ ਬੈਂਚ ਦੀ ਸਜ਼ਾ ਬਰਕਰਾਰ ਰੱਖਦਿਆਂ ਕਿਹਾ ਸੀ ਕਿ ਪ੍ਰੋਸੈਸ ਦਾ ਪਾਲਣ ਕਰਨ ਵਿਚ ਯਾਦਵ ਦੀ ਨਾਕਾਮੀ ਨੂੰ ਸਵੀਕਾਰਿਆ ਨਹੀਂ ਜਾ ਸਕਦਾ। ਬੈਂਚ ਨੇ ਕਿਹਾ ਕਿ ਸਪਸ਼ਟੀਕਰਨ ਦਾ ਸਮਾਂ ਦਿੱਤੇ ਜਾਣ ਤੋਂ ਬਾਅਦ ਵੀ ਉਹ ਆਪਣੇ ਝੂਠ 'ਤੇ ਅਟੱਲ ਰਹੇ। ਯਾਦਵ ਖਿਲਾਫ ਇਹ ਕਦਮ ਇਕ ਕਾਰੋਬਾਰੀ ਦੀ ਪਟੀਸ਼ਨ 'ਤੇ ਲਿਆ ਗਿਆ। ਇਹ ਕਾਰਵਾਈ ਰਿਕਵਰੀ ਕੇਸ ਦੌਰਾਨ ਕੋਰਟ ਨੂੰ ਗੁੰਮਰਾਹ ਕਰਨ ਦੇ ਮਾਮਲੇ 'ਤੇ ਸ਼ੁਰੂ ਹੋਈ ਸੀ। ਜਿਸ ਵਿਚ ਅਦਾਲਤ ਨੇ ਯਾਦਵ ਦੇ ਦਸੰਬਰ 2013 ਨੂੰ ਦਾਇਰ ਹਲਫਨਾਮੇ ਉਤੇ ਇਤਰਾਜ਼ ਜਤਾਇਆ ਸੀ। ਦਿੱਲੀ ਦੇ ਇਕ ਕਾਰੋਬਾਰੀ ਐਮ.ਜੀ. ਅਗਰਵਾਲ ਨੇ ਕਰਜ਼ ਦੇ ਭੁਗਤਾਨ ਵਿਚ ਫੇਲ੍ਹ ਰਹੇ ਰਾਜਪਾਲ ਤੇ ਉਨ੍ਹਾਂ ਦੀ ਪਤਨੀ ਖਿਲਾਫ ਰਿਕਵਰੀ ਕੇਸ ਦਾਇਰ ਕੀਤਾ ਸੀ।

## ਅਫਰੀਕੀ ਨਾਗਰਿਕ ਦੇ ਕਤਲ ਤੋਂ ਯੂ.ਐਨ. ਚਿੰਤਤ

**ਸੰਯੁਕਤ ਰਾਸ਼ਟਰ:** ਭਾਰਤ ਵਿਚ ਕਾਂਗੋ ਦੇ ਇਕ ਨਾਗਰਿਕ ਦੇ ਕਤਲ ਅਤੇ ਪਿਛਲੇ ਦਿਨੀਂ ਅਫਰੀਕੀ ਵਿਦਿਆਰਥੀਆਂ 'ਤੇ ਹਮਲਿਆਂ ਦੀਆਂ ਘਟਨਾਵਾਂ ਉਤੇ ਸੰਯੁਕਤ ਰਾਸ਼ਟਰ ਨੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਉਹ ਹਰ ਦੇਸ਼ ਵਿਚ ਸਹਿਣਸ਼ੀਲਤਾ ਅਤੇ ਸਾਂਝ ਨੂੰ ਉਤਸ਼ਾਹ ਦਿੰਦਾ ਹੈ। ਕਾਂਗੋ ਦੇ ਮਸੌਂਦਾ ਕੇਤਾਦਾ ਓਲਿਵਰ (29) ਦੇ ਕਤਲ ਬਾਰੇ ਪੁੱਛੇ ਜਾਣ ਉਤੇ ਜਨਰਲ ਸਕੱਤਰ ਬਾਨ ਕੀ ਮੂਨ ਦੇ ਉਪ ਬੁਲਾਰੇ ਫਰਹਾਨ ਹੱਕ ਨੇ ਕਿਹਾ ਕਿ ਜੇਕਰ ਅਜਿਹਾ ਹੁੰਦਾ ਹੈ ਤਾਂ ਉਹ ਅਜਿਹੀ ਹਰ ਸੂਚਨਾ 'ਤੇ ਫਿਕਰਮੰਦ ਹੋਣਗੇ। ਪਰ ਉਹ ਹਰ ਦੇਸ਼ ਵਿਚ ਸਹਿਣਸ਼ੀਲਤਾ ਤੇ ਭਾਈਚਾਰੇ ਨੂੰ ਉਤਸ਼ਾਹਿਤ ਕਰਨ ਦਾ ਸੁਨੇਹੇ ਨੂੰ ਉਤਸ਼ਾਹ ਵੀ ਦੇਣਗੇ।

## ਜੇਤਲੀ 19 ਨੂੰ ਆਉਣਗੇ ਗੁਰੂ ਕੀ ਨਗਰੀ



**ਅੰਮ੍ਰਿਤਸਰ:** ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ 19 ਜੂਨ ਨੂੰ ਅੰਮ੍ਰਿਤਸਰ ਆਉਣਗੇ। ਉਹ ਮਾਨਾਂਵਾਲਾ ਨੇੜੇ ਬਣਨ ਵਾਲੀ ਦੇਸ਼ ਦੀ ਸਰਵੋਤਮ ਸਿੱਖਿਆ ਸੰਸਥਾ ਆਈ.ਆਈ.ਐਮ. ਦਾ ਨੀਂਹ ਪੱਥਰ ਰੱਖਣਗੇ। ਇਸ ਖੁਲਾਸਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅੰਮ੍ਰਿਤਸਰ ਵਿਚ ਕੀਤਾ। ਉਨ੍ਹਾਂ ਇਸ ਬਾਰੇ ਜ਼ਿਲ੍ਹੇ ਦੇ ਕਈ ਅਕਾਲੀ ਭਾਜਪਾ ਲੀਡਰਾਂ ਨਾਲ ਬੈਠਕ ਕੀਤੀ ਤੇ ਇਸ ਬਾਰੇ ਸਾਰੇ ਪ੍ਰਬੰਧ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ।

ਮੁੱਖ ਮੰਤਰੀ ਨੇ ਦੱਸਿਆ ਕਿ ਇਸ ਪ੍ਰਾਜੈਕਟ ਲਈ 60 ਕਿੱਲੇ ਜ਼ਮੀਨ ਅੰਮ੍ਰਿਤਸਰ ਵਿਕਾਸ ਅਥਾਰਟੀ ਨੇ ਆਈ.ਆਈ.ਐਮ. ਦੇ ਨਾਂ ਤਬਦੀਲ ਕਰ ਦਿੱਤੀ ਹੈ। ਸੰਸਥਾ ਤੱਕ ਪਹੁੰਚਣ ਲਈ ਬਣਨ ਵਾਲੀ ਸੜਕ ਵਾਸਤੇ ਪੁੱਡਾ ਨੂੰ ਰਕਮ ਜਾਰੀ ਕਰਨ ਦੀ ਹਦਾਇਤ ਕੀਤੀ ਗਈ ਹੈ। ਬਾਦਲ ਨੇ ਦੱਸਿਆ ਕਿ ਇਹ ਪ੍ਰਾਜੈਕਟ ਅਰੁਣ ਜੇਤਲੀ ਦਾ ਡਰੀਮ ਪ੍ਰਾਜੈਕਟ ਸੀ। ਦਰਅਸਲ ਅੰਮ੍ਰਿਤਸਰ ਸੀਟ ਤੋਂ ਚੋਣ ਲੜਨ ਲਈ ਮੈਦਾਨ ਵਿਚ ਉੱਤਰੇ ਅਰੁਣ ਜੇਤਲੀ ਨੇ ਆਪਣੀਆਂ ਚੋਣ ਰੈਲੀਆਂ ਦੌਰਾਨ ਅੰਮ੍ਰਿਤਸਰ ਦੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਜੇਕਰ ਉਨ੍ਹਾਂ ਦੀ ਸਰਕਾਰ ਬਣਦੀ ਹੈ ਤਾਂ ਉਹ ਅੰਮ੍ਰਿਤਸਰ ਵਿਚ ਆਈ.ਆਈ.ਐਮ. ਜ਼ਰੂਰ ਸਥਾਪਤ ਕਰਨਗੇ।

## ਕੈਪਟਨ ਅਮਰਿੰਦਰ ਸਿੰਘ ਦਾ ਪੁੱਤਰ ਕਸੂਤਾ ਘਿਰਿਆ



**ਜਲੰਧਰ:** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਲਈ ਇਕ ਵਾਰ ਫਿਰ ਤੋਂ ਮੁਸੀਬਤਾਂ ਖੜ੍ਹੀਆਂ ਹੋ ਗਈਆਂ ਹਨ। ਇਨਫੋਰਸਮੈਂਟ ਡਾਇਰੈਕਟੋਰੇਟ ਨੇ ਕੈਪਟਨ ਦੇ ਪੁੱਤਰ ਰਣਇੰਦਰ ਸਿੰਘ ਨੂੰ ਫੇਮਾ (ਫੌਰਨ ਐਕਸਚੇਂਜ ਮੈਨੇਜਮੈਂਟ ਐਕਟ) ਤਹਿਤ ਗੜਬੜੀਆਂ ਦੇ ਚੱਲਦੇ ਸੰਮਨ ਕੀਤਾ ਹੈ।

ਈ.ਡੀ. ਦੇ ਅਸਿਸਟੈਂਟ ਡਾਇਰੈਕਟਰ ਅਜੇ ਸਿੰਘ ਨੇ ਰਣਇੰਦਰ ਖਿਲਾਫ 16 ਜੂਨ ਦੇ ਸੰਮਨ ਜਾਰੀ ਕੀਤੇ ਹਨ। ਈ.ਡੀ. ਵੱਲੋਂ ਰਣਇੰਦਰ ਦੇ ਵਿਦੇਸ਼ਾਂ ਵਿਚਲੇ ਜਾਇਦਾਦ ਵੇਰਵੇ ਅਤੇ ਹਵਾਲਾ ਰਾਹੀਂ ਹੋਈ ਪੈਸੇ ਦੀ ਅਦਲਾ-ਬਦਲੀ ਬਾਰੇ ਪੁੱਛਗਿੱਛ ਕੀਤੀ ਜਾਵੇਗੀ। ਸੂਤਰਾਂ ਦਾ ਕਹਿਣਾ ਹੈ ਕਿ ਕੈਪਟਨ ਖਿਲਾਫ ਵੀ ਸੰਮਨ ਜਾਰੀ ਕੀਤੇ ਜਾ ਸਕਦੇ ਹਨ। ਇਸ ਤੋਂ ਪਹਿਲਾਂ ਲੁਧਿਆਣਾ ਦੇ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਰਣਜੀਤ ਸ਼ਰਮਾ ਨੇ ਇਨਕਮ ਟੈਕਸ ਵਿਭਾਗ ਦੀ ਸ਼ਿਕਾਇਤ ਤੇ ਰਣਇੰਦਰ ਨੂੰ ਸੰਮਨ ਕੀਤਾ ਸੀ। ਸ਼ਿਕਾਇਤ ਵਿਚ ਕਿਹਾ ਗਿਆ ਕਿ ਰਣਇੰਦਰ ਨੇ ਟਰੱਸਟ ਦੀ ਮਾਲਕੀਅਤ ਬਾਰੇ ਦਿੱਤੇ ਅਤੇ ਨਾਲ ਹੀ ਸਵਿਸ ਬੈਂਕ ਵਿਚ ਅਕਾਊਂਟ ਬਾਰੇ ਹਲਫਨਾਮੇ ਵਿਚ ਝੂਠ ਕਿਹਾ ਹੈ।

## ਅਮਰੀਕਾ ਵਿਚ ਭਾਰਤੀ ਔਰਤਾਂ ਨੇ ਮਾਰੀਆਂ ਮੱਲਾਂ





**ਨਿਊ ਯਾਰਕ:** ਆਪਣੀ ਮਿਹਨਤ ਦੇ ਦਮ 'ਤੇ ਉੱਦਮ ਖੇਤਰ ਵਿਚ ਮੱਲਾਂ ਮਾਰਨ ਵਾਲੀਆਂ ਅਮਰੀਕਾ ਦੀਆਂ 60 ਸਭ ਤੋਂ ਅਮੀਰ ਅਤੇ ਸਫਲ ਮਹਿਲਾਵਾਂ ਦੀ ਇਕ ਸੂਚੀ ਫੋਰਬਸ ਵੱਲੋਂ ਤਿਆਰ ਕੀਤੀ ਗਈ ਹੈ। ਇਸ ਸੂਚੀ ਵਿਚ ਭਾਰਤੀ ਮੂਲ ਦੀਆਂ ਦੋ ਮਹਿਲਾਵਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਭਾਰਤ ਵਿਚ ਜੰਮੀ ਨੀਰਜਾ ਸੇਠੀ ਦਾ ਨਾਂ ਇਸ ਸੂਚੀ ਵਿਚ 16ਵੇਂ ਸਥਾਨ 'ਤੇ ਹੈ।

ਨੀਰਜਾ ਸੇਠੀ (61) ਨੇ ਆਪਣੇ ਪਤੀ ਭਾਰਤ ਦੇਸਾਈ ਨਾਲ ਮਿਲ ਕੇ ਆਈ.ਟੀ. ਸਲਾਹਕਾਰ ਅਤੇ ਆਊਟਸੋਰਸਿੰਗ ਕੰਪਨੀ 'ਸਿੰਟੇਲ' ਦੀ ਸ਼ੁਰੂਆਤ ਕੀਤੀ। ਦੂਜੀ ਮਹਿਲਾ ਅਰਿਸਤਾ ਨੈਟਵਰਕਸ ਦੀ ਮੁਖੀ ਅਤੇ ਸੀ.ਈ.ਓ. ਜੈ ਸ੍ਰੀ ਉਲਾਲ ਨੂੰ 30ਵਾਂ ਸਥਾਨ ਮਿਲਿਆ ਹੈ। ਨੀਰਜਾ ਸੇਠੀ ਦੀ ਕੰਪਨੀ ਦੀ ਸ਼ੁੱਧ ਜਾਇਦਾਦ 1.1 ਅਰਬ ਡਾਲਰ ਦੇ ਕਰੀਬ ਹੈ।

ਉਨ੍ਹਾਂ ਦੀ ਕੰਪਨੀ ਵਿਚ 25,000 ਲੋਕ ਕੰਮ ਕਰਦੇ ਹਨ। ਹਾਲ ਹੀ ਵਿਚ ਉਨ੍ਹਾਂ ਦੀ ਕੰਪਨੀ ਸ਼ੇਅਰ ਬਾਜ਼ਾਰ ਦੇ ਹਿਸਾਬ ਨਾਲ 3.6 ਅਰਬ ਡਾਲਰ ਦੀ ਸੀ, ਉਥੇ ਹੀ ਜੈ ਸ੍ਰੀ ਉਲਾਲ (55) ਦੀ ਕੰਪਨੀ ਦੀ ਨੈਟਵਰਥ 47 ਕਰੋੜ ਡਾਲਰ ਦੀ ਹੈ। ਉਹ 2008 ਵਿਚ ਅਰਿਸਤਾ ਨੈਟਵਰਕਸ ਦੀ ਸੀ.ਈ.ਓ. ਬਣੀ ਸੀ, ਉਦੋਂ ਕਮਾਈ ਦੇ ਨਾਮ 'ਤੇ ਕੰਪਨੀ ਕੋਲ ਕੁਝ ਵੀ ਨਹੀਂ ਸੀ ਅਤੇ ਕੰਪਨੀ ਵਿਚ 50 ਤੋਂ ਵੀ ਘੱਟ ਕਰਮਚਾਰੀ ਕੰਮ ਕਰਦੇ ਸਨ। 2015 ਵਿਚ ਉਨ੍ਹਾਂ ਦੀ ਜਾਇਦਾਦ 83.80 ਕਰੋੜ ਡਾਲਰ ਤੱਕ ਪਹੁੰਚ ਗਈ। ਇਸ ਤੋਂ ਇਲਾਵਾ ਆਪਣੇ ਬਲ 'ਤੇ ਉਚਾਈਆਂ ਤੱਕ ਜਾਣ ਵਾਲੀ ਅਮਰੀਕਾ ਦੀ ਅਮੀਰ ਔਰਤਾਂ ਦੀ ਸੂਚੀ ਵਿਚ ਸਰਬੋਤਮ ਸਥਾਨ 'ਤੇ ਡੇਅਨੇ ਹਾਡ੍ਰਿਕ ਹੈ। ਉਹ ਏ.ਬੀ.ਸੀ. ਸਪਲਾਈ ਦੀ ਮਾਲਿਕ ਹੈ ਜੋ ਦੇਸ਼ ਵਿਚ ਛੱਤ ਅਤੇ ਸਾਈਡਿੰਗ ਬਣਾਉਣ ਵਿਚ ਕੰਮ ਆਉਣ ਵਾਲੀ ਨਿਰਮਾਣ ਸਮੱਗਰੀ ਦੀ ਸਭ ਤੋਂ ਵੱਡੀ ਥੋਕ ਵੰਡ ਕੰਪਨੀ ਹੈ।

**Punjab Times**
**Established in 2000**
**17th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮੋਦੀ ਤੇ ਓਬਾਮਾ ਵੱਲੋਂ ਸਾਂਝ ਵਧਾਉਣ ਬਾਰੇ ਵਿਚਾਰਾਂ

**ਵਾਸ਼ਿੰਗਟਨ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਅਮਰੀਕੀ ਸਦਰ ਬਰਾਕ ਓਬਾਮਾ ਨੇ ਇਥੇ ਦੋਵਾਂ ਮੁਲਕਾਂ ਦੇ ਦੁਵੱਲੇ ਸਹਿਯੋਗ ਨੂੰ ਨਵੀਆਂ ਬੁਲੰਦੀਆਂ ਉਤੇ ਲਿਜਾਣ ਦਾ ਆਪਣਾ ਅਹਿਦ ਦੁਹਰਾਉਂਦਿਆਂ ਵੱਖੋ-ਵੱਖ ਦੁਵੱਲੇ ਅਤੇ ਕੌਮਾਂਤਰੀ ਮੁੱਦਿਆਂ ਉਤੇ ਵਿਚਾਰ-ਵਟਾਂਦਰਾ ਕੀਤਾ। ਦੋਵਾਂ ਨੇ ਪਰਮਾਣੂ ਸਹਿਯੋਗ ਨੂੰ ਹੋਰ ਅੱਗੇ ਵਧਾਉਂਦਿਆਂ ਭਾਰਤ ਵਿਚ ਛੇਵੇਂ ਪਰਮਾਣੂ ਰਿਐਕਟਰ ਦੀ ਕਾਇਮੀ ਲਈ ਤਿਆਰੀ ਕੰਮ ਸ਼ੁਰੂ ਹੋ ਜਾਣ ਦਾ ਸਵਾਗਤ ਕੀਤਾ ਜੋ ਭਾਰਤ-ਅਮਰੀਕਾ ਗ਼ੈਰ-ਫ਼ੌਜੀ ਪਰਮਾਣੂ ਸਮਝੌਤੇ ਨੂੰ ਸਿਰੇ ਚਾੜ੍ਹਨ ਪੱਖੋਂ ਅਹਿਮ ਕਦਮ ਹੈ।

ਦੋਵੇਂ ਆਗੂਆਂ ਨੇ ਸਾਂਝੇ ਬਿਆਨ ਵਿਚ ਕਿਹਾ ਕਿ ਇਸ ਪ੍ਰੋਜੈਕਟ ਲਈ ਮੁਕਾਬਲਾ ਆਧਾਰ ਉਤੇ ਵਿੱਤੀ ਪੈਕੇਜ ਲਈ ਭਾਰਤ ਅਤੇ ਅਮਰੀਕੀ ਬਰਾਮਦ-ਦਰਾਮਦ ਬੈਂਕ ਮਿਲ ਕੇ ਕੰਮ ਕਰਨ ਦੇ ਚਾਹਵਾਨ ਹਨ ਅਤੇ ਇਸ ਸਬੰਧੀ ਸਮਝੌਤੇ ਨੂੰ ਜੂਨ 2017 ਤੱਕ ਅੰਤਿਮ ਰੂਪ ਦੇਣਗੇ। ਇਸ ਦੇ ਨਾਲ ਹੀ ਦੋਵੇਂ ਆਗੂਆਂ ਨੂੰ ਪੈਰਿਸ ਵਿਚ ਹੋਏ ਵਾਤਾਵਰਨ ਤਬਦੀਲੀ ਰੋਕਣ ਸਬੰਧੀ ਸਮਝੌਤੇ ਨੂੰ ਤੇਜ਼ੀ ਨਾਲ ਅਮਲੀ ਰੂਪ ਦੇਣ ਸਬੰਧੀ ਵੀ ਵਿਚਾਰਾਂ ਕੀਤੀਆਂ। ਸ੍ਰੀ ਓਬਾਮਾ ਨੇ ਇਸ ਮੌਕੇ ਭਾਰਤ ਦੀ ਭਾਰਤ ਦੀ ਪਰਮਾਣੂ ਸਪਲਾਇਰ ਗਰੁੱਪ (ਐਨਐਸਜੀ) ਦੀ ਮੈਂਬਰੀ ਦੀ ਵੀ ਹਮਾਇਤ ਕੀਤੀ।

ਇਸ ਤੋਂ ਪਹਿਲਾਂ ਭਾਰਤ ਦਾ ਇਕ ਹੋਰ ਅਹਿਮ ਅਪਸਾਰ ਗਰੁੱਪ ਮਿਜ਼ਾਇਲ ਤਕਨਾਲੋਜੀ ਕੰਟਰੋਲ ਰਿਜੀਮ (ਐਮ.ਟੀ.ਸੀ.ਆਰ.) ਵਿਚ ਦਾਖ਼ਲੇ ਲਈ ਰਾਹ ਸਾਫ਼ ਹੋ ਗਿਆ। ਇਸ 34-ਮੁਲਕੀ ਗਰੁੱਪ ਦਾ ਮੈਂਬਰ ਬਣਨ ਸਬੰਧੀ ਭਾਰਤ ਨੇ ਅਹਿਮ ਤੇ ਆਖ਼ਰੀ ਅੜਿੱਕਾ ਪਾਰ ਕਰ ਲਿਆ ਹੈ ਅਤੇ ਭਾਰਤ ਛੇਤੀ ਹੀ ਇਸ ਦਾ ਮੈਂਬਰ ਬਣ ਸਕਦਾ ਹੈ। ਸਫ਼ਾਰਤੀ ਸੂਤਰਾਂ ਨੇ ਕਿਹਾ ਹੈ ਕਿ ਭਾਰਤ ਦੀ ਇਸ ਗਰੁੱਪ ਵਿਚ ਮੈਂਬਰੀ ਸਬੰਧੀ ਇਤਰਾਜ਼ ਦਾਖ਼ਲ ਕੀਤੇ ਜਾਣ ਸਬੰਧੀ ਮਿਆਦ ਸੋਮਵਾਰ ਨੂੰ ਪੁੱਗ ਗਈ ਅਤੇ ਇਸ ਦੌਰਾਨ ਕਿਸੇ ਵੀ ਮੈਂਬਰ ਨੇ ਭਾਰਤ ਦੀ ਸ਼ਮੂਲੀਅਤ ਦਾ ਵਿਰੋਧ ਨਹੀਂ ਕੀਤਾ।

ਅਮਰੀਕੀ ਉਪ ਕੌਮੀ ਸੁਰੱਖਿਆ ਸਲਾਹਕਾਰ ਬੈਂਜਾਮਿਨ ਰੋਡਜ਼ ਨੇ ਭਾਰਤ ਦੇ ਐਨ.ਐਸ.ਜੀ. ਵਿਚ ਦਾਖ਼ਲੇ ਦੀ ਜ਼ੋਰਦਾਰ ਹਮਾਇਤ ਕਰਦਿਆਂ ਆਰਮਜ਼ ਕੰਟਰੋਲ ਐਸੋਸੀਏਸ਼ਨ ਵੱਲੋਂ ਕਰਵਾਏ ਸਮਾਗਮ ਵਿਚ ਕਿਹਾ, "ਅਸੀਂ ਭਾਰਤ ਨਾਲ ਗ਼ੈਰ-ਫ਼ੌਜੀ ਪਰਮਾਣੂ ਸਮਝੌਤੇ ਦੇ ਰਾਹ ਉਤੇ ਅੱਗੇ ਵਧੇ ਹਾਂ ਅਤੇ ਭਾਰਤ ਨਾਲ ਆਪਣੇ ਸਹਿਯੋਗ ਬਣਾਉਣ ਵਿਚ ਅਸੀ ਕਾਫ਼ੀ ਸਮਾਂ ਲਾਇਆ ਹੈ, ਕਿਉਂਕਿ ਇਹ ਮਾਮਲਾ ਪਰਮਾਣੂ ਸੁਰੱਖਿਆ ਨਾਲ ਜੁੜਿਆ ਹੈ।"

ਇਸ ਤੋਂ ਪਹਿਲਾਂ ਸ੍ਰੀ ਮੋਦੀ ਨੇ ਆਪਣੇ ਪੰਜ ਮੁਲਕੀ ਦੌਰੇ ਦੇ ਚੌਥੇ ਪੜਾਅ ਉਤੇ ਅਮਰੀਕਾ ਪੁਜਣ ਤੋਂ ਬਾਅਦ ਆਪਣੇ ਅਮਰੀਕੀ ਦੌਰੇ ਦੀ ਸ਼ੁਰੂਆਤ ਅਮਰੀਕੀ ਨੀਤੀ ਵਿਦਵਾਨਾਂ ਨਾਲ ਬਹੁ-ਪਾਸਾਰੀ ਵਿਚਾਰ-ਵਟਾਂਦਰਾ ਕਰਦਿਆਂ ਕੀਤੀ। ਉਨ੍ਹਾਂ ਅਰਲਿੰਗਟਨ ਯਾਦਗਾਰ ਵਿਖੇ ਸ਼ਹੀਦ ਫ਼ੌਜੀਆਂ ਨੂੰ ਸ਼ਰਧਾਂਜਲੀ ਦਿੱਤੀ। ਯਾਦਗਾਰ ਵਿਖੇ ਜਾਣ ਵਾਲੇ ਉਹ ਪੰਡਿਤ ਜਵਾਹਰ ਲਾਲ ਨਹਿਰੂ ਤੇ ਸ੍ਰੀਮਤੀ ਇੰਦਰਾ ਗਾਂਧੀ ਤੋਂ ਬਾਅਦ ਦੇਸ਼ ਦੇ ਤੀਜੇ ਪ੍ਰਧਾਨ ਮੰਤਰੀ ਬਣ ਗਏ। ਉਨ੍ਹਾਂ ਸਪੇਸ ਮੈਮੋਰੀਅਲ ਵਿਖੇ ਕੋਲੰਬੀਆ ਪੁਲਾੜ ਵਾਹਨ ਹਾਦਸੇ ਵਿਚ ਮਾਰੀ ਗਈ ਭਾਰਤੀ ਮੂਲ ਦੀ ਪੁਲਾੜ ਵਿਗਿਆਨੀ ਕਲਪਨਾ ਚਾਵਲਾ ਤੇ ਇਸ ਹਾਦਸੇ ਦੇ ਹੋਰ ਮ੍ਰਿਤਕਾਂ ਨੂੰ ਵੀ ਸ਼ਰਧਾਂਜਲੀਆਂ ਦਿੱਤੀਆਂ।



## ਐਨ ਐਸ ਜੀ: ਸਵਿਟਜ਼ਰਲੈਂਡ ਵੱਲੋਂ ਭਾਰਤ ਦੀ ਹਮਾਇਤ

**ਜਨੇਵਾ:** ਭਾਰਤ ਵੱਲੋਂ ਐਨ.ਐਸ.ਜੀ. (ਨਿਊਕਲੀਅਰ ਸਪਲਾਇਰ ਗਰੁੱਪ) ਦਾ ਮੈਂਬਰ ਬਣਨ ਦੀਆਂ ਕੋਸ਼ਿਸ਼ਾਂ ਨੂੰ ਹੁਲਾਰਾ ਦਿੰਦਿਆਂ ਸਵਿਟਜ਼ਰਲੈਂਡ ਨੇ ਭਾਰਤ ਦੀ ਦਾਅਵੇਦਾਰੀ ਦੀ ਹਮਾਇਤ ਕੀਤੀ ਹੈ। ਭਾਰਤ ਨੂੰ ਇਹ ਅਹਿਮ ਹਮਾਇਤ 48 ਦੇਸ਼ਾਂ ਦੇ ਇਸ ਸਮੂਹ ਦੀ ਮੀਟਿੰਗ ਤੋਂ ਪਹਿਲਾਂ ਹਾਸਲ ਹੋਈ ਹੈ। ਦੋਵਾਂ ਮੁਲਕਾਂ ਨੇ ਸਵਿਸ ਬੈਂਕਾਂ ਵਿਚ ਭਾਰਤੀਆਂ ਵੱਲੋਂ ਜਮ੍ਹਾਂ ਕਾਲੇ ਧਨ ਨੂੰ ਸਾਹਮਣੇ ਲਿਆਉਣ ਵਿਚ ਸਹਿਯੋਗ ਵਧਾਉਣ 'ਤੇ ਸਹਿਮਤੀ ਵੀ ਜਤਾਈ ਹੈ। ਸਵਿਸ ਰਾਸ਼ਟਰਪਤੀ ਜੌਹਾਨ ਸ਼ਨਾਈਡਰ ਅੰਮਾਨ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਦੋ-ਪੱਖੀ ਤੇ ਆਲਮੀ ਮਹੱਤਵ ਦੇ ਕਈ ਮੁੱਦਿਆਂ 'ਤੇ ਗੱਲਬਾਤ ਕਰਨ ਮਗਰੋਂ ਐਨ.ਐਸ.ਜੀ. ਦੀ ਮੈਂਬਰੀ ਲਈ ਭਾਰਤ ਦੇ ਦਾਅਵੇ ਨੂੰ ਸਵਿਟਜ਼ਰਲੈਂਡ ਦੀ ਹਮਾਇਤ ਦਾ ਐਲਾਨ ਕੀਤਾ।

## ਭਾਰਤ ਦੇ ਨਕਸ਼ੇ ਵਿਚ ਵਿਖਾਇਆ ਪਾਕਿਸਤਾਨ

**ਰਬਾਤ (ਮੋਰਾਕੋ):** ਉਪ-ਰਾਸ਼ਟਰਪਤੀ ਹਾਮਿਦ ਅੰਸਾਰੀ ਦੇ ਸਮਾਗਮ ਦੌਰਾਨ ਲੱਗੇ ਇਕ ਵੱਡੇ ਬੈਨਰ ਵਿਚ ਭਾਰਤ ਦਾ ਗਲਤ ਨਕਸ਼ਾ ਛਪ ਗਿਆ। ਇਸ ਨਕਸ਼ੇ ਵਿਚ ਪਾਕਿਸਤਾਨ ਨੂੰ ਭਾਰਤ ਦਾ ਹਿੱਸਾ ਦੱਸਿਆ ਗਿਆ ਹੈ। ਉਪ-ਰਾਸ਼ਟਰਪਤੀ ਉਸ ਵੇਲੇ ਮੋਰਾਕੋ ਵਿਚ ਸਨ, ਜਦੋਂ ਪ੍ਰਬੰਧਕਾਂ ਨੂੰ ਇਸ ਗਲਤੀ ਦਾ ਪਤਾ ਲੱਗਾ ਤਾਂ ਉਨ੍ਹਾਂ ਤੁਰਤ ਇਸ ਨੂੰ ਸੁਧਾਰਨ ਲਈ ਕਦਮ ਚੁੱਕੇ।

# ਫਿਲਮ 'ਉੜਤਾ ਪੰਜਾਬ' ਉਤੇ ਸਿਆਸਤ ਭਖੀ

**ਚੰਡੀਗੜ੍ਹ:** ਫਿਲਮ 'ਉੜਤਾ ਪੰਜਾਬ' ਨੂੰ ਲੈ ਕੇ ਪੰਜਾਬ ਦੇ ਨਾਲ-ਨਾਲ ਕੇਂਦਰ ਦੀ ਰਾਜਨੀਤੀ ਗਰਮਾ ਗਈ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੋਂ ਬਾਅਦ ਹੁਣ ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਵੀ ਫਿਲਮ ਦੇ ਹੱਕ ਵਿਚ ਉਤਰ ਆਏ ਹਨ। ਰਾਹੁਲ ਨੇ ਆਪਣੇ ਬਿਆਨ ਵਿਚ ਆਖਿਆ ਹੈ ਕਿ ਫਿਲਮ ਉਤੇ ਰੋਕ ਲਗਾ ਕੇ ਪੰਜਾਬ ਵਿਚੋਂ ਨਸ਼ੇ ਦੀ ਸਮੱਸਿਆ ਨੂੰ ਖਤਮ ਨਹੀਂ ਕੀਤਾ ਜਾ ਸਕਦਾ।

ਸਰਕਾਰ ਨੂੰ ਹਕੀਕਤ ਮੰਨਣੀ ਚਾਹੀਦਾ ਹੈ। ਯਾਦ ਰਹੇ ਕਿ ਸੈਂਸਰ ਬੋਰਡ ਨੇ 'ਉੜਤਾ ਪੰਜਾਬ' ਫਿਲਮ ਦੇ ਨਾਮ ਵਿਚੋਂ 'ਪੰਜਾਬ' ਸ਼ਬਦ ਹਟਾਉਣ ਲਈ ਆਖਿਆ ਹੈ। ਇਸ ਤੋਂ ਪਹਿਲਾਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਵੀ ਫਿਲਮ ਦੇ ਹੱਕ ਵਿਚ ਆਵਾਜ਼ ਉਠਾਈ ਸੀ। ਅਸਲ ਵਿਚ 'ਉੜਤਾ ਪੰਜਾਬ' ਫਿਲਮ ਨਸ਼ੇ ਦੀ ਸਮੱਸਿਆ ਉਤੇ ਬਣੀ ਹੋਈ ਹੈ। ਨਸ਼ਾ ਪੰਜਾਬ ਵਿਚ ਵੱਡੀ ਸਮੱਸਿਆ ਹੈ।

ਸੂਬਾਈ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪੰਜਾਬ ਦੀ ਸੱਤਾਧਾਰੀ ਧਿਰ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਵੱਲੋਂ ਫਿਲਮ ਉਤੇ ਇਤਰਾਜ਼ ਪ੍ਰਗਟ ਕਰਦਿਆਂ ਇਸ ਨੂੰ ਰਿਲੀਜ਼ ਹੋਣ ਤੋਂ ਰੋਕਣ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਅਕਾਲੀ ਦਲ ਵੱਲੋਂ ਇਤਰਾਜ਼ ਦਰਜ ਕਰਾਉਣ ਬਾਅਦ ਕੇਂਦਰੀ ਫਿਲਮ ਪ੍ਰਮਾਣਨ ਬੋਰਡ ਵੱਲੋਂ ਮੁੜ ਨਿਰੀਖਣ ਕਮੇਟੀ ਬਣਾ ਦਿੱਤੀ ਗਈ ਹੈ ਜਿਸ ਨਾਲ ਇਸ ਫਿਲਮ ਦੇ 17 ਜੂਨ ਨੂੰ ਰਿਲੀਜ਼ ਹੋਣ ਉਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ।

ਉਧਰ, ਫਿਲਮ ਦੇ ਨਿਰਮਾਤਾ ਅਨੁਰਾਗ ਕਸ਼ਯਪ ਨੇ ਰੋਸ ਪ੍ਰਗਟਾਉਂਦਿਆਂ ਕਿਹਾ ਹੈ ਕਿ ਫਿਲਮ 'ਤੇ ਲਗਾਈ ਸੈਂਸਰਸ਼ਿਪ ਉਤਰੀ ਕੋਰੀਆ ਦੇ ਤਾਨਾਸ਼ਾਹ ਸ਼ਾਸਨ ਵਾਂਗ ਹੈ। ਕਸ਼ਿਅਪ ਨੇ ਸੈਂਸਰ ਬੋਰਡ ਦੇ ਮੁਖੀ ਪਹਿਲਾਜ ਨਿਹਲਾਨੀ ਨੂੰ 'ਤਾਨਾਸ਼ਾਹ' ਤੇ 'ਕੁਲੀਨਤੰਤਰ' ਕਹਿੰਦਿਆਂ ਕਿਹਾ ਕਿ ਇਹ ਤਾਂ ਉਤਰੀ ਕੋਰੀਆ ਵਿਚ ਰਹਿਣ ਵਾਂਗ ਹੈ। ਜ਼ਿਕਰਯੋਗ ਹੈ ਕਿ ਸੈਂਸਰ ਬੋਰਡ ਨੇ 'ਉੜਤਾ ਪੰਜਾਬ' ਦੇ ਨਿਰਮਾਤਾਵਾਂ ਨੂੰ 'ਪੰਜਾਬ' ਲਫ਼ਜ਼ ਅਤੇ 89 ਦ੍ਰਿਸ਼ (ਸੀਨ) ਹਟਾਉਣ ਲਈ ਕਿਹਾ ਹੈ। ਸੈਂਸਰ ਬੋਰਡ ਨੇ ਇਸ ਫਿਲਮ ਵਿਚ ਪੰਜਾਬ ਨੂੰ ਲੈ ਕੇ ਸਾਹਮਣੇ ਆਏ ਸੰਵਾਦਾਂ ਨੂੰ ਲੈ ਕੇ ਇਤਰਾਜ਼ ਜਤਾਏ ਹਨ।

# ਸਾਕਾ ਸਮਾਗਮ ਮੌਕੇ ਸੰਗਤ ਦਾ ਰੋਹ ਜੱਗ-ਜ਼ਾਹਿਰ

*(ਸਫਾ ਇਕ ਦੀ ਬਾਕੀ)*

ਦੋ ਦਿਨਾਂ ਪਹਿਲਾਂ ਹੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਅਰਦਾਸੀਏ ਸਿੰਘ ਵੱਲੋਂ ਸਿਰੋਪਾਓ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਅਸਲ ਵਿਚ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਕਾਰਨ ਸਿੱਖ ਜਗਤ ਵਿਚ ਬਾਦਲ ਧਿਰ ਪ੍ਰਤੀ ਨਾਰਾਜ਼ਗੀ ਹੈ।

ਇਥੋਂ ਤੱਕ ਕਿ ਸ਼੍ਰੋਮਣੀ ਕਮੇਟੀ ਵਿਚ ਵੱਡੀ ਗਿਣਤੀ ਮੁਲਾਜ਼ਮ ਤੇ ਮੈਂਬਰ ਵੀ ਅਕਾਲੀ ਦਲ ਨੂੰ ਇਸ ਸਭ ਲਈ ਜ਼ਿੰਮੇਵਾਰ ਮੰਨਦੇ ਹਨ। ਅਕਾਲੀ ਦਲ ਹੁਣ ਤੱਕ ਆਪਣੇ ਆਪ ਨੂੰ ਕੌਮ ਦੀ ਨੁਮਾਇੰਦਗੀ ਕਰਨ ਵਾਲੀ ਪਾਰਟੀ ਦੱਸ ਕੇ ਸੱਤਾ ਹਾਸਲ ਕਰਨ ਵਿਚ ਸਫਲ ਹੁੰਦਾ ਆਇਆ ਹੈ, ਪਰ ਇਸ ਵਾਰ ਜਦੋਂ ਵਿਧਾਨ ਸਭਾ ਚੋਣਾਂ ਵਿਚ ਇਕ ਸਾਲ ਤੋਂ ਵੀ ਘੱਟ ਸਮਾਂ ਰਹਿ ਗਿਆ ਹੈ ਤਾਂ ਹਾਕਮ ਧਿਰ ਨੂੰ ਸਿੱਖ ਵੋਟ ਬੈਂਕ ਦੀ ਚਿੰਤਾ ਸਤਾ ਰਹੀ ਹੈ। ਸ਼ਰਧਾਂਜਲੀ ਸਮਾਗਮ ਵਿਚ ਵਿਰੋਧ ਨੇ ਅਕਾਲੀਆਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। ਦਲ ਖਾਲਸਾ ਜਥੇਬੰਦੀ ਵੱਲੋਂ ਅੰਮ੍ਰਿਤਸਰ ਬੰਦ ਦੇ ਸੱਦੇ ਨੂੰ ਵੀ ਭਰਵਾਂ ਹੁੰਗਾਰਾ ਮਿਲਿਆ। ਯਾਦ ਰਹੇ ਕਿ ਪੁਲਿਸ ਵੱਲੋਂ ਸ਼ਰਧਾਂਜਲੀ ਸਮਾਗਮ ਵਿਚ ਕੋਈ ਅਣਹੋਣੀ ਟਾਲਣ ਲਈ ਪੂਰੀ ਵਾਹ ਲਾ ਦਿੱਤੀ ਸੀ, ਸਮਾਗਮ ਤੋਂ ਇਕ ਦਿਨ ਪਹਿਲਾਂ ਵੱਡੀ ਗਿਣਤੀ ਗਰਮ ਖਿਆਲੀ ਆਗੂਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ।

ਇਸ ਦੇ ਬਾਵਜੂਦ ਅਕਾਲੀ ਵਿਧਾਇਕਾਂ ਤੇ ਸੰਸਦ ਮੈਂਬਰਾਂ ਬਲਵਿੰਦਰ ਸਿੰਘ ਭੂੰਦੜ, ਰਣਜੀਤ ਸਿੰਘ ਬ੍ਰਹਮਪੁਰਾ, ਮੁੱਖ ਸੰਸਦੀ ਸਕੱਤਰ ਵਿਰਸਾ ਸਿੰਘ ਵਲਟੋਹਾ, ਵਿਧਾਇਕ ਹਰਮੀਤ ਸਿੰਘ ਸੰਧੂ, ਮਨਜੀਤ ਸਿੰਘ ਮੀਆਂਵਿੰਡ ਤੇ ਰਵਿੰਦਰ ਸਿੰਘ ਬ੍ਰਹਮਪੁਰਾ ਨੂੰ ਸਮਾਗਮ ਵਿਚੋਂ ਨਿਕਲਣਾ ਮੁਸ਼ਕਿਲ ਹੋ ਗਿਆ। ਜਦੋਂ ਮੁੱਖ ਸੰਸਦੀ ਸਕੱਤਰ ਵਿਰਸਾ ਸਿੰਘ ਵਲਟੋਹਾ ਭੀੜ ਵਿਚੋਂ ਲੰਘ ਰਹੇ ਸਨ ਤਾਂ ਕੁਝ ਨੌਜਵਾਨਾਂ ਨੇ ਉਨ੍ਹਾਂ ਨੂੰ ਘੇਰਨ ਦਾ ਯਤਨ ਕੀਤਾ। ਸ੍ਰੀ ਵਲਟੋਹਾ ਦੁਆਲੇ ਉਨ੍ਹਾਂ ਦੇ ਸਮਰਥਕਾਂ ਨੇ ਸੁਰੱਖਿਆ ਘੇਰਾ ਬਣਾਇਆ ਹੋਇਆ ਸੀ, ਪਰ ਇਸ ਦੇ ਬਾਵਜੂਦ ਕੁਝ ਨੌਜਵਾਨਾਂ ਨੇ ਉਨ੍ਹਾਂ ਦੀ ਦਸਤਾਰ ਨੂੰ ਹੱਥ ਪਾਉਣ ਦਾ ਯਤਨ ਕੀਤਾ। ਇਸ ਤੋਂ ਬਾਅਦ ਗਿਆਨੀ ਗੁਰਬਚਨ ਸਿੰਘ ਨੂੰ ਕੁਝ ਸਮੇਂ ਲਈ ਸ੍ਰੀ ਅਕਾਲ ਤਖ਼ਤ ਉਤੇ ਹੀ ਰੋਕ ਲਿਆ ਗਿਆ। ਜਿਵੇਂ ਹੀ ਸਥਿਤੀ ਕੁਝ ਸ਼ਾਂਤ ਹੋਈ ਤਾਂ ਵੱਡੇ ਸੁਰੱਖਿਆ ਘੇਰੇ ਹੇਠ ਉਨ੍ਹਾਂ ਨੂੰ ਹੋਰ ਰਸਤੇ ਬਾਹਰ ਲਿਜਾਇਆ ਗਿਆ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਪਹਿਲਾਂ ਵਾਂਗ ਹੀ ਸ੍ਰੀ ਅਕਾਲ ਤਖ਼ਤ ਦੇ ਸਨਮੁੱਖ ਖੜ੍ਹੇ ਹੋ ਕੇ ਸੰਗਤਾਂ ਨੂੰ ਸੰਬੋਧਨ ਕੀਤਾ। ਇਸ ਮੌਕੇ ਖਾਲਿਸਤਾਨ ਪੱਖੀ ਨਾਅਰੇ ਹੋਰ ਵੀ ਜ਼ੋਰ-ਸ਼ੋਰ ਨਾਲ ਲਾਏ ਗਏ। ਇਸ ਮੌਕੇ ਸਰਬੱਤ ਖਾਲਸਾ ਨਾਲ ਜੁੜੀਆਂ ਧਿਰਾਂ ਦੇ ਆਗੂ ਵੀ ਸ਼ਾਮਲ ਸਨ।

ਟਕਸਾਲ ਨੇ ਭਿੰਡਰਾਂਵਾਲੇ ਦਾ ਤੀਰ ਤੇ ਸ੍ਰੀ ਸਾਹਿਬ ਮੰਗੇ: ਦਮਦਮੀ ਟਕਸਾਲ ਨੇ ਸਾਕਾ ਨੀਲਾ ਤਾਰਾ ਦੇ ਸ਼ਹੀਦਾਂ ਦੀ ਯਾਦ ਵਿਚ ਕਰਾਏ ਸ਼ਹੀਦੀ ਸਮਾਗਮ ਦੌਰਾਨ 32 ਸਾਲਾਂ ਵਿਚ ਪਹਿਲੀ ਵਾਰ ਕੇਂਦਰ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਤੀਰ ਅਤੇ ਤਿੰਨ ਫੁੱਟੀ ਸ੍ਰੀ ਸਾਹਿਬ ਟਕਸਾਲ ਨੂੰ ਵਾਪਸ ਕੀਤੀ ਜਾਵੇ। ਟਕਸਾਲ ਮੁਖੀ ਬਾਬਾ ਹਰਨਾਮ ਸਿੰਘ ਨੇ ਮੰਗ ਕੀਤੀ ਕਿ ਸਾਕਾ ਨੀਲਾ ਤਾਰਾ ਸਮੇਂ ਫੌਜ ਵੱਲੋਂ ਕਬਜ਼ੇ ਵਿਚ ਲਈ ਗਈ ਸਿੱਖ ਰੈਫਰੈਂਸ ਲਾਇਬਰੇਰੀ ਦੇ ਅਣਮੁੱਲੇ ਖਜ਼ਾਨੇ ਨੂੰ ਵਾਪਸ ਕੀਤਾ ਜਾਵੇ। ਇਕ ਮਤੇ ਰਾਹੀਂ ਭਾਰਤੀ ਸਰਕਾਰ ਨੂੰ ਸਾਕਾ ਨੀਲਾ ਤਾਰਾ ਲਈ ਮੁਆਫੀ ਮੰਗਣ ਲਈ ਕਿਹਾ।

ਭਿੰਡਰਾਂਵਾਲੇ ਦੇ ਪੁੱਤਰ ਵੱਲੋਂ ਸਨਮਾਨ ਲੈਣ ਤੋਂ ਨਾਂਹ: ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਪੁੱਤਰ ਈਸ਼ਰ ਸਿੰਘ ਨੇ ਜਥੇਦਾਰ ਅਕਾਲ ਤਖਤ ਹੱਥੋਂ ਸਨਮਾਨ ਲੈਣ ਤੋਂ ਬਿਨਾਂ ਹੀ ਵਾਪਸ ਪਰਤ ਗਏ ਸਨ। ਈਸ਼ਰ ਸਿੰਘ ਮੁਤਾਬਕ ਉਸ ਵੇਲੇ ਹੋ ਰਹੀ ਨਾਅਰੇਬਾਜ਼ੀ ਤੇ ਹੰਗਾਮੇ ਦੇ ਚੱਲਦੇ ਹੀ ਉਹ ਉਥੋਂ ਚਲੇ ਗਏ ਸਨ। ਉਨ੍ਹਾਂ ਜਥੇਦਾਰ ਸ੍ਰੀ ਅਕਾਲ ਤਖਤ ਨਾਲ ਕਿਸੇ ਕਿਸਮ ਦੇ ਵਿਵਾਦ ਤੋਂ ਵੀ ਇਨਕਾਰ ਕੀਤਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

## ਕਤਲੇਆਮ 84: ਕੇਜਰੀਵਾਲ ਵੱਲੋਂ ਫਿਰ ਮੋਦੀ ਨੂੰ ਘੇਰਾ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ 1984 ਦੇ ਸਿੱਖ ਕਤਲੇਆਮ ਦੀ ਜਾਂਚ ਲਈ ਕੇਂਦਰ ਵੱਲੋਂ ਬਣਾਈ ਗਈ ਕਮੇਟੀ ਨੂੰ ਦਿਖਾਵਾ ਕਰਾਰ ਦਿੱਤਾ ਹੈ। ਕੇਜਰੀਵਾਲ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੋਂ ਮੰਗ ਕੀਤੀ ਹੈ ਕਿ ਉਹ ਦਿੱਲੀ ਸਰਕਾਰ ਨੂੰ ਐਸ.ਆਈ.ਟੀ. ਗਠਿਤ ਕਰਨ ਦੀ ਆਗਿਆ ਦੇਣ। ਕੇਜਰੀਵਾਲ ਨੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਹੈ ਕਿ ਕੇਂਦਰ ਦੀ ਐਸ.ਆਈ.ਟੀ. ਦਾ ਗਠਨ 12 ਫਰਵਰੀ 2015 ਨੂੰ ਹੋਇਆ ਸੀ ਅਤੇ ਇਸ ਦੀ ਰਿਪੋਰਟ 12 ਅਗਸਤ 2015 ਨੂੰ ਸੌਂਪੀ ਜਾਣੀ ਸੀ। ਇੱਕ ਸਾਲੇ ਦੇ ਸਮੇਂ ਦੌਰਾਨ ਜਾਂਚ ਟੀਮ ਨੇ ਇੱਕ ਵੀ ਮਾਮਲੇ ਦੀ ਘੋਖ ਨਹੀਂ ਕੀਤੀ। ਕੇਜਰੀਵਾਲ ਨੇ ਲਿਖਿਆ ਹੈ ਕਿ ਜਾਂ ਤਾਂ ਐਸ.ਆਈ.ਟੀ. ਨੂੰ ਜਾਂਚ ਲਈ ਆਖਿਆ ਜਾਵੇ ਜਾਂ ਫਿਰ ਇਸ ਨੂੰ ਭੰਗ ਕਰ ਕੇ ਦਿੱਲੀ ਸਰਕਾਰ ਨੂੰ ਜਾਂਚ ਲਈ ਆਖਿਆ ਜਾਵੇ।

## ਤ੍ਰਿਪੁਰਾ ਵਿਚ ਵੀ ਕਾਂਗਰਸ ਡਾਵਾਂਡੋਲ

**ਅਗਰਤਲਾ:** ਉਤਰ-ਪੂਰਬੀ ਸੂਬੇ ਤ੍ਰਿਪੁਰਾ ਵਿਚ ਕਾਂਗਰਸ ਲਈ ਨਵਾਂ ਸੰਕਟ ਖੜ੍ਹਾ ਹੋ ਗਿਆ। ਤ੍ਰਿਪੁਰਾ ਵਿਚ ਛੇ ਬਾਗ਼ੀ ਵਿਧਾਇਕਾਂ ਨੇ ਪਾਰਟੀ ਦਾ ਹੱਥ ਛੱਡ ਕੇ ਤ੍ਰਿਣਮੂਲ ਕਾਂਗਰਸ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ ਹੈ। ਇਸ ਦੇ ਨਾਲ ਹੀ ਖੱਬੇਪੱਖੀ ਸੱਤਾ ਵਾਲੇ ਇਸ ਸੂਬੇ ਵਿਚ ਤ੍ਰਿਣਮੂਲ ਕਾਂਗਰਸ ਮੁੱਖ ਵਿਰੋਧੀ ਪਾਰਟੀ ਬਣ ਗਈ ਹੈ।

ਦੱਸਣਯੋਗ ਹੈ ਕਿ ਅਰੁਣਾਚਲ ਪ੍ਰਦੇਸ਼, ਅਸਾਮ ਅਤੇ ਮੇਘਾਲਿਆ ਬਾਅਦ ਤ੍ਰਿਪੁਰਾ ਚੌਥਾ ਉਤਰ-ਪੂਰਬੀ ਸੂਬਾ ਹੈ ਜਿਸ ਵਿਚ ਕਾਂਗਰਸ ਨੂੰ ਆਪਣੇ ਵਿਧਾਇਕਾਂ ਦੀ ਬਗ਼ਾਵਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਿਰੋਧੀ ਧਿਰ ਦੇ ਸਾਬਕਾ ਆਗੂ ਸੁਦੀਪ ਰਾਏ ਬਰਮਨ ਦੀ ਅਗਵਾਈ ਵਿਚ ਕਾਂਗਰਸ ਦੇ ਬਾਗੀ ਵਿਧਾਇਕਾਂ ਨੇ ਤ੍ਰਿਪੁਰਾ ਵਿਧਾਨ ਸਭਾ ਸਪੀਕਰ ਰਾਮੇਂਦਰ ਦੇਬਨਾਥ ਨੂੰ ਪੱਤਰ ਸੌਂਪਦਿਆਂ ਕਿਹਾ ਕਿ ਉਹ ਪਾਰਟੀ ਛੱਡ ਕੇ ਤ੍ਰਿਣਮੂਲ ਕਾਂਗਰਸ ਵਿਚ ਸ਼ਾਮਲ ਹੋ ਰਹੇ ਹਨ। ਚੇਤੇ ਰਹੇ ਕਿ ਉਤਰਾਂਚਲ ਦੇ 9 ਬਾਗੀ ਵਿਧਾਇਕ ਵੀ ਭਾਜਪਾ ਵਿਚ ਸ਼ਾਮਲ ਹੋ ਗਏ ਸਨ।


**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay *Mountainhouse

ਮਾਊਂਟਨਹਾਊਸ, ਟਰੇਸੀ, ਮਨਟੀਕਾ, ਲੈਥਰੂਪ ਵਿਚ ਨਵਾਂ/ਪੁਰਾਣਾ ਘਰ ਲੈਣਾ ਜਾਂ ਵੇਚਣਾ ਹੋਵੇ ਤਾਂ ਜ਼ਰੂਰ ਸੰਪਰਕ ਕਰੋ

ਲੋਨ ਦਾ ਪ੍ਰਬੰਧ ਕਰਨ ਵਿਚ ਵੀ ਤੁਹਾਡੀ ਮਦਦ ਕਰ ਸਕਦੇ ਹਾਂ

Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ



COLDWELL BANKER VALLEY CENTRAL
EQUAL HOUSING OPPORTUNITY
REALTOR®

Gurbans Singh Gill
Realtor
BRE#01227109

18 Years Experiance in Real Estate
e-mail: gurbans@gotracy.com
Fax: 209-836-0706
www.gotracy.com

**Gurbans Gill**
**Office 209-835-4545**
**Direct 209-815-1869**

1486 W 11th Street, Tracy, CA 95376



**ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?**
**ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

Homeopathic natural medicines supply



Gurdip Singh Sandhu

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
The California Homeopathic Society
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**



# Golden State Realty

9912 Kapalua Ln., Elk Grove, CA 95624

*Please Contact For*
**Commercial or Residential Needs**



Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

*Call: Sohanpreet 'Sam' Chahal*
**Ph: 916-612-5773**

**email:** samchahal@hotmail.com

**Serving all over California**



# Satwant Singh Insurance Services

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ



Satwant Singh, CLCS, MBA
*(CA Lic # 0H11256)*

**Now we have 3 locations:**

**San Jose:** 2774 Aborn Road
San Jose, CA 95121

**Sunnyvale:** 830 Stewart Dr Ste #126
Sunnyvale, CA 94085

**Fremont:** 44790 S Grimmer Blvd,
Fremont, CA 94538

Allied Insurance
a Nationwide Insurance® company

Call today for your FREE, no-obligation quote: **1-408-771-2438**
satwant@satwantins.com

# ਰਵਾਇਤੀ ਫਸਲਾਂ ਵੱਲ ਮੁੜਨ ਲੱਗੇ ਕਿਸਾਨ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਪਿਛਲੇ ਡੇਢ ਦਹਾਕੇ ਤੋਂ ਫਸਲੀ ਵਿਭਿੰਨਤਾ ਦੇ ਕੀਤੇ ਜਾ ਰਹੇ ਪ੍ਰਚਾਰ ਨੂੰ ਭਾਰੀ ਸੱਟ ਵੱਜਣ ਜਾ ਰਹੀ ਹੈ। ਬੇਸ਼ੱਕ ਫਸਲੀ ਵਿਭਿੰਨਤਾ ਦੇ ਨਾਮ ਉਤੇ ਕਰੋੜਾਂ ਰੁਪਏ ਖਰਚੇ ਗਏ, ਪਰ ਇਸ ਦੇ ਨਤੀਜੇ ਉਲਟ ਦੇਖਣ ਨੂੰ ਮਿਲ ਰਹੇ ਹਨ। ਕੇਂਦਰ ਸਰਕਾਰ ਵੱਲੋਂ ਝੋਨੇ ਦਾ ਘੱਟੋ ਘੱਟ ਸਮਰਥਨ ਮੁੱਲ ਸਿਰਫ 60 ਰੁਪਏ ਵਧਾਉਣ ਦੇ ਬਾਵਜੂਦ ਸਾਲ 2016-17 ਦੌਰਾਨ ਝੋਨੇ ਹੇਠ ਰਕਬੇ ਦਾ ਵਾਧਾ ਰਿਕਾਰਡ ਪੱਧਰ ਉਤੇ ਪੁੱਜਣ ਦਾ ਅਨੁਮਾਨ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਬਾਸਮਤੀ ਹੇਠ ਵੀ ਰਕਬਾ ਘਟਾਉਣ ਦੀ ਸਲਾਹ ਦਿੱਤੀ ਹੈ। ਭਾਵ ਇਸ ਰਕਬੇ ਵਿਚ ਵੀ ਪੂਸਾ 44 ਵਰਗੀਆਂ ਸਧਾਰਨ ਕਿਸਮਾਂ ਵਾਲਾ ਝੋਨਾ ਹੀ ਲਾਇਆ ਜਾਵੇਗਾ।

ਕੇਂਦਰ ਸਰਕਾਰ ਨੇ ਏ ਗ੍ਰੇਡ ਝੋਨੇ ਦਾ ਭਾਅ 60 ਰੁਪਏ ਕੁਇੰਟਲ ਵਧਾ ਕੇ 1510 ਰੁਪਏ ਕਰਨ ਦਾ ਐਲਾਨ ਕੀਤਾ ਹੈ। ਪੰਜਾਬ ਵਿਚ ਇਸੇ ਕਿਸਮ ਦੀ ਬਿਜਾਈ ਹੁੰਦੀ ਹੈ। ਭਾਅ ਵਿਚ ਇਹ ਵਾਧਾ ਸਿਰਫ ਚਾਰ ਫੀਸਦੀ ਹੈ ਅਤੇ ਇਹ ਮਹਿੰਗਾਈ ਦੀ ਦਰ ਨੂੰ ਵੀ ਪੂਰਾ ਨਹੀਂ ਕਰਦਾ। ਇਸ ਦੇ ਬਾਵਜੂਦ ਇਸ ਸਾਲ ਝੋਨੇ ਹੇਠ ਰਕਬਾ ਪਿਛਲੇ ਸਾਲ ਦੇ ਤਕਰੀਬਨ 28 ਲੱਖ ਤੋਂ ਵਧ ਕੇ 30 ਲੱਖ ਹੈਕਟੇਅਰ ਹੋ ਸਕਦਾ ਹੈ। ਇਸ ਵਿਚ ਬਾਸਮਤੀ ਵੀ ਸ਼ਾਮਲ ਹੈ, ਪਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਮਾਰਕਿਟ ਦੀ ਸਮੱਸਿਆ ਕਾਰਨ ਬਾਸਮਤੀ ਹੇਠ ਰਕਬਾ ਘਟਾਉਣ ਦੀ ਸਲਾਹ ਦਿੱਤੀ ਹੈ। ਪੀ.ਏ.ਯੂ. ਅਨੁਸਾਰ 2014-15 ਦੌਰਾਨ ਬਾਸਮਤੀ ਹੇਠ 8.62 ਲੱਖ ਹੈਕਟੇਅਰ ਰਕਬਾ ਸੀ।

2015-16 ਦੌਰਾਨ ਇਹ 7.60 ਲੱਖ ਹੈਕਟੇਅਰ ਹੋ ਗਿਆ। ਪਿਛਲੇ ਸਾਲ ਬਾਸਮਤੀ 1509 ਨੂੰ ਵੇਚਣ ਲਈ ਕਿਸਾਨਾਂ ਨੂੰ ਵੱਡੇ ਪੱਧਰ ਉੱਤੇ ਖੱਜਲ ਖੁਆਰ ਹੋਣਾ ਪਿਆ ਸੀ ਅਤੇ ਸਧਾਰਨ ਝੋਨੇ ਦੇ 1450 ਰੁਪਏ ਵਾਲਾ ਘੱਟੋ ਘੱਟ ਸਮਰਥਨ ਮੁੱਲ ਵੀ ਨਹੀਂ ਮਿਲਿਆ ਸੀ। ਹੁਣ ਯੂਨੀਵਰਸਿਟੀ ਨੇ ਬਾਸਮਤੀ ਹੇਠ ਰਕਬਾ ਪੰਜ ਲੱਖ ਹੈਕਟੇਅਰ ਤੋਂ ਵੀ ਘਟਾਉਣ ਦੀ ਸਿਫਾਰਸ਼ ਕੀਤੀ ਹੈ।

ਅਜਿਹਾ ਨਾ ਕਰਨ ਦੀ ਸੂਰਤ ਵਿਚ ਪਹਿਲਾਂ ਹੀ ਪਏ ਸਟਾਕ ਕਾਰਨ ਬਾਸਮਤੀ ਦੀ ਖਰੀਦ ਦਾ ਸੰਕਟ ਮੁੜ ਡੂੰਘਾ ਹੋ ਸਕਦਾ ਹੈ। ਗੌਰਤਲਬ ਹੈ ਕਿ ਪੰਜਾਬ ਵਿਚ ਬਾਸਮਤੀ ਦੀਆਂ ਦੋ ਕਿਸਮਾਂ ਦੀ ਕਾਸ਼ਤ ਹੁੰਦੀ ਹੈ। ਲੰਘੇ ਸਾਲ 1121 ਹੇਠ ਰਕਬਾ ਤਕਰੀਬਨ 70 ਫੀਸਦੀ ਅਤੇ 1509 ਕਿਸਮ ਹੇਠ ਲਗਪਗ 30 ਫੀਸਦੀ ਸੀ। ਪਿਛਲੇ ਸੀਜ਼ਨ ਵਿਚ ਚਿੱਟੇ ਮੱਛਰ ਦੇ ਹਮਲੇ ਕਰ ਕੇ ਹੋਈ ਨਰਮੇ ਦੀ ਬਰਬਾਦੀ ਨੇ ਕਿਸਾਨਾਂ ਦਾ ਨਰਮੇ ਤੋਂ ਮੋਹ ਭੰਗ ਕਰ ਦਿੱਤਾ। ਸਾਲ 2015-16 ਦੌਰਾਨ ਤਕਰੀਬਨ 4.53 ਲੱਖ ਹੈਕਟੇਅਰ ਵਿਚ ਨਰਮੇ ਦੀ ਫਸਲ ਸੀ। ਇਸ ਵਾਰ ਇਹ 2.60 ਲੱਖ ਹੈਕਟੇਅਰ ਤੱਕ ਸਿਮਟ ਜਾਣ ਦਾ ਅਨੁਮਾਨ ਹੈ। ਨਰਮੇ ਹੇਠੋਂ ਘਟਿਆ ਰਕਬਾ ਝੋਨੇ ਦੇ ਅਧੀਨ ਹੀ ਜਾ ਰਿਹਾ ਹੈ।



### ਸਰਕਾਰੀ ਨੀਤੀਆਂ ਖੇਤੀ ਵੰਨ-ਸੁਵੰਨਤਾ 'ਤੇ ਭਾਰੂ!

**ਚੰਡੀਗੜ੍ਹ:** ਸਰਕਾਰ ਬੇਸ਼ੱਕ ਫਸਲੀ ਵਿਭਿੰਨਤਾ ਦਾ ਪ੍ਰਚਾਰ ਕਰਦੀ ਹੈ, ਪਰ ਨੀਤੀਆਂ ਝੋਨੇ ਹੇਠ ਰਕਬਾ ਵਧਾਉਣ ਨੂੰ ਉਤਸ਼ਾਹਤ ਕਰਦੀਆਂ ਹਨ। ਲਗਾਤਾਰ ਟਿਊਬਵੈੱਲ ਕੁਨੈਕਸ਼ਨ ਜਾਰੀ ਕਰਨ ਦਾ ਰੁਝਾਨ, ਮੰਡੀ, ਕੀਟਾਂ ਦੇ ਹਮਲੇ ਦੀ ਘੱਟ ਸੰਭਾਵਨਾ, ਖਰੀਦ ਦੀ ਗਾਰੰਟੀ ਅਤੇ ਪੱਕੀ ਆਮਦਨ ਕਾਰਨ ਕਿਸਾਨ ਝੋਨੇ ਨੂੰ ਛੱਡਣ ਦੀ ਸਥਿਤੀ ਵਿਚ ਨਹੀਂ ਹਨ। ਗੌਰਤਲਬ ਹੈ ਕਿ ਪਿਛਲੇ ਸਾਲ ਲਗਪਗ 168 ਲੱਖ ਟਨ ਝੋਨੇ ਦੀ ਖਰੀਦ ਕੀਤੀ ਗਈ ਸੀ। ਸੂਬੇ ਵਿਚ ਝੋਨੇ ਦਾ ਔਸਤ ਉਤਪਾਦਨ 60 ਕੁਇੰਟਲ ਪ੍ਰਤੀ ਹੈਕਟੇਅਰ ਹੈ। ਜੇ ਤੀਹ ਲੱਖ ਹੈਕਟੇਅਰ ਰਕਬੇ ਵਿਚ ਝੋਨੇ ਲਾਇਆ ਜਾਂਦਾ ਹੈ ਤਾਂ ਇਸ ਵਾਰ 180 ਲੱਖ ਟਨ ਝੋਨਾ ਮੰਡੀਆਂ ਵਿਚ ਆ ਸਕਦਾ ਹੈ।

# ਕੈਪਟਨ ਵੱਲੋਂ ਅਕਾਲੀ ਦਲ ਦੀ ਚੋਣ ਕਮਿਸ਼ਨ ਕੋਲ ਸ਼ਿਕਾਇਤ

**ਨਵੀਂ ਦਿੱਲੀ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਚੋਣ ਕਮਿਸ਼ਨ ਕੋਲ ਸੱਤਾ ਧਿਰ ਸ਼੍ਰੋਮਣੀ ਅਕਾਲੀ ਦਲ ਦੀ ਸ਼ਿਕਾਇਤ ਕੀਤੀ ਹੈ। ਕੈਪਟਨ ਨੇ ਦਿੱਲੀ ਵਿਚ ਮੁੱਖ ਚੋਣ ਕਮਿਸ਼ਨ ਡਾ. ਨਸੀਮ ਜ਼ੈਦੀ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਕੈਪਟਨ ਨੇ ਪੰਜਾਬ ਵਿਚ ਅਕਾਲੀ-ਭਾਜਪਾ ਸਰਕਾਰ ਵੱਲੋਂ ਜਾਅਲੀ ਵੋਟਾਂ ਬਣਾਏ ਜਾਣ ਦੀ ਸ਼ਿਕਾਇਤ ਵੀ ਮੁੱਖ ਚੋਣ ਕਮਿਸ਼ਨ ਕੋਲ ਕੀਤੀ। ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੀ ਮੌਜੂਦਾ ਸਥਿਤੀ ਬਾਰੇ ਵੀ ਚੋਣ ਕਮਿਸ਼ਨ ਨੂੰ ਜਾਣੂ ਕਰਵਾਇਆ ਤੇ ਆਗਾਮੀ ਵਿਧਾਨ ਸਭਾ ਚੋਣਾਂ ਨੂੰ ਸਹੀ ਤੇ ਨਿਰਪੱਖ ਢੰਗ ਨਾਲ ਕਰਵਾਉਣ ਲਈ ਮੰਗ ਪੱਤਰ ਦਿੱਤਾ। ਕੈਪਟਨ ਅਮਰਿੰਦਰ ਨੇ ਮੁੱਖ ਚੋਣ ਕਮਿਸ਼ਨਰ ਨੂੰ ਕਿਹਾ ਕਿ ਅਕਾਲੀਆਂ ਨੇ ਸਾਲ 2012 ਵਿਚ ਚੋਣਾਂ ਦੌਰਾਨ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕੀਤੀ ਸੀ। ਅਕਾਲੀਆਂ ਨੇ ਉਸ ਵੇਲੇ ਪੁਲਿਸ ਦੀਆਂ ਗੱਡੀਆਂ ਅਤੇ ਐਂਬੂਲੈਂਸਾਂ ਨੂੰ ਵੋਟਾਂ ਖਰੀਦਣ ਵਾਸਤੇ ਗੈਰ ਕਾਨੂੰਨੀ ਪੈਸੇ ਦੀ ਆਵਾਜਾਈ ਲਈ ਇਸਤੇਮਾਲ ਕੀਤਾ ਸੀ। ਉਨ੍ਹਾਂ ਕਿਹਾ ਕਿ 2017 ਵਿਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੂਬੇ ਨੂੰ ਅਰਾਜਕਤਾ ਵੱਲ ਧੱਕਿਆ ਜਾ ਰਿਹਾ ਹੈ। ਲੋਕਾਂ ਵਿਚ ਡਰ ਤੇ ਅਸੁਰੱਖਿਆ ਦੀ ਭਾਵਨਾ ਹੈ ਅਤੇ ਗੈਂਗਵਾਰ ਰੋਜ਼ਾਨਾ ਦੀਆਂ ਗੱਲਾਂ ਬਣ ਗਈਆਂ ਹਨ। ਕਾਨੂੰਨ ਤੇ ਪੁਲਿਸ ਦੀ ਪਰਵਾਹ ਕੀਤੇ ਬਿਨਾਂ ਆਮ ਲੋਕਾਂ ਨੂੰ ਕਤਲ ਕੀਤਾ ਜਾ ਰਿਹਾ ਹੈ। ਸਿਆਸੀ ਵਿਰੋਧੀਆਂ ਨੂੰ ਡਰਾਇਆ ਜਾ ਰਿਹਾ ਹੈ।



ਕੈਪਟਨ ਅਮਰਿੰਦਰ ਨੇ ਮੁੱਖ ਚੋਣ ਕਮਿਸ਼ਨਰ ਨਾਲ ਗੱਲਬਾਤ ਦੌਰਾਨ ਅਕਾਲੀ-ਭਾਜਪਾ ਗੱਠਜੋੜ 'ਤੇ ਜਾਅਲੀ ਵੋਟਾਂ ਬਣਵਾਉਣ ਦੇ ਦੋਸ਼ ਵੀ ਲਾਏ। ਉਨ੍ਹਾਂ ਕਿਹਾ ਕਿ ਵੋਟਾਂ ਬਣਾਉਣ ਦਾ ਕੰਮ ਆਂਗਣਵਾੜੀ ਵਰਕਰਾਂ ਨੂੰ ਸੌਂਪਿਆ ਗਿਆ ਹੈ ਜਿਹੜੀਆਂ ਕਿ ਸਰਕਾਰ ਦੀਆਂ ਪਾਰਟ ਟਾਈਮ ਮੁਲਾਜ਼ਮਾਂ ਵੀ ਨਹੀਂ ਹਨ। ਇਨ੍ਹਾਂ ਦੀ ਨਿਯੁਕਤੀ ਸਥਾਨਕ ਸਰਪੰਚਾਂ ਵੱਲੋਂ ਕੀਤੀ ਜਾਂਦੀ ਹੈ, ਇਸ ਕਰ ਕੇ ਨਿਸ਼ਚਿਤ ਤੌਰ 'ਤੇ ਉਹ ਸਰਪੰਚਾਂ ਦੇ ਦਬਾਅ ਹੇਠ ਰਹਿੰਦੀਆਂ ਹਨ। ਉਨ੍ਹਾਂ ਕਮਿਸ਼ਨਰ ਨੂੰ ਇਸ ਅਮਲ ਉਤੇ ਰੋਕ ਲਾਉਣ ਤੇ ਇਹ ਕੰਮ ਪੱਕੇ ਮੁਲਾਜ਼ਮਾਂ ਨੂੰ ਦੇਣ ਦੀ ਅਪੀਲ ਕੀਤੀ।

# ਬੰਦਾ ਸਿੰਘ ਬਹਾਦਰ ਦੇ ਸ਼ਹੀਦੀ ਦਿਹਾੜੇ 'ਤੇ ਚੱਪੜਚਿੜੀ ਵਿਖੇ ਹੋਵੇਗਾ ਸਮਾਗਮ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਮਹਾਨ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੇ 300 ਸਾਲਾ ਸ਼ਹੀਦੀ ਦਿਹਾੜੇ ਦੀ ਯਾਦ ਵਿਚ 26 ਜੂਨ ਨੂੰ ਐਸ.ਏ.ਐਸ. ਨਗਰ (ਮੁਹਾਲੀ) ਵਿਚ ਚੱਪੜਚਿੜੀ ਵਿਖੇ ਰਾਜ ਪੱਧਰੀ ਸਮਾਗਮ ਕਰਵਾਉਣ ਦਾ ਫੈਸਲਾ ਕੀਤਾ ਹੈ।

ਸਰਕਾਰ ਨੇ ਫੈਸਲਾ ਲਿਆ ਹੈ ਕਿ ਸਰਹਿੰਦ ਵਿਖੇ ਇਤਿਹਾਸਕ ਆਮ ਖਾਸ ਬਾਗ ਵਿਚ ਦੇਸ਼ ਦੀ ਨਾਮੀ ਈਵੈਂਟ ਮੈਨੇਜਮੈਂਟ ਕੰਪਨੀ ਇਕ ਲੇਜ਼ਰ ਸ਼ੋਅ ਕਰੇਗੀ ਜਿਸ ਰਾਹੀਂ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੇ ਮਹਾਨ ਜੀਵਨ ਤੇ ਫਿਲਾਸਫੀ ਨੂੰ ਪੇਸ਼ ਕੀਤਾ ਕੀਤਾ ਜਾਵੇਗਾ। ਮੁੱਖ



ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦੱਸਿਆ ਕਿ ਸੂਬਾ ਸਰਕਾਰ ਨੇ ਸ਼ਹੀਦੀ ਦਿਹਾੜਾ ਮਨਾਉਣ ਲਈ 25 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਪਹਿਲਾਂ ਹੀ ਕੀਤਾ ਹੋਇਆ ਹੈ।

# ਫਰਾਂਸ ਤੇ ਜਰਮਨੀ ਵਿਚ ਮੱਚੀ ਹੜ੍ਹਾਂ ਨਾਲ ਤਬਾਹੀ

**ਨੇਮੋਰਸ:** ਉੱਤਰੀ ਯੂਰਪ ਵਿਚ 12 ਜਣਿਆਂ ਦੀ ਜਾਨ ਲੈਣ ਵਾਲੇ ਇਕ ਹਫਤਾ ਚੱਲੇ ਤੂਫਾਨ ਮਗਰੋਂ ਫਰਾਂਸ ਵਿਚ ਫਿਰ ਮੋਹਲੇਧਾਰ ਮੀਂਹ ਪਿਆ। ਇਸ ਕਾਰਨ ਗਲੀਆਂ ਨੱਕੋ ਨੱਕ ਭਰ ਗਈਆਂ ਤੇ ਸਕੂਲਾਂ ਨੂੰ ਬੰਦ ਕਰ ਦਿੱਤਾ ਗਿਆ। ਲੋਕਾਂ ਨੂੰ ਘਰਾਂ ਦੀਆਂ ਛੱਤਾਂ 'ਤੇ ਸ਼ਰਨ ਲੈਣੀ ਪਈ। ਹੜ੍ਹਾਂ ਕਾਰਨ ਜਰਮਨੀ ਵਿਚ ਅੱਠ ਜਣੇ ਮਾਰੇ ਗਏ, ਜਦੋਂ ਕਿ ਫਰਾਂਸ ਵਿਚ ਛੇ ਦਿਨਾਂ ਤੋਂ ਮੋਹਲੇਧਾਰ ਮੀਂਹ ਪੈਣ ਕਾਰਨ ਸੀਨ ਤੇ ਹੋਰ ਦਰਿਆਵਾਂ ਦਾ ਪਾਣੀ ਕਿਨਾਰੇ ਤੋੜ ਕੇ ਬਾਹਰ ਆ ਗਿਆ। ਇਸ ਕਾਰਨ ਪੈਰਿਸ ਤੇ ਲੋਰ ਵੈਲੀ ਦੇ ਨਦੀ ਵਾਲੇ ਪਾਸੇ ਪੈਂਦੇ ਹਿੱਸੇ ਦੇ ਹਜ਼ਾਰਾਂ ਲੋਕਾਂ ਨੂੰ ਕੱਢਣਾ ਪਿਆ।



ਕੇਂਦਰੀ ਫਰਾਂਸ ਦੇ ਸੋਪੇਜ-ਸੁਰ-ਲੋਇੰਗ ਵਿਚ ਹੜ੍ਹਾਂ ਵਿਚ ਡੁੱਬੇ ਇਕ ਘਰ ਵਿਚੋਂ 86 ਸਾਲਾ ਔਰਤ ਦੀ ਲਾਸ਼ ਮਿਲੀ। ਪਿਛਲੇ 100 ਸਾਲਾਂ ਦੇ ਇਨ੍ਹਾਂ ਸਭ ਤੋਂ ਵੱਡੇ ਹੜ੍ਹਾਂ ਨੇ ਦੇਸ਼ ਦੇ ਕਈ ਸ਼ਹਿਰਾਂ ਨੂੰ ਆਪਣੀ ਲਪੇਟ ਵਿਚ ਲਿਆ ਹੈ। ਮੋਂਟੈਰਗਿਸ ਸ਼ਹਿਰ ਵਿਚ ਪਾਣੀ ਇਸ ਹੱਦ ਤੱਕ ਭਰ ਗਿਆ ਕਿ ਕਾਰਾਂ ਦੀਆਂ ਸਿਰਫ਼ ਛੱਤਾਂ ਦਿਸ ਰਹੀਆਂ ਹਨ। ਬਚਾਅ ਕਾਮਿਆਂ ਕੋਲ 10 ਹਜ਼ਾਰ ਤੋਂ ਵੱਧ ਫੋਨ ਕਾਲਾਂ ਆਈਆਂ ਅਤੇ ਹਫਤੇ ਦੇ ਅੰਤ ਵਿਚ ਸ਼ੁਰੂ ਹੋਏ ਹੜ੍ਹਾਂ ਤੋਂ ਬਾਅਦ ਹੁਣ ਤੱਕ ਪੰਜ ਹਜ਼ਾਰ ਲੋਕਾਂ ਨੂੰ ਸੁਰੱਖਿਅਤ ਕੱਢਿਆ ਗਿਆ। ਪ੍ਰਧਾਨ ਮੰਤਰੀ ਮੈਨੂਅਲ ਵਾਲਸ ਨੇ ਹੜ੍ਹ ਪ੍ਰਭਾਵਿਤ ਪੈਰਿਸ ਦੇ ਦੱਖਣੀ ਸ਼ਹਿਰ ਨੇਮੋਰਸ ਵਿਚ ਆਫਤ ਕੰਟਰੋਲ ਕੇਂਦਰ ਦਾ ਦੌਰਾ ਕੀਤਾ।

ਇਸ ਮੌਕੇ ਉਨ੍ਹਾਂ ਕਿਹਾ ਕਿ ਕਈ ਇਲਾਕਿਆਂ ਵਿਚ ਹਾਲਾਤ ਤਣਾਅਪੂਰਨ ਤੇ ਮੁਸ਼ਕਲ ਹਨ। ਇਸੇ ਦੌਰਾਨ ਦੱਖਣੀ ਜਰਮਨੀ ਵਿਚ ਬਾਵਾਰੀਆ ਖੇਤਰ ਵਿਚ ਪੈਂਦੇ ਸ਼ਹਿਰਾਂ ਵਿਚ ਨਹਿਰਾਂ ਕਹਿਰ ਵਰ੍ਹਾ ਰਹੀਆਂ ਹਨ।

# ਆਮ ਆਦਮੀ ਪਾਰਟੀ ਵਲੋਂ ਅਹੁਦੇਦਾਰੀਆਂ ਦੀ ਝੜੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਵਿਚ ਪਾਰਟੀ ਦੇ ਸੰਗਠਨਾਤਮਿਕ ਢਾਂਚੇ ਵਿਚ ਵਿਸਥਾਰ ਕਰਦੇ ਹੋਏ ਪੰਜ ਵਿੰਗਾਂ ਨੂੰ ਸ਼ਾਮਲ ਕੀਤਾ। ਪਾਰਟੀ ਨੇ ਵਿਦਿਆਰਥੀਆਂ ਦੀ ਰਾਜਨੀਤੀ ਵਿਚ ਸਰਗਰਮੀ ਦੇ ਮਕਸਦ ਨਾਲ ਵਿਦਿਆਰਥੀ ਸੰਘਰਸ਼ ਕਮੇਟੀ (ਸੀ.ਵਾਈ.ਐਸ.ਐਸ.) ਦਾ ਪੰਜਾਬ ਵਿੰਗ ਐਲਾਨ ਦਿੱਤਾ ਹੈ। ਇਸ ਤੋਂ ਇਲਾਵਾ ਕਲਚਰਲ ਵਿੰਗ, ਪੇਂਡੂ ਵਿਕਾਸ ਤੇ ਪੰਚਾਇਤ ਵਿੰਗ, ਖੇਡ ਵਿੰਗ, ਪੁਲਿਟੀਕਲ ਰਿਵੀਊ ਕਮੇਟੀ ਬਣਾਈ ਗਈ ਹੈ।

ਇਸ ਦੇ ਨਾਲ ਹੀ ਬੁੱਧੀਜੀਵੀ ਵਿੰਗ ਨੂੰ ਹੋਰ ਵਿਸਥਾਰ ਦੇ ਦਿੱਤਾ ਹੈ।'ਆਪ' ਨੇ ਰਾਜਨੀਤਕ ਰਿਵੀਊ ਕਮੇਟੀ ਦਾ ਗਠਨ ਕਰਦੇ ਹੋਏ ਗੁਰਪ੍ਰੀਤ ਸਿੰਘ ਭੱਟੀ, ਜਸਬੀਰ ਸਿੰਘ ਜੱਸੀ ਸੇਖੋਂ, ਡਾ. ਮਨਜੀਤ ਸਿੰਘ ਰੰਧਾਵਾ, ਜਗਦੀਪ ਸਿੰਘ ਕਾਕਾ ਬਰਾੜ, ਕਰਨਵੀਰ ਸਿੰਘ ਟਿਵਾਣਾ ਤੇ ਜਗਦੀਸ਼ ਮਿੱਤਲ ਨੂੰ ਮੈਂਬਰ ਨਿਯੁਕਤ ਕੀਤਾ ਗਿਆ ਹੈ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨਾਲ ਸਬੰਧਤ ਵਿਦਿਆਰਥੀ ਆਗੂ ਪਰਮਿੰਦਰ ਜੈਸਵਾਲ (ਗੋਲਡੀ) ਨੂੰ ਸੀ.ਵਾਈ.ਐਸ.ਐਸ. ਵਿੰਗ ਪੰਜਾਬ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।

ਸੀ.ਵਾਈ.ਐਸ.ਐਸ. ਵਿੰਗ ਦੇ ਮੈਂਬਰਾਂ ਵਿਚ ਨਰਿੰਦਰ ਕੌਰ ਭਰਾਜ (ਸੰਗਰੂਰ), ਪ੍ਰਸੂ ਦੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਾਬਕਾ ਚੇਅਰਮੈਨ ਹਰਸ਼ਦੀਪ ਸਿੰਘ ਸ਼ੇਰਗਿਲ (ਮੁਹਾਲੀ), ਅਜੇ ਮਲਹੋਤਰਾ (ਫਿਰੋਜ਼ਪੁਰ), ਪਰਮਵੀਰ ਸਿੰਘ ਬਸਰਾਵਾ (ਰਾਏਕੋਟ), ਸ਼ੁਭਮ ਪੁਰੀ (ਅੰਮ੍ਰਿਤਸਰ), ਹਰਨੀਤ ਸਿੰਘ (ਲੁਧਿਆਣਾ), ਲਵਲੀ ਛਾਬੜਾ (ਫਿਰੋਜ਼ਪੁਰ), ਗੁਰਨੀਤ ਸਿੰਘ ਗਰੇਵਾਲ (ਲੁਧਿਆਣਾ), ਗਿਆਨ ਚੰਦ (ਪਟਿਆਲਾ), ਅੰਮ੍ਰਿਤਪਾਲ (ਬਟਾਲਾ), ਹਰਮਨ ਕੰਗ (ਲੁਧਿਆਣਾ), ਦਵਿੰਦਰ ਸਿੰਘ ਤੂਰ (ਜਗਰਾਵਾਂ), ਵਿਰਸ਼ਾਦ ਖੁਨੇਜਾ (ਪੀ.ਯੂ. ਚੰਡੀਗੜ੍ਹ), ਮਾਨਵ ਰੰਧਾਵਾ (ਅੰਮ੍ਰਿਤਸਰ), ਜਤਿੰਦਰ ਸਿੰਘ (ਪਟਿਆਲਾ), ਲਵਪ੍ਰੀਤ ਸਿੰਘ (ਲੁਧਿਆਣਾ), ਨਵਰੀਤ ਕੌਰ ਬਰਨਾਲਾ ਤੇ ਅਮਰਵੀਰ ਬਾਜਵਾ (ਧੂਰੀ) ਸ਼ਾਮਲ ਕੀਤੇ ਗਏ ਹਨ। 'ਆਪ' ਨੇ ਪ੍ਰਸਿੱਧ ਗੀਤਕਾਰ ਬਚਨ ਬੇਦਿਲ ਨੂੰ ਪਾਰਟੀ ਦੇ ਪ੍ਰਦੇਸ਼ ਕਲਚਰਲ ਵਿੰਗ ਦਾ ਪ੍ਰਧਾਨ ਤੇ ਬਲਜੀਤ ਸਾਗਰ, ਗੁਰਚੇਤ ਚਿੱਤਰਕਾਰ, ਅਰਸ਼ਦ ਡੌਲੀ ਤੇ ਇਕਬਾਲ ਕਪੂਰਥਲਾ ਨੂੰ ਮੈਂਬਰ ਬਣਾਇਆ ਹੈ।



'ਆਪ' ਦੇ ਪੇਂਡੂ ਵਿਕਾਸ ਤੇ ਪੰਚਾਇਤ ਵਿੰਗ ਦਾ ਗਠਨ ਕਰਦੇ ਹੋਏ ਹਰਦੇਵ ਸਿੰਘ ਸਯਾਲੂ, ਦਲਜੀਤ ਸਿੰਘ ਸਦਰਪੁਰਾ, ਹਰੀ ਸਿੰਘ ਟੌਹੜਾ, ਹਰਮਿੰਦਰ ਸਿੰਘ ਮਾਵੀ, ਕੁਲਦੀਪ ਸਿੰਘ ਧਾਲੀਵਾਲ ਤੇ ਅਨੂਪ ਰਾਜ ਗਿੱਲ ਨੂੰ ਮੈਂਬਰ ਨਿਯੁਕਤ ਕੀਤਾ ਗਿਆ ਹੈ। ਵਿਸ਼ਵ ਪ੍ਰਸਿੱਧ ਖਿਡਾਰੀ ਤੇ ਸਾਬਕਾ ਪੁਲਿਸ ਅਧਿਕਾਰੀ ਸੱਜਣ ਸਿੰਘ ਚੀਮਾ ਨੂੰ 'ਆਪ' ਦੇ ਖੇਡ ਵਿੰਗ ਪੰਜਾਬ ਦਾ ਪ੍ਰਧਾਨ ਤੇ ਕਰਤਾਰ ਸਿੰਘ ਪਹਿਲਵਾਨ, ਜਗਦੀਪ ਸਿੰਘ ਗਿੱਲ, ਹਰਦੀਪ ਸਿੰਘ, ਹਰਭਜਨ ਸਿੰਘ, ਦਲਜੀਤ ਸਿੰਘ, ਮੱਖਣ ਸਿੰਘ ਧਾਲੀਵਾਲ, ਸਤਵੰਤ ਸਿੰਘ ਪੱਡਾ ਤੇ ਅਜੈਪਾਲ ਸਿੰਘ ਨੂੰ ਮੈਂਬਰ ਨਿਯੁਕਤ ਕੀਤਾ ਗਿਆ ਹੈ।

ਆਮ ਆਦਮੀ ਪਾਰਟੀ ਨੇ ਖਡੂਰ ਸਾਹਿਬ ਲੋਕ ਸਭਾ ਖੇਤਰ ਲਈ ਨਰਿੰਦਰ ਸਿੰਘ ਸਿੱਧੂ (ਨਾਟੀ ਸਰਪੰਚ) ਨੂੰ ਨਵਾਂ ਜੋਨਲ ਕੋ-ਆਰਡੀਨੇਟਰ ਬਣਾਇਆ ਗਿਆ ਹੈ। ਨਾਟੀ ਸਰਪੰਚ ਨੇ ਪਹਿਲਾਂ ਜੋਨਲ ਕੋ-ਆਰਡੀਨੇਟਰ ਇਕਬਾਲ ਸਿੰਘ ਭਾਗੋਵਾਲਿਆ ਦੀ ਥਾਂ ਲਈ ਹੈ, ਜਿਨ੍ਹਾਂ ਦੇ ਪ੍ਰਦੇਸ਼ ਐਸ.ਸੀ./ਐਸ.ਟੀ. ਵਿੰਗ ਦੇ ਪ੍ਰਦੇਸ਼ ਸੰਯੁਕਤ ਸਕੱਤਰ ਬਣਨ ਤੋਂ ਬਾਅਦ ਇਹ ਪਦ ਖਾਲੀ ਹੋ ਗਿਆ ਸੀ। ਬੁੱਧੀਜੀਵੀ ਵਿੰਗ ਦਾ ਹੋਰ ਵਿਸਥਾਰ ਕਰਦੇ ਹੋਏ ਕਰਨਲ ਸੀਡੀ ਸਿੰਘ ਕੰਬੋਜ ਨੂੰ ਕੋ-ਆਰਡੀਨੇਟਰ ਤੇ ਅਮਰਜੀਤ ਸਿੰਘ ਸਿੱਧੂ ਨੂੰ ਮੈਂਬਰ ਬਣਾਇਆ ਗਿਆ ਹੈ।

## ਗਰੀਸ ਕਿਸ਼ਤੀ ਹਾਦਸਾ, 117 ਪਰਵਾਸੀਆਂ ਦੀਆਂ ਲਾਸ਼ਾਂ ਤਟ 'ਤੇ ਆਈਆਂ

**ਏਥਨਜ਼:** ਗਰੀਸ ਦੇ ਕਰੇਟ ਟਾਪੂ ਦੇ ਤੱਟ ਨੇੜੇ ਕਿਸ਼ਤੀ ਉਲਟਣ ਨਾਲ ਘੱਟੋ-ਘੱਟ 117 ਵਿਅਕਤੀ ਮਾਰੇ ਗਏ ਅਤੇ ਸੈਂਕੜੇ ਲਾਪਤਾ ਹੋ ਗਏ ਜਿਨ੍ਹਾਂ ਦੀ ਤਲਾਸ਼ ਜਾਰੀ ਹੈ।

ਕਾਸਟ ਗਾਰਡ ਦੇ ਬੁਲਾਰੇ ਨਿਕੋਸ ਲਾਗਾਡਿਆਨੋ ਨੇ ਦੱਸਿਆ ਕਿ ਘੱਟੋ ਘੱਟ 340 ਵਿਅਕਤੀਆਂ ਨੂੰ ਬਚਾ ਲਿਆ ਹੈ ਅਤੇ ਪਰਵਾਸੀਆਂ ਬਾਰੇ ਅੰਤਰਰਾਸ਼ਟਰੀ ਸੰਗਠਨ ਦਾ ਕਹਿਣਾ ਹੈ ਕਿ ਇਹ ਕਿਸ਼ਤੀ ਸ਼ਾਇਦ ਅਫਰੀਕਾ ਤੋਂ ਚੱਲੀ ਸੀ ਅਤੇ ਇਸ ਉੱਪਰ ਘੱਟੋ ਘੱਟ 700 ਵਿਅਕਤੀ ਸਵਾਰ ਸਨ। ਗਰੀਸ ਦੇ ਦੱਖਣ ਵਾਲੇ ਪਾਸੇ ਭੂਮੱਧ ਸਾਗਰ ਵਿਚ ਨਵੇਂ ਵਾਪਰੇ ਕਿਸ਼ਤੀ ਦੁਖਾਂਤ ਵਿਚ 117 ਤੋਂ ਵੀ ਵੱਧ ਪਰਵਾਸੀਆਂ ਦੀਆਂ ਲਾਸ਼ਾਂ ਲਿਬੀਆ ਤਟ 'ਤੇ ਵਹਿ ਕੇ ਆ ਗਈਆਂ ਹਨ। ਬਚਾਅ ਕਾਰਜਾਂ ਲਈ ਗਰੀਸ ਨੇ ਦੋ ਗਸ਼ਤੀ ਕਿਸ਼ਤੀਆਂ, ਇਕ ਸੈਨਿਕ ਜਹਾਜ਼ ਅਤੇ ਤਿੰਨ ਹੈਲੀਕਾਪਟਰ ਭੇਜੇ ਜਦਕਿ ਉਥੋਂ ਲੰਘ ਰਹੇ ਪੰਜ ਸਮੁੰਦਰੀ ਜਹਾਜ਼ਾਂ ਨੇ ਬਚਾਅ ਕਾਰਜਾਂ ਵਿਚ ਹਿੱਸਾ ਲਿਆ।

## ਆਰਟ ਆਫ ਲਿਵਿੰਗ ਨੇ ਚੁਕਾਇਆ 4.75 ਕਰੋੜ ਦਾ ਹਰਜਾਨਾ

**ਨਵੀਂ ਦਿੱਲੀ (ਬਿਊਰੋ):** ਆਰਟ ਆਫ ਲਿਵਿੰਗ ਸੰਸਥਾ ਨੇ ਕੌਮੀ ਗ੍ਰੀਨ ਟ੍ਰਿਬਿਊਨਲ ਨੂੰ ਹਰਜਾਨੇ ਦੀ ਬਕਾਇਆ ਰਾਸ਼ੀ 4.75 ਕਰੋੜ ਰੁਪਏ ਦਾ ਭੁਗਤਾਨ ਕਰ ਦਿੱਤਾ ਹੈ।

ਆਰਟ ਲੀਵਿੰਗ ਨੇ ਇਹ ਦਾਅਵਾ ਕੀਤਾ ਕਿ ਹਾਲਾਂਕਿ ਉਨ੍ਹਾਂ ਨੇ ਪ੍ਰਕਿਰਿਆ ਅਨੁਸਾਰ ਬਕਾਇਆ ਰਾਸ਼ੀ ਦਾ ਭੁਗਤਾਨ ਕਰ ਦਿੱਤਾ ਪਰ ਉਹ ਨਿਆਂ ਵਾਸਤੇ ਆਪਣੀ ਲੜਾਈ ਜਾਰੀ ਰੱਖਣਗੇ।

# ਪੰਥਕ ਤਾਲਮੇਲ ਸੰਗਠਨ ਵੱਲੋਂ ਸ਼੍ਰੋਮਣੀ ਕਮੇਟੀ ਚੋਣਾਂ ਲੜਨ ਦਾ ਐਲਾਨ

**ਜਲੰਧਰ:** ਪੰਥਕ ਤਾਲਮੇਲ ਸੰਗਠਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜਨ ਦਾ ਐਲਾਨ ਕਰਦਿਆਂ ਸ਼੍ਰੋਮਣੀ ਕਮੇਟੀ ਅਤੇ ਤਖ਼ਤਾਂ ਨੂੰ ਬਾਦਲਾਂ ਦੀ ਅਜ਼ਾਰੇਦਾਰੀ ਤੋਂ ਮੁਕਤ ਕਰਵਾਉਣ ਦਾ ਸੱਦਾ ਦਿੱਤਾ ਹੈ।

ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ, ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਜਸਵਿੰਦਰ ਸਿੰਘ ਐਡਵੋਕੇਟ, ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਪਰਮਿੰਦਰ ਸਿੰਘ ਖ਼ਾਲਸਾ, ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਦੇ ਪ੍ਰਭਸ਼ਰਨ ਸਿੰਘ ਤੇ ਪ੍ਰੋ. ਬਲਵਿੰਦਰ ਸਿੰਘ ਅਤੇ ਹੋਰ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਜਿਸ ਤੇਜ਼ੀ ਨਾਲ ਸਿਆਸੀਕਰਨ ਕੀਤਾ ਗਿਆ ਹੈ ਅਤੇ ਸਿੱਖ ਕੌਮ ਦੇ ਸਿਰਮੌਰ ਤਖ਼ਤਾਂ ਦੇ ਵੱਕਾਰ ਨੂੰ ਜਿਸ ਤਰ੍ਹਾਂ ਨਾਲ ਢਾਹ ਲਾਈ ਗਈ ਹੈ, ਉਸ ਨਾਲ ਪੰਥ ਦਾ ਭਾਰੀ ਨੁਕਸਾਨ ਹੋ ਰਿਹਾ ਹੈ। ਸਿਆਸੀ ਧਿਰਾਂ ਨੂੰ ਦੂਰ ਰੱਖ ਕੇ ਅਤੇ ਧਾਰਮਿਕ ਬਿਰਤੀ ਵਾਲੇ ਉਚੇ-ਸੁੱਚੇ ਕਿਰਦਾਰਾਂ ਵਾਲੇ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਦੀ ਚੋਣ ਲੜਾਈ ਜਾਵੇਗੀ ਅਤੇ ਹਮਖਿਆਲ ਪੰਥਕ ਧਿਰਾਂ ਨਾਲ ਤਾਲਮੇਲ ਕਰ ਕੇ ਹੀ ਉਮੀਦਵਾਰ ਖੜ੍ਹੇ ਕੀਤੇ ਜਾਣਗੇ।

ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਤਖ਼ਤਾਂ ਨੇ ਹੀ ਸਿੱਖ ਕੌਮ ਦੀ ਅਗਵਾਈ ਕਰਨੀ ਹੁੰਦੀ ਹੈ ਅਤੇ ਸੇਧ ਦੇਣੀ ਹੁੰਦੀ ਹੈ ਪਰ ਅੱਜ ਤਖ਼ਤਾਂ ਨੂੰ ਕਾਬਜ਼ ਧੜਿਆਂ ਨੇ ਗੈਰ-ਪ੍ਰਸੰਗਿਕ ਬਣਾ ਕੇ ਰੱਖ ਦਿੱਤਾ ਹੈ ਜੋ ਸਿੱਖ ਕੌਮ ਲਈ ਘਾਤਕ ਸਿੱਧ ਹੋ ਰਿਹਾ ਹੈ। ਉਨ੍ਹਾਂ ਸਮੁੱਚੇ ਵਿਸ਼ਵ ਵਿਚ ਵੱਸਦੇ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਵਿਚ ਸੁਧਾਰ ਲਿਆਉਣ ਲਈ ਪੰਥਕ ਤਾਲਮੇਲ ਸੰਗਠਨ ਵੱਲੋਂ ਚੋਣਾਂ ਲਈ ਖੜ੍ਹੇ ਕੀਤੇ ਜਾਣ ਵਾਲੇ ਉਮੀਦਵਾਰਾਂ ਦਾ ਸਾਥ ਦੇਣ। ਉਨ੍ਹਾਂ ਦੱਸਿਆ ਕਿ ਚੋਣਾਂ ਦੇ ਸੰਜੀਦਾ ਸੰਚਾਲਨ ਲਈ 100 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਦੋ ਮਹੀਨਿਆਂ ਵਿਚ ਪੰਜਾਬ ਦੇ ਸਾਰੇ 22 ਜ਼ਿਲ੍ਹਿਆਂ ਵਿਚ ਕੋਆਰਡੀਨੇਟਰ ਨਿਯੁਕਤ ਕਰ ਦਿੱਤੇ ਜਾਣਗੇ। ਪੰਥਕ ਤਾਲਮੇਲ ਸੰਗਠਨ 2017 ਦੀਆਂ ਵਿਧਾਨ ਸਭਾ ਚੋਣਾਂ 'ਤੇ ਵੀ ਨਜ਼ਰ ਰੱਖੇਗਾ ਅਤੇ ਚੰਗੇ ਕਿਰਦਾਰ ਵਾਲੇ ਉਮੀਦਵਾਰਾਂ ਦੀ ਨਿਸ਼ਾਨਦੇਹੀ ਕਰੇਗਾ।

# ਦਸ ਕਰੋੜ ਡਾਲਰ ਦੀਆਂ ਕਲਾਕ੍ਰਿਤਾਂ ਮੋੜੀਆਂ

**ਵਾਸ਼ਿੰਗਟਨ:** ਅਮਰੀਕਾ ਨੇ ਭਾਰਤ ਨੂੰ 200 ਚੋਰੀ ਹੋਈਆਂ ਸਭਿਆਚਾਰਕ ਕਲਾਕ੍ਰਿਤਾਂ ਜਿਨ੍ਹਾਂ ਚੋਂ ਕੁਝ 2000 ਸਾਲ ਪੁਰਾਣੀਆਂ ਹਨ ਅਤੇ ਜਿਨ੍ਹਾਂ ਦੀ ਕੀਮਤ ਲਗਪਗ 10 ਕਰੋੜ ਡਾਲਰ ਹੈ, ਵਾਪਸ ਕਰ ਦਿੱਤੀਆਂ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਭਿਆਚਾਰਕ ਵਿਰਾਸਤ ਨੂੰ ਦੁਵੱਲੇ ਸਬੰਧਾਂ ਵਿਚ ਮਜ਼ਬੂਤ ਬੰਧਨ ਵਾਲੀ ਤਾਕਤ ਆਖਿਆ ਹੈ।

ਭਾਰਤ ਨੂੰ ਕਲਾਕ੍ਰਿਤਾਂ ਵਾਪਸ ਕਾਰਨ ਦੇ ਬਲੇਅਰ ਹਾਊਸ ਵਿਖੇ ਹੋਏ ਸਮਾਰੋਹ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਆਮ ਤੌਰ 'ਤੇ ਵਿਸ਼ਵ ਦੇ ਦੇਸ਼ਾਂ ਵਿਚਕਾਰ ਸਬੰਧ ਅਕਸਰ ਤੋਹਫੇ ਨਾਲ ਜੁੜੇ ਹੋਏ ਹੁੰਦੇ ਹਨ, ਇਹ ਤੋਹਫਾ ਹੀ ਹੈ ਜਿਹੜਾ ਵੱਡੀ ਭੂਮਿਕਾ ਨਿਭਾਉਂਦਾ ਹੈ ਪਰ ਕਈ ਵਾਰ ਵਿਰਾਸਤ ਦੋਵਾਂ ਦੇਸ਼ਾਂ ਦੇ ਸਬੰਧਾਂ ਵਿਚਕਾਰ ਮਹੱਤਵਪੂਰਨ ਬਣ ਜਾਂਦੀ ਹੈ। ਕਈ ਵਾਰ ਜਿਉਂਦੇ ਵਿਅਕਤੀ ਉਹ ਕੰਮ ਨਹੀਂ ਕਰ ਸਕਦੇ ਜੋ ਮੂਰਤੀਆਂ ਕਰ ਦਿੰਦੀਆਂ ਹਨ। ਹਿੰਦੀ ਵਿਚ ਭਾਸ਼ਣ ਦਿੰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਪਿਛਲੇ ਦੋ ਸਾਲਾਂ ਵਿਚ ਵੱਖ-ਵੱਖ ਦੇਸ਼ਾਂ ਨੇ ਭਾਰਤ ਦੀ ਚੁਰਾਈ ਸਭਿਆਚਾਰਕ ਵਿਰਾਸਤ ਨੂੰ ਵਾਪਸ ਕਰਨ ਦਾ ਉਪਰਾਲਾ ਕੀਤਾ ਹੈ। ਇਹ ਖਜ਼ਾਨਾ ਭਾਰਤ ਨੂੰ ਵਾਪਸ ਕਰਨ ਲਈ ਉਹ ਅਮਰੀਕਾ ਅਤੇ ਰਾਸ਼ਟਰਪਤੀ ਬਰਾਕ ਓਬਾਮਾ ਦੇ ਸ਼ੁਕਰਗੁਜ਼ਾਰ ਹਨ।

## ਗੁਰੂ ਨਾਨਕ ਸਿੱਖ ਸੈਂਟਰ ਲੈਨਸਿੰਗ 'ਚ ਦੂਖ ਨਿਵਾਰਨ ਕੈਂਪ 10 ਤੋਂ

**ਲੈਨਸਿੰਗ, ਮਿਸ਼ੀਗਨ (ਬਿਊਰੋ):** ਸਥਾਨਕ ਗੁਰਦੁਆਰਾ ਗੁਰੂ ਨਾਨਕ ਸਿੱਖ ਸੈਂਟਰ ਵਿਖੇ ਦੂਖ ਨਿਵਾਰਨ ਕੈਂਪ 10, 11 ਅਤੇ 12 ਜੂਨ ਨੂੰ ਬਾਅਦ ਦੁਪਹਿਰ 3 ਤੋਂ ਰਾਤ 7 ਵਜੇ ਤੱਕ ਲਾਇਆ ਜਾਵੇਗਾ। ਕੈਂਪ ਵਿਚ ਪ੍ਰੋ. ਸਰਬਜੀਤ ਸਿੰਘ ਗੋਬਿੰਦਪੁਰੀ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਉਹ ਗੁਰਬਾਣੀ ਸ਼ਬਦ, ਸਿਮਰਨ ਅਤੇ ਜਾਪ ਰਾਹੀਂ ਰੋਗ ਅਤੇ ਦੁੱਖ ਦੂਰ ਕਰਨ ਲਈ 'ਦੂਖ ਨਿਵਾਰਨ ਕੈਂਪ' ਲਾਉਣਗੇ। ਪ੍ਰਬੰਧਕਾਂ ਨੇ ਸਮੂਹ ਸੰਗਤ ਨੂੰ ਇਸ ਕੈਂਪ ਵਿਚ ਹਾਜ਼ਰੀ ਭਰ ਕੇ ਗੁਰਬਾਣੀ ਦਾ ਲਾਹਾ ਲੈਣ ਦੀ ਬੇਨਤੀ ਕੀਤੀ ਹੈ।

ਹੋਰ ਜਾਣਕਾਰੀ ਲਈ ਲਾਡੀ ਮੁਲਤਾਨੀ ਨਾਲ ਫੋਨ 517-204-4171 ਜਾਂ ਪ੍ਰੋ. ਗੋਬਿੰਦਪੁਰੀ ਨਾਲ ਫੋਨ 646-464-1818 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## Matrimonial

### ਲੜਕੀ ਦੀ ਲੋੜ ਹੈ

Wanted US citizen beautiful educated girl for a Jatt Sikh clean-shaven handsome boy, B-Tech, MBA, 25 years, 5'-10" on 10 years USA visitor visa, only son. Family has huge urban/rural property. Contact, Ph:209-642-0642 or E-mail: Tarans1981@yahoo.com 21-24

ਰਵਿਦਾਸੀਏ ਸਿੱਖ, ਚੰਗੀ ਜੌਬ ਕਰਦੇ, ਕਲੀਨ ਸ਼ੇਵਨ, ਵੈਸ਼ਨੂੰ, ਪੱਕੇ ਤੌਰ 'ਤੇ ਰਹਿ ਰਹੇ ਲੜਕੇ 40 ਸਾਲ, ਕੱਦ 5'-7" ਲਈ ਅਮਰੀਕਨ ਇੰਮੀਗ੍ਰਾਂਟ ਜਾਂ ਵਿਜ਼ਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਵੀ ਸੰਪਰਕ ਕਰ ਸਕਦੇ ਹਨ। ਫੋਨ: 916-730-8029 21-24

Wanted professional match for Ahluwalia Sikh boy, 42 yrs, 5'-6", never married, teetotaler, top 5 MBA, working with a Fortune 50 firm, belongs to a highly educated and well settled family from Ludhiana. Please contact with basic information & photo at abcnc08@gmail.com 23-26

### ਵਰ ਦੀ ਲੋੜ ਹੈ

Wanted suitable US/ Canadian citizen boy for a good looking Jatt Sikh Badesha girl 27 years, 5'-3", B.D.S, working in India with a reputed company as a B.D.S doctor. Contact: 91-93163-01328 23-

Wanted suitable professional, well settled match sought for Canadian Citizen Sikh beautiful, slim girl 35 yrs, 5'-7". Divorced with one child, modern & traditional, comes from very good family Jat sikh is preference. Contact: Ph.1-604-716-1919

ਪੰਜਾਬ ਟਾਈਮਜ਼
ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
ਫੋਨ: 847-359-0746
e-mail: punjabtimes1@gmail.com

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com

WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com


REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਕਿਸਾਨਾਂ ਨੂੰ ਰਾਹਤ ਤੋਂ ਵੱਟਿਆ ਪਾਸਾ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਸਾਉਣੀ ਦੀ ਮੁੱਖ ਫਸਲ ਝੋਨੇ ਦੇ ਘੱਟੋ-ਘੱਟ ਸਮਰਥਨ ਮੁੱਲ ਵਿਚ 60 ਰੁਪਏ ਪ੍ਰਤੀ ਕੁਇੰਟਲ ਦੇ ਕੀਤੇ ਗਏ ਨਿਗੂਣੇ ਵਾਧੇ ਨਾਲ ਕਿਸਾਨ ਦੀਆਂ ਚੰਗੇ ਦਿਨ ਆਉਣ ਵਾਲੀਆਂ ਆਸਾਂ ਉਤੇ ਪਾਣੀ ਫਿਰ ਗਿਆ ਹੈ। ਸਰਕਾਰ ਨੇ ਪਿਛਲੇ ਸਾਲ ਵੀ ਝੋਨੇ ਦੇ ਸਮਰਥਨ ਮੁੱਲ ਵਿਚ ਸਿਰਫ 50 ਰੁਪਏ ਦਾ ਹੀ ਵਾਧਾ ਕੀਤਾ ਸੀ। ਪਿਛਲੇ ਸਾਲ ਝੋਨੇ ਦਾ ਭਾਅ ਨਿਸ਼ਚਿਤ ਕਰਦੇ ਸਮੇਂ ਸਰਕਾਰ ਨੇ ਦਲੀਲ ਦਿੱਤੀ ਸੀ ਕਿ ਇਸ ਦੀ ਖਰੀਦ ਕੀਮਤ ਵਿਚ ਜ਼ਿਆਦਾ ਵਾਧਾ ਕਰਨ ਨਾਲ ਮਹਿੰਗਾਈ ਵਧੇਗੀ ਅਤੇ ਖਪਤਕਾਰ ਪ੍ਰਭਾਵਿਤ ਹੋਣਗੇ।

ਇਸ ਤੋਂ ਇਲਾਵਾ ਭਾਅ ਵਿਚ ਜ਼ਿਆਦਾ ਵਾਧਾ ਫਸਲੀ ਵਿਭਿੰਨਤਾ ਦੇ ਰਾਹ ਵਿਚ ਵੀ ਰੁਕਾਵਟ ਬਣ ਰਿਹਾ ਹੈ। ਮੁਲਕ ਦੀ ਕਿਸਾਨੀ ਦੀ ਹਾਲਤ ਦਿਨੋ-ਦਿਨ ਨਿਘਰਦੀ ਜਾ ਰਹੀ ਹੈ ਅਤੇ ਉਹ ਖੁਦਕੁਸ਼ੀਆਂ ਦੇ ਰਾਹ ਪੈ ਗਈ ਹੈ। ਖੇਤੀ ਲਾਹੇਵੰਦ ਧੰਦਾ ਨਾ ਰਿਹਾ ਹੋਣ ਕਰਕੇ ਪਿਛਲੇ ਡੇਢ ਦਹਾਕੇ ਦੌਰਾਨ ਪੰਜਾਬ ਦੇ ਦੋ ਲੱਖ ਤੋਂ ਵੱਧ ਕਿਸਾਨ ਖੇਤੀ ਛੱਡ ਚੁੱਕੇ ਹਨ ਜਦੋਂਕਿ ਹਰ ਤੀਜੇ ਦਿਨ ਇਕ ਕਿਸਾਨ ਖੁਦਕੁਸ਼ੀ ਕਰ ਰਿਹਾ ਹੈ। ਮੁਲਕ ਦੀ ਘਰੇਲੂ ਪੈਦਾਵਾਰ ਵਿਚ ਖੇਤੀ ਅਰਥ ਵਿਵਸਥਾ ਦਾ ਹਿੱਸਾ ਸਿਰਫ 13 ਫੀਸਦੀ ਰਹਿ ਗਿਆ ਹੈ ਜਦੋਂਕਿ 60 ਫੀਸਦੀ ਆਬਾਦੀ ਇਸ 'ਤੇ ਨਿਰਭਰ ਹੈ। ਦੂਜੇ ਪਾਸੇ ਖੇਤੀ ਨਾਲ ਸਬੰਧਤ ਮਸ਼ੀਨਰੀ ਅਤੇ ਹੋਰ ਵਸਤਾਂ ਨਾ ਕੇਵਲ ਕਈ ਗੁਣਾਂ ਮਹਿੰਗੀਆਂ ਹੋ ਗਈਆਂ ਹਨ ਬਲਕਿ ਇਨ੍ਹਾਂ ਤੋਂ ਸਬਸਿਡੀ ਵੀ ਬੰਦ ਕਰ ਦਿੱਤੀ ਗਈ ਹੈ। 2004 ਵਿਚ ਡਾ. ਐਸ.ਐਸ. ਸਵਾਮੀਨਾਥਨ ਦੀ ਅਗਵਾਈ ਹੇਠ ਬਣੇ ਕੌਮੀ ਕਿਸਾਨ ਕਮਿਸ਼ਨ ਦੀ ਫਸਲਾਂ ਦੀ ਉਤਪਾਦਨ ਲਾਗਤ 'ਤੇ ਪੰਜਾਹ ਫੀਸਦੀ ਮੁਨਾਫਾ ਜੋੜ ਕੇ ਭਾਅ ਨਿਸ਼ਚਿਤ ਕਰਨ ਦੀ ਸਿਫਾਰਸ਼ ਨੂੰ ਲਾਗੂ ਕਰਨ ਤੋਂ ਵੀ ਮੋਦੀ ਸਰਕਾਰ ਨੇ ਇਨਕਾਰ ਕਰ ਦਿੱਤਾ ਹੈ। ਇਸ ਸਰਕਾਰ ਵੱਲੋਂ ਬਣਾਈ ਗਈ ਸ਼ਾਂਤਾ ਕੁਮਾਰ ਕਮੇਟੀ ਦੀਆਂ ਸਿਫਾਰਸ਼ਾਂ ਵੀ ਝੋਨੇ ਦੀ ਸਰਕਾਰੀ ਖਰੀਦ ਤੋਂ ਹੱਥ ਪਿਛੇ ਖਿੱਚਣ ਦੇ ਸੰਕੇਤ ਦੇ ਰਹੀਆਂ ਹਨ।




## ਮੁੱਖ ਮੰਤਰੀ ਬਾਦਲ ਕੇਂਦਰ ਨਾਲ ਹੋਏ ਨਾਰਾਜ਼

**ਅੰਮ੍ਰਿਤਸਰ:** ਸਾਉਣੀ ਦੀ ਫਸਲ ਝੋਨੇ ਦੇ ਅਗਾਮੀ ਸਮਰਥਨ ਮੁੱਲ ਵਿਚ ਕੇਂਦਰ ਵੱਲੋਂ ਮਹਿਜ਼ 60 ਰੁਪਏ ਦੇ ਕੀਤੇ ਵਾਧੇ ਨੂੰ ਨਕਾਰਦਿਆਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਫਸਲਾਂ ਦੇ ਮੁੱਲ ਨਿਰਧਾਰਤ ਕਰਨ ਬਾਰੇ ਸਵਾਮੀਨਾਥਨ ਕਮਿਸ਼ਨ ਦੀ ਸਿਫਾਰਸ਼ੀ ਰਿਪੋਰਟ ਨੂੰ ਲਾਗੂ ਕਰਨ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਨੇ ਭਾਅ ਵਿਚ ਨਿਗੂਣੇ ਵਾਧੇ 'ਤੇ ਨਾਖੁਸ਼ੀ ਪ੍ਰਗਟਾਈ ਅਤੇ ਕਿਹਾ ਕਿ ਕੇਂਦਰ ਸਰਕਾਰ ਨੂੰ ਦੇਸ਼ ਦੇ ਅੰਨਦਾਤੇ ਨੂੰ ਬਚਾਉਣ ਦੇ ਉਪਰਾਲੇ ਕਰਨੇ ਪੈਣਗੇ। ਉਨ੍ਹਾਂ ਮੋਦੀ ਸਰਕਾਰ ਸਲਾਹ ਦਿੱਤੀ ਕਿ ਖੇਤੀ ਧੰਦੇ ਨੂੰ ਲਾਹੇਵੰਦ ਬਣਾਉਣ ਲਈ ਮਾਹਿਰਾਂ ਦਾ ਇਕ ਸਮੂਹ ਗਠਿਤ ਕਰੇ, ਜੋ ਕਿਸਾਨਾਂ ਦੀਆਂ ਉਪਜ ਅਤੇ ਮੰਡੀਕਰਨ ਸਬੰਧੀ ਸਮੱਸਿਆਵਾਂ ਦੀ ਘੋਖ ਕਰਕੇ ਢੁਕਵੇਂ ਹੱਲ ਲੱਭਣ।

# ਇਕ ਸਿਗਰਟ ਘਟਾਉਂਦੀ ਹੈ ਜ਼ਿੰਦਗੀ ਦੇ 11 ਮਿੰਟ

**ਭੋਪਾਲ:** ਜੇਕਰ ਤੁਸੀਂ ਵੀ ਹਰ ਰੋਜ਼ ਇਕ ਸਿਗਰੇਟ ਪੀ ਰਹੇ ਹੋ ਤਾਂ ਇਹ ਵੀ ਜਾਣ ਲਵੋ ਕਿ ਇਸ ਇਕ ਸਿਗਰਟ ਨੇ ਤੁਹਾਡੀ ਜ਼ਿੰਦਗੀ ਦੇ 11 ਮਿੰਟ ਘੱਟ ਕਰ ਦਿੱਤੇ ਹਨ। ਇਹ ਦਾਅਵਾ 'ਵਾਇਸ ਆਫ ਟਬੈਕੂ ਵਿਕਟਿਮਜ਼' ਨੇ ਡਬਲਯੂ.ਐਚ.ਓ. ਦੇ ਅੰਕੜਿਆਂ ਦਾ ਜ਼ਿਕਰ ਕਰਦਿਆਂ ਕੀਤਾ ਹੈ। ਅੰਕੜਿਆਂ ਮੁਤਾਬਕ ਦੇਸ਼ ਵਿਚ ਹਰ ਰੋਜ਼ 2800 ਤੋਂ ਜ਼ਿਆਦਾ ਲੋਕਾਂ ਦੀ ਮੌਤ ਤੰਬਾਕੂ ਜਾਂ ਫਿਰ ਬੀੜੀ-ਸਿਗਰੇਟ ਪੀਣ ਕਾਰਨ ਹੁੰਦੀ ਹੈ।

ਇਸ ਤਰ੍ਹਾਂ ਹਰ ਘੰਟੇ 114 ਲੋਕਾਂ ਦੀ ਮੌਤ ਦਾ ਕਾਰਨ ਤੰਬਾਕੂ ਬਣਦਾ ਹੈ। ਇੰਨਾ ਹੀ ਨਹੀਂ ਦੁਨੀਆਂ ਵਿਚ ਹਰ ਛੇ ਸੈਕਿੰਟ ਵਿਚ ਇਕ ਵਿਅਕਤੀ ਦੀ ਮੌਤ ਦਾ ਕਾਰਨ ਤੰਬਾਕੂ ਤੇ ਸਿਗਰਟ ਬਣ ਰਿਹਾ ਹੈ। ਤੰਬਾਕੂ ਉਤਪਾਦਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਤੇ ਮੌਤਾਂ ਦੀ ਰੋਕਥਾਮ ਨੂੰ ਧਿਆਨ ਵਿਚ ਰੱਖ ਕੇ ਵਿਸ਼ਵ ਸਿਹਤ ਸੰਸਥਾ ਵੱਲੋਂ 2016 ਦੀ ਥੀਮ ਤੰਬਾਕੂ ਉਤਪਾਦਾਂ ਤੇ ਪਲੇਨ ਪੈਕੇਜਿੰਗ ਰੱਖੀ ਗਈ ਹੈ। ਇਸ ਦਾ ਮਕਸਦ ਹੈ ਕਿ ਤੰਬਾਕੂ



ਉਤਪਾਦਾਂ ਦਾ ਨਿਰਧਾਰਤ ਰੰਗ ਤੇ ਉਸ ਉਤੇ 85 ਫੀਸਦੀ ਤੱਕ ਫੋਟੋ ਨਾਲ ਚਿਤਾਵਨੀ ਦਿੱਤੀ ਹੋਵੇ। ਉਨ੍ਹਾਂ ਉਤੇ ਲਿਖੇ ਸ਼ਬਦਾਂ ਦਾ ਸਾਇਜ਼ ਵੀ ਤੈਅ ਹੋਵੇ ਤੇ ਨਾਲ ਹੀ ਇਨ੍ਹਾਂ ਉਤਪਾਦਾਂ ਉਤੇ ਕੰਪਨੀ ਸਿਰਫ ਆਪਣੇ ਬ੍ਰਾਂਡ ਦਾ ਨਾਂ ਹੀ ਲਿਖੇ।

# 500 ਭਾਰਤੀ ਨੌਜਵਾਨ ਆਈ.ਐਸ. ਨਾਲ ਰਲੇ

**ਨਵੀਂ ਦਿੱਲੀ:** ਅਤਿਵਾਦੀ ਜਥੇਬੰਦੀ ਇਸਲਾਮਿਕ ਸਟੇਟ (ਆਈ.ਐਸ.) ਦੀ ਭਾਵੇਂ ਭਾਰਤ ਵਿਚ ਕਾਫੀ ਹਲਚਲ ਨਹੀਂ ਹੈ, ਪਰ ਇਸ ਦੇ ਸਿਧਾਂਤ ਇਥੋਂ ਦੇ ਨੌਜਵਾਨਾਂ ਨੂੰ ਪ੍ਰਭਾਵਿਤ ਕਰ ਰਹੇ ਹਨ। ਖੁਫੀਆ ਏਜੰਸੀਆਂ ਦੀ ਰਿਪੋਰਟ ਅਨੁਸਾਰ 500 ਦੇ ਕਰੀਬ ਭਾਰਤੀ ਆਈ.ਐਸ. ਦੇ ਨਾਲ ਜੁੜੇ ਚੁੱਕੇ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਨੌਜਵਾਨ ਹਨ। ਖੁਫੀਆ ਏਜੰਸੀਆਂ ਅਨੁਸਾਰ ਕਈ ਭਾਰਤੀ ਸੀਰੀਆ ਤੇ ਇਰਾਕ ਜਾਣ ਦੀ ਫਿਰਾਕ ਵਿਚ ਹਨ।

ਖੁਫੀਆ ਏਜੰਸੀਆਂ ਇਹ ਨੌਜਵਾਨ ਬਦਲੇ ਦੀ ਭਾਵਨਾ ਨਾਲ ਆਈ.ਐਸ. ਵੱਲ ਨਹੀਂ ਜਾ ਰਹੇ, ਸਗੋਂ ਖਲੀਫ਼ਾ ਦੇ ਵਿਚਾਰਾਂ ਤੋਂ ਪ੍ਰਭਾਵਤ ਹੋ ਕੇ ਇਸ ਸੰਗਠਨ ਨਾਲ ਜੁੜੇ ਰਹੇ ਹਨ। ਇਨ੍ਹਾਂ ਨੌਜਵਾਨਾਂ ਉਤੇ ਖੁਫੀਆ ਏਜੰਸੀਆਂ ਲਗਾਤਾਰ ਨਜ਼ਰ ਰੱਖ ਰਹੀਆਂ ਹਨ। ਸਰਕਾਰ ਦਾ ਦਾਅਵਾ ਹੈ ਕਿ ਭਾਰਤੀ ਮੁਸਲਮਾਨਾਂ ਵਿਚ ਆਈ.ਐਸ. ਦਾ ਕੋਈ ਜ਼ਿਆਦਾ ਅਸਰ ਨਹੀਂ ਹੈ।



ਮੀਡੀਆ ਰਿਪੋਰਟ ਅਨੁਸਾਰ ਖੁਫੀਆ ਏਜੰਸੀਆਂ ਕਈ ਲੋਕਾਂ ਨੂੰ ਹਿਰਾਸਤ ਵਿਚ ਲੈ ਕੇ ਪੁੱਛਗਿੱਛ ਕਰ ਚੁੱਕੀਆਂ ਹਨ। ਜੋ ਨੌਜਵਾਨ ਜੈਸ਼-ਏ-ਮੁਹੰਮਦ, ਇੰਡੀਅਨ ਮੁਜ਼ਾਹਦੀਨ, ਲਸ਼ਕਰ-ਏ-ਤੋਇਬਾ, ਹਿਜ਼ਬੁਲ ਮੁਜ਼ਾਹਦੀਨ ਤੇ ਦੂਜੇ ਅਤਿਵਾਦੀ ਸੰਗਠਨਾਂ ਦੇ ਅਸਰ ਵਿਚ ਸਨ, ਉਹ ਹੁਣ ਆਈ.ਐਸ. ਨਾਲ ਜਾਣਾ ਚਾਹੁੰਦੇ ਹਨ। ਖੁਫੀਆ ਏਜੰਸੀਆਂ ਨਾਲ ਜੁੜੇ ਸੂਤਰਾਂ ਨੇ ਦੱਸਿਆ ਕਿ ਆਈ.ਐਸ. ਇਹ ਪ੍ਰਚਾਰ ਕਰ ਰਿਹਾ ਹੈ ਕਿ ਮੁਸਲਮਾਨਾਂ ਨੂੰ ਪੱਛਮੀ ਦੇਸ਼ਾਂ ਹੱਥੋਂ ਕਾਫੀ ਨੁਕਸਾਨ ਝੱਲਣਾ ਪਿਆ ਹੈ। ਇਸ ਲਈ ਉਨ੍ਹਾਂ ਨੂੰ ਕੁਝ ਕਰਨਾ ਚਾਹੀਦਾ ਹੈ।

ਆਈ.ਐਸ. ਨਾਲ ਜੁੜਨ ਵਾਲੇ ਜ਼ਿਆਦਾਤਰ ਨੌਜਵਾਨ ਜੰਮੂ-ਕਸ਼ਮੀਰ, ਕਰਨਾਟਕ, ਕੇਰਲ, ਆਂਧਰਾ ਪ੍ਰਦੇਸ਼, ਮਹਾਰਾਸ਼ਟਰ, ਉੱਤਰ ਪ੍ਰਦੇਸ਼, ਵੈਸਟ ਬੰਗਾਲ ਦੇ ਹਨ। ਖੁਫੀਆ ਏਜੰਸੀਆਂ ਅਨੁਸਾਰ ਇਹ ਲੋਕ ਇੰਟਰਨੈੱਟ ਰਾਹੀਂ ਸੰਗਠਨ ਦੇ ਪ੍ਰਭਾਵ ਵਿਚ ਹਨ।

# ਬਿਦਰ ਨੇ ਸੋਕੇ ਨਾਲ ਸਿੱਝਣ ਲਈ ਮਿਸਾਲ ਕਾਇਮ ਕੀਤੀ

**ਬਿਦਰ:** ਦੇਸ਼ ਦੇ ਕਈ ਹਿੱਸਿਆਂ ਵਿਚ ਸੋਕੇ ਦਾ ਸਾਹਮਣਾ ਕਰ ਰਹੇ ਖੇਤਰਾਂ ਲਈ ਕਰਨਾਟਕ ਜ਼ਿਲ੍ਹੇ ਦੇ ਬਿਦਰ ਨੇ ਮਿਸਾਲ ਕਾਇਮ ਕੀਤੀ ਹੈ। ਇਥੋਂ ਦੇ ਪ੍ਰਸ਼ਾਸਨ ਨੇ ਪੰਜ ਦਹਾਕਿਆਂ ਵਿਚ ਪਹਿਲੀ ਵਾਰ ਘੱਟ ਖਰਚੇ ਵਿਚ ਇਤਿਹਾਸਕ ਖੂਹਾਂ ਦੀ ਗਾਰ ਤੇ ਜਲ ਸਰੋਤਾਂ ਨੂੰ ਸਾਫ ਕਰ ਕੇ ਪਾਣੀ ਸੰਭਾਲਣ ਦਾ ਪ੍ਰਬੰਧ ਕੀਤਾ ਹੈ। ਇਸ ਤਰ੍ਹਾਂ ਬਿਦਰ ਨੇ ਦੇਸ਼ ਦੇ ਹੋਰਨਾਂ ਸੂਬਿਆਂ ਦੇ 250 ਦੇ ਕਰੀਬ ਜ਼ਿਲ੍ਹਿਆਂ ਲਈ ਮਾਰਗ ਦਰਸ਼ਕ ਹੋਣ ਦਾ ਕੰਮ ਕੀਤਾ ਹੈ। ਖੂਹਾਂ ਵਿਚੋਂ ਗਾਰ ਕੱਢਣ ਦਾ ਕੰਮ ਮੌਨਸੂਨ ਦੇ ਅਗਲੇ ਹਫਤੇ ਪਹੁੰਚਣ ਤੱਕ ਜਾਰੀ ਰਹੇਗਾ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਨ੍ਹਾਂ ਜਲ ਸਰੋਤਾਂ ਵਿਚ 10 ਹਜ਼ਾਰ ਮਿਲੀਅਨ ਕਿਊਬਿਕ (ਟੀ.ਐਮ.ਸੀ.) ਪਾਣੀ ਨੂੰ ਸਟੋਰ ਕਰਨ ਦੀ ਯੋਜਨਾ ਹੈ ਹਾਲੇ ਤੱਕ ਇਨ੍ਹਾਂ ਸੋਕਾ ਪ੍ਰਭਾਵਿਤ ਖੇਤਰਾਂ ਵਿਚ ਸਰਕਾਰ ਦੇ ਫੰਡ ਨਹੀਂ ਪਹੁੰਚੇ, ਪਰ ਬਿਦਰ ਨੇ ਸਰਕਾਰੀ ਰਾਸ਼ੀ ਦੀ ਉਡੀਕ ਕੀਤੇ ਬਿਨਾਂ ਹੀ ਮਾਰਚ ਤੋਂ ਕੰਮ ਆਰੰਭਿਆ। ਬਿਦਰ ਪ੍ਰਸ਼ਾਸਨ ਦਾਈ ਕਰੋੜ ਖਰਚ ਕੇ 26 ਲੱਖ ਘਣ ਮੀਟਰ ਗਾਰ ਹਟਾ ਚੁੱਕਿਆ ਹੈ। ਬਿਦਰ ਦਾ ਰੋਲ ਮਾਡਲ ਬਣਨਾ ਇਸ ਲਈ ਵੀ ਮਾਅਨੇ ਰੱਖਦਾ ਹੈ ਕਿਉਂਕਿ



ਇੰਨੇ ਖੇਤਰ ਨੂੰ ਸਾਫ ਕਰਨ ਲਈ ਘੱਟੋ ਘੱਟ ਸੌ ਕਰੋੜ ਰੁਪਇਆ ਲੋੜੀਂਦਾ ਸੀ ਪਰ ਬਿਦਰ ਨੇ ਸਿਰਫ ਦਾਈ ਕਰੋੜ ਦੀ ਰਾਸ਼ੀ ਹੀ ਖਰਚੀ। ਡਿਪਟੀ ਕਮਿਸ਼ਨਰ ਅਨੁਰਾਗ ਤਿਵਾੜੀ ਨੇ ਦੱਸਿਆ ਕਿ ਉਨ੍ਹਾਂ ਕਿਸਾਨਾਂ ਨੂੰ ਜਾਗਰੂਕ ਕੀਤਾ ਕਿ ਉਹ ਖੂਹ ਦੀ ਗਾਰ ਨੂੰ ਆਪਣੇ ਖੇਤਾਂ ਲਈ ਪੌਸ਼ਕ ਤੱਤਾਂ ਵਜੋਂ ਵਰਤ ਸਕਦੇ ਹਨ ਤਾਂ ਉਨ੍ਹਾਂ ਨੇ ਮੁਫਤੋਂ ਮੁਫਤੀ ਹੀ ਇਸ ਕੰਮ ਨੂੰ ਅੰਜਾਮ ਦਿੱਤਾ।

# ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਜਥਾ ਨਾ ਭੇਜਣ 'ਤੇ ਮੱਚਿਆ ਘਮਸਾਣ

**ਅੰਮ੍ਰਿਤਸਰ:** ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਗੋਪਾਲ ਸਿੰਘ ਚਾਵਲਾ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਪਾਕਿਸਤਾਨ ਜਥਾ ਨਾ ਭੇਜਣ ਦੇ ਫੈਸਲੇ ਉਤੇ ਮੁੜ ਵਿਚਾਰ ਕਰਨ ਦੀ ਸਲਾਹ ਦਿੱਤੀ ਹੈ। ਉਨ੍ਹਾਂ ਸਿੱਖ ਸੰਗਤਾਂ ਨੂੰ ਖੁੱਲ੍ਹਾ ਸੱਦਾ ਦਿੰਦਿਆਂ ਕਿਹਾ ਕਿ ਜਿਹੜੀਆਂ ਸੰਗਤਾਂ ਸ਼ਹੀਦੀ ਸਮਾਗਮ ਵਿਚ ਸ਼ਿਰਕਤ ਕਰਨਾ ਚਾਹੁੰਦੀਆਂ ਹਨ, ਉਨ੍ਹਾਂ ਨੂੰ ਆਖਰੀ ਦਿਨ ਤੱਕ ਵੀ ਵੀਜ਼ਾ ਦਿੱਤਾ ਜਾਵੇਗਾ।

ਦਰਅਸਲ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਬੀਤੇ ਦਿਨੀਂ ਇਹ ਕਹਿ ਕਿ ਜਥਾ ਭੇਜਣ ਤੋਂ ਨਾਂਹ ਕਰ ਦਿੱਤੀ ਸੀ ਕਿ ਪਾਕਿਸਤਾਨ ਅੰਬੈਸੀ ਨੇ ਸ਼੍ਰੋਮਣੀ ਕਮੇਟੀ ਵੱਲੋਂ ਭੇਜੇ ਗਏ ਨਾਵਾਂ ਦੀ ਸੂਚੀ ਨੂੰ ਵੀਜ਼ਾ ਨਹੀਂ ਦਿੱਤਾ ਸੀ। ਸ਼੍ਰੋਮਣੀ ਕਮੇਟੀ ਨੇ ਇਹ ਵੀਜ਼ੇ 30 ਮਈ ਤੋਂ 9 ਜੂਨ ਤੱਕ ਮੰਗੇ ਸਨ ਕਿਉਂਕਿ ਸ਼੍ਰੋਮਣੀ ਕਮੇਟੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮੂਲ ਨਾਨਕਸ਼ਾਹੀ ਕਲੰਡਰ ਮੁਤਾਬਕ 16 ਜੂਨ ਨੂੰ ਮਨਾ ਰਹੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਹ ਦਿਹਾੜਾ ਅੱਠ ਜੂਨ ਨੂੰ ਮਨਾਇਆ ਗਿਆ। ਇਸੇ ਕਰ ਕੇ ਪਾਕਿਸਤਾਨ ਅੰਬੈਸੀ ਵੱਲੋਂ ਵੀਜ਼ੇ ਦੇਣ ਵਿਚ ਦੇਰੀ ਕੀਤੀ ਜਾ ਰਹੀ ਸੀ। ਚਾਵਲਾ ਨੇ ਕਿਹਾ ਕਿ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਦਾ ਸ਼ਹੀਦੀ ਦਿਹਾੜਾ ਸ਼ੁਰੂ ਤੋਂ ਹੀ ਲਾਹੌਰ ਵਿਚ ਬੜੀ ਹੀ ਸ਼ਰਧਾ, ਭਾਵਨਾ ਤੇ ਗਰਮਜੋਸ਼ੀ ਨਾਲ ਮਨਾਇਆ ਜਾਂਦਾ ਹੈ।



ਉਨ੍ਹਾਂ ਕਿਹਾ ਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਓਕਾਫ ਬੋਰਡ ਵੱਲੋਂ ਸ਼ਹੀਦੀ ਦਿਹਾੜਾ 2003 ਤੋਂ ਸ਼ੁਰੂ ਕੀਤੇ ਗਏ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਪਾਕਿਸਤਾਨ ਦੀਆ ਸਿੱਖ ਸੰਗਤਾਂ ਦੀ ਰਾਏ ਨਾਲ 16 ਜੂਨ ਨੂੰ ਹੀ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੱਕਤ ਵਿਚ ਜੇਕਰ ਇਕ ਫੀਸਦੀ ਵੀ ਸਿੱਖੀ ਦਾ ਕਣ ਮੌਜੂਦ ਹੈ ਤਾਂ ਉਸ ਨੂੰ ਸ਼ਹੀਦੀ ਦਿਹਾੜੇ ਦੀ ਮਾਣ ਮਰਿਆਦਾ ਨੂੰ ਮੁੱਖ ਰੱਖਦਿਆਂ ਬਾਈਕਾਟ ਕਰਨ ਦਾ ਫੈਸਲਾ ਵਾਪਸ ਲੈਣਾ ਚਾਹੀਦਾ ਹੈ ਤੇ ਜਥਾ ਭੇਜ ਕੇ ਗੁਰੂ ਸਾਹਿਬ ਦੇ ਸ਼ਹੀਦੀ ਦਿਹਾੜੇ ਦੇ ਸਮਾਗਮ ਵਿਚ ਸੰਗਤਾਂ ਨੂੰ ਸ਼ਮੂਲੀਅਤ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ।

## ਪ੍ਰਧਾਨ ਨੇ ਪਾਕਿਸਤਾਨ ਸਰਕਾਰ ਉਤੇ ਸੁੱਟੀ ਜ਼ਿੰਮੇਵਾਰੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਦਾ ਕਹਿਣਾ ਹੈ ਕਿ ਸ਼ਹੀਦੀ ਪੁਰਬ ਮੌਕੇ ਪਾਕਿਸਤਾਨ ਦੇ ਗੁਰਧਾਮਾਂ ਦੇ ਦਰਸ਼ਨਾਂ ਵਾਸਤੇ ਜਥਾ ਨਾ ਭੇਜਣ ਲਈ ਸ਼੍ਰੋਮਣੀ ਕਮੇਟੀ ਨਹੀਂ ਸਗੋਂ ਪਾਕਿਸਤਾਨ ਸਰਕਾਰ ਅਤੇ ਹਾਈ ਕਮਿਸ਼ਨ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਜੇਕਰ ਸ਼੍ਰੋਮਣੀ ਕਮੇਟੀ ਵੱਲੋਂ ਜਥਾ ਨਾ ਭੇਜੇ ਜਾਣ ਦਾ ਰੋਸ ਹੈ ਤਾਂ ਉਨ੍ਹਾਂ ਨੂੰ ਗੰਭੀਰਤਾ ਨਾਲ ਵਿਚਾਰ ਕਰ ਕੇ ਪਾਕਿਸਤਾਨ ਸਰਕਾਰ ਅਤੇ ਹਾਈ ਕਮਿਸ਼ਨ ਨਾਲ ਗੱਲਬਾਤ ਰਾਹੀਂ ਮਸਲਾ ਹੱਲ ਕਰਵਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸਰਕਾਰ ਨੂੰ ਵੀਜ਼ੇ ਜਾਰੀ ਕਰਨ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਜੋ ਪੱਤਰ ਲਿਖਿਆ ਗਿਆ ਸੀ, ਉਸ ਦੀ ਇਕ ਕਾਪੀ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਭੇਜੀ ਗਈ ਸੀ, ਪਰ ਉਨ੍ਹਾਂ ਨੇ ਸ਼ਾਇਦ ਉਸ ਸਮੇਂ ਪਾਕਿਸਤਾਨ ਸਰਕਾਰ ਜਾਂ ਹਾਈ ਕਮਿਸ਼ਨ ਨਾਲ ਕੋਈ ਸੰਪਰਕ ਕਾਇਮ ਕਰਨ ਦੀ ਕੋਸ਼ਿਸ਼ ਨਹੀਂ ਕੀਤੀ।

## ਜੀ.ਕੇ. ਵੱਲੋਂ ਜਥਾ ਨਾ ਭੇਜਣ ਦਾ ਫੈਸਲਾ ਸਹੀ ਕਰਾਰ

**ਨਵੀਂ ਦਿੱਲੀ:** ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਸ਼ਹੀਦੀ ਦਿਹਾੜੇ ਮੌਕੇ ਪਾਕਿਸਤਾਨ ਯਾਤਰਾ ਲਈ ਜਥਾ ਨਾ ਭੇਜਣ ਦੇ ਫੈਸਲੇ ਨੂੰ ਸਹੀ ਦੱਸਿਆ। ਉਨ੍ਹਾਂ ਸਵਾਲ ਕੀਤਾ ਕਿ ਸਾਡੀ ਕੌਮ ਦੇ ਕੈਲੰਡਰ ਦੇ ਮਸਲੇ 'ਤੇ ਆਈ.ਐਸ.ਆਈ. ਦਖਲ-ਅੰਦਾਜ਼ੀ ਕਰਨ ਵਾਲੀ ਕੌਣ ਹੁੰਦੀ ਹੈ। ਪਾਕਿਸਤਾਨ ਓਕਾਫ ਬੋਰਡ ਵਿਚ ਆਈ.ਐਸ.ਆਈ. ਦੇ ਸੇਵਾਮੁਕਤ ਅਫਸਰਾਂ ਨੂੰ ਹੀ ਚੇਅਰਮੈਨ ਦੇ ਅਹੁਦੇ ਉਤੇ ਨਿਯੁਕਤ ਹੋਣ ਉਤੇ ਵੀ ਉਨ੍ਹਾਂ ਸਵਾਲ ਖੜੇ ਕੀਤੇ।

# ਮੁੱਖ ਸਕੱਤਰ ਉਤੇ ਇਕ ਵਾਰ ਫਿਰ ਮਿਹਰਬਾਨ ਹੋਈ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸਿੱਖ ਸੰਗਤ ਦੀ ਵਿਰੋਧਤਾ ਦੇ ਬਾਵਜੂਦ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਿੰਨ ਲੱਖ ਰੁਪਏ ਪ੍ਰਤੀ ਮਹੀਨੇ ਉਤੇ ਨਿਯੁਕਤ ਕੀਤੇ ਮੁੱਖ ਸਕੱਤਰ ਹਰਚਰਨ ਸਿੰਘ ਲਈ ਹੁਣ ਲੁਕਵੇਂ ਢੰਗ ਨਾਲ ਕੀਤੀਆਂ ਜਾ ਰਹੀਆਂ ਮਿਹਰਬਾਨੀਆਂ ਸਾਹਮਣੇ ਆਈਆਂ ਹਨ।

ਮਿਲੀ ਜਾਣਕਾਰੀ ਅਨੁਸਾਰ ਮੁੱਖ ਸਕੱਤਰ ਵੱਲੋਂ ਸਥਾਨਕ ਪੋਸ਼ ਖੇਤਰ ਵਿਚ ਕਿਰਾਏ ਉਤੇ ਲਈ ਕੋਠੀ ਦਾ ਕਿਰਾਇਆ ਵੀ ਹੁਣ ਸ਼੍ਰੋਮਣੀ ਕਮੇਟੀ ਗੋਲਕ ਵਿਚੋਂ ਤਾਰੇਗੀ। ਕੁਝ ਮਹੀਨੇ ਪਹਿਲਾਂ ਵੀ ਅਜਿਹੀ ਚਰਚਾ ਉਠਣ ਮਗਰੋਂ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਇਸ ਨੂੰ ਨਕਾਰ ਦਿੱਤਾ ਸੀ, ਪਰ ਹੁਣ ਅੰਦਰਖਾਤੇ ਹੀ ਇਸ ਨੂੰ ਪ੍ਰਵਾਨਗੀ ਦਿੰਦਿਆਂ, ਬੀਤੇ ਦਿਨੀਂ ਗੁਰਦੁਆਰਾ ਦੇਗਸਰ ਕਟਾਣਾ ਵਿਖੇ ਹੋਈ ਅੰਤ੍ਰਿੰਗ ਕਮੇਟੀ ਦੀ ਬੈਠਕ ਵਿਚ ਚੁੱਪਚਾਪ ਮਾਨਤਾ ਦੇ ਦਿੱਤੀ ਗਈ, ਜੋ ਕਿ ਇਕੱਤਰਤਾ ਦੇ ਏਜੰਡੇ ਦੀ 186 ਮਦ ਵਜੋਂ ਦਰਜ ਹੈ। ਰਿਕਾਰਡ ਵਿਚ ਦਰਜ ਜਾਣਕਾਰੀ ਅਨੁਸਾਰ ਇਸ ਬਾਰੇ 31 ਮਾਰਚ ਨੂੰ ਸਿਫਾਰਸ਼ ਪ੍ਰਧਾਨ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਗਈ ਹੈ, ਜਦਕਿ ਪ੍ਰਵਾਨਗੀ ਦੀ ਪੁਸ਼ਟੀ ਪਤ੍ਰਿਕਾ ਨੰਬਰ-351 ਮਿਤੀ 16 ਅਪਰੈਲ 2016 ਨੂੰ ਕੀਤੀ ਗਈ ਹੈ।



ਇਸ ਮਾਮਲੇ ਵਿਚ ਵੱਡੀ ਹੈਰਾਨੀ ਇਹ ਹੈ ਕਿ ਸਥਾਨਕ ਰਣਜੀਤ ਐਵੀਨਿਊ ਵਿਚ ਸੀ ਬਲਾਕ ਦੀ ਕੋਠੀ ਨੰਬਰ- 2331 ਦਾ 45000 ਰੁਪਏ ਪ੍ਰਤੀ ਮਹੀਨਾ ਕਿਰਾਇਆ ਹੁਣ ਤੋਂ ਹੀ ਨਹੀਂ ਬਲਕਿ ਪਹਿਲੀ ਅਕਤੂਬਰ, 2015 ਤੋਂ ਜ਼ਮਾਨਤਨਾਮੇ ਸਮੇਤ ਗੁਰੂ ਦੀ ਗੋਲਕ ਵਿਚੋਂ ਦੇਣ ਦਾ ਫੈਸਲਾ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੀ ਮੁੱਖ ਸਕੱਤਰ ਲਈ ਵਿਸ਼ੇਸ਼ ਫਰਾਖਦਿਲੀ ਇਥੇ ਹੀ ਸਮਾਪਤ ਨਹੀਂ ਹੋਈ, ਸਗੋਂ ਉਨ੍ਹਾਂ ਦਾ ਅਹੁਦਾ ਬਚਾਉਣ ਲਈ ਲੋੜੀਂਦੀ ਅਦਾਲਤੀ ਪ੍ਰਕਿਰਿਆ ਵਿਚ ਮਹਿੰਗੇ ਵਕੀਲਾਂ ਦੀ ਨਿੱਜੀ ਫੀਸ ਦਾ ਭਾਰ ਵੀ ਸੰਗਤ ਦੇ ਪੈਸਿਆਂ 'ਤੇ ਪਾਇਆ ਜਾਵੇਗਾ।

ਮੁੱਖ ਸਕੱਤਰ ਦੀ ਨਿਯਮਾਂ ਤੋਂ ਪਰੇ ਹੋਈ ਨਿਯੁਕਤੀ ਖਿਲਾਫ਼ ਬਲਵਿੰਦਰ ਸਿੰਘ ਵੱਲੋਂ ਉਚ ਅਦਾਲਤ ਵਿਚ ਪਾਈ ਸਿਵਲ ਰਿੱਟ ਪਟੀਸ਼ਨ ਵਿਰੁੱਧ ਲੜਨ ਲਈ ਮੁੱਖ ਸਕੱਤਰ ਦੇ ਪੈਰੋਕਾਰ ਵਕੀਲ ਦੀ ਫੀਸ ਲਈ ਢਾਈ ਲੱਖ ਰੁਪਏ ਵੀ ਸ਼੍ਰੋਮਣੀ ਕਮੇਟੀ ਨੇ ਪ੍ਰਵਾਨ ਕੀਤੇ ਹਨ। ਇਹ ਸੂਚਨਾ ਅੰਤ੍ਰਿੰਗ ਕਮੇਟੀ ਦੇ ਏਜੰਡਿਆਂ ਵਿਚ 17 ਨੰਬਰ ਮਦ ਵਜੋਂ ਸ਼ਾਮਲ ਹੈ।

### ਸੰਵਿਧਾਨਕ ਨੁਕਤੇ ਤੋਂ ਜਾਇਜ਼ ਨਹੀਂ ਹੈ ਨਿਯੁਕਤੀ

**ਅੰਮ੍ਰਿਤਸਰ:** ਮੁੱਖ ਸਕੱਤਰ ਦੀ ਨਿਯੁਕਤੀ ਸਬੰਧੀ ਸੰਵਿਧਾਨਕ ਨੁਕਤੇ ਘੋਖੀਏ ਤਾਂ ਗੁਰਦੁਆਰਾ ਐਕਟ ਵਿਚ ਅਜਿਹਾ ਕੋਈ ਅਹੁਦਾ ਨਹੀਂ ਹੈ। ਇਤਿਹਾਸਕ ਤੱਥਾਂ ਅਨੁਸਾਰ 1927 'ਚ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਨੇ ਸਕੱਤਰ ਦੇ ਇਕ ਅਹੁਦੇ ਨੂੰ ਮਾਨਤਾ ਦਿੱਤੀ ਸੀ ਅਤੇ 1955 ਵਿਚ ਪੈਪਸੂ ਤੇ ਪੰਜਾਬ ਦੇ ਰਲੇਵੇਂ ਮਗਰੋਂ 2 ਸਕੱਤਰ ਬਣ ਗਏ। ਗੁਰਦੁਆਰਾ ਐਕਟ 1925 ਦੀ ਨਿਯਮਾਂਵਲੀ ਵਿਚ ਧਾਰਾ 130-1 ਅਤੇ 132-1 ਅਨੁਸਾਰ ਸ਼੍ਰੋਮਣੀ ਕਮੇਟੀ ਨੂੰ ਪ੍ਰਬੰਧ ਸਕੀਮ, ਨਿਯਮ-ਉਪਨਿਯਮ ਤੇ ਸੇਵਾ ਨਿਯਮ ਬਣਾਉਣ ਦਾ ਅਧਿਕਾਰ ਹੈ, ਪਰ ਇਨ੍ਹਾਂ ਨੂੰ ਲਾਗੂ ਕਰਨ ਲਈ ਸਰਕਾਰ ਤੋਂ ਪ੍ਰਵਾਨਗੀ ਲੈਣੀ ਲਾਜ਼ਮੀ ਹੈ। ਐਕਟ ਦੇ ਨਿਯਮ 41 ਅਤੇ 44 ਅਨੁਸਾਰ ਪ੍ਰਬੰਧ ਚਲਾਉਣ ਲਈ ਪ੍ਰਧਾਨ ਅਤੇ ਸਕੱਤਰ ਦੀ ਪਦਵੀ ਤਾਂ ਰੱਖੀ ਗਈ ਹੈ ਪਰ ਮੁੱਖ ਸਕੱਤਰ ਦਾ ਅਹੁਦਾ ਕਿਤੇ ਦਰਜ ਨਹੀਂ। ਸਕੱਤਰ ਦੀ ਨਿਯੁਕਤੀ ਤਨਖਾਹਦਾਰ ਮੁਲਾਜ਼ਮ ਵਜੋਂ ਦਰਜ ਗ੍ਰੇਡਾਂ ਅਨੁਸਾਰ ਹੋ ਸਕਦੀ ਹੈ ਅਤੇ ਮੌਜੂਦਾ ਗ੍ਰੇਡਾਂ ਸਬੰਧੀ ਨਿਯਮ 18,19,20 ਤਹਿਤ ਘੱਟੋ-ਘੱਟ 25375 ਤੋਂ ਵੱਧ ਤੋਂ ਵੱਧ 48250 ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾ ਸਕਦੀ ਹੈ ਪਰ 3 ਲੱਖ ਮਹੀਨਾ ਕਿਸ ਨਿਯਮ ਤਹਿਤ ਹੈ, ਇਸ ਦਾ ਜਵਾਬ ਕਿਸੇ ਕੋਲ ਨਹੀਂ।

## ਤਾਜ ਮਹਿਲ ਪੈ ਰਿਹਾ ਹੈ ਪੀਲਾ

**ਨਵੀਂ ਦਿੱਲੀ:** ਆਗਰਾ ਵਿਚ ਨਗਰ ਨਿਗਮ ਵੱਲੋਂ ਕੂੜੇ ਨੂੰ ਵੱਡੀ ਪੱਧਰ 'ਤੇ ਅੱਗ ਲਾਉਣ ਕਾਰਨ ਤਾਜ ਮਹਿਲ ਦਾ ਰੰਗ ਪੀਲਾ ਪੈਣ ਦਾ ਦੋਸ਼ ਲਾਉਣ ਵਾਲੀ ਇਕ ਵਾਤਾਵਰਨ ਪ੍ਰੇਮੀ ਦੀ ਅਰਜ਼ੀ ਉਤੇ ਕੌਮੀ ਗਰੀਨ ਟ੍ਰਿਬਿਊਨਲ (ਐਨ.ਜੀ.ਟੀ.) ਨੇ ਕੇਂਦਰ ਸਰਕਾਰ ਤੋਂ ਜਵਾਬ ਮੰਗਿਆ ਹੈ। ਟ੍ਰਿਬਿਊਨਲ ਨੇ ਮਿਉਂਸਪਲ ਅਥਾਰਟੀਆਂ ਨੂੰ ਵੀ ਆਗਰਾ ਅਤੇ ਤਾਜ ਦੇ ਘੇਰੇ ਵਾਲੇ ਵਾਤਾਵਰਨ ਪੱਖੋਂ ਸੰਵੇਦਨਸ਼ੀਲ ਜ਼ੋਨ ਵਿਚ ਖੁੱਲ੍ਹੇ ਵਿਚ ਕੂੜਾ ਕਰਕਟ ਸਾੜਨ ਤੋਂ ਰੋਕ ਦਿੱਤਾ। ਐਨ.ਜੀ.ਟੀ. ਚੇਅਰਪਰਸਨ ਜਸਟਿਸ ਸਵਤੰਤਰ ਕੁਮਾਰ ਦੀ ਅਗਵਾਈ ਵਾਲੇ ਬੈਂਚ ਨੇ ਕੇਂਦਰੀ ਵਾਤਾਵਰਨ ਤੇ ਜੰਗਲਾਤ ਮੰਤਰਾਲੇ, ਸ਼ਹਿਰੀ ਵਿਕਾਸ ਮੰਤਰਾਲੇ, ਉੱਤਰ ਪ੍ਰਦੇਸ਼ ਸਰਕਾਰ, ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਤੇ ਹੋਰਾਂ ਨੂੰ ਨੋਟਿਸ ਜਾਰੀ ਕਰ ਕੇ ਦੋ ਹਫਤਿਆਂ ਵਿਚ ਜਵਾਬ ਮੰਗਿਆ ਹੈ। ਇਹ ਹੁਕਮ ਆਗਰਾ ਵਾਸੀ ਅਤੇ ਵਾਤਾਵਰਨ ਪ੍ਰੇਮੀ ਡੀ.ਕੇ. ਜੋਸ਼ੀ ਦੀ ਅਰਜ਼ੀ ਉਤੇ ਆਏ। ਜੋਸ਼ੀ ਨੇ ਦਾਅਵਾ ਕੀਤਾ ਕਿ ਆਈ.ਆਈ.ਟੀ.-ਕਾਨਪੁਰ, ਜਾਰਜੀਆ ਇੰਸਟੀਚਿਊਟ ਆਫ ਤਕਨਾਲੋਜੀ ਤੇ ਯੂਨੀਵਰਸਿਟੀ ਵਿਸਕੌਨਸਨ ਨਾਲ ਮਿਲ ਕੇ ਕੀਤੀ ਖੋਜ ਵਿਚ ਪਤਾ ਚੱਲਿਆ ਕਿ 17ਵੀਂ ਸਦੀ ਵਿਚ ਸਫੈਦ ਮਾਰਬਲ ਨਾਲ ਬਣੀ ਇਸ ਯਾਦਗਾਰ ਦੀ ਪੀਲੀ ਭਾਹ ਪਿੱਛੇ ਧੂੜ ਵਿਚ ਮਿਲੇ ਭੂਰੇ ਤੇ ਕਾਲੇ ਕਾਰਬਨ ਕਣ ਹਨ। ਵਕੀਲ ਰਾਹੁਲ ਚੌਧਰੀ ਰਾਹੀਂ ਦਾਇਰ ਅਰਜ਼ੀ ਵਿਚ ਉਨ੍ਹਾਂ ਕਿਹਾ ਕਿ ਵਾਤਾਵਰਨ ਬਾਰੇ ਸੰਸਦ ਦੀ ਸਥਾਈ ਕਮੇਟੀ ਨੇ ਇਸ ਰਿਪੋਰਟ ਮਗਰੋਂ ਆਗਰਾ ਪ੍ਰਸ਼ਾਸਨ ਨੂੰ ਸ਼ਹਿਰ ਵਿਚ ਪ੍ਰਦੂਸ਼ਣ ਨੂੰ ਠੱਲ੍ਹ ਪਾਉਣ ਲਈ ਕਈ ਹਦਾਇਤਾਂ ਜਾਰੀ ਕੀਤੀਆਂ ਹਨ।



## ਬੇਅਦਬੀ ਕਾਂਡ ਬਾਰੇ ਸਰਕਾਰੀ ਢਿੱਲ 'ਤੇ ਸਵਾਲ

**ਕੋਟਕਪੂਰਾ:** ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰੂ ਘਰ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਹੋਣ ਦੀ ਘਟਨਾ ਨੂੰ ਇਕ ਵਰ੍ਹਾ ਬੀਤਣ 'ਤੇ ਪਿੰਡ ਬਰਗਾੜੀ ਦੇ ਗੁਰੂ ਘਰ ਵਿਚ ਪਸ਼ਚਾਤਾਪ ਵਜੋਂ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਸਮਾਗਮ ਵਿਚ ਪੁੱਜੇ ਸਰਬੱਤ ਖਾਲਸਾ ਵੱਲੋਂ ਥਾਪੇ ਗਏ ਤਖ਼ਤਾਂ ਦੇ ਜਥੇਦਾਰਾਂ ਅਤੇ ਹੋਰ ਸਿੱਖ ਆਗੂਆਂ ਨੇ ਬੇਅਦਬੀ ਦੇ ਦੋਸ਼ੀਆਂ ਨੂੰ ਨਾ ਫੜੇ ਜਾਣ ਕਾਰਨ ਪੰਜਾਬ ਸਰਕਾਰ ਦੀ ਨਿੰਦਾ ਕੀਤੀ। ਉਨ੍ਹਾਂ ਅਪੀਲ ਕੀਤੀ ਕਿ ਆਪਣੇ ਗੁਰੂ ਪ੍ਰਤੀ ਦਰਦਮੰਦ ਸਿੱਖ ਕੌਮ ਇਕ ਝੰਡੇ ਹੇਠ ਇਕੱਠੀ ਹੋਵੇ ਤਾਂ ਜੋ ਪੰਥ ਦੋਖੀ ਹਕੂਮਤਾਂ ਨੂੰ ਸੱਤਾ ਤੋਂ ਲਾਂਭੇ ਕੀਤਾ ਜਾ ਸਕੇ। ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਤਖ਼ਤਾਂ ਦੀ ਮਾਣ-ਮਰਿਆਦਾ ਅਤੇ ਸਤਿਕਾਰ ਨੂੰ ਢਾਹ ਲਾਉਣ ਦੇ ਦੋਸ਼ ਲਾਉਂਦਿਆਂ ਉਨ੍ਹਾਂ ਕਿਹਾ ਕਿ ਤਖ਼ਤਾਂ ਦੀ ਸਰਵ ਉੱਚਤਾ ਦੀ ਬਹਾਲੀ ਲਈ ਸਮੁੱਚੀ ਸਿੱਖ ਕੌਮ ਨੂੰ ਜਾਗ੍ਰਿਤ ਹੋ ਕੇ ਇਕ ਮੰਚ 'ਤੇ ਆਉਣਾ ਪਵੇਗਾ। ਉਨ੍ਹਾਂ ਆਖਿਆ ਕਿ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਸਰਕਾਰ ਨੇ ਦੋ ਮਹੀਨਿਆਂ ਵਿਚ ਦੇਣ ਦੀ ਗੱਲ ਕਹੀ ਸੀ ਪਰ ਇੰਨਾ ਅਰਸਾ ਬੀਤਣ 'ਤੇ ਵੀ ਰਿਪੋਰਟ ਤਿਆਰ ਨਾ ਹੋਣ ਦੇ ਕਾਰਨਾਂ ਦਾ ਸਰਕਾਰ ਨੂੰ ਜਵਾਬ ਦੇਣਾ ਚਾਹੀਦਾ ਹੈ।ਸਮਾਗਮ ਨੂੰ ਸਰਬੱਤ ਖਾਲਸਾ ਵੱਲੋਂ ਥਾਪੇ ਗਏ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਧਿਆਨ ਸਿੰਘ ਮੰਡ, ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਸੰਤ ਬਲਜੀਤ ਸਿੰਘ ਦਾਦੂਵਾਲ, ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਅਮਰੀਕ ਸਿੰਘ ਅਜਨਾਲਾ ਨੇ ਸੰਬੋਧਨ ਕੀਤਾ।



### ਐਨ.ਆਈ.ਏ. ਦੀ ਪਾਕਿ ਨੂੰ ਕਲੀਨ ਚਿੱਟ ਉਤੇ ਵਿਵਾਦ

**ਨਵੀਂ ਦਿੱਲੀ:** ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਦੇ ਮੁਖੀ ਸ਼ਰਦ ਕੁਮਾਰ ਦੇ ਉਸ ਬਿਆਨ ਉਤੇ ਭਾਰਤ ਤੇ ਪਾਕਿਸਤਾਨ ਵਿਚਾਲੇ ਵਿਵਾਦ ਪੈਦਾ ਹੋ ਗਿਆ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਪਠਾਨਕੋਟ ਹਮਲੇ ਨੂੰ ਅੰਜਾਮ ਦੇਣ ਲਈ ਜੈਸ਼-ਏ-ਮੁਹੰਮਦ ਦੀ ਮਦਦ ਵਿਚ ਹੁਣ ਤੱਕ ਪਾਕਿਸਤਾਨ ਸਰਕਾਰ ਜਾਂ ਇਸ ਦੀ ਕਿਸੇ ਏਜੰਸੀ ਦਾ ਹੱਥ ਨਹੀਂ ਹੈ। ਇਸ ਬਿਆਨ ਤੋਂ ਬਾਅਦ ਭਾਰਤ ਨੇ ਸਪਸ਼ਟ ਕੀਤਾ ਹੈ ਕਿ ਪਠਾਨਕੋਟ ਹਮਲੇ ਵਿਚ ਪਾਕਿਸਤਾਨੀ ਨਾਗਰਿਕਾਂ ਦਾ ਸ਼ਾਮਲ ਹੋਣਾ ਮੰਨਿਆ ਜਾ ਚੁੱਕਿਆ ਸੱਚ ਹੈ। ਆਪਣੇ ਅਫਸਰਦੇ ਬਿਆਨ ਤੋਂ ਐਨ.ਆਈ.ਏ. ਭਾਵੇਂ ਪੈਰ ਖਿੱਚ ਰਹੀ ਹੈ, ਪਰ ਪਾਕਿਸਤਾਨ ਨੇ ਇਸ ਬਿਆਨ ਨੂੰ ਆਪਣੇ ਹੱਕ ਵਿਚ ਵਰਤਦਿਆਂ ਕਿਹਾ ਹੈ ਕਿ ਐਨ.ਆਈ.ਏ. ਦੇ ਮੁਖੀ ਨੇ ਜੋ ਕਿਹਾ ਹੈ, ਉਹ ਲੰਬੇ ਸਮੇਂ ਤੋਂ ਕੀਤੇ ਜਾ ਰਹੇ ਉਸ ਦੇ ਦਾਅਵੇ 'ਤੇ ਮੋਹਰ ਹੈ।

ਏਜੰਸੀ ਦੇ ਮੁਖੀ ਨੇ ਇਕ ਟੀ.ਵੀ. ਨੂੰ ਦਿੱਤੀ ਗਈ ਇੰਟਰਵਿਊ ਕਾਰਨ ਇਹ ਵਿਵਾਦ ਛਿੜਿਆ ਹੈ। ਉਨ੍ਹਾਂ ਕਿਹਾ ਸੀ- "ਅਜੇ ਤੱਕ ਅਜਿਹਾ ਕੋਈ ਸਬੂਤ ਨਹੀਂ ਕਿ ਪਾਕਿਸਤਾਨ ਸਰਕਾਰ ਜਾਂ ਪਾਕਿਸਤਾਨ ਸਰਕਾਰ ਦੀ ਕਿਸੇ ਏਜੰਸੀ ਨੇ ਪਠਾਨਕੋਟ ਹਮਲੇ ਨੂੰ ਅੰਜਾਮ ਦੇਣ ਵਿਚ ਜੈਸ਼ ਜਾਂ ਮੁਹੰਮਦ ਅਜ਼ਹਰ ਜਾਂ ਉਸ ਦੇ ਸਾਥੀਆਂ ਦੀ ਮਦਦ ਕੀਤੀ।" ਬਾਅਦ ਵਿਚ ਐਨ.ਆਈ.ਏ. ਨੇ ਬਿਆਨ ਵਿਚ ਕਿਹਾ ਕਿ ਪਠਾਨਕੋਟ ਹਮਲੇ ਬਾਰੇ ਏਜੰਸੀ ਦੇ ਮੁਖੀ ਦੇ ਹਵਾਲੇ ਨਾਲ ਜੋ ਵੀ ਕਿਹਾ ਗਿਆ ਹੈ, ਉਸ ਦਾ ਖੰਡਨ ਕੀਤਾ ਜਾਂਦਾ ਹੈ, ਕਿਉਂਕਿ ਬਿਆਨ ਨੂੰ ਗਲਤ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਉਧਰ ਵਿਦੇਸ਼ ਮੰਤਰਾਲੇ ਮੁਤਾਬਕ, ਸਰਕਾਰ ਦਾ ਮੱਤ ਇਹ ਹੈ ਕਿ ਪਠਾਨਕੋਟ ਏਅਰਬੇਸ 'ਤੇ ਹੋਏ ਹਮਲੇ 'ਚ ਪਾਕਿਸਤਾਨੀ ਨਾਗਰਿਕਾਂ ਦਾ ਸ਼ਾਮਲ ਹੋਣਾ ਮੰਨਿਆ ਹੋਇਆ ਸੱਚ ਹੈ।

## ਵਿੱਤੀ ਸੰਕਟ: ਪੰਜਾਬ ਦਾ ਵਾਲ-ਵਾਲ ਕਰਜ਼ੇ ਵਿਚ ਡੁੱਬਿਆ

**ਚੰਡੀਗੜ੍ਹ:** ਪੰਜਾਬ ਦਾ ਵਿੱਤੀ ਸੰਕਟ ਗੰਭੀਰ ਹੁੰਦਾ ਜਾ ਰਿਹਾ ਹੈ। ਸੂਬਾ ਸਰਕਾਰ ਨੇ ਭਾਵੇਂ ਕਦੀ ਇਹ ਗੱਲ ਕਬੂਲ ਨਹੀਂ ਕੀਤੀ ਪਰ ਹਕੀਕਤ ਇਹ ਹੈ ਕਿ ਨੌਂ ਸਾਲ ਪਹਿਲਾਂ ਪੰਜਾਬ ਸਰਕਾਰ ਸਿਰ ਬੈਂਕਾਂ ਤੇ ਹੋਰ ਵਿੱਤੀ ਸੰਸਥਾਵਾਂ ਦਾ 55000 ਕਰੋੜ ਰੁਪਏ ਦਾ ਕਰਜ਼ਾ ਸੀ, ਜੋ ਹੁਣ ਵਧ ਕੇ 1.25 ਲੱਖ ਕਰੋੜ ਹੋ ਗਿਆ ਹੈ।

ਪਿਛਲੇ ਵਰ੍ਹਿਆਂ ਵਿਚ ਸਰਕਾਰ ਨੇ ਵੱਖ-ਵੱਖ ਸ਼ਹਿਰਾਂ ਵਿਚ ਆਪਣੀਆਂ ਬਹੁਤ ਸਾਰੀਆਂ ਜਾਇਦਾਦਾਂ ਗਹਿਣੇ ਰੱਖ ਕੇ ਕਰਜ਼ੇ ਲਏ ਹਨ। ਪੰਜਾਬ ਦੇ ਬਹੁਤੇ ਸਰਕਾਰੀ ਵਿਭਾਗ ਆਪਣੀਆਂ ਬਣਦੀਆਂ ਅਦਾਇਗੀਆਂ ਕਰਨ ਤੋਂ ਅਸਮਰੱਥ ਹਨ। ਸਿਰਫ ਪਾਵਰਕੌਮ ਨੇ ਹੀ 35 ਸਰਕਾਰੀ ਵਿਭਾਗਾਂ ਤੋਂ ਸੈਂਕੜੇ ਕਰੋੜਾਂ ਰੁਪਏ ਲੈਣੇ ਹਨ।

ਬਿਜਲੀ ਬਿੱਲਾਂ ਦੀ ਰਕਮ ਪਹਿਲਾਂ ਪੌਣੇ ਤਿੰਨ ਸੌ ਕਰੋੜ ਦੇ ਕਰੀਬ ਸੀ, ਜੋ ਹੁਣ ਵਧ ਕੇ ਦੁੱਗਣੀ ਹੋ ਗਈ ਹੈ। ਜਨ ਸਿਹਤ ਵਿਭਾਗ ਵੱਲ ਬੋਰਡ ਦੇ 300 ਕਰੋੜ ਰੁਪਏ ਦੇ ਕਰੀਬ ਰਹਿੰਦੇ ਹਨ। ਪੁਲਿਸ, ਸਿੰਚਾਈ ਵਿਭਾਗ, ਸਥਾਨਕ ਸਰਕਾਰਾਂ ਅਤੇ ਜਨ ਸਿਹਤ ਵਿਭਾਗ ਵੱਲ ਪਾਵਰਕੌਮ ਦੀਆਂ ਵੱਡੀਆਂ ਰਕਮਾਂ ਖੜ੍ਹੀਆਂ ਹਨ। ਕਿਸਾਨਾਂ ਨੂੰ ਕਣਕ ਦੀ ਅਦਾਇਗੀ ਵਿਚ ਆ ਰਹੀਆਂ ਮੁਸ਼ਕਲਾਂ ਦਾ ਇਹ ਵੀ ਇਕ ਵੱਡਾ ਕਾਰਨ ਕਿਹਾ ਜਾ ਸਕਦਾ ਹੈ ਕਿ ਸਰਕਾਰ ਦਾ ਕੇਂਦਰੀ ਵਿੱਤੀ ਅਦਾਰਿਆਂ ਨਾਲ ਲੈਣ-ਦੇਣ ਪਾਰਦਰਸ਼ੀ ਤੇ ਸਪੱਸ਼ਟ ਨਹੀਂ ਹੈ।

ਸਰਕਾਰ ਦੀ ਆਟਾ-ਦਾਲ ਦੀ ਸਕੀਮ ਵੀ ਵਿਚਾਲੇ ਲਟਕ ਰਹੀ ਹੈ। ਵਿਦਿਆਰਥੀਆਂ ਲਈ ਸਾਈਕਲ ਸਕੀਮ ਚਲਾਈ ਗਈ ਸੀ ਅਤੇ ਹੁਣ ਲੋੜਵੰਦਾਂ ਲਈ ਸਿਲਾਈ ਮਸ਼ੀਨਾਂ ਵੰਡਣ ਅਤੇ 5 ਲੱਖ ਐਲ.ਪੀ.ਜੀ. ਦੇ ਚੁੱਲ੍ਹੇ ਦੇਣ ਦੀਆਂ ਸਕੀਮਾਂ ਘੜੀਆਂ ਜਾ ਰਹੀਆਂ ਹਨ, ਜਿਨ੍ਹਾਂ 'ਤੇ ਡੇਢ ਸੌ ਕਰੋੜ ਦੇ ਕਰੀਬ ਖਰਚ ਆਉਣ ਦੇ ਅੰਦਾਜ਼ੇ ਲਗਾਏ ਜਾ ਰਹੇ ਹਨ।

ਪਿਛਲੇ ਦਿਨੀਂ ਸਰਕਾਰ ਨੇ ਐਮਰਜੈਂਸੀ ਦੇ ਸਮੇਂ ਦੌਰਾਨ ਅਤੇ ਪੰਜਾਬੀ ਸੂਬੇ ਦੇ ਮੋਰਚਿਆਂ ਲਈ ਸੰਘਰਸ਼ ਕਰਨ ਵਾਲਿਆਂ ਲਈ ਪੈਨਸ਼ਨਾਂ ਅਤੇ ਹੋਰ ਸਹੂਲਤਾਂ ਦੇਣ ਦਾ ਐਲਾਨ ਵੀ ਕੀਤਾ ਹੈ। ਸਿਰਫ ਜਲੰਧਰ ਦੀਆਂ ਤਿੰਨ ਅਹਿਮ ਸਰਕਾਰੀ ਥਾਵਾਂ ਨੂੰ ਗਹਿਣੇ ਰੱਖ ਕੇ ਸਰਕਾਰ ਨੇ 400 ਕਰੋੜ ਰੁਪਏ ਦੇ ਕਰੀਬ ਕਰਜ਼ਾ ਲਿਆ ਹੈ। ਇਥੋਂ ਤੱਕ ਕਿ ਹੁਣ ਹਾਈ ਕੋਰਟ ਨੇ ਵੀ ਮਾੜੀ ਹੁੰਦੀ ਜਾਂਦੀ ਆਰਥਿਕਤਾ ਸਬੰਧੀ ਟਿੱਪਣੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਲੰਬੇ ਸਮੇਂ ਤੋਂ ਪੈਨਸ਼ਨਾਂ ਅਤੇ ਸੇਵਾ-ਮੁਕਤੀ ਦੇ ਲਾਭਾਂ ਤੋਂ ਵਾਂਝੇ ਰਹੇ ਲੋਕਾਂ ਨੇ ਅਦਾਲਤ ਦਾ ਦਰਵਾਜ਼ਾ ਖੜਕਾਇਆ ਹੈ।

ਅਦਾਲਤ ਨੇ ਇਸ ਸਬੰਧੀ ਸਖਤ ਟਿੱਪਣੀਆਂ ਵੀ ਕੀਤੀਆਂ ਹਨ ਅਤੇ ਸਰਕਾਰ ਨੂੰ ਇਹ ਵੀ ਕਿਹਾ ਹੈ ਕਿ ਉਹ ਇਨ੍ਹਾਂ ਜ਼ਰੂਰੀ ਕੰਮਾਂ ਲਈ ਕੀਤੇ ਜਾਣ ਵਾਲੇ ਵਿੱਤੀ ਪ੍ਰਬੰਧਾਂ ਦਾ ਖੁਲਾਸਾ ਪੇਸ਼ ਕਰੇ। ਉੱਚ ਅਦਾਲਤ ਨੇ ਇਹ ਵੀ ਟਿੱਪਣੀ ਕੀਤੀ ਹੈ ਕਿ ਜੇਕਰ ਸਰਕਾਰ ਮੁਢਲੀਆਂ ਵਿੱਤੀ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਨਹੀਂ ਹੈ ਤਾਂ ਤੀਰਥ ਯਾਤਰਾਵਾਂ ਦੀਆਂ ਯੋਜਨਾਵਾਂ ਅਤੇ ਐਲਾਨੀਆਂ ਨਵੀਆਂ ਪੈਨਸ਼ਨਾਂ ਅਤੇ ਹੋਰ ਸਹੂਲਤਾਂ ਦਾ ਐਲਾਨ ਕਿਸ ਆਧਾਰ 'ਤੇ ਕੀਤਾ ਜਾ ਰਿਹਾ ਹੈ। ਕਰਜ਼ੇ ਲੈ ਕੇ ਵਿਕਾਸ ਕਾਰਜ ਕਰਨ ਨਾਲ ਵਿਆਜ ਅਤੇ ਕਰਜ਼ੇ ਦੀ ਪੰਡ ਸਿਰੋਂ ਨਹੀਂ ਲਾਹੀ ਜਾ ਸਕਦੀ, ਸਗੋਂ ਇਹ ਕਿਸੇ ਵੀ ਨਵੀਂ ਸਰਕਾਰ ਨੂੰ ਕਸੂਤੀ ਸਥਿਤੀ ਵਿਚ ਪਾ ਸਕਦੀ ਹੈ।

### ਲੋਕ ਲੁਭਾਊ ਸਕੀਮਾਂ ਨੇ ਬੇੜਾ ਡੋਬਿਆ

**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪੰਜਾਬ ਸਰਕਾਰ ਲੋਕਾਂ ਲਈ ਸਹੂਲਤਾਂ ਦੀ ਝੜੀ ਲਾਈ ਹੋਈ ਹੈ। ਹੁਣ ਪਿਛਲੇ ਸੱਤ ਸਾਲਾਂ ਦੌਰਾਨ ਸ਼ਗਨ ਸਕੀਮ ਤੋਂ ਵਾਂਝੀਆਂ ਧੀਆਂ ਨੂੰ ਸ਼ਗਨ ਦੇਣ ਦਾ ਫੈਸਲਾ ਕੀਤਾ ਹੈ। ਸੂਬੇ ਵਿਚ ਸ਼ਗਨ ਸਕੀਮ ਹੇਠ ਪਹਿਲੀ ਅਪਰੈਲ 2009 ਤੋਂ 31 ਮਾਰਚ 2016 ਤੱਕ ਬਿਨੈ-ਪੱਤਰ ਨਾ ਦੇ ਸਕਣ ਵਾਲੇ ਯੋਗ ਪਰਿਵਾਰਾਂ ਨੂੰ ਇਸ ਸਕੀਮ ਅਧੀਨ ਵਿਚਾਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਮੰਤਰੀ ਮੰਡਲ ਦੇ ਫੈਸਲੇ ਮੁਤਾਬਕ ਜੋ ਬਿਨੈਕਾਰ ਮਿਥੇ ਸਮੇਂ 'ਚ ਅਰਜ਼ੀ ਨਹੀਂ ਦੇ ਸਕੇ, ਉਨ੍ਹਾਂ ਨੂੰ ਚਾਲੂ ਵਿੱਤੀ ਸਾਲ ਦੌਰਾਨ ਸਕੀਮ ਦੇ ਘੇਰੇ ਹੇਠ ਲਿਆਂਦਾ ਜਾਵੇਗਾ। ਇਸ ਤੋਂ ਇਲਾਵਾ ਇਸਾਈ, ਸੈਣੀ ਤੇ ਰਾਮਗੜ੍ਹੀਆ ਭਾਈਚਾਰੇ ਲਈ ਵੱਖਰੇ ਬੋਰਡ ਸਥਾਪਤ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਹ ਬੋਰਡ ਇਨ੍ਹਾਂ ਭਾਈਚਾਰਿਆਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਘੋਖਣਗੇ ਅਤੇ ਇਨ੍ਹਾਂ ਦੇ ਹੱਲ ਲਈ ਆਪਣੇ ਸੁਝਾਅ ਦੇਣਗੇ।

## ਸੁਰੱਖਿਆ ਖ਼ਰਚਾ ਜਾਟ ਆਗੂਆਂ ਤੋਂ ਵਸੂਲਣ ਲਈ ਵਿਚਾਰਾਂ

**ਚੰਡੀਗੜ੍ਹ:** ਹਰਿਆਣਾ ਸਰਕਾਰ ਜਾਟ ਰਾਖਵਾਂਕਰਨ ਅੰਦੋਲਨ ਦੇ ਮੱਦੇਨਜ਼ਰ ਸੂਬੇ ਵਿਚ ਤਾਇਨਾਤ ਕੀਤੇ ਗਏ ਕੇਂਦਰੀ ਸਲਾਮਤੀ ਦਸਤਿਆਂ ਉਤੇ ਆ ਰਹੇ ਰੋਜ਼ਾਨਾ ਇਕ ਕਰੋੜ ਰੁਪਏ ਖਰਚੇ ਦੀ ਵਸੂਲੀ ਦੇ ਰਾਹ ਤਲਾਸ਼ ਰਹੀ ਹੈ। ਸਰਕਾਰ ਵੱਲੋਂ ਇਹ ਵਸੂਲੀ ਹਿੰਸਾ ਅਤੇ ਅੱਗਜ਼ਨੀ ਦੇ ਮਾਮਲਿਆਂ ਵਿਚ ਜਵਾਬਦੇਹੀ ਤੈਅ ਕਰਨ ਸਬੰਧੀ ਸੁਪਰੀਮ ਕੋਰਟ ਵੱਲੋਂ ਦਿੱਤੀਆਂ ਸੇਧਾਂ ਮੁਤਾਬਕ ਕਰਨ ਉਤੇ ਵਿਚਾਰ ਕੀਤੀ ਜਾ ਰਹੀ ਹੈ।

ਸਰਕਾਰ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ, "ਅਸੀਂ ਬੜੀ ਸੰਜੀਦਗੀ ਨਾਲ ਸੂਬੇ ਵਿਚ ਨੀਮ ਫ਼ੌਜੀ ਦਸਤਿਆਂ ਦੀ ਤਾਇਨਾਤੀ ਦਾ ਖ਼ਰਚਾ ਉਨ੍ਹਾਂ ਲੋਕਾਂ ਤੋਂ ਵਸੂਲਣ ਦੀ ਸੋਚ ਰਹੇ ਹਾਂ ਜੋ ਲੋਕਾਂ ਨੂੰ ਇਸ ਅੰਦੋਲਨ ਵਿਚ ਸ਼ਾਮਲ ਹੋਣ ਲਈ ਉਕਸਾ ਰਹੇ ਹਨ। ਉਨ੍ਹਾਂ ਲੋਕਾਂ ਕਾਰਨ ਹੀ ਸਰਕਾਰ ਨੂੰ ਇੰਨੀ ਭਾਰੀ ਰਕਮ ਸੁਰੱਖਿਆ ਲਈ ਖ਼ਰਚਣੀ ਪੈ ਰਹੀ ਹੈ ਜੋ ਆਮ ਹਾਲਾਤ ਵਿਚ ਰਾਜ ਦੇ ਵਿਕਾਸ ਲਈ ਖ਼ਰਚੀ ਜਾ ਸਕਦੀ ਸੀ।"

# ਪੰਜਾਬ ਟਾਈਮਜ਼

*ਸਨਿਚਰਵਾਰ, 11 ਜੂਨ 2016*

## ਰੁੜ੍ਹਦਾ ਪੰਜਾਬ ਅਤੇ ਸਿਆਸਤ

ਪੰਜਾਬ ਵਿਚ ਨਸ਼ਿਆਂ ਦੀ ਬਾਤ ਪਾਉਣ ਵਾਲੀ ਹਿੰਦੀ ਫਿਲਮ 'ਉੜਤਾ ਪੰਜਾਬ' ਅੱਜ ਕੱਲ੍ਹ ਚਰਚਾ ਵਿਚ ਹੈ। ਇਹ ਚਰਚਾ ਅਗਲੇ ਸਾਲ ਆ ਰਹੀਆਂ ਵਿਧਾਨ ਸਭਾ ਚੋਣਾਂ ਕਰ ਕੇ ਵਧੇਰੇ ਤਿੱਖੀ ਅਤੇ ਫੈਸਲਾਕੁਨ ਹੋ ਨਿਬੜੀ ਹੈ। ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਨੇ ਕੇਂਦਰ ਸਰਕਾਰ ਕੋਲ ਜਾ ਕੇ ਸਪਸ਼ਟ ਪੈਂਤੜਾ ਮੱਲਿਆ ਹੈ ਕਿ ਨਸ਼ਿਆਂ ਦੇ ਮਾਮਲੇ ਵਿਚ ਇਹ ਫਿਲਮ ਪੰਜਾਬ ਨੂੰ ਬਦਨਾਮ ਕਰਨ ਵਾਲੀ ਹੈ। ਦਰਅਸਲ ਅਕਾਲੀ ਆਗੂਆਂ ਨੂੰ ਖਦਸ਼ਾ ਹੈ ਕਿ ਨਸ਼ਿਆਂ ਦੇ ਮੁੱਦੇ ਨੂੰ ਵਿਚਾਰਨ ਵਾਲੀ ਇਹ ਫਿਲਮ ਸਿਆਸੀ ਤੌਰ 'ਤੇ ਇਨ੍ਹਾਂ ਦੇ ਖਿਲਾਫ ਭੁਗਤ ਜਾਣੀ ਹੈ। ਨਸ਼ਿਆਂ ਦੇ ਮੁੱਦੇ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਪਹਿਲਾਂ ਵੀ ਇਹੀ ਪੈਂਤੜਾ ਮੱਲੀ ਬੈਠੇ ਹਨ। ਇਨ੍ਹਾਂ ਆਗੂਆਂ ਮੁਤਾਬਕ, ਪੰਜਾਬ ਵਿਚ ਨਸ਼ਿਆਂ ਦੀ ਅਜਿਹੀ ਕੋਈ ਸਮੱਸਿਆ ਨਹੀਂ ਜਿਸ ਤਰ੍ਹਾਂ ਵਿਰੋਧੀ ਧਿਰ ਪ੍ਰਚਾਰ ਰਹੀ ਹੈ। ਉਂਜ ਵੀ ਅਕਾਲੀ ਦਲ ਦੀ ਸਿਆਸਤ ਅੱਜ ਕੱਲ੍ਹ ਵਿਵਾਦਾਂ ਵਿਚ ਘਿਰੀ ਹੋਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਾਲੀਆਂ ਘਟਨਾਵਾਂ, ਨਸ਼ਿਆਂ, ਬੇਰੁਜ਼ਗਾਰੀ, ਢੱਡਰੀਆਂਵਾਲਾ-ਧੁੰਮਾ ਟਕਰਾਅ ਅਤੇ ਅਜਿਹੇ ਹੋਰ ਮੁੱਦਿਆਂ ਬਾਰੇ ਅਕਾਲੀ ਦਲ ਦੀ ਨਾਕਸ ਪਹੁੰਚ ਕਾਰਨ ਲੋਕ ਬਹੁਤ ਰੋਹ ਅਤੇ ਰੋਸੇ ਵਿਚ ਹਨ। ਇਹ ਰੋਹ ਪਿਛਲੇ ਦਿਨੀਂ ਉਸ ਵਕਤ ਵੀ ਸਾਹਮਣੇ ਆ ਗਿਆ ਸੀ ਜਦੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਗਏ ਸਨ। ਉਥੇ ਅਰਦਾਸੀਏ ਸਿੰਘ ਨੇ ਉਨ੍ਹਾਂ ਨੂੰ ਸਿਰੋਪਾਓ ਦੇਣ ਤੋਂ ਨਾਂਹ ਕਰ ਦਿੱਤੀ ਸੀ। ਇਸ ਰੋਹ ਅਤੇ ਰੋਸੇ ਨੂੰ ਸਮਝ ਕੇ ਅਗਲਾ ਕਦਮ ਉਠਾਉਣ ਦੀ ਥਾਂ, ਉਲਟਾ ਸਜ਼ਾ ਵਜੋਂ ਉਸ ਅਰਦਾਸੀਏ ਸਿੰਘ ਦੀ ਬਦਲੀ ਕਰ ਦਿੱਤੀ ਗਈ। ਸੱਤਾਧਾਰੀਆਂ ਅੰਦਰ ਮੱਚੀ ਇਸ ਤਫਰਾ-ਤਫਰੀ ਦੀ ਇਕ ਹੋਰ ਮਿਸਾਲ ਸਾਕਾ ਨੀਲਾ ਤਾਰਾ ਨਾਲ ਸਬੰਧਤ ਸਮਾਗਮ ਮੌਕੇ ਵੀ ਸਾਹਮਣੇ ਆਈ। ਸਮਾਗਮ ਤੋਂ ਐਨ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੱਤਰਕਾਰਾਂ ਦੀ ਆਮਦ ਉਤੇ ਪਾਬੰਦੀ ਲਾ ਦਿੱਤੀ ਗਈ। ਇਸ ਮੁੱਦੇ ਉਤੇ ਬਹੁਤ ਜ਼ਿਆਦਾ ਨੁਕਤਾਚੀਨੀ ਅਤੇ ਵਿਰੋਧ ਹੋਣ ਤੋਂ ਬਾਅਦ ਇਹ ਪਾਬੰਦੀ ਵਾਪਸ ਲੈਣੀ ਪੈ ਗਈ।

ਤਕਨੀਕੀ ਤੌਰ 'ਤੇ ਫਿਲਮ ਸੈਂਸਰ ਬੋਰਡ ਦਾ ਕੰਮ ਫਿਲਮਾਂ ਦੇ ਵਰਗੀਕਰਨ ਦਾ ਹੈ। ਇਹ ਸੁਝਾਅ ਦਿੰਦਾ ਹੈ ਕਿ ਸਬੰਧਤ ਫਿਲਮ ਕਿਸ ਉਮਰ ਵਾਲੇ ਦਰਸ਼ਕ ਵਰਗ ਲਈ ਹੋਵੇਗੀ। ਇਹ ਗੱਲ ਫਿਲਮਸਾਜ਼ ਸ਼ਿਆਮ ਬੈਨੇਗਲ ਦੀ ਅਗਵਾਈ ਹੇਠ ਬਣਾਈ ਕਮੇਟੀ ਦੀ ਰਿਪੋਰਟ ਵਿਚ ਵੀ ਆਖੀ ਗਈ ਹੈ। ਇਹ ਰਿਪੋਰਟ 26 ਅਪਰੈਲ ਨੂੰ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਕੋਲ ਸੌਂਪ ਦਿੱਤੀ ਗਈ ਸੀ ਅਤੇ ਡੇਢ ਮਹੀਨੇ ਬਾਅਦ ਵੀ ਮੰਤਰਾਲੇ ਨੇ ਇਸ ਬਾਰੇ ਭਾਫ ਤਕ ਨਹੀਂ ਕੱਢੀ ਹੈ। ਇਸ ਰਿਪੋਰਟ ਮੁਤਾਬਕ, ਸੈਂਸਰ ਬੋਰਡ ਸਿਰਫ ਦੋ ਕਾਰਨਾਂ ਕਰ ਕੇ ਹੀ ਕਿਸੇ ਫਿਲਮ ਨੂੰ ਡੱਕ ਸਕਦਾ ਹੈ। ਇਕ ਤਾਂ ਜੇ ਫਿਲਮ ਮੁਲਕ ਦੇ ਹਿਤਾਂ ਦੇ ਖਿਲਾਫ ਹੋਵੇ ਜਾਂ ਨੈਤਿਕ ਕਦਰਾਂ-ਕੀਮਤਾਂ ਦੇ ਖਿਲਾਫ ਜਾਂਦੀ ਹੋਵੇ ਜਾਂ ਮਾਣਹਾਨੀ ਵਾਲੇ ਘੇਰੇ ਵਿਚ ਆਉਂਦੀ ਹੋਵੇ। ਦੂਜੇ, ਜੇ ਫਿਲਮ ਮਿਥੀਆਂ ਹੱਦਾਂ ਪਾਰ ਕਰ ਰਹੀ ਹੋਵੇ। ਹੁਣ 'ਉੜਤਾ ਪੰਜਾਬ' ਬਾਰੇ ਸੈਂਸਰ ਬੋਰਡ ਦੇ ਇਤਰਾਜ਼ ਸੁਣੋ! ਬੋਰਡ ਨੇ ਫਿਲਮ ਲਈ 89 ਕੱਟ ਲਾਉਣ ਦਾ ਸੁਝਾਅ ਦਿੱਤਾ ਹੈ ਅਤੇ ਮੰਗ ਕੀਤੀ ਹੈ ਕਿ ਫਿਲਮ ਵਿਚੋਂ ਪੰਜਾਬ ਨਾਲ ਸਬੰਧਤ ਹਰ ਵੇਰਵਾ ਕੱਢਿਆ ਜਾਵੇ। ਫਿਲਮ ਦੇ ਨਾਂ 'ਉੜਤਾ ਪੰਜਾਬ' ਵਿਚੋਂ 'ਪੰਜਾਬ' ਸ਼ਬਦ ਹਟਾਉਣ ਲਈ ਕਿਹਾ ਗਿਆ ਹੈ। ਇਸ ਫਿਲਮ ਦੇ ਸਹਿ-ਨਿਰਮਾਤਾ ਅਤੇ ਉਘੇ ਫਿਲਮਸਾਜ਼ ਅਨੁਰਾਗ ਕਸ਼ਯਪ ਨੇ ਇਸ ਮੁੱਦੇ 'ਤੇ ਸੈਂਸਰ ਬੋਰਡ ਨੂੰ ਲੰਮੇ ਹੱਥੀਂ ਲਿਆ ਹੈ। ਇਸ ਮਾਮਲੇ 'ਤੇ ਉਸ ਨੂੰ ਹਰ ਪਾਸਿਓਂ ਹਮਾਇਤ ਅਤੇ ਹਮਦਰਦੀ ਵੀ ਮਿਲੀ ਹੈ। ਅਨੁਰਾਗ ਇਸ ਲੜਾਈ ਬਾਰੇ ਐਨ ਸਪਸ਼ਟ ਹੈ। ਉਸ ਨੇ ਸੈਂਸਰ ਬੋਰਡ ਦੀ ਇਸ 'ਸਿਆਸੀ ਵਧੀਕੀ' ਖਿਲਾਫ ਤਾਂ ਮੋਰਚਾ ਖੋਲ੍ਹਿਆ ਹੀ ਹੈ, ਹਮਾਇਤ ਕਰ ਰਹੇ ਸਿਆਸੀ ਆਗੂਆਂ ਉਤੇ ਵੀ ਸਖਤ ਟਿੱਪਣੀਆਂ ਕੀਤੀਆਂ ਹਨ। ਉਸ ਦਾ ਕਹਿਣਾ ਹੈ ਕਿ ਇਸ ਮਸਲੇ ਨੂੰ ਇਉਂ ਸਿਆਸੀ ਰੰਗਤ ਨਾ ਹੀ ਦਿੱਤੀ ਜਾਵੇ, ਇਹ ਲੜਾਈ ਸੈਂਸਰਸ਼ਿਪ ਦੇ ਖਿਲਾਫ ਹੈ ਅਤੇ ਹੱਕਾਂ ਦੀ ਲੜਾਈ ਹੈ।

ਠੀਕ ਹੀ ਇਹ ਲੜਾਈ ਸੈਂਸਰਸ਼ਿਪ ਖਿਲਾਫ ਹੈ। ਇਸ ਸੈਂਸਰਸ਼ਿਪ ਦੀਆਂ ਜੜ੍ਹਾਂ ਦੋ ਸਾਲ ਪਹਿਲਾਂ ਹੋਂਦ ਵਿਚ ਆਈ ਮੋਦੀ ਸਰਕਾਰ ਵਿਚ ਹਨ। ਇਹ ਸਰਕਾਰ ਮੁੱਢ ਤੋਂ ਹੀ ਇਕ ਖਾਸ ਦਿਸ਼ਾ ਵਿਚ ਕੰਮ ਕਰ ਰਹੀ ਹੈ ਅਤੇ ਹਿੰਦੂਤਵੀ ਨੀਤੀਆਂ ਦੇ ਹਿਸਾਬ ਨਾਲ ਸਮੁੱਚੇ ਮੁਲਕ ਵਿਚ ਇਕਸਾਰਤਾ ਲਿਆਉਣ ਲਈ ਯਤਨ ਕਰ ਰਹੀ ਹੈ। ਸਿੱਖਿਆ ਦੇ ਖੇਤਰ ਵਿਚ ਇਸ ਨੇ ਬਹੁਤ ਡੂੰਘੀ ਘੁਸਪੈਠ ਕਰ ਲਈ ਹੈ ਅਤੇ ਕਲਾ ਦਾ ਖੇਤਰ ਇਸ ਦੇ ਏਜੰਡੇ ਉਤੇ ਹੈ। ਇਸ ਲਈ ਇਹ ਸਾਰੀ ਕਵਾਇਦ ਸੈਂਸਰ ਬੋਰਡ ਦੇ ਸਰਕਾਰੀ ਮੁਖੀ ਪਹਿਲਾਜ ਨਿਹਲਾਨੀ ਜਾਂ ਕਿਸੇ ਇਕ ਸ਼ਖਸੀਅਤ ਨਾਲ ਸਬੰਧ ਨਹੀਂ ਰੱਖਦੀ, ਸਗੋਂ ਇਸ ਦਾ ਸਬੰਧ ਉਨ੍ਹਾਂ ਨੀਤੀਆਂ ਨਾਲ ਹੈ ਜੋ ਜ਼ੋਰ-ਸ਼ੋਰ ਨਾਲ ਮੁਲਕ ਦੇ ਆਵਾਮ ਉਤੇ ਥੋਪੀਆਂ ਜਾ ਰਹੀਆਂ ਹਨ। ਸਿਤਮਜ਼ਰੀਫੀ ਇਹ ਹੈ ਕਿ ਪੰਜਾਬ ਦੇ ਹਾਕਮਾਂ ਨੂੰ ਇਸ ਬਾਰੇ ਇਲਮ ਹੀ ਨਹੀਂ ਹੋ ਰਿਹਾ, ਜਾਂ ਇਹ ਜਾਣ-ਬੁੱਝ ਕੇ ਅੱਖਾਂ ਮੀਚੀ ਬੈਠੇ ਹਨ। ਪਿਛਲੀਆਂ ਲੋਕ ਸਭਾ ਚੋਣਾਂ ਵੇਲੇ ਅਕਾਲੀ ਦਲ ਦੇ ਆਗੂ ਇਹ ਦਾਅਵੇ ਕਰਦੇ ਨਹੀਂ ਸੀ ਥੱਕਦੇ ਕਿ ਕੇਂਦਰ ਵਿਚ ਮੋਦੀ ਸਰਕਾਰ ਬਣਨ ਤੋਂ ਬਾਅਦ ਪੰਜਾਬ ਦੇ ਵਾਰੇ-ਨਿਆਰੇ ਹੋ ਜਾਣਗੇ, ਪਰ ਪੰਜਾਬ ਦੇ ਇਹ ਹਾਕਮ ਅਜੇ ਤਕ ਪੰਜਾਬ ਦੇ ਹੱਕ ਵਾਲੀ ਇਕ ਵੀ ਮੰਗ ਕੇਂਦਰ ਤੋਂ ਮੰਨਵਾ ਨਹੀਂ ਸਕੇ ਹਨ। ਉਧਰ, ਮੋਦੀ ਸਰਕਾਰ ਦੀਆਂ ਨੀਤੀਆਂ ਨੇ ਸਮੁੱਚੇ ਮੁਲਕ ਵਿਚ ਅਜਿਹਾ ਧਰੁਵੀਕਰਨ ਕੀਤਾ ਹੈ ਕਿ ਸਮਾਜ ਵਿਚ ਥਾਂ-ਥਾਂ ਦੁਫੇੜ ਪੈ ਗਏ ਹਨ। ਸ਼੍ਰੋਮਣੀ ਅਕਾਲੀ ਦਲ ਅਤੇ ਇਸ ਦੀ ਭਾਈਵਾਲ ਭਾਰਤੀ ਜਨਤਾ ਪਾਰਟੀ ਪੰਜਾਬ ਵਿਚ ਜਿਸ ਤਰ੍ਹਾਂ ਦੀ ਸਿਆਸਤ ਕਰ ਰਹੇ ਹਨ ਤੇ ਜਿਸ ਤਰ੍ਹਾਂ ਦੇ ਤਜਰਬੇ ਕਰਨ ਦੀ ਤਾਕ 'ਚ ਹਨ, ਜਾਪਦਾ ਹੈ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਸੂਬੇ ਲਈ ਖਾਸ ਬਣ ਜਾਣਗੀਆਂ ਹਨ। ਅਜਿਹੀ ਸੂਰਤ 'ਚ ਆਵਾਮ ਨੂੰ ਸੋਘੇ ਹੋ ਕੇ, ਫੂਕ-ਫੂਕ ਪੱਬ ਧਰਨੇ ਪੈਣਗੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸਾਕਾ ਤੇ ਘਰ ਦੇ ਭੇਤੀ!*

ਪੁਸ਼ਤਾਂ ਤੀਕ ਵੀ ਰਹਿਣਗੇ ਯਾਦ ਸਾਨੂੰ, ਲੱਗੇ ਜੂਨ ਚੁਰਾਸੀ ਦੇ ਸੱਲ੍ਹ ਯਾਰੋ।
ਵਰ੍ਹੇ ਬੀਤ ਗਏ ਫੇਰ ਵੀ ਜਾਪਦਾ ਏ, ਹੋਇਆ ਜ਼ੁਲਮ ਇਹ ਜਿਸ ਤਰ੍ਹਾਂ ਕੱਲ੍ਹ ਯਾਰੋ।
ਲੰਕਾ ਢਾਹੁਣ ਵਿਚ ਹੱਥ ਸੀ ਭੇਤੀਆਂ ਦਾ, ਮਗਰੋਂ ਬਹਿ ਗਏ ਜੋ ਗੱਦੀਆਂ ਮੱਲ ਯਾਰੋ।
ਖ਼ੂਨੀ ਸਾਕਾ ਮਨਾਉਂਦਿਆਂ ਸੋਚੀਏ ਵੀ, ਮਸਲੇ ਕੌਮ ਦੇ ਕਰਨੇ ਕਿਨ ਹੱਲ ਯਾਰੋ।
ਤੇਰੇ 'ਯਮ ਪੁਰੀ' ਤਖਤ ਨੂੰ ਢਾਹੁਣ ਵਾਲੇ, ਆਉਂਦੇ ਆਏ ਹਾਂ ਭਾਜੀਆਂ ਮੋੜਦੇ ਜੀ।
ਸਜ਼ਾ ਉਨ੍ਹਾਂ ਨੂੰ ਦੇਣੀ ਵੀ ਸੋਚਿਆ ਐ, ਜਿਹੜੇ ਤਖਤ ਦੀ ਅਜ਼ਮਤ ਨੂੰ ਖੋਰਦੇ ਜੀ?

# ਠੇਸ ਦੀ ਸਦੀਵੀ ਜੱਦ ਵਿਚ ਆਈਆਂ ਭਾਵਨਾਵਾਂ

ਓਪਰੇਸ਼ਨ ਬਲਿਊ ਸਟਾਰ ਦੀ 32ਵੀਂ ਵਰਸੀ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਮੀਡੀਆ ਉਤੇ ਪਾਬੰਦੀ ਲਗਾਉਣ ਦਾ ਤਰੱਦਦ ਕੀਤਾ। ਇਸ ਪਾਬੰਦੀ ਨੂੰ ਲਾਗੂ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਅਮਰ ਸਿੰਘ ਚਹਿਲ ਨੂੰ ਚਿੱਠੀ ਲਿਖੀ। ਪਸ਼ੇਮਾਨ ਹੋਈ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਸਰਕਾਰ ਨੇ ਅਜਿਹੀ ਕਿਸੇ ਪਾਬੰਦੀ ਲਗਾਉਣ ਤੋਂ ਪੱਲਾ ਝਾੜ ਲਿਆ। ਪਾਬੰਦੀ ਲਗਾਉਣ ਬਾਬਤ ਦਲੀਲ ਦਿੱਤੀ ਗਈ ਕਿ 'ਸਿੱਖਾਂ ਦੀ ਭਾਵਨਾਵਾਂ ਨੂੰ ਭਟਕਾਹਟ ਤੋਂ ਬਚਾਉਣ ਲਈ' ਇਹ ਪੇਸ਼ਬੰਦੀ ਜ਼ਰੂਰੀ ਹੈ। ਇਹੋ ਦਲੀਲ ਪਾਬੰਦੀ ਦੀਆਂ ਖ਼ਬਰਾਂ ਤੋਂ ਪਸ਼ੇਮਾਨ ਹੋਏ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਸਰਕਾਰ ਦੇ ਬੁਲਾਰੇ ਦਿੰਦੇ ਹਨ। ਪਾਬੰਦੀ ਦਾ ਵਿਰੋਧ ਕਰਨ ਵਾਲੀਆਂ ਸਾਰੀਆਂ ਸਿੱਖ ਧਿਰਾਂ ਆਪਣੇ ਪੱਖ ਵਿਚ ਇਹੋ ਦਲੀਲ ਦਿੰਦੀਆਂ ਹਨ ਕਿ ਪਾਬੰਦੀ ਰਾਹੀਂ 'ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ' ਲਗਾਈ ਜਾ ਰਹੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ



**ਦਲਜੀਤ ਅਮੀ**
ਫੋਨ: +91-97811-21873

ਬਾਦਲ ਨੂੰ ਸਿਰੋਪਾਓ ਦੇਣ ਤੋਂ ਇਨਕਾਰ ਕਰ ਕੇ ਅਰਦਾਸੀਏ ਬਲਬੀਰ ਸਿੰਘ ਨੇ 'ਪੰਥ ਦੀਆਂ ਭਾਵਨਾਵਾਂ ਨੂੰ ਲੱਗੀ ਠੇਸ ਦੀ ਨੁਮਾਇੰਦਗੀ' ਅਤੇ 'ਪੰਥ ਦੀਆਂ ਭਾਵਨਾਵਾਂ ਨੂੰ ਠੇਸ ਲਗਾਉਣ ਦੀ ਕਾਰਵਾਈ' ਕੀਤੀ ਹੈ। ਹਰ ਧਿਰ ਆਪਣੇ-ਆਪ ਅਤੇ ਆਪਣੇ ਹਿੱਤ ਨੂੰ ਧਿਆਨ ਵਿਚ ਰੱਖ ਕੇ 'ਪੰਥ ਦੀ ਠੇਸ' ਦੀ ਵਿਆਖਿਆ ਕਰਦੀ ਹੈ।

ਇਸ ਮਾਹੌਲ ਵਿਚ ਜਥੇਦਾਰ, ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਸਰਕਾਰ ਦੀ ਭਰੋਸੇਯੋਗਤਾ ਬਾਬਤ ਬਹੁਤ ਸਾਰੀਆਂ ਦਲੀਲਾਂ ਦਿੱਤੀਆਂ ਜਾ ਸਕਦੀਆਂ ਸਨ। ਇਹ ਦਾਅਵਾ ਕੀਤਾ ਜਾ ਸਕਦਾ ਸੀ ਕਿ ਲੋਕਾਂ ਅੰਦਰਲੇ ਰੋਸ ਦਾ ਪ੍ਰਗਟਾਵਾ ਬਲਿਊ ਸਟਾਰ ਦੀ ਬਰਸੀ ਮੌਕੇ ਹੋ ਸਕਦਾ ਹੈ। ਪਿਛਲੇ ਸਾਲ 'ਸਰਬੱਤ ਖ਼ਾਲਸਾ' ਰਾਹੀਂ ਥਾਪੇ ਗਏ ਜਥੇਦਾਰਾਂ ਦੀਆਂ ਦਾਅਵੇਦਾਰੀਆਂ ਅਤੇ ਉਨ੍ਹਾਂ ਦਾ ਮੌਜੂਦਾ ਜਥੇਦਾਰਾਂ ਨਾਲ ਟਕਰਾਅ ਇਸ ਮੌਕੇ ਸਾਹਮਣੇ ਆ ਸਕਦਾ ਸੀ। ਰਣਜੀਤ ਸਿੰਘ ਢੱਡਰੀਆਂਵਾਲੇ ਅਤੇ ਹਰਨਾਮ ਸਿੰਘ ਧੁੰਮਾ ਵਿਚਕਾਰਲਾ ਤਣਾਅ ਇਸ ਮੌਕੇ ਟਕਰਾਅ ਵਜੋਂ ਜ਼ਾਹਰ ਹੋ ਸਕਦਾ ਸੀ। ਮੌਜੂਦਾ ਹਾਲਾਤ ਨਾਲ ਜੁੜੇ ਟਕਰਾਅ ਦੇ ਇਨ੍ਹਾਂ ਖ਼ਦਸ਼ਿਆਂ ਤੋਂ ਇਲਾਵਾ ਜੇ ਕੋਈ ਅਣਸੁਖਾਵੀਂ ਘਟਨਾ ਉਸ ਮੌਕੇ ਹੋ ਜਾਂਦੀ ਤਾਂ ਹਰ ਧਿਰ ਕੋਲ ਉਸ ਦੀ ਵਿਆਖਿਆ ਪਹਿਲਾਂ ਹੀ ਪਈ ਹੈ। ਨਾਵਾਂ, ਤਰੀਕਾਂ ਅਤੇ ਥਾਂ ਦੀਆਂ ਤਬਦੀਲੀਆਂ ਤੋਂ ਬਾਅਦ ਬਿਆਨ ਜਾਰੀ ਕਰ ਦਿੱਤੇ ਜਾਣੇ ਸਨ। ਹੁਣ ਵੀ ਹੋਏ ਹਨ। ਕਿਸ ਨੇ ਮਾਹੌਲ ਨੂੰ ਖ਼ਰਾਬ ਕਰਨ ਦਾ ਉਪਰਾਲਾ ਕੀਤਾ ਅਤੇ ਕਿਸ ਨੇ ਮਰਿਆਦਾ ਕਾਇਮ ਰੱਖੀ?

ਇਨ੍ਹਾਂ ਹਾਲਾਤ ਦੀ ਪੜਚੋਲ ਨੂੰ ਛੱਡ ਕੇ ਮੀਡੀਆ ਉਤੇ ਪਾਬੰਦੀ ਦੀ ਤਜਵੀਜ਼ ਅਤੇ ਇਸ ਤੋਂ ਬਾਅਦ ਦੀਆਂ ਸਫ਼ਾਈਆਂ ਦੇ ਹਵਾਲੇ ਨਾਲ ਪੱਤਰਕਾਰੀ ਦੀ ਹਾਲਤ ਬਾਰੇ ਚਰਚਾ ਕਰਨੀ ਬਣਦੀ ਹੈ। ਇਹ ਵੇਖਣਾ ਅਹਿਮ ਹੈ ਕਿ ਸ਼੍ਰੋਮਣੀ ਕਮੇਟੀ ਵਰਗੇ ਅਦਾਰੇ ਮੀਡੀਆ ਉਤੇ ਪਾਬੰਦੀ ਲਗਾਉਣ ਬਾਬਤ ਕਿਵੇਂ ਸੋਚ ਸਕਦੇ ਹਨ? ਕੀ ਇਹ ਸੋਚ ਕਿਸੇ ਵਡੇਰੇ ਰੁਝਾਨ ਦਾ ਹਿੱਸਾ ਹੈ ਜਾਂ ਕੁਝ ਅਹੁਦੇਦਾਰਾਂ ਦੀ ਤਾਕਤ ਦਾ ਗੁਮਾਨ ਹੈ? ਇਹ ਦਰਜ ਕਰਨਾ ਜ਼ਰੂਰੀ ਹੈ ਕਿ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਸਰਕਾਰ ਵਿਚਕਾਰ ਸਿਆਸੀ ਏਕਾ ਹੈ ਪਰ ਪ੍ਰਬੰਧਕੀ ਇੰਤਜ਼ਾਮ ਵੱਖਰਾ ਹੈ। ਇਸ ਰਿਸ਼ਤੇ ਤਹਿਤ ਇਨ੍ਹਾਂ ਤਿੰਨਾਂ ਵਿਚਕਾਰ ਕੁਝ ਲਚਕ ਬਣੀ ਰਹਿੰਦੀ ਹੈ ਜੋ ਫ਼ੈਸਲੇ ਕਰਨ, ਉਨ੍ਹਾਂ ਨੂੰ ਲਾਗੂ ਜਾਂ ਰੱਦ ਕਰਨ ਵਿਚ ਸਹਾਈ ਹੁੰਦੀ ਹੈ। ਇਹ ਆਪਣੀ ਵੱਖਰੀ ਹੋਂਦ ਦੀ ਦਾਅਵੇਦਾਰੀ ਜਤਾਉਂਦੇ ਰਹਿੰਦੇ ਹਨ ਅਤੇ ਇੱਕ-ਦੂਜੇ ਉਤੇ ਦਾਅਵੇਦਾਰੀ ਵੀ ਕਾਇਮ ਰੱਖਦੇ ਹਨ। ਬਾਹਰੋਂ ਇਨ੍ਹਾਂ ਦਾ ਵਖਰੇਵਾਂ ਕਰਨਾ ਔਖਾ ਕੰਮ ਹੈ। ਇਹ ਪਤਾ ਨਹੀਂ ਲੱਗਦਾ ਕਿ ਕਦੋਂ ਸਰਕਾਰ, ਸ਼੍ਰੋਮਣੀ ਕਮੇਟੀ ਨੂੰ ਹੁਕਮ ਕਰ ਦਿੰਦੀ ਹੈ; ਕਦੋਂ ਸ਼੍ਰੋਮਣੀ ਕਮੇਟੀ ਸੜਕ ਹਾਦਸਿਆਂ ਦੇ ਸ਼ਿਕਾਰ ਹੋਏ ਜੀਅ ਨੂੰ ਆਪਣੇ ਖ਼ਾਤੇ ਵਿਚੋਂ ਸਰਕਾਰੀ ਮੁਆਵਜ਼ਾ ਦੇਣ ਦਾ ਐਲਾਨ ਕਰਦੀ ਹੈ; ਕਦੋਂ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਸ਼੍ਰੋਮਣੀ ਕਮੇਟੀ ਦਾ ਕਾਇਦਾ-ਕਾਨੂੰਨ ਦਰਕਿਨਾਰ ਕਰ ਕੇ ਨਵੇਂ ਅਹੁਦੇ ਬਣਾਉਂਦਾ ਹੈ ਅਤੇ ਆਪਣੇ ਬੰਦੇ ਨੂੰ ਕੁਰਸੀ ਉਤੇ ਬਿਠਾਉਂਦਾ ਹੈ। ਇਨ੍ਹਾਂ ਹਾਲਾਤ ਵਿਚ ਇਹ ਕਾਗ਼ਜ਼ੀ ਫ਼ੈਸਲਾ ਕਿਸੇ ਦਾ ਵੀ ਹੋਵੇ, ਪਰ ਇਸ ਤਿਕੜੀ ਦੀ ਅੱਚਵੀ ਦਾ ਪ੍ਰਗਟਾਵਾ ਕਰਦਾ ਹੈ।

> ***ਸ਼੍ਰੋਮਣੀ ਕਮੇਟੀ ਨੂੰ ਪਤਾ ਹੈ ਕਿ ਕਿਸੇ ਪੱਤਰਕਾਰ ਉਤੇ ਕਦੇ ਦਰਬਾਰ ਸਾਹਿਬ ਦੀ ਮਰਿਆਦਾ ਉਲੰਘਣ ਦੇ ਇਲਜ਼ਾਮ ਨਹੀਂ ਲੱਗੇ, ਪਰ ਪੱਤਰਕਾਰਾਂ ਨੂੰ ਮਿਲੀਆਂ ਧਮਕੀਆਂ ਅਤੇ ਹੋਏ ਹਮਲਿਆਂ ਦਾ ਇਤਿਹਾਸ ਕਿਸੇ ਲੇਖ ਦਾ ਵਿਸ਼ਾ ਬਣ ਸਕਦਾ ਹੈ।***

ਪੰਜਾਬ ਸਰਕਾਰ ਦੀ ਸਰਪ੍ਰਸਤੀ ਵਿਚ ਚੱਲਦੇ 'ਨਿੱਜੀ ਪੰਜਾਬੀ ਚੈਨਲ' ਦੇ ਕਾਰੋਬਾਰੀ ਵਧਾਰੇ-ਪਸਾਰੇ ਲਈ ਪਾਬੰਦੀਆਂ ਦੀ ਕਾਰਵਾਈ ਲਗਾਤਾਰ ਚੱਲਦੀ ਰਹਿੰਦੀ ਹੈ। ਸਰਕਾਰ ਦੇ ਲੋਕ ਸੰਪਰਕ ਮਹਿਕਮੇ ਅਤੇ ਮੀਡੀਆ ਸਲਾਹਕਾਰਾਂ ਦੀ ਵੱਡੀ ਫ਼ੌਜ, ਸਰਕਾਰੀ ਇਸ਼ਤਿਹਾਰ ਨੂੰ ਖ਼ਬਰਾਂ ਵਜੋਂ ਨਸ਼ਰ ਕਰਵਾਉਣ ਲਈ ਪੱਤਰਕਾਰਾਂ ਦੀਆਂ ਸੇਵਾਵਾਂ ਲੈਂਦੀ ਹੈ। ਇਹ ਮਸ਼ਕ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵੀ ਕਰਦੇ ਹਨ। ਅੰਮ੍ਰਿਤਸਰ ਦੇ ਪੱਤਰਕਾਰ ਅਤੇ ਲੋਕ ਸੰਪਰਕ ਮਹਿਕਮੇ ਵਾਲੇ, ਧਰਮ ਪ੍ਰਚਾਰ ਦੇ ਪੈਸੇ ਵਿਚੋਂ ਪ੍ਰਾਹੁਣਚਾਰੀ ਦੇ ਹਜ਼ਾਰਾਂ ਕਿੱਸੇ ਸੁਣਾਉਂਦੇ ਹਨ ਜੋ ਮਹਿਫ਼ਲਾਂ ਤੋਂ ਕਾਗ਼ਜ਼ਾਂ ਤੱਕ ਨਹੀਂ ਪਹੁੰਚਦੇ। ਅੰਮ੍ਰਿਤਸਰ ਦਾ ਪੱਤਰਕਾਰ ਤਬਕਾ 1980ਵਿਆਂ ਦੇ ਦੌਰ ਵਿਚ ਅਕਾਲੀ ਦਲ ਦੀ ਫਾਂਟਾਂ ਮੁਤਾਬਕ ਧੜਿਆਂ ਵਿਚ ਵੰਡਿਆ ਰਿਹਾ ਹੈ ਅਤੇ ਹੁਣ ਆਪਣੀ ਵਫ਼ਾਦਾਰੀਆਂ ਨੂੰ ਹੁਣ ਤੱਕ 'ਚਿੱਟੀ' ਤੇ ਦੂਜਿਆਂ ਦੀ ਵਫ਼ਾਦਾਰੀਆਂ ਨੂੰ 'ਪੀਲੀ' ਪੱਤਰਕਾਰੀ ਕਰਾਰ ਦਿੰਦਾ ਹੈ। ਇਸ ਤਰੀਕੇ ਨਾਲ ਦਰਬਾਰ ਸਾਹਿਬ ਦੇ ਅੰਦਰ ਅਤੇ ਸ਼੍ਰੋਮਣੀ ਕਮੇਟੀ ਵਿਚ ਪੱਤਰਕਾਰਾ ਦਖ਼ਲ ਕਿਸੇ ਪਾਬੰਦੀ ਜਾਂ ਖੁੱਲ੍ਹ ਦਾ ਮੁਹਤਾਜ ਨਹੀਂ ਹੈ।

ਇਹ ਸੁਆਲ ਪੁੱਛਣਾ ਬਣਦਾ ਹੈ ਕਿ ਸ਼੍ਰੋਮਣੀ ਕਮੇਟੀ ਕਿਸ ਤਰ੍ਹਾਂ ਦੀ ਪੱਤਰਕਾਰੀ ਨੂੰ 'ਸਿੱਖਾਂ ਦੀ ਭਾਵਨਾਵਾਂ ਨੂੰ ਭੜਕਾਉਣ' ਵਾਲੀ ਮੰਨਦੀ ਹੈ। ਪੱਤਰਕਾਰਾ ਤਜਰਬੇ ਵਾਲੇ ਹਰਚਰਨ ਸਿੰਘ ਤੋਂ ਇਹ ਤਵੱਕੋ ਕੀਤੀ ਜਾ ਸਕਦੀ ਹੈ ਕਿ ਉਹ ਆਪਣੀ ਦਲੀਲ ਨੂੰ ਜ਼ਰਾ ਮਿਸਾਲ ਦੇ ਕੇ ਜਾਂ ਤਫ਼ਸੀਲ ਨਾਲ ਸਮਝਾਉਣ। ਉਂਜ, ਇਸ ਸੁਆਲ ਦੇ ਜੁਆਬ ਦੀ ਉਡੀਕ ਅਕਾਰਥ ਹੈ। ਸੁਆਲ ਇਹ ਬਣਦਾ ਹੈ- ਕੀ ਸ਼੍ਰੋਮਣੀ ਕਮੇਟੀ ਨੂੰ ਪਾਬੰਦੀ ਲਗਾਉਣ ਦਾ ਹੱਕ ਹੈ? ਜਦੋਂ ਦਰਬਾਰ ਸਾਹਿਬ ਜਨਤਕ ਅਸਥਾਨ ਹੈ ਅਤੇ ਇਸ ਅਸਥਾਨ ਦਾ ਅਕੀਦਾ ਸਭ ਦੀ ਆਮਦ ਦਾ ਸੁਆਗਤ ਕਰਦਾ ਹੈ ਤਾਂ ਪੱਤਰਕਾਰ ਉਤੇ ਪਾਬੰਦੀ ਕਿਵੇਂ ਲੱਗ ਸਕਦੀ ਹੈ? ਸਰਕਾਰੀ ਸਰਪ੍ਰਸਤੀ ਵਾਲੇ ਨਿੱਜੀ ਚੈਨਲ ਦੇ ਪ੍ਰਸਾਰਨ ਨੂੰ ਨਿਵੇਕਲਾ ਰੱਖਣ ਲਈ ਦਰਬਾਰ ਸਾਹਿਬ ਅੰਦਰ ਵੀਡੀਓ ਕੈਮਰੇ ਉਤੇ ਪਾਬੰਦੀ ਲੱਗੀ ਹੋਈ ਹੈ। ਪਰਿਕਰਮਾ ਵਿਚ ਜਾਂ ਕਿਸੇ ਹੋਰ ਇਮਾਰਤ ਦੀ ਛੱਤ ਉਤੇ ਟਰਾਈਪੌਡ ਲਗਾਉਣ ਦੀ ਪਾਬੰਦੀ ਸਦਾ ਲੱਗੀ ਰਹਿੰਦੀ ਹੈ। ਇਸ ਤੋਂ ਬਾਅਦ ਫੋਟੋ ਖਿੱਚਣ ਅਤੇ ਮੌਕੇ ਉਤੇ ਹਾਜ਼ਰ ਹੋਣ ਦਾ ਮਸਲਾ ਹੈ। ਸ਼੍ਰੋਮਣੀ ਕਮੇਟੀ ਕਿਸੇ ਨਾਲ ਇਸ ਕਰ ਕੇ ਵਿਤਕਰਾ ਨਹੀਂ ਕਰ ਸਕਦੀ ਕਿ ਫੋਟੋ ਖਿੱਚਣ ਵਾਲਾ/ਵਾਲੀ ਜਾਂ ਮੌਕੇ ਦੀ ਹਾਜ਼ਰੀ ਭਰਨ ਵਾਲਾ/ਵਾਲੀ ਪੇਸ਼ੇ ਵਜੋਂ ਪੱਤਰਕਾਰ ਹੈ। ਜਦੋਂ ਪੱਤਰਕਾਰਾ ਦਖ਼ਲਅੰਦਾਜ਼ੀ ਨੂੰ ਹਾਜ਼ਰੀ ਦੀ ਲੋੜ ਨਹੀਂ ਹੈ ਅਤੇ ਹਾਜ਼ਰੀ ਉਤੇ ਪਾਬੰਦੀ ਲਗਾਉਣਾ ਸ਼੍ਰੋਮਣੀ ਕਮੇਟੀ ਦੇ ਅਕੀਦੇ ਤੋਂ ਬਾਹਰ ਹੈ, ਤਾਂ ਪੁਲਿਸ ਕਮਿਸ਼ਨਰ ਨੂੰ ਚਿੱਠੀ ਲਿਖਣ ਦਾ ਤਰੱਦਦ ਕਿਵੇਂ ਹੁੰਦਾ ਹੈ? ਇਹ ਚਿੱਠੀ ਲਿਖਣ ਦਾ ਨੈਤਿਕ ਅਖ਼ਤਿਆਰ ਕਿਸ ਜ਼ਮੀਨ ਵਿਚੋਂ ਉਪਜਦਾ ਹੈ?

ਪੂਰੇ ਮੁਲਕ ਵਿਚ ਪੱਤਰਕਾਰੀ ਦਾ ਘੇਰਾ ਤੈਅ ਕਰਨ ਉਤੇ ਸਰਕਾਰੀ ਅਤੇ ਗ਼ੈਰ-ਸਰਕਾਰੀ ਪਹਿਲਕਦਮੀਆਂ ਹੋ ਰਹੀਆਂ ਹਨ। ਮੀਡੀਆ ਉਤੇ ਸਨਸਨੀ ਫੈਲਾਉਣ ਤੋਂ ਲੈ ਕੇ ਸਰਕਾਰੀ ਚਾਕਰੀ ਦੇ ਇਲਜ਼ਾਮ ਲੱਗ ਰਹੇ ਹਨ। ਨਕਸਲੀਆਂ ਦੇ ਅਸਰ ਵਾਲੇ ਇਲਾਕੇ ਵਿਚੋਂ ਸਰਕਾਰ ਨੂੰ ਔਖ ਪੈਦਾ ਕਰਨ ਵਾਲੇ ਪੱਤਰਕਾਰਾਂ ਨੂੰ ਕੱਢਿਆ ਜਾ ਰਿਹਾ ਹੈ। ਆਪਣੇ ਆਪ ਨੂੰ ਨਿਰਪੱਖ ਅਤੇ ਰਾਸ਼ਟਰਵਾਦੀ ਪੱਤਰਕਾਰੀ ਦਾ ਨੁਮਾਇੰਦਾ ਕਹਿਣ ਵਾਲਾ ਸੁਭਾਸ਼ ਚੰਦਰ ਰਾਜ ਸਭਾ ਦੀ ਚੋਣ ਆਜ਼ਾਦ ਉਮੀਦਵਾਰ ਵਜੋਂ ਹਰਿਆਣੇ ਤੋਂ ਲੜ ਰਿਹਾ ਹੈ। ਭਲਾ ਰਾਜ ਸਭਾ ਦੀ ਚੋਣ ਵੀ ਕੋਈ ਆਜ਼ਾਦ ਉਮੀਦਵਾਰ ਲੜ ਸਕਦਾ ਹੈ? ਇਹ ਸੁਆਲ 'ਅਜੀਤ' ਦੇ ਸੰਪਾਦਕ ਬਰਜਿੰਦਰ ਸਿੰਘ ਹਮਦਰਦ ਤੋਂ ਪੁੱਛਣ ਦੀ ਮਨਾਹੀ ਹੈ। ਹਰ ਸੂਬੇ ਵਿਚ ਸਿਆਸੀ ਪਾਰਟੀਆਂ ਆਪਣੇ ਖ਼ਬਰੀਆ/ਪ੍ਰਚਾਰ ਚੈਨਲ ਚਲਾ ਰਹੀਆਂ ਹਨ। ਪੱਤਰਕਾਰਾਂ ਦੇ ਕੰਮ ਵਿਚ ਸਰਕਾਰੀ/ਗ਼ੈਰ-ਸਰਕਾਰੀ ਅਤੇ ਇੰਤਜ਼ਾਮੀਆ ਦੀ ਦਖ਼ਲਅੰਦਾਜ਼ੀ ਲਗਾਤਾਰ ਚਰਚਾ ਦਾ ਵਿਸ਼ਾ ਬਣੀ ਹੋਈ ਹੈ। 'ਤਹਿਲਕਾ' ਦੀ ਖੋਜੀ ਪੱਤਰਕਾਰ ਰਾਣਾ ਅਯੂਬ ਨੂੰ ਆਪਣੀ ਕਿਤਾਬ ਆਪ ਛਾਪਣੀ ਪਈ ਹੈ। ਜ਼ਿਆਦਾਤਰ ਅਖ਼ਬਾਰਾਂ ਵਿਚ ਇਸ਼ਤਿਹਾਰਾਂ ਅਤੇ ਖ਼ਬਰਾਂ ਦਾ ਨਿਖੇੜਾ ਕਰਨਾ ਔਖਾ ਹੋ ਗਿਆ ਹੈ। ਪੰਜਾਬ ਦੇ ਇੱਕ ਵੱਡੇ ਅਖ਼ਬਾਰ ਦੀਆਂ ਸੰਪਾਦਕੀਆਂ ਅਤੇ ਲੋਕ ਸੰਪਰਕ ਮਹਿਕਮੇ ਦੇ ਬਿਆਨਾਂ ਵਿਚ ਨਿਖੇੜਾ ਕਰਨ ਲਈ ਚੋਖਾ ਹੁਨਰ ਦਰਕਾਰ ਹੈ।


ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੂੰ ਪਤਾ ਹੈ ਕਿ ਕਿਸੇ ਪੱਤਰਕਾਰ ਉਤੇ ਕਦੇ ਦਰਬਾਰ ਸਾਹਿਬ ਦੀ ਮਰਿਆਦਾ ਉਲੰਘਣ ਦੇ ਇਲਜ਼ਾਮ ਨਹੀਂ ਲੱਗੇ, ਪਰ ਪੱਤਰਕਾਰਾਂ ਨੂੰ ਮਿਲੀਆਂ ਧਮਕੀਆਂ ਅਤੇ ਹੋਏ ਹਮਲਿਆਂ ਦਾ ਇਤਿਹਾਸ ਕਿਸੇ ਲੇਖ ਦਾ ਵਿਸ਼ਾ ਬਣ ਸਕਦਾ ਹੈ। ਜਦੋਂ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਸਰਕਾਰ ਦਾ ਪੰਜਾਬ ਦੀ ਪੱਤਰਕਾਰੀ ਉਤੇ ਗ਼ਲਬਾ ਕਾਇਮ ਹੈ ਅਤੇ ਦਰਬਾਰ ਸਾਹਿਬ ਵਿਚੋਂ ਪੱਤਰਾਕਾਰਾ ਪਹੁੰਚ ਨੂੰ ਖ਼ਤਮ ਕਰਨਾ ਉਨ੍ਹਾਂ ਦੇ ਵਸੋਂ ਬਾਹਰ ਹੈ ਤਾਂ ਉਹ ਇਸ ਮਸ਼ਕ ਵਿਚ ਕਿਉਂ ਪੈਂਦੇ ਹਨ? ਇਹ ਦਰਅਸਲ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਸਰਕਾਰ ਦੇ ਏਕੇ ਅੰਦਰਲੀ ਅਚਵੀ ਹੈ ਜੋ ਇਸ ਮੌਕੇ ਬਾਹਰ ਆਈ ਹੈ। ਇਹ ਮੀਡੀਆ ਨੂੰ ਇਹ ਦਰਸਾਉਣ ਦੀ ਮਸ਼ਕ ਜਾਪਦੀ ਹੈ ਕਿ ਮਾਲਕ ਕੌਣ ਹੈ!

ਦੂਜੇ ਪਾਸੇ ਪੱਤਰਕਾਰਾ ਤਬਕੇ ਨੂੰ ਪਤਾ ਹੈ ਕਿ ਇਸ ਪਾਬੰਦੀ ਨਾਲ ਨਾ ਉਨ੍ਹਾਂ ਦੀ ਦਰਬਾਰ ਸਾਹਿਬ ਤੱਕ ਪਹੁੰਚ ਉਤੇ ਫ਼ਰਕ ਪੈਂਦਾ ਹੈ ਅਤੇ ਨਾ ਹੀ ਉਨ੍ਹਾਂ ਦੇ ਅਦਾਰੇ ਖ਼ਬਰਾਂ ਨੂੰ ਨਸ਼ਰ ਨਾ ਕਰਨ ਲਈ ਪਾਬੰਦ ਹਨ। ਅੰਮ੍ਰਿਤਸਰ ਦੀ ਪੱਤਰਕਾਰਾ ਲੋਕਧਾਰਾ ਵਿਚ ਉਨ੍ਹਾਂ ਖ਼ਬਰਾਂ ਦੀ ਲੰਮੀ ਫਿਹਰਿਸਤ ਹੈ ਜੋ ਪੱਤਰਕਾਰਾਂ ਨੇ ਆਪੇ ਬਣਾਏ 'ਜ਼ਾਬਤੇ' ਤਹਿਤ ਨਸ਼ਰ ਨਹੀਂ ਕੀਤੀਆਂ। ਜਦੋਂ ਇਹ ਤਬਕਾ ਆਪ ਹੀ 'ਜ਼ਾਬਤੇ' ਵਿਚ ਰਹਿੰਦਾ ਹੈ ਤਾਂ ਇਸ ਨੂੰ ਪਾਬੰਦੀ ਤੋਂ ਔਖ ਕਿਉਂ ਮੰਨਦਾ ਹੈ? ਹਰਚਰਨ ਸਿੰਘ ਨੇ ਦਾਅਵਾ ਕੀਤਾ ਹੈ ਕਿ ਮੀਡੀਆ ਨੇ ਵਾਅਦਾ ਕੀਤਾ ਹੈ ਕਿ ਭੜਕਾਹਟ ਵਾਲੀਆਂ ਖ਼ਬਰਾਂ ਨਸ਼ਰ ਨਹੀਂ ਕਰੇਗਾ, ਇਹ ਮੀਡੀਆ ਬੇਨਾਮ ਕਿਉਂ ਹੈ? ਮੀਡੀਆ ਦੀ ਨੁਮਾਇੰਦਗੀ ਕਿਸ ਜਥੇਬੰਦੀ ਜਾਂ ਬੰਦੇ ਜਾਂ ਅਦਾਰੇ ਨੇ ਕੀਤੀ ਹੈ? ਹਰਚਰਨ ਸਿੰਘ ਨੂੰ ਇਹ ਸੁਆਲ ਪੁੱਛਣਾ ਬਣਦਾ ਹੈ- ਕੀ ਉਹ ਸਰਕਾਰੀ ਸਰਪ੍ਰਸਤੀ ਵਾਲੇ ਨਿੱਜੀ ਚੈਨਲ ਨੂੰ ਮੀਡੀਆ ਦਾ ਹਿੱਸਾ ਮੰਨਦੇ ਹਨ ਜਾਂ ਨਹੀਂ? ਜੇ ਪਾਬੰਦੀ ਲਾਗੂ ਕਰਨੀ ਪੈਂਦੀ ਤਾਂ ਇਹ ਨਿੱਜੀ ਚੈਨਲ ਨੇ ਉਸ ਪਾਬੰਦੀ ਦੇ ਘੇਰੇ ਵਿਚ ਆਉਣਾ ਸੀ, ਜਾਂ ਇਹ ਆਪਣੇ ਸੀਲ ਹੋਣ ਦੀ ਜ਼ਾਮਨੀ ਭਰ ਚੁੱਕਿਆ ਹੈ? ਉਂਝ ਸੁਆਲ ਤਾਂ ਇਹ ਵੀ ਪੁੱਛਿਆ ਜਾ ਰਿਹਾ ਹੈ- ਕੀ ਪਾਬੰਦੀ ਦੀ ਇਹ ਸੋਚ ਨਵੇਂ ਬਣੇ ਅਹੁਦੇ ਉਤੇ ਮਿਲਦੀ ਵੱਡੀ ਤਨਖ਼ਾਹ ਨੂੰ ਜਾਇਜ਼ ਕਰਾਰ ਦੇਣ ਦੀ ਮਸ਼ਕ ਹੈ? ਜਿਵੇਂ ਨਵੇਂ ਅਹੁਦੇ ਜਾਇਜ਼ ਕਰਾਰ ਦਿੱਤੇ ਜਾਂਦੇ ਹਨ, ਉਵੇਂ ਮੁੱਦੇ ਜਾਇਜ਼ ਬਣਾਏ ਜਾਂਦੇ ਹਨ ਅਤੇ ਕਾਰਵਾਈਆਂ ਨੂੰ ਮੁਨਾਸਬ ਕਰਾਰ ਦਿੱਤਾ ਜਾਂਦਾ ਹੈ। ਕਹਿਣ ਨੂੰ ਕੁਝ ਨਹੀਂ ਹੋਇਆ, ਪਰ ਇਸ ਸੋਚ ਨਾਲ ਪੰਜਾਬ ਦੀ ਧੜਕਣ ਦਾ ਅੰਦਾਜ਼ਾ ਹੁੰਦਾ ਹੈ ਜਿਸ ਦਾ ਤਵਾਜ਼ਨ ਮੌਕਾ ਮਿਲਦੇ ਹੀ ਡੋਲ ਜਾਂਦਾ ਹੈ। ਨਤੀਜੇ ਵਜੋਂ ਭਾਵਨਾਵਾਂ ਠੇਸ ਦੀ ਜੱਦ ਵਿਚ ਰਹਿੰਦੀਆਂ ਹਨ ਅਤੇ ਹਰ ਧਿਰ ਦਾ ਬਿਆਨ ਨਵੇਂ ਮੌਕੇ ਦੀ ਉਡੀਕ ਵਿਚ ਰਹਿੰਦਾ ਹੈ।

# ਗੁਜਰਾਤ ਫਾਈਲਜ਼

## ਮੋਦੀ ਦਾ ਦੋ ਸਾਲਾ ਜਸ਼ਨ ਅਤੇ ਵਿਕਿਆ ਹੋਇਆ ਮੀਡੀਆ

***ਨਰੇਂਦਰ ਮੋਦੀ ਸਰਕਾਰ ਜਦੋਂ ਇੰਡੀਆ ਗੇਟ ਉਪਰ ਆਪਣੇ ਦੋ ਸਾਲ ਪੂਰੇ ਕਰਨ ਦੇ ਜਸ਼ਨ ਮਨਾ ਰਹੀ ਸੀ, ਦਿੱਲੀ ਦੇ ਹੈਬੀਟੈਟ ਸੈਂਟਰ ਵਿਚ ਗੁਜਰਾਤ ਕਤਲੋਗਾਰਤ ਉਪਰ 'ਤਹਿਲਕਾ' ਦੀ ਸਾਬਕਾ ਪੱਤਰਕਾਰ ਰਾਣਾ ਅਯੂਬ ਦੀ ਕਿਤਾਬ ਰਿਲੀਜ਼ ਹੋ ਰਹੀ ਸੀ। ਮੀਡੀਆ ਲਈ ਇਹ ਕੋਈ ਖ਼ਬਰ ਨਹੀਂ ਬਣੀ। ਸੱਤਾ ਦੇ ਤਾਬਿਆਦਾਰ ਹਿੰਦੁਸਤਾਨੀ ਮੀਡੀਆ ਵਿਚ ਇੰਨੀ ਵੀ ਤਾਕਤ ਨਹੀਂ ਹੈ ਕਿ ਉਹ ਮੋਦੀ ਦੇ ਖ਼ਿਲਾਫ਼ ਕੁਝ ਲਿਖ-ਬੋਲ ਸਕੇ। ਉਹ ਵਿਰੋਧੀ ਧਿਰ ਦੇ ਖ਼ਿਲਾਫ਼ ਖ਼ੂਬ ਲਿਖ-ਬੋਲ ਸਕਦਾ ਹੈ, ਲੇਕਿਨ ਜਦੋਂ ਉਹੀ ਵਿਰੋਧੀ ਧਿਰ, ਸੱਤਾਧਾਰੀ ਧਿਰ ਹੋ ਜਾਵੇ ਤਾਂ ਉਹ ਉਸ ਦੇ ਅੱਗੇ ਹਥਿਆਰ ਸੁੱਟਣ ਵਿਚ ਹੀ ਭਲਾਈ ਸਮਝਦਾ ਹੈ। ਰਾਣਾ ਅਯੂਬ ਨੇ ਜਿਸ ਦਲੇਰੀ ਨਾਲ ਇਸ ਕਿਤਾਬ ਨੂੰ ਤਮਾਮ ਦਬਾਵਾਂ ਦੇ ਬਾਵਜੂਦ ਛਾਪਿਆ ਹੈ, ਉਹ ਕਾਬਲੇ-ਤਾਰੀਫ਼ ਹੈ। ਇਸ ਨਾਲ ਜੁੜੇ ਸਵਾਲਾਂ ਨੂੰ ਮੁਖ਼ਾਤਬ ਪੱਤਰਕਾਰ ਅਭਿਸ਼ੇਕ ਸ੍ਰੀਵਾਸਤਵ ਦਾ ਇਹ ਲੇਖ ਖੋਜੀ ਪੱਤਰਕਾਰੀ ਦੀ ਦਲੇਰੀ ਦੀ ਅਹਿਮੀਅਤ ਨੂੰ ਉਜਾਗਰ ਕਰਦਾ ਹੈ।***






*'ਗੁਜਰਾਤ ਫਾਈਲਜ਼' ਦਾ ਟਾਈਟਲ ਅਤੇ (ਸੱਜੇ) ਪੱਤਰਕਾਰ ਰਾਣਾ ਅਯੂਬ।*

**ਅਭਿਸ਼ੇਕ ਸ੍ਰੀਵਾਸਤਵ**
**ਤਰਜਮਾ: ਬੂਟਾ ਸਿੰਘ**

ਆਪਣੇ ਮੀਡੀਆ ਅੰਕ ਲਈ ਅਰਨਬ ਗੋਸਵਾਮੀ ਨਾਲ ਇਕ ਵਾਰ 'ਕਾਰਵਾਂ' ਰਸਾਲੇ ਨੇ ਇੰਟਰਵਿਊ ਕਰਨ ਦਾ ਯਤਨ ਕੀਤਾ। ਉਸ ਵਕਤ ਅਰਨਬ ਨੇ ਜੋ ਜਵਾਬ ਦਿੱਤਾ ਸੀ, ਉਹ ਅਜੇ ਤਕ ਚੇਤੇ ਹੈ- ਜਰਨਲਿਸਟਸ ਆਰ ਨਾਟ ਸਟੋਰੀਜ਼, ਯਾਨੀ ਪੱਤਰਕਾਰ ਖ਼ੁਦ ਖ਼ਬਰ ਨਹੀਂ ਹੁੰਦੇ। ਅਰਨਬ ਦੀ ਪੱਤਰਕਾਰੀ ਉਪਰ ਨਿਸ਼ਚੇ ਹੀ ਸਵਾਲ ਹੋ ਸਕਦੇ ਹਨ, ਲੇਕਿਨ ਐਸਾ ਸਵੈ-ਸੰਜਮ ਬੁਨਿਆਦੀ ਕਿਸਮ ਦੀ ਇਮਾਨਦਾਰੀ ਦੀ ਮੰਗ ਕਰਦਾ ਹੈ ਜਿਥੇ ਪੱਤਰਕਾਰ ਲਈ ਖ਼ਬਰ ਤੋਂ ਜ਼ਿਆਦਾ ਅਹਿਮ ਕੁਝ ਨਹੀਂ ਹੈ, ਆਪਣੀ ਜ਼ਿੰਦਗੀ ਵੀ ਨਹੀਂ। ਇਹ ਵੱਖਰੀ ਗੱਲ ਹੈ ਕਿ ਸ਼ਨਿੱਚਰਵਾਰ ਦੀ ਸ਼ਾਮ ਇੰਡੀਆ ਹੈਬੀਟੈਟ ਸੈਂਟਰ ਵਿਚ ਪੱਤਰਕਾਰ ਰਾਣਾ ਅਯੂਬ ਦੀ ਕਿਤਾਬ 'ਗੁਜਰਾਤ ਫਾਈਲਜ਼' ਦਾ ਰਿਲੀਜ਼ ਸਮਾਗਮ ਅਰਨਬ ਸਮੇਤ ਕਿਸੇ ਵੀ ਮੀਡੀਆ ਸੰਸਥਾ ਲਈ ਖ਼ਬਰ ਨਹੀਂ ਬਣਿਆ।

ਜਿਨ੍ਹਾਂ ਲਈ ਇਹ ਸਮਾਗਮ ਮਾਇਨੇ ਰੱਖਦਾ ਸੀ, ਉਹ ਉਥੇ ਮੌਜੂਦ ਸਨ; ਉਨ੍ਹਾਂ ਦੀ ਦਿਲਚਸਪੀ ਵੀ ਇਸ ਕਿਤਾਬ ਜਾਂ ਇਸ ਦੀ ਸਮੱਗਰੀ ਵਿਚ ਉਨੀ ਨਹੀਂ ਸੀ ਜਿੰਨੀ ਰਾਣਾ ਅਯੂਬ ਦੀ 'ਰਚਨਾਕਾਰੀ' ਜਾਂ ਸਿਰਜਣ ਪ੍ਰਕਿਰਿਆ ਵਿਚ ਸੀ। ਇਹ ਦੌਰ ਹੀ ਅਜਿਹਾ ਹੈ ਜਿਥੇ ਕੋਈ ਵੀ ਸਾਹਸੀ ਜਾਂ ਅਸਾਧਾਰਨ ਕਾਰਵਾਈ ਵਿਅਕਤੀ ਕੇਂਦਰਤ ਹੋ ਜਾਂਦੀ ਹੈ। ਨਰੇਂਦਰ ਮੋਦੀ ਧਾਰਨਾ ਦੇ ਪੱਧਰ 'ਤੇ ਮੁਲਕ ਨੂੰ ਦੋ ਪਾਲਿਆਂ ਵਿਚ ਵੰਡਦਾ ਹੈ, ਤਾਂ ਬੇਸ਼ਕ ਇਹੀ ਕੰਮ ਅਰਨਬ ਵੀ ਕਰਦਾ ਹੈ ਅਤੇ, ਇਕ ਹੋਰ ਕੰਢੇ ਉਪਰ ਖੜ੍ਹੀ ਰਾਣਾ ਅਯੂਬ ਵੀ ਇਹੀ ਕਰਦੀ ਹੈ। ਇਉਂ ਸਿਆਸਤ ਦੇ ਦੋਨੋਂ ਸਿਰੇ ਬੁਨਿਆਦੀ ਰੂਪ 'ਚ ਸਮਾਜ ਨੂੰ ਵੰਡਣ ਦਾ ਕੰਮ ਕਰਦੇ ਹਨ ਜਿਥੇ ਕੀ ਸੱਚ ਹੈ ਅਤੇ ਕੀ ਝੂਠ, ਇਸ ਦਾ ਜ਼ਿਆਦਾ ਮਾਇਨਾ ਨਹੀਂ ਰਹਿ ਜਾਂਦਾ। ਰਾਣਾ ਅਯੂਬ ਦੀ ਕਿਤਾਬ ਦੇ ਰਿਲੀਜ਼ ਸਮਾਗਮ ਨੇ ਹੋਰ ਕੁਝ ਕੀਤਾ ਹੋਵੇ ਜਾਂ ਨਹੀਂ, ਪਹਿਲੀ ਨਜ਼ਰੇ ਪੱਤਰਕਾਰਾਂ ਦੇ ਸ਼ਹਿਰੀ ਕੁਲੀਨ ਉਦਾਰਵਾਦੀ ਤਬਕੇ ਨੂੰ ਵੰਡਣ ਦਾ ਕੰਮ ਕਰ ਦਿੱਤਾ ਹੈ।

ਰਾਣਾ ਦੀ ਕਥਾ ਵਿਚ ਉਸ ਨੂੰ ਲਗਾਤਾਰ ਛਾਪਣ ਵਾਲੇ ਤਰੁਣ ਤੇਜਪਾਲ ਅਤੇ ਸ਼ੋਮਾ ਚੌਧਰੀ, ਉਸ ਨੂੰ ਛਾਪਣ ਤੋਂ ਨਾਂਹ ਕਰਨ ਵਾਲੇ 12 ਪ੍ਰਕਾਸ਼ਕ, ਉਸ ਦਾ ਸਟਿੰਗ ਪ੍ਰਸਾਰਤ ਕਰਨ ਤੋਂ ਨਾਂਹ ਕਰਨ ਵਾਲੀ ਹਰ ਮੀਡੀਆ ਸੰਸਥਾ, ਪ੍ਰੋਗਰਾਮ ਵਿਚ ਆਉਣ ਦਾ ਵਾਅਦਾ ਕਰ ਕੇ ਆਖ਼ਰੀ ਵਕਤ ਛੁੱਟੀ ਮਨਾਉਣ ਦਾ ਬਹਾਨਾ ਕਰਨ ਵਾਲੀਆਂ ਸ਼ਖਸੀਅਤਾਂ (ਅਤੇ ਸਬਾ ਨਕਵੀ ਦੇ ਸਵਾਲ ਉਪਰ ਟਾਲ-ਮਟੋਲ ਕਰਨ ਵਾਲੇ ਰਾਜਦੀਪ ਸਰਦੇਸਾਈ ਵੀ) 'ਐਂਟੈਗੋਨਿਸਟ' ਯਾਨੀ ਵਿਰੋਧੀ ਬਣ ਕੇ ਉਭਰਦੇ ਹਨ। ਦਰਅਸਲ, ਜਦੋਂ ਰਾਣਾ ਰੋਂਦਿਆਂ ਕਹਿੰਦੀ ਹੈ ਕਿ ਸਮੁੱਚੇ ਪੱਤਰਕਾਰ ਭਾਈਚਾਰੇ ਨੇ ਇਨ੍ਹਾਂ ਵਰ੍ਹਿਆਂ ਵਿਚ ਉਸ ਦਾ ਸਾਥ ਨਹੀਂ ਦਿੱਤਾ, ਤਾਂ ਇਹ ਕਹਿ ਕੇ ਉਹ ਨਾ ਕੇਵਲ ਪੱਤਰਕਾਰੀ ਦੀ, ਬਲਕਿ ਉਸ ਵਿਆਪਕ ਲਿਬਰਲ ਸਮਾਜ ਦੀ ਪਾਲਾਬੰਦੀ ਕਰ ਦਿੰਦੀ ਹੈ ਜਿਸ ਦੀ ਗੁਜਰਾਤ-2002 ਬਾਰੇ ਧਾਰਨਾ ਉਸ ਤੋਂ ਅਲੱਗ ਨਹੀਂ। ਜਦੋਂ ਵੀ ਕੋਈ ਪੱਤਰਕਾਰ ਖ਼ਬਰ ਬਣਦਾ ਹੈ, ਤਾਂ ਇਉਂ ਹੀ ਹੁੰਦਾ ਹੈ।

ਰਾਜਦੀਪ ਸਰਦੇਸਾਈ ਇਸ ਦੇ ਖ਼ਤਰੇ ਸਮਝਦਾ ਹੈ, ਇਸ ਲਈ ਉਹ ਨਾਂ ਲੈਣ ਵਿਚ ਯਕੀਨ ਨਹੀਂ ਰੱਖਦਾ। ਕਾਹਲੀ ਵਿਚ ਮਿਸਟਰ ਨਾ... ਬੋਲ ਕੇ ਉਹ ਰੁਕ ਜਾਂਦਾ ਹੈ, ਲੇਕਿਨ ਜਨਤਾ ਸਮਝ ਜਾਂਦੀ ਹੈ ਕਿ ਗੱਲ 1984 ਅਤੇ 2002 ਦੇ ਦੰਗਿਆਂ (ਕਤਲੇਆਮ) ਦੀ ਜਾਂਚ ਲਈ ਬਣੇ ਕਮਿਸ਼ਨਾਂ ਦੇ ਇਕਲੌਤੇ ਚੇਅਰਮੈਨ ਜਸਟਿਸ ਨਾਨਾਵਤੀ ਦੀ ਹੋ ਰਹੀ ਹੈ ਜਿਸ ਨੇ ਰਾਜਦੀਪ ਨੂੰ ਇਕ ਵਾਰ 2002 ਬਾਬਤ ਕਿਹਾ ਸੀ ਕਿ "ਗੁਜਰਾਤ ਦੇ ਮੁਸਲਮਾਨ ਹੈ ਹੀ ਐਸੇ... ਇਹ ਤਾਂ ਹੋਣਾ ਹੀ ਸੀ" ਤੇ ਰਾਜਦੀਪ ਨੂੰ ਅਫਸੋਸ ਸੀ ਕਿ 'ਕਾਸ਼, ਮੇਰੇ ਕੋਲ ਉਸ ਵਕਤ ਸਟਿੰਗ ਕੈਮਰਾ ਹੁੰਦਾ'। ਐਨ ਇਸੇ ਤਰਜ਼ 'ਤੇ ਉਹ ਸਬਾ ਨਕਵੀ ਦੇ ਇਸ ਸਵਾਲ ਬਾਰੇ ਆਪਣਾ ਬਚਾਓ ਕਰਦਾ ਵੀ ਨਜ਼ਰ ਆਉਂਦਾ ਹੈ ਕਿ, ਕੀ ਉਹ ਆਪਣੀ ਸੰਸਥਾ ਇੰਡੀਆ ਟੁਡੇ ਵਿਚ ਰਾਣਾ ਵਲੋਂ ਕੀਤੇ ਸਟਿੰਗ ਨੂੰ ਚਲਾਉਣਗੇ। ਰਾਜਦੀਪ ਬੁੱਧ ਦੀ ਮੁਦਰਾ ਵਿਚ ਆ ਕੇ ਕਹਿੰਦਾ ਹੈ, "ਸਬਾ, ਇਹ ਸਵਾਲ ਇੰਡਵਿਜੂਅਲ ਦਾ ਨਹੀਂ ਹੈ, ਸਿਸਟਮ ਦਾ ਹੈ।"

'ਗੁਜਰਾਤ ਫਾਈਲਜ਼' ਦੀ ਭੂਮਿਕਾ ਵਿਚ ਰਾਣਾ ਅਯੂਬ ਆਪਣੇ ਇਕ ਸਾਬਕਾ ਸੰਪਾਦਕ ਦਾ ਜ਼ਿਕਰ ਕਰਦੀ ਹੈ ਜਿਸ ਦੀ ਕਹੀ ਗੱਲ ਉਸ ਨੂੰ ਅਜੇ ਤਕ ਚੇਤੇ ਹੈ, "ਇਕ ਚੰਗੇ ਪੱਤਰਕਾਰ ਨੂੰ ਸਟੋਰੀ ਤੋਂ ਖ਼ੁਦ ਨੂੰ ਨਿਰਲੇਪ ਰੱਖਣ ਦੀ ਕਲਾ ਸਿੱਖਣੀ ਚਾਹੀਦੀ ਹੈ ਅਤੇ ਵਿਹਾਰਕ ਹੋਣਾ ਚਾਹੀਦਾ ਹੈ।" ਉਹ ਕਹਿੰਦੀ ਹੈ ਕਿ 'ਮੈਨੂੰ ਅਫ਼ਸੋਸ ਹੈ ਕਿ ਅੱਜ ਤਕ ਮੈਂ ਇਹ ਕਲਾ ਸਿੱਖ ਨਹੀਂ ਸਕੀ' ਅਤੇ ਅਗਲੀ ਹੀ ਸਤਰ ਵਿਚ ਉਹ ਇਸ ਦਾ ਇਕ ਸਿਆਸੀ ਪਾਸਾਰ ਖੋਜ ਲੈਂਦੀ ਹੈ ਕਿ 'ਅਕਸਰ ਇਸ ਬਹਾਨੇ ਨੂੰ ਲੈ ਕੇ ਕਾਰਪੋਰੇਟ ਅਤੇ ਸਿਆਸੀ ਤਾਕਤਾਂ ਦੀ ਸ਼ਹਿ 'ਤੇ ਕਿਸੇ ਖ਼ਬਰ ਨੂੰ ਮਾਰਨ ਦਾ ਕੰਮ ਕੀਤਾ ਜਾਂਦਾ ਹੈ।' ਜ਼ਾਹਿਰ ਹੈ, ਮਾਮਲਾ ਸਿੱਖ ਨਾ ਸਕਣ ਦਾ ਨਹੀਂ ਹੈ, ਬਲਕਿ ਆਪਣੇ ਸਾਬਕਾ ਸੰਪਾਦਕ ਦੇ ਕਥਨ ਨਾਲ ਇਸ ਦਾ ਸਿਧਾਂਤਕ ਮੱਤਭੇਦ ਹੈ। ਦਰਅਸਲ, ਇਹ ਅਜਿਹਾ ਆਤਮ-ਸੰਘਰਸ਼ ਹੈ ਜੋ ਬਹੁਤ ਪੁਰਾਣਾ ਹੈ। ਸੱਚ ਕਹਿਣ ਬਦਲੇ ਮਾਰ ਦਿੱਤੇ ਗਏ ਸੁਕਰਾਤ ਤੋਂ ਲੈ ਕੇ ਸ਼ੁੱਕਰਵਾਰ ਨੂੰ ਰਿਲੀਜ਼ ਹੋਈ ਫਿਲਮ 'ਵੇਟਿੰਗ' ਤਕ ਫੈਲੇ ਹਜ਼ਾਰਾਂ ਰੂਹਾਂ ਦੇ ਮਨੁੱਖੀ ਇਤਿਹਾਸ ਵਿਚ ਬਦਲਾਓ ਦੇ ਕਿਸੇ ਵੀ 'ਏਜੰਟ' ਦਾ ਇਹ ਆਤਮ-ਸੰਘਰਸ਼ ਤੁਸੀ ਖ਼ੁਦ ਦੇਖ ਸਕਦੇ ਹੋ। ਇਹ ਸੰਕਟ ਇਕੱਲੀ ਪੱਤਰਕਾਰੀ ਦਾ ਨਹੀਂ ਹੈ, ਇਹ ਸੰਕਟ ਸੱਚ ਕਹੇ ਜਾਣ ਦੇ ਵਜੂਦ ਸਮੋਇਆ ਹੋਇਆ ਹੈ। ਮਸਲਨ, ਅਨੂ ਮੈਨਨ ਦੀ ਫਿਲਮ 'ਵੇਟਿੰਗ' ਵਿਚ ਸੀਨੀਅਰ ਡਾਕਟਰ (ਰਜਤ ਕਪੂਰ) ਆਪਣੇ ਜੂਨੀਅਰ ਨੂੰ ਸਮਝਾਉਂਦਾ ਹੈ ਕਿ "ਸਾਡਾ ਕੰਮ ਮਰੀਜ਼ ਦੇ ਦੁੱਖ ਵਿਚ ਸਹਿਭਾਗੀ ਬਣਨਾ ਨਹੀਂ ਹੈ।" ਫਿਰ ਉਹ ਉਸ ਨੂੰ ਦੱਸਦਾ ਹੈ ਕਿ ਮਰੀਜ਼ ਦੇ ਪਰਿਵਾਰ ਵਾਲਿਆਂ ਨੂੰ ਸੱਚ ਕਿਵੇਂ ਦੱਸਿਆ ਜਾਵੇ- ਉਸ ਵਿਚ ਕਿੰਨਾ ਅਭਿਨੈ ਹੋਵੇ ਅਤੇ ਕਿੰਨਾ ਸੱਚ।

> ***ਬੀਤੇ ਚੌਦਾਂ ਵਰ੍ਹਿਆਂ ਦੌਰਾਨ ਗੁਜਰਾਤ ਵਿਚ ਜੋ ਕੁਝ ਵੀ ਹੋਇਆ ਹੈ, ਉਸ ਦਾ ਸੱਚ ਇਕਤਰਫ਼ਾ ਨਹੀਂ ਹੈ। ਜੋ ਕੁਝ ਵੀ ਸਾਹਮਣੇ ਆ ਸਕਿਆ ਹੈ, ਉਹ ਸੱਚ ਦਾ ਨਿੱਕਾ ਜਿਹਾ ਅੰਸ਼ ਹੈ। ਇਸ ਸਿਲਸਿਲੇ ਵਿਚ ਰਾਣਾ ਅਯੂਬ ਦੇ ਸਟਿੰਗ ਅਤੇ ਉਸ ਉਪਰ ਆਧਾਰਤ ਉਸ ਦੀ ਖ਼ੁਦ ਹੀ ਛਪਵਾਈ ਇਹ ਕਿਤਾਬ ਅੰਤਮ ਸੱਚ ਕਰ ਕੇ ਨਹੀਂ, ਬਲਕਿ ਸੱਚ ਨੂੰ ਸਾਹਮਣੇ ਲਿਆਉਣ ਦੀ ਅਣਥੱਕ ਇਨਸਾਨੀ ਦਲੇਰੀ ਅਤੇ ਸ਼ਿੱਦਤ ਦੇ ਲਈ ਪੜ੍ਹੀ ਜਾਣੀ ਚਾਹੀਦੀ ਹੈ। ਅੱਜ ਦੇ ਦੌਰ ਵਿਚ ਅਜਿਹੀ ਦਲੇਰੀ ਦੁਰਲੱਭ ਹੈ।***

ਸੱਚ ਕਹਿਣ ਦੇ ਮਾਮਲੇ ਵਿਚ ਹਰਤੋਸ਼ (ਬੱਲ) ਕਿਤੇ ਜ਼ਿਆਦਾ ਖ਼ਰਾ ਹੈ ਜੋ ਕਹਿੰਦਾ ਹੈ ਕਿ 'ਸਾਨੂੰ ਨਾਂ ਲੈਣ ਤੋਂ ਕਤਰਾਉਣਾ ਨਹੀਂ ਚਾਹੀਦਾ'। ਤਰੁਣ ਤੇਜਪਾਲ ਅਤੇ ਸ਼ੋਮਾ ਚੌਧਰੀ ਦਾ ਨਾਂ ਉਹ ਅਖ਼ੀਰ ਵਿਚ ਆ ਕੇ ਹੀ ਲੈਂਦਾ ਹੈ, ਜਿਸ ਤੋਂ ਰਾਣਾ ਗੁਰੇਜ਼ ਕਰ ਰਹੀ ਸੀ। ਹਰਤੋਸ਼ ਸੱਚ ਨੂੰ ਸੰਤੁਲਤ ਕਰਨ ਦਾ ਯਤਨ ਵੀ ਕਰਦਾ ਹੈ ਜਦੋਂ ਹਰ ਵਾਰ ਉਹ ਗੁਜਰਾਤ ਦੇ ਜ਼ਿਕਰ ਦਰਮਿਆਨ ਦਿੱਲੀ-1984 ਨੂੰ ਲਿਆਉਣ ਦਾ ਯਤਨ ਕਰਦਾ ਹੈ। ਇਕ ਮੌਕੇ ਤਾਂ ਹਰਤੋਸ਼ ਦੇ 1984 ਬੋਲਦੇ ਹੀ ਰਾਜਦੀਪ ਉਸ ਦੀ ਗੱਲ ਕੱਟ ਦਿੰਦਾ ਹੈ। ਸੱਚ ਕਹਿਣ ਦੇ ਇਸ ਸੰਘਰਸ਼ ਵਿਚ ਇੰਦਰਾ ਜੈਸਿੰਘ ਕਿਤੇ ਜ਼ਿਆਦਾ ਦਵੰਦ-ਰਹਿਤ ਦਿਸਦੀ ਹੈ, ਕਿਉਂਕਿ ਉਸ ਕੋਲ ਇਕ (ਕਾਨੂੰਨੀ) ਸਾਂਚਾ ਹੈ ਜਿਸ ਦੀਆਂ ਸੀਮਾਵਾਂ ਤੋਂ ਉਹ ਜਾਣੂ ਹੈ। ਇਹ ਕਹਿਣਾ ਇੰਦਰਾ ਜੈਸਿੰਘ ਦੇ ਵੱਸ ਦੀ ਗੱਲ ਹੀ ਸੀ ਕਿ "ਇਹ ਸਰਕਾਰ ਨਿਆਂ ਪਾਲਿਕਾ ਵਿਚ ਆਰ.ਐਸ.ਐਸ. ਦੇ ਜੱਜਾਂ ਨੂੰ ਬਿਠਾ ਕੇ ਅਗਲੇ 20 ਸਾਲਾਂ ਲਈ ਬੇਫ਼ਿਕਰ ਹੋ ਜਾਣਾ ਚਾਹੁੰਦੀ ਹੈ ਤਾਂ ਕਿ ਉਹ ਅਗਾਂਹ ਸੱਤਾ ਵਿਚ ਰਹਿਣ ਜਾਂ ਨਾ ਰਹੇ, ਉਸ ਦਾ (ਸੰਘ) ਕੰਮ ਚਲਦਾ ਰਹੇ।"

ਰਾਣਾ ਅਯੂਬ ਦੀ 'ਗੁਜਰਾਤ ਫਾਈਲਜ਼' ਦਰਅਸਲ ਸੱਚ ਕਹਿਣ ਅਤੇ ਸੱਚ ਨੂੰ ਇਸਤੇਮਾਲ ਕਰਨ ਦੇ ਸੰਘਰਸ਼ ਦੀ ਮਿਸਾਲ ਹੈ। ਬੁਨਿਆਦੀ ਸਵਾਲ ਅਜੇ ਵੀ ਬਾਕੀ ਹੈ ਕਿ ਸੱਚ ਕੀ ਹੈ? ਕੀ ਰਾਣਾ ਦੇ ਲਿਖੇ ਨੂੰ ਸੱਚ ਮੰਨ ਲਿਆ ਜਾਵੇ? ਇਸ ਦਾ ਜਵਾਬ ਸਾਨੂੰ ਇਸ ਕਿਤਾਬ ਦਾ ਮੁੱਖਬੰਦ ਲਿਖਣ ਵਾਲੇ ਜਸਟਿਸ ਕ੍ਰਿਸ਼ਨਾ ਦੇ ਉਸ ਵਾਕ ਵਿਚ ਮਿਲ ਸਕਦਾ ਹੈ, "ਹੋ ਸਕਦਾ ਹੈ ਕਿ ਇਸ ਕਿਤਾਬ ਵਿਚ ਜੋ ਕਿਹਾ ਗਿਆ ਹੈ, ਉਸ ਨੂੰ ਤੁਸੀਂ ਵੈਲੀਡੇਟ ਕਰਨ ਦੀ ਹਾਲਤ ਵਿਚ ਨਾ ਹੋਵੋ, ਲੇਕਿਨ ਤੁਸੀਂ ਉਸ ਦਲੇਰੀ ਅਤੇ ਸ਼ਿੱਦਤ ਦੀ ਤਾਰੀਫ਼ ਕੀਤੇ ਬਿਨਾ ਨਹੀਂ ਰਹਿ ਸਕਦੇ ਜਿਸ ਦਾ ਮੁਜ਼ਾਹਰਾ ਇਸ ਲਿਖਾਰੀ ਨੇ ਉਸ ਚੀਜ਼ ਨੂੰ ਦੁਹਰਾਉਣ ਦੇ ਯਤਨ ਵਿਚ ਕੀਤਾ ਹੈ ਜਿਸ ਨੂੰ ਉਹ ਆਪ ਸੱਚ ਮੰਨਦੀ ਹੈ। ਲਗਾਤਾਰ ਵਧਦੀ ਹੋਈ ਬੇਈਮਾਨੀ, ਛਲ-ਕਪਟ ਅਤੇ ਸਿਆਸੀ ਹੱਥਕੰਡਿਆਂ ਦੇ ਦੌਰ ਵਿਚ ਖੋਜੀ ਪੱਤਰਕਾਰੀ ਦੇ ਉਸ ਦੇ ਇਸ ਯਤਨ ਨੂੰ ਅਤੇ ਉਸ ਨੂੰ ਸਲਾਮ, ਜਿਸ ਦੀ ਜ਼ਰੂਰਤ ਹੁਣ ਪਹਿਲਾਂ ਤੋਂ ਕਿਤੇ ਜ਼ਿਆਦਾ ਬਣ ਚੁੱਕੀ ਹੈ।"

ਬੀਤੇ ਚੌਦਾਂ ਵਰ੍ਹਿਆਂ ਦੌਰਾਨ ਗੁਜਰਾਤ ਵਿਚ ਜੋ ਕੁਝ ਵੀ ਹੋਇਆ ਹੈ, ਉਸ ਦਾ ਸੱਚ ਇਕਤਰਫ਼ਾ ਨਹੀਂ ਹੈ। ਜੋ ਕੁਝ ਵੀ ਸਾਹਮਣੇ ਆ ਸਕਿਆ ਹੈ, ਉਹ ਸੱਚ ਦਾ ਨਿੱਕਾ ਜਿਹਾ ਅੰਸ਼ ਹੈ। ਇਸ ਸਿਲਸਿਲੇ ਵਿਚ ਰਾਣਾ ਅਯੂਬ ਦੇ ਸਟਿੰਗ ਅਤੇ ਉਸ ਉਪਰ ਆਧਾਰਤ ਉਸ ਦੀ ਖ਼ੁਦ ਹੀ ਛਪਵਾਈ ਇਹ ਕਿਤਾਬ ਅੰਤਮ ਸੱਚ ਕਰ ਕੇ ਨਹੀਂ, ਬਲਕਿ ਸੱਚ ਨੂੰ ਸਾਹਮਣੇ ਲਿਆਉਣ ਦੀ ਅਣਥੱਕ ਇਨਸਾਨੀ ਦਲੇਰੀ ਅਤੇ ਸ਼ਿੱਦਤ ਦੇ ਲਈ ਪੜ੍ਹੀ ਜਾਣੀ ਚਾਹੀਦੀ ਹੈ। ਅੱਜ ਦੇ ਦੌਰ ਵਿਚ ਅਜਿਹੀ ਦਲੇਰੀ ਦੁਰਲੱਭ ਹੈ। ਜਿਉਂਦੇ ਪ੍ਰਾਣੀ ਸਦਾ ਦਲੇਰੀ ਦੇ ਕਾਇਲ ਰਹੇ ਹਨ। ਜੋ ਸੱਤਾ ਦੇ ਖ਼ਿਲਾਫ਼ ਦਲੇਰੀ ਕਰਦਾ ਹੈ, ਉਹੀ ਤਾਕਤਵਰ ਹੁੰਦਾ ਹੈ ਅਤੇ ਸੱਤਾ ਦੇ ਸਾਹਮਣੇ ਪਾਵਰ ਸੈਂਟਰ ਰਚਦਾ ਹੈ। ਉਸ ਤੋਂ ਬਾਅਦ ਸਾਰਾ ਮਾਮਲਾ ਦੋ ਸੱਤਾ ਕੇਂਦਰਾਂ ਦਰਮਿਆਨ ਮਹਿਦੂਦ ਹੁੰਦਾ ਜਾਂਦਾ ਹੈ ਅਤੇ ਸੱਚ ਪਾਵਰ-ਡਿਸਕੋਰਸ, ਭਾਵ ਸੱਤਾ-ਪ੍ਰਵਚਨ ਵਿਚ ਤਬਦੀਲ ਹੋ ਜਾਂਦਾ ਹੈ। ਚੌਦਾਂ ਸਾਲ ਪਹਿਲਾਂ ਗੁਜਰਾਤ ਦਾ ਜੋ ਸੱਚ ਸੜਕਾਂ ਉਪਰ ਖਿਲਰਿਆ ਹੋਇਆ ਸੀ, ਉਹ ਨਿਆਂ ਦੀ ਛਾਨਣੀ ਵਿਚੋਂ ਦੀ ਹੁੰਦਾ ਹੋਇਆ ਦੋ ਸਾਲ ਪਹਿਲਾਂ ਅਚਾਨਕ ਸੱਤਾ-ਪ੍ਰਵਚਨ ਵਿਚ ਤਬਦੀਲ ਹੋ ਚੁੱਕਾ ਹੈ। ਅਜਿਹਾ ਪ੍ਰਵਚਨ ਮੋਦੀ ਬਨਾਮ ਕਨ੍ਹੱਈਆ ਜਾਂ ਅਮਿਤ ਸ਼ਾਹ ਬਨਾਮ ਰਾਣਾ ਵਰਗੀਆਂ ਕੈਟੇਗਰੀ ਹੀ ਪੈਦਾ ਕਰ ਸਕਦਾ ਹੈ। ਇਹ ਕਹਿ ਸਕਣਾ ਮੁਸ਼ਕਲ ਹੈ ਕਿ ਦੋ ਧਰੁਵਾਂ ਦਰਮਿਆਨ ਆਮ ਲੋਕ ਕਿਤੇ ਆਉਂਦੇ ਵੀ ਹਨ ਜਾਂ ਨਹੀਂ। ਸ਼ਨਿੱਚਰਵਾਰ ਦੀ ਸ਼ਾਮ ਅਮਲਤਾਸ ਹਾਲ ਵਿਚ ਮੌਜੂਦ ਕਾਂਗਰਸ ਦੇ ਸੰਦੀਪ ਦੀਕਸ਼ਤ, ਪ੍ਰਿਥਵੀ ਰਾਜ ਚਵਾਨ, ਅਹਿਮਦ ਪਟੇਲ, ਮਣੀਸ਼ੰਕਰ ਆਇਰ ਵਰਗੇ ਚਿਹਰੇ ਇਸ ਸੱਤਾ-ਪ੍ਰਵਚਨ ਦੀ ਤਸਦੀਕ ਕਰਦੇ ਨਜ਼ਰ ਆਉਂਦੇ ਹਨ।

ਰਾਣਾ ਨੇ ਕਿਹਾ ਸੀ ਕਿ ਕਾਂਗਰਸ ਹੁਣ ਉਸ ਦੇ ਮੋਢੇ ਉਪਰ ਰੱਖ ਕੇ ਬੰਦੂਕ ਚਲਾਉਣ ਦੀ ਤਾਕ ਵਿਚ ਹੈ। ਕੌਣ ਕਿਸ ਦੇ ਮੋਢੇ ਉਪਰ ਬੰਦੂਕ ਰੱਖ ਕੇ ਚਲਾ ਰਿਹਾ ਹੈ, ਇਸ ਦਾ ਗੁਜਰਾਤ ਵਿਚ ਮਾਰੇ ਅਤੇ ਉਜਾੜੇ ਗਏ ਲੋਕਾਂ ਨਾਲ ਕੀ ਭੋਰਾ ਵੀ ਲੈਣਾ-ਦੇਣਾ ਹੈ। ਜਿਸ ਦੇ ਹੱਥ ਵਿਚ ਬੰਦੂਕ ਨਹੀਂ ਹੈ ਅਤੇ ਜਿਸ ਦੇ ਅੱਗੇ ਕੋਈ ਮੋਢਾ ਵੀ ਨਹੀਂ ਹੈ, ਚਾਹੇ ਉਹ ਆਮ ਲੋਕ ਹੋਣ ਜਾਂ ਰਾਣਾ ਦਾ ਵਿਰੋਧੀ ਸਮੁੱਚਾ ਪੱਤਰਕਾਰ ਭਾਈਚਾਰਾ, ਕੀ ਉਨ੍ਹਾਂ ਦੀ ਇਸ ਬਿਰਤਾਂਤ ਵਿਚ ਕੋਈ ਪ੍ਰਸੰਗਿਕਤਾ ਹੈ? ਇਨ੍ਹਾਂ ਸਵਾਲਾਂ ਦਰਮਿਆਨ ਚੰਗੀ ਗੱਲ ਬਸ ਇਹ ਹੈ ਕਿ ਰਾਣਾ ਨੂੰ ਆਪਣੇ 'ਵਿਸ਼ੇਸ਼ ਅਧਿਕਾਰਾਂ ਵਾਲੇ ਰੁਤਬੇ' ਦਾ ਜ਼ਰੂਰੀ ਅਹਿਸਾਸ ਹੈ। ਇਹ ਉਸ ਦੀ ਹਲੀਮੀ ਹੈ ਕਿ ਉਹ ਮੁਲਕ ਦੀਆਂ ਨੁਕਰਾਂ ਵਿਚ ਮਾਰੇ ਜਾ ਰਹੇ ਅਤੇ ਮਹਾਂਨਗਰਾਂ ਵਿਚ ਈ.ਐਮ.ਆਈ. (ਮਾਸਿਕ ਕਿਸ਼ਤਾਂ) ਦੇ ਬੋਝ ਹੇਠ ਪਿਸ ਰਹੇ ਪੱਤਰਕਾਰਾਂ ਬਾਬਤ ਘੱਟੋ-ਘੱਟ ਦਲੇਰ ਵਾਕ ਜ਼ਰੂਰ ਕਹਿੰਦੀ ਹੈ। ਕੂੜ ਦੇ ਖ਼ਿਲਾਫ਼ ਜੰਗ ਵਿਚ ਦਲੇਰੀ ਵਾਲੀ ਇਹ ਹਲੀਮੀ ਬਚੀ ਰਹੇ, ਤਾਂ ਬਿਹਤਰ ਹੈ। -0-

# ਪਾਕਿਸਤਾਨ ਅਤੇ ਸੰਸਾਰ ਸਿਆਸਤ

ਮੀਡੀਆ ਵਿਚ ਇਹ ਧਾਰਨਾ ਭਾਰੂ ਹੈ ਕਿ ਪਾਕਿਸਤਾਨ ਅਲੱਗ-ਥਲੱਗ ਪਿਆ ਹੋਇਆ ਹੈ ਅਤੇ ਇਸ ਦੀ ਵਿਦੇਸ਼ ਨੀਤੀ ਖਿੰਡਾਅ ਦੀ ਸ਼ਿਕਾਰ ਹੈ। ਅਫ਼ਗਾਨ-ਤਾਲਿਬਾਨ ਦੇ ਮੁਖੀ ਮੁੱਲਾ ਅਖ਼ਤਰ ਮਨਸੂਰ ਦੇ ਬਲੋਚਿਸਤਾਨ ਵਿਚ ਅਮਰੀਕੀ ਡਰੋਨ ਹਮਲੇ ਰਾਹੀਂ ਮਾਰੇ ਜਾਣ ਤੋਂ ਬਾਅਦ ਇਸ ਧਾਰਨਾ ਨੂੰ ਹੋਰ ਮਜ਼ਬੂਤੀ ਮਿਲੀ ਹੈ। ਸ਼ੁਰੂ ਤੋਂ ਹੀ ਫ਼ੌਜੀ ਲੀਡਰਸ਼ਿਪ ਭਾਰੂ ਰਹੀ ਹੈ ਅਤੇ ਤਰਜੀਹਾਂ ਮਿਥਦੀ ਰਹੀ ਹੈ। ਹੁਣ ਹਾਲਾਤ ਬੇਹੱਦ ਮਾੜੇ ਹਨ। ਚੀਨ ਨੂੰ ਛੱਡ ਕੇ ਬਾਕੀ ਸਾਰੇ ਗੁਆਂਢੀ ਦੇਸ਼ਾਂ ਨਾਲ ਇਸਲਾਮਾਬਾਦ ਦੇ ਸਬੰਧ ਵਿਗੜੇ ਹੋਏ ਹਨ।

ਪਾਕਿਸਤਾਨ-ਭਾਰਤ ਗੱਲਬਾਤ ਪਠਾਨਕੋਟ ਹਮਲੇ ਤੋਂ ਬਾਅਦ ਬੰਦ ਹੈ। ਜਦੋਂ ਸਤੰਬਰ 2014 ਵਿਚ ਅਸ਼ਰਫ਼ ਗਨੀ ਨੇ ਅਫ਼ਗਾਨਿਸਤਾਨ ਦੇ ਰਾਸ਼ਟਰਪਤੀ ਦਾ ਅਹੁਦਾ ਸੰਭਾਲਿਆ ਸੀ ਤਾਂ ਪਾਕਿਸਤਾਨੀ ਅਤੇ ਅਫ਼ਗਾਨ ਲੀਡਰਸ਼ਿਪ ਵਿਚਕਾਰ ਵੱਡੀ ਸਦਭਾਵਨਾ ਜ਼ਾਹਰ ਕੀਤੀ ਗਈ ਸੀ, ਪਰ ਹੁਣ ਇਹ ਇਸ ਹੱਦ ਤੱਕ ਉੱਡ-ਪੁੱਡ ਚੁੱਕੀ ਹੈ। ਜਨਾਬ ਗਨੀ ਦਾ ਦੋਸ਼ ਹੈ ਕਿ ਪਾਕਿਸਤਾਨ ਉਨ੍ਹਾਂ ਦੇ ਦੇਸ਼ ਵਿਚ ਗੜਬੜ ਵਧਾ ਰਿਹਾ ਹੈ। ਲੰਮੇ ਸਮੇਂ ਬਾਅਦ ਤਹਿਰਾਨ ਨਾਲ ਵੀ ਸਬੰਧਾਂ ਵਿਚ ਨਵੀਂ ਸ਼ੁਰੂਆਤ ਹੋਈ ਸੀ, ਪਰ ਦੋ ਮਹੀਨੇ ਪਹਿਲਾਂ ਜਦੋਂ ਇਰਾਨੀ ਰਾਸ਼ਟਰਪਤੀ ਹਸਨ ਰੂਹਾਨੀ ਇਸਲਾਮਾਬਾਦ ਆਏ ਤਾਂ ਸਾਡੀ ਸੁਰੱਖਿਆ ਸਥਾਪਤੀ ਵੱਲੋਂ ਇਸ ਸਮੇਂ ਦੀ ਚੋਣ ਇਹ ਦੋਸ਼ ਲਾਉਣ ਲਈ ਕੀਤੀ ਗਈ ਕਿ ਇਰਾਨ 'ਰਾਅ' ਦੇ ਏਜੰਟਾਂ ਨੂੰ ਪਾਲ ਰਿਹਾ ਹੈ। ਭਾਰਤੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਇਰਾਨ ਦੌਰੇ ਦੌਰਾਨ ਭਾਰਤ, ਅਫ਼ਗਾਨਿਸਤਾਨ ਅਤੇ ਇਰਾਨ ਵਿਚਕਾਰ ਚਾਬਹਾਰ ਬੰਦਰਗਾਹ ਸਬੰਧੀ ਸਮਝੌਤਾ ਹੋਇਆ। ਇਸ ਨੂੰ ਗਵਾਦਰ ਬੰਦਰਗਾਹ ਦੇ ਪ੍ਰਤੀਕਰਮ ਵਜੋਂ ਅਤੇ ਇਸਲਾਮਾਬਾਦ ਵੱਲੋਂ ਕਾਬਲ ਤੇ ਨਵੀਂ ਦਿੱਲੀ ਨੂੰ ਆਪਣੇ ਖੇਤਰ ਵਿਚੋਂ ਲਾਂਘਾ ਨਾ ਦੇਣ ਦੇ ਪ੍ਰਤੀਕਰਮ ਵਜੋਂ ਦੇਖਿਆ ਜਾ ਰਿਹਾ ਹੈ।

ਰੂਸ ਨਾਲ ਰਿਸ਼ਤੇ ਸੁਧਾਰਨ ਦੇ ਵੀ ਅੱਧੇ-ਅਧੂਰੇ ਯਤਨ ਹੋਏ ਹਨ। ਜਿਥੋਂ ਤੱਕ ਅਮਰੀਕਾ ਦਾ ਸਬੰਧ ਹੈ, ਇਹ ਵੀ ਪਾਕਿਸਤਾਨ ਨੂੰ ਅਰਧ-ਸਹਿਯੋਗੀ ਹੀ ਮੰਨਦਾ ਹੈ। ਕੁਝ ਵਿਸ਼ਲੇਸ਼ਕਾਂ ਮੁਤਾਬਕ, ਅਮਰੀਕਾ ਪਾਕਿਸਤਾਨ ਨੂੰ ਦੋਸਤ ਵਜੋਂ ਨਹੀਂ, ਦੋਸਤ ਵਰਗੇ ਦੁਸ਼ਮਣ ਵਜੋਂ ਦੇਖਦਾ ਹੈ। ਉਸਾਮਾ ਬਿਨ-ਲਾਦਿਨ ਨੂੰ ਅਮਰੀਕਾ ਵੱਲੋਂ ਐਬਟਾਬਾਦ ਵਿਚ ਖ਼ਤਮ ਕੀਤਾ ਗਿਆ ਅਤੇ ਹੁਣ ਮੁੱਲਾ ਅਖ਼ਤਰ ਮਨਸੂਰ ਨੂੰ ਬਲੋਚਿਸਤਾਨ ਵਿਚ ਅਮਰੀਕੀ ਡਰੋਨ ਹਮਲੇ ਰਾਹੀਂ ਮਾਰਿਆ ਗਿਆ। ਦੋਵੇਂ ਕਾਰਵਾਈਆਂ ਇਸਲਾਮਾਬਾਦ ਨੂੰ ਭਰੋਸੇ ਵਿਚ ਲਏ ਬਗੈਰ ਹੋਈਆਂ। ਪਤਾ ਲੱਗ ਜਾਂਦਾ ਹੈ ਕਿ ਇਸਲਾਮਾਬਾਦ ਅਤੇ ਵਾਸ਼ਿੰਗਟਨ ਵਿਚਕਾਰ ਆਪਸੀ ਭਰੋਸੇ ਦੀ ਕਿੰਨੀ ਘਾਟ ਹੈ।

ਇਹ ਸਾਰਾ ਕੁਝ ਪਾਕਿਸਤਾਨ ਲਈ ਕਿਸੇ ਵੀ ਪੱਖ ਤੋਂ ਚੰਗਾ ਨਹੀਂ ਹੈ। ਬਲੋਚਿਸਤਾਨ ਦੇ ਗ੍ਰਹਿ ਮੰਤਰੀ ਸਰਫ਼ਰਾਜ਼ ਬੁਗਤੀ ਅਨੁਸਾਰ ਸੂਬੇ ਵਿਚੋਂ ਅਫ਼ਗਾਨ ਸੂਹੀਆ ਏਜੰਸੀ ਦੇ 6 ਜਾਸੂਸ ਫੜੇ ਗਏ ਹਨ। ਇੰਜ ਜਾਪਦਾ, ਜਿਵੇਂ ਬਲੋਚਿਸਤਾਨ 'ਰਾਅ' ਅਤੇ 'ਐਨ.ਡੀ.ਐਸ.' ਦੇ ਏਜੰਟਾਂ ਨਾਲ ਭਰਿਆ ਪਿਆ ਹੋਵੇ। ਇਸ ਤਰ੍ਹਾਂ ਪਾਕਿਸਤਾਨ ਦਾ ਸਭ ਤੋਂ ਵੱਡਾ ਅਤੇ ਰਣਨੀਤਕ ਮਹੱਤਵ ਵਾਲਾ ਸੂਬਾ ਨਾ ਸਿਰਫ ਵਿਦੇਸ਼ੀ ਏਜੰਟਾਂ ਦੀ ਘੁਸਪੈਠ ਦਾ ਸ਼ਿਕਾਰ ਹੈ, ਸਗੋਂ ਇਹ ਅਫ਼ਗਾਨ ਤਾਲਿਬਾਨ ਦਾ ਘਰ ਵੀ ਬਣਿਆ ਹੋਇਆ ਹੈ। ਸੂਬੇ ਦੇ ਕੌਮਪ੍ਰਸਤ ਮੁੱਖ ਮੰਤਰੀ ਮੁਹੰਮਦ ਮਲਿਕ ਦੇ ਕਾਰਜਕਾਲ ਵੇਲੇ ਵੱਖਵਾਦੀਆਂ ਨੂੰ ਸਰਕਾਰ ਨਾਲ ਕਿਸੇ ਨਾ ਕਿਸੇ ਤਰ੍ਹਾਂ ਦੀ ਗੱਲਬਾਤ ਵਿਚ ਸ਼ਾਮਿਲ ਰੱਖਿਆ ਗਿਆ ਸੀ, ਪਰ ਉਨ੍ਹਾਂ ਪਿਛੋਂ ਮੁੱਖ ਮੰਤਰੀ ਬਣੇ ਪੀ.ਐਮ.ਐਲ.(ਐਨ.) ਦੇ ਸਨਾਉਲਾ ਜ਼ਿਹਰੀ ਅਧੀਨ ਇਹ ਗੱਲਬਾਤ ਟੁੱਟ ਚੁੱਕੀ ਹੈ।

'ਖਰਗੋਸ਼ਾਂ ਨਾਲ ਦੌੜਨ ਅਤੇ ਬਘਿਆੜਾਂ ਨਾਲ ਸ਼ਿਕਾਰ ਕਰਨ' ਦੀ ਪਾਕਿਸਤਾਨ ਵੱਲੋਂ ਅਪਣਾਈ ਨੀਤੀ ਨੇ ਹੀ ਵੱਡਾ ਨੁਕਸਾਨ ਕੀਤਾ ਹੈ। ਇਕ ਪਾਸੇ ਅਸੀਂ ਭਾਰਤ ਆਧਾਰਿਤ ਅਤੇ ਅਫ਼ਗਾਨ ਆਧਾਰਿਤ ਅਤਿਵਾਦੀਆਂ ਦਾ ਸਮਰਥਨ ਕਰ ਰਹੇ ਹਾਂ ਅਤੇ ਦੂਜੇ ਪਾਸੇ ਅਸੀਂ ਅਮਰੀਕਾ ਨਾਲ ਮਿਲ ਕੇ ਅਤਿਵਾਦ ਖਿਲਾਫ਼ ਲੜਾਈ ਲੜ ਰਹੇ ਹਾਂ। ਜਨਰਲ ਰਹੀਲ ਸ਼ਰੀਫ਼ ਨੇ ਮੁੱਲਾ ਮਨਸੂਰ ਦੇ ਮਾਮਲੇ ਵਿਚ ਪਾਕਿਸਤਾਨੀ ਪ੍ਰਭੂਸੱਤਾ ਦੀ ਉਲੰਘਣਾ ਹੋਣ ਦਾ ਮੁੱਦਾ ਅਮਰੀਕੀ ਰਾਜਦੂਤ ਕੋਲ ਉਠਾਇਆ ਹੈ, ਪਰ ਕੀ ਪਾਕਿਸਤਾਨ ਦੀ ਪ੍ਰਭੂਸੱਤਾ ਦੀ ਅਜਿਹੀ ਉਲੰਘਣਾ ਪਹਿਲੀ ਵਾਰ ਹੋਈ ਹੈ? ਅਮਰੀਕੀ ਡਰੋਨਾਂ ਨੇ ਤਾਂ ਇਸ ਉਲੰਘਣਾ ਦਾ ਇਕ ਦ੍ਰਿਸ਼ ਹੀ ਪੇਸ਼ ਕੀਤਾ ਹੈ। ਸਮੱਸਿਆ ਤਾਂ ਇਸ ਤੋਂ ਕਿਤੇ ਵਧੇਰੇ ਡੂੰਘੀ ਹੈ।

***-ਆਰਿਫ ਨਿਜ਼ਾਮੀ***

# ਦੇਖੀਆਂ-ਸੁਣੀਆਂ ਭਵਿੱਖਬਾਣੀਆਂ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਵਾਰ-ਵਾਰ 'ਮਰਨ ਵਰਤ' ਰੱਖ ਕੇ ਕੌਮ ਦਾ ਜਲੂਸ ਕਢਾਉਣ ਵਾਲੇ ਸੰਤ ਫਤਿਹ ਸਿੰਘ ਵੱਲੋਂ ਲਾਇਆ ਕਲੰਕ ਤਾਂ ਭਾਵੇਂ ਭਾਈ ਦਰਸ਼ਨ ਸਿੰਘ ਫੇਰੂਮਾਨ ਨੇ ਸ਼ਹੀਦੀ ਦੇ ਕੇ ਧੋ ਦਿੱਤਾ ਸੀ, ਪਰ ਸੰਤ ਫਤਿਹ ਸਿੰਘ ਦੇ ਮਰਨ ਵਰਤਾਂ ਨਾਲ ਸਬੰਧਤ ਕਈ ਕਿੱਸੇ ਇਤਿਹਾਸ ਦੀਆਂ ਕਿਤਾਬਾਂ ਵਿਚ ਦਰਜ ਹੋ ਗਏ। ਜਦੋਂ ਉਸ ਨੇ ਵਰਤਾਂ ਤੋਂ ਵੀ ਅਗਾਂਹ ਟੱਪ ਕੇ ਅਗਨ-ਕੁੰਡ ਵਿਚ ਸੜ ਮਰਨ ਦਾ ਐਲਾਨ ਕਰ ਦਿੱਤਾ ਤਾਂ ਤਤਕਾਲੀ ਸਿਆਸਤ ਵਿਚ ਤਰਥੱਲੀ ਮੱਚ ਗਈ; ਕਿਉਂਕਿ ਉਸ ਨੇ ਪੰਜਾਬੀ ਸੂਬੇ ਦੀ ਮੰਗ ਨਾ ਮੰਨੇ ਜਾਣ ਦੀ ਸੂਰਤ ਵਿਚ ਸੜ ਮਰਨ ਦੀ ਤਰੀਕ ਦਾ ਐਲਾਨ ਵੀ ਕਰ ਦਿੱਤਾ ਸੀ। ਇਥੇ ਹੀ ਬੱਸ ਨਹੀਂ, ਸ੍ਰੀ ਅਕਾਲ ਤਖ਼ਤ 'ਤੇ ਅਗਨ-ਕੁੰਡ ਵੀ ਬਣਨ ਲੱਗ ਪਿਆ ਤੇ ਉਥੇ ਬਾਲਣ ਵੀ ਪਹੁੰਚਾ ਦਿੱਤਾ ਗਿਆ। ਸ਼੍ਰੋਮਣੀ ਕਮੇਟੀ, ਅਕਾਲੀ ਦਲ ਅਤੇ ਸਾਰੇ ਪੰਜਾਬ ਵਿਚ ਸਹਿਮ ਛਾ ਗਿਆ। ਚੋਟੀ ਦੇ ਪੰਥਕ ਲੀਡਰ ਸੰਤ ਫਤਿਹ ਸਿੰਘ ਦੀ 'ਜਾਨ ਬਚਾਉਣ' ਦੇ ਉਪਰਾਲਿਆਂ ਵਜੋਂ ਕੇਂਦਰ ਸਰਕਾਰ ਨਾਲ ਸੰਪਰਕ ਸਾਧਣ ਲੱਗ ਪਏ।

ਜਦੋਂ ਸ੍ਰੀ ਅਕਾਲ ਤਖ਼ਤ 'ਤੇ ਤਿਆਰ ਹੋ ਚੁੱਕੇ ਅਗਨ-ਕੁੰਡ ਪਾਸ 'ਦਾਹ ਸੰਸਕਾਰ' ਵੇਲੇ ਵਰਤੋਂ ਵਿਚ ਲਿਆਂਦੇ ਜਾਣ ਲਈ ਘਿਓ ਦੇ ਪੀਪੇ ਵੀ ਪਹੁੰਚ ਗਏ ਤੇ ਮਿਥੀ ਤਰੀਕ ਵੀ ਨੇੜੇ ਆ ਗਈ ਤਾਂ ਹੋਰ ਵੀ ਸੰਨਾਟਾ ਛਾ ਗਿਆ। ਅਜਿਹੇ ਕਰੁਣਾਮਈ ਹਾਲਾਤ ਵਿਚ ਸ਼੍ਰੋਮਣੀ ਕਮੇਟੀ ਦੇ ਕੁਝ ਫਿਕਰਮੰਦ ਆਗੂ ਸਿਰਦਾਰ ਕਪੂਰ ਸਿੰਘ ਕੋਲ ਗਏ ਕਿ ਉਹ ਵੀ ਸੰਤ ਜੀ ਨੂੰ 'ਬਚਾਉਣ' ਲਈ ਆਪਣਾ ਕੋਈ ਅਸਰ-ਰਸੂਖ ਵਰਤਣ। ਕਹਿੰਦੇ ਨੇ ਸਿਰਦਾਰ ਕਪੂਰ ਸਿੰਘ ਨੇ ਮੁਸਕਰਾਉਂਦਿਆਂ ਭਵਿੱਖਵਾਣੀ ਕੀਤੀ, "ਸਿੰਘੋ ਘਬਰਾਉ ਨਾ, ਮੇਰੀ ਗੱਲ ਯਾਦ ਰੱਖਿਉ, ਇਹ ਸਾਧ 'ਸੜ ਕਰ' ਨਹੀਂ ਮਰੇਗਾ, 'ਮਰ ਕਰ' ਹੀ ਸੜੇਗਾ।"

---

ਧਰਮ ਯੁੱਧ ਮੋਰਚਾ ਪੂਰੀ ਚੜ੍ਹਦੀ ਕਲਾ ਵਿਚ ਚੱਲ ਰਿਹਾ ਸੀ। ਗ੍ਰਿਫਤਾਰੀਆਂ ਦੇਣ ਵਾਲਿਆਂ ਨਾਲ ਜੇਲ੍ਹਾਂ ਭਰ ਜਾਣ ਦੀਆਂ ਖਬਰਾਂ ਲਗਾਤਾਰ ਆ ਰਹੀਆਂ ਸਨ। ਉਨ੍ਹਾਂ ਦਿਨਾਂ ਵਿਚ ਅਖਬਾਰਾਂ ਸਾਡੇ ਪਿੰਡਾਂ ਵਿਚ ਤਾਂ ਘੱਟ-ਵੱਧ ਹੀ ਪਹੁੰਚਦੀਆਂ ਹੁੰਦੀਆਂ ਸਨ। ਆਲੇ-ਦੁਆਲੇ ਦੇ ਪਿੰਡਾਂ ਦੇ ਪੰਥਕ ਸੋਚ ਨੂੰ ਪ੍ਰਣਾਏ ਸੱਜਣਾਂ ਦਾ 'ਅੱਡਾ' ਹੁੰਦੀ ਸੀ ਜਾਡਲੇ ਦੀ ਇਕ ਦੁਕਾਨ। ਚਾਹ-ਦੁੱਧ ਦੀ ਸਾਧਾਰਨ ਜਿਹੀ ਇਸ ਦੁਕਾਨ ਵਾਲਿਆਂ ਦਾ ਇਕ ਨੌਜਵਾਨ ਇਲਾਕੇ ਦੇ ਗੱਭਰੂਆਂ ਦਾ ਜਥਾ ਮੋਰਚੇ ਵਿਚ ਲੈ ਕੇ ਗਿਆ ਹੋਇਆ ਸੀ। ਸੋ, ਇਕ ਤਰ੍ਹਾਂ ਨਾਲ ਸਾਡੇ ਇਲਾਕੇ ਦੀਆਂ ਪੰਥਕ ਸਰਗਰਮੀਆਂ ਦਾ ਕੇਂਦਰ ਇਹ ਦੁਕਾਨ ਹੀ ਬਣੀ ਹੋਈ ਸੀ। ਇਥੇ ਬੈਂਚਾਂ ਉਪਰ ਦੋ ਤਿੰਨ ਅਖਬਾਰਾਂ ਪਈਆਂ ਰਹਿੰਦੀਆਂ ਅਤੇ ਸਾਡੇ ਵਰਗੇ ਉਥੇ ਆ ਕੇ ਅਕਸਰ ਚਾਹ ਦੀਆਂ ਚੁਸਕੀਆਂ ਭਰਦੇ ਰਹਿੰਦੇ, ਨਾਲ ਹੀ ਰੋਜ਼-ਮਰ੍ਹਾ ਦੀਆਂ ਘਟਨਾਵਾਂ ਬਾਰੇ 'ਜਾਭਾਂ ਦੇ ਭੇੜ' ਕਰਦੇ ਰਹਿੰਦੇ।

ਇਨ੍ਹਾਂ ਦਿਨਾਂ ਵਿਚ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਬਾਰੇ ਅਖਬਾਰਾਂ ਵਿਚ ਲੇਖ ਵੀ ਧੜਾ-ਧੜ ਛਪਦੇ ਸਨ ਅਤੇ ਹਰ ਛੋਟੇ-ਬੜੇ ਅਕਾਲੀ ਆਗੂ ਦੇ ਬਿਆਨਾਂ ਵਿਚ ਵੀ ਇਸੇ 'ਮਤੇ' ਦੀ 'ਹਰ ਹਾਲ ਪ੍ਰਾਪਤੀ' ਦੇ ਦਾਅਵੇ-ਵਾਅਦੇ ਜ਼ਰੂਰ ਹੁੰਦੇ ਸਨ। ਉਥੋਂ ਪੜ੍ਹ-ਸੁਣ ਕੇ ਸਾਡੇ ਵਰਗੇ ਵੀ ਅਗਾਂਹ ਇਹੀ ਪ੍ਰਚਾਰ ਕਰਦੇ ਕਿ ਅਨੰਦਪੁਰ ਦਾ ਮਤਾ, ਪ੍ਰਵਾਨ ਹੋਇਆ ਕਿ ਹੋਇਆ! ਚਾਰੇ ਪਾਸੇ 'ਮਤਾ ਮਤਾ' ਹੀ ਹੁੰਦੀ ਰਹਿੰਦੀ।

ਮੈਨੂੰ ਯਾਦ ਨੇ ਉਹ ਪਲ, ਜਦ ਮੈਂ ਇਕ ਵਾਰ ਇਸ ਮਹਿਫਿਲ ਵਿਚ ਅਚਾਨਕ ਜ਼ੋਰ ਦੀ ਠਹਾਕਾ ਮਾਰ ਕੇ ਸਭ ਦਾ ਧਿਆਨ ਖਿੱਚਿਆ। ਉਚੀ-ਉਚੀ ਹੱਸਦਿਆਂ ਜਦੋਂ ਮੈਂ 'ਆਹ ਸੁਣੋ ਬਈ ਸੁਣੋ!' ਕਹਿ ਕੇ ਹੱਥ ਵਿਚ ਫੜਿਆ ਅਖਬਾਰੀ ਸਫ਼ਾ 'ਤਾਂਹ ਨੂੰ ਲਹਿਰਾਇਆ ਤਾਂ ਸਾਰੇ ਜਣੇ ਉਤਸੁਕਤਾ ਨਾਲ ਮੇਰੇ ਵੱਲ ਦੇਖਣ ਲੱਗੇ। ਅਸਲ ਵਿਚ ਮੇਰੀ ਨਿਗ੍ਹਾ ਪੈ ਗਈ ਸੀ 'ਜੱਗ ਬਾਣੀ' ਦੇ ਸੰਪਾਦਕੀ ਪੰਨੇ ਉਤੇ, ਜਿਥੇ ਲਾਲਾ ਜਗਤ ਨਰਾਇਣ (ਉਸ ਵੇਲੇ 'ਜੱਗ ਬਾਣੀ' ਦੇ ਸੰਪਾਦਕ) ਨੇ ਕੁਝ ਉਹ ਗੱਲਾਂ ਲਿਖੀਆਂ ਹੋਈਆਂ ਸਨ ਜਿਨ੍ਹਾਂ ਨੂੰ ਅਸੀਂ ਉਦੋਂ 'ਲਾਲੇ ਦੀਆਂ ਝੱਲ-ਵਲੱਲੀਆਂ' ਕਿਹਾ ਸੀ ਤੇ ਉਸ ਸੱਥ ਵਿਚ ਇਨ੍ਹਾਂ ਦਾ ਖੂਬ ਮਜ਼ਾਕ ਉਡਾਇਆ ਸੀ। ਪੰਜਾਬ ਦੀ ਸਿਆਸਤ ਬਾਰੇ ਆਪਣੇ ਨਜ਼ਰੀਏ ਨਾਲ ਕੁਝ ਗੱਲਾਂ ਲਿਖਦਿਆਂ, ਉਸ ਨੇ ਇਹ ਦੋ ਭਵਿੱਖਵਾਣੀਆਂ ਵੀ ਕੀਤੀਆਂ ਹੋਈਆਂ ਸਨ, "ਅੱਜ ਜਿਸ ਅਨੰਦਪੁਰ ਮਤੇ ਦੀ ਚਰਚਾ ਸਭ ਤੋਂ ਵੱਧ ਹੋ ਰਹੀ ਹੈ, ਇਹ ਇਕ ਦਿਨ 'ਭੁੱਲੀ ਵਿਸਰੀ ਯਾਦ' ਹੀ ਬਣ ਕੇ ਰਹਿ ਜਾਵੇਗਾ।... ਆਹ ਸਾਡੀਆਂ ਸੜਕਾਂ 'ਤੇ ਫਿਰਦੀਆਂ ਪੰਜਾਬ ਰੋਡਵੇਜ਼ ਦੀਆਂ ਬੱਸਾਂ, ਇਕ ਦਿਨ ਪੰਜਾਬ ਵਿਚੋਂ ਲੋਪ ਹੀ ਹੋ ਜਾਣਗੀਆਂ।"

---

ਜੂਨ ਚੁਰਾਸੀ ਦੇ ਚੜ੍ਹਦਿਆਂ ਸ੍ਰੀ ਅੰਮ੍ਰਿਤਸਰ ਤੋਂ ਮਨਹੂਸ ਖਬਰਾਂ ਆਉਣ ਲੱਗੀਆਂ। ਫਿਰ ਦਰਬਾਰ ਸਾਹਿਬ ਕੰਪਲੈਕਸ ਵਿਚ ਫੌਜ ਵੜ ਜਾਣ ਅਤੇ ਘਮਸਾਣ ਦੀ ਲੜਾਈ ਹੋਣ ਦੇ ਸਮਾਚਾਰ ਆਉਣ ਲੱਗੇ। ਪਿੰਡਾਂ-ਸ਼ਹਿਰਾਂ ਵਿਚ ਤਾਂ ਕਰਫਿਊ ਵਰਗੇ ਹਾਲਾਤ ਬਣੇ ਹੋਏ ਸਨ। ਸਾਡੇ ਪਿੰਡ ਦੇ ਡਰੇ ਸਹਿਮੇ ਕਈ ਸਿੱਖ ਭਰਾ, ਸਾਡੀ ਨਿੰਮ ਥੱਲੇ ਰੋਜ਼ ਹੀ ਆ ਜੁੜਦੇ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਅੰਸ-ਵੰਸ ਵਿਚੋਂ ਸਾਡੇ ਪਿੰਡ ਦੇ ਵਸਨੀਕ ਬਾਬਾ ਬਲਦੇਵ ਸਿੰਘ ਸੋਢੀ ਵੀ ਰੋਜ਼ ਹੀ ਆ ਜਾਂਦੇ। ਅਸੀਂ ਰੇਡੀਓ ਦਾ ਐਨਟੀਨਾ ਖਿੱਚ-ਖਿੱਚ ਕੇ ਬੀ.ਬੀ.ਸੀ. ਸਟੇਸ਼ਨ ਤੋਂ ਖਬਰਾਂ ਸੁਣਨ ਦੀ ਕੋਸ਼ਿਸ਼ ਕਰਦੇ।

ਪਰਿਕਰਮਾ ਵਿਚ ਹੋ ਰਹੀ ਗੋਲਾਬਾਰੀ ਦੀਆਂ ਅਤਿ ਦੁਖਦਾਈ ਖਬਰਾਂ ਸੁਣ ਕੇ ਸਾਰੀ ਉਮਰ ਕੱਟੜ ਅਕਾਲੀ ਰਹੇ ਮੇਰੇ ਭਾਈਆ ਜੀ ਭੋਲੇ-ਭਾਅ ਪੁੱਛਣ ਲੱਗੇ ਕਿ ਟੌਹੜਾ ਸਾਹਬ ਤੇ ਬਾਦਲ ਸਾਹਬ ਵੀ ਜਿਉਂਦੇ ਨਹੀਂ ਛੱਡੇ ਹੋਣੇ ਐਸੇ ਹਿਸਾਬ ਤਾਂ? ਉਥੇ ਬੈਠੇ ਸਾਰਿਆਂ ਨੇ ਉਦਾਸ ਚਿਹਰਿਆਂ ਨਾਲ ਭਾਈਆ ਜੀ ਦੇ ਸਵਾਲ ਪ੍ਰਤੀ 'ਹਾਂ' ਦਾ ਇਸ਼ਾਰਾ ਕੀਤਾ, ਪਰ ਸੋਢੀ ਸਾਹਿਬ ਗੰਭੀਰ ਜਿਹੇ ਵਿਅੰਗਾਤਮਕ ਸੁਰ ਵਿਚ ਬੋਲੇ, "ਗਿਆਨੀ ਜੀ, ਫਿਕਰ ਨਾ ਕਰੋ... ਕੁਝ ਨੀ ਹੋਣਾ ਤੁਹਾਡੇ ਬਾਦਲਾਂ-ਸ਼ਾਦਲਾਂ ਨੂੰ।... ਉਨ੍ਹਾਂ ਦੇ ਰਾਹ ਵਿਚੋਂ ਰੋੜਾ ਹਟਾਉਣਾ ਸੀ, ਅਗਲਿਆਂ ਨੇ ਹਟਾ'ਤਾ!... ਕਿਸੇ ਰੈਸਟ ਹਾਊਸ ਵਿਚ ਬਿਠਾ ਕੇ ਕੋਕਾ ਕੋਲਾ ਪਿਲਾ ਰਹੇ ਹੋਣਗੇ ਉਨ੍ਹਾਂ ਨੂੰ!... ਆ ਜਾਣੈ ਉਨ੍ਹਾਂ ਨੇ, ਹੱਥ ਜੋੜ ਜੋੜ ਫਿਰਨਗੇ, ਕਰ ਲਿਓ 'ਦਰਸ਼ਨ' ਬਾਦਲ ਸਾਹਬ ਦੇ।"

ਉਨ੍ਹਾਂ ਦਿਨਾਂ ਵਿਚ ਵੀ ਬਾਦਲ-ਟੌਹੜੇ ਸਮੇਤ ਸਾਰੇ ਅਕਾਲੀਆਂ ਨੂੰ ਬੇਬਾਕ ਹੋ ਕੇ ਬੁਰਾ-ਭਲਾ ਕਹਿੰਦੇ ਰਹਿੰਦੇ ਸੋਢੀ ਸਾਹਿਬ ਦੀ ਇਹ ਟਿੱਪਣੀ ਸਾਨੂੰ ਉਦੋਂ ਕੌੜੀ ਵੀ ਲੱਗੀ ਸੀ ਤੇ ਚੁਭਵੀਂ ਜਾਂ ਝੂਠੀ ਵੀ; ਪਰ...?

---

ਸੰਨ 1998 ਦੀ 27 ਤੋਂ 29 ਨਵੰਬਰ ਤੱਕ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਵਾਲਿਆਂ ਦੀ ਸੱਠਵੀਂ ਸਰਬ ਹਿੰਦ ਸਿੱਖ ਵਿਦਿਅਕ ਕਾਨਫਰੰਸ ਸਾਡੇ ਜ਼ਿਲ੍ਹੇ ਨਵਾਂ ਸ਼ਹਿਰ ਦੇ ਢਾਹਾਂ ਕਲੇਰਾਂ ਹਸਪਤਾਲ (ਨੇੜੇ ਬੰਗਾ) ਵਿਖੇ ਹੋਈ ਸੀ। ਕੌਮਾਂਤਰੀ ਪੱਧਰ ਦੀ ਇਸ ਵਿਸ਼ਾਲ ਕਾਨਫਰੰਸ ਦਾ ਸਹਾਇਕ ਸਕੱਤਰ ਅਤੇ ਸਟੇਜ ਸਕੱਤਰ ਮੈਨੂੰ ਬਣਾਇਆ ਗਿਆ ਸੀ। ਇਸ ਮੌਕੇ ਸੋਵੀਨਾਰ ਛਾਪਣ ਵਰਗੇ ਹੋਰ ਕਈ ਕਾਰਜਾਂ ਦੀ ਜ਼ਿੰਮੇਵਾਰੀ ਮੇਰੀ ਹੋਣ ਕਾਰਨ, ਮੁੱਢ ਤੋਂ ਲੈ ਕੇ ਸਮਾਪਤੀ ਤੱਕ, ਮੈਂ ਇਸ ਕਾਨਫਰੰਸ ਨਾਲ ਜੁੜਿਆ ਰਿਹਾ। ਚੀਫ ਖਾਲਸਾ ਦੀਵਾਨ ਦੇ ਪ੍ਰਬੰਧਕਾਂ ਨਾਲ ਪ੍ਰੋਗਰਾਮ ਦੀ ਰੂਪ-ਰੇਖਾ ਤਿਆਰ ਕਰਨ ਲਈ ਸਾਡੀ ਪਹਿਲੀ ਮੀਟਿੰਗ ਢਾਹਾਂ ਕਲੇਰਾਂ ਕੰਪਲੈਕਸ ਵਿਚ ਹੋਈ। ਪ੍ਰਧਾਨ ਸ. ਕ੍ਰਿਪਾਲ ਸਿੰਘ (ਜੋ ਅੰਮ੍ਰਿਤਸਰ ਤੋਂ ਲੋਕ ਸਭਾ ਮੈਂਬਰ ਵੀ ਰਹੇ) ਸਮੇਤ ਚੀਫ਼ ਖਾਲਸਾ ਦੀਵਾਨ ਦੇ ਸਰਕਰਦਾ ਆਗੂ ਡੈਪੂਟੇਸ਼ਨ ਲੈ ਕੇ ਪਹੁੰਚੇ। ਉਨ੍ਹਾਂ ਦੇ ਨਾਲ 'ਸੇਠੀ' ਉਪ ਨਾਮ ਵਾਲੇ ਇਕ ਐਸੇ ਬਜ਼ੁਰਗ ਸਰਦਾਰ ਜੀ ਸਨ ਜਿਨ੍ਹਾਂ ਨੇ ਪੁਰਾਣੇ ਕਾਂਗਰਸੀਆਂ ਵਰਗਾ ਪਹਿਰਾਵਾ ਪਹਿਨਿਆ ਹੋਇਆ ਸੀ। ਇਥੋਂ ਤੱਕ ਕਿ ਉਨ੍ਹਾਂ ਸਿਰ 'ਤੇ ਪਗੜੀ ਵੀ ਚਿਤ-ਕਬਰੇ ਜਿਹੇ ਰੰਗ ਵਾਲੀ ਸ਼ੁੱਧ ਖੱਦਰ ਹੀ ਸਜਾਈ ਹੋਈ ਸੀ।

ਰਾਤ ਨੂੰ ਮੀਟਿੰਗ ਉਪਰੰਤ ਹਾਸ-ਬਿਨੋਦੀ ਮਾਹੌਲ ਵਿਚ ਗੱਲਾਂ ਕਰਦਿਆਂ ਮੈਂ ਝਕਦਿਆਂ-ਝਕਦਿਆਂ ਸ. ਕ੍ਰਿਪਾਲ ਸਿੰਘ ਨੂੰ ਪੁੱਛ ਹੀ ਲਿਆ ਕਿ ਸੇਠੀ ਜੀ ਕਾਂਗਰਸੀ ਹਨ? ਆਲਮ-ਫਾਜ਼ਲ ਸ. ਕ੍ਰਿਪਾਲ ਸਿੰਘ ਨੇ ਮੈਨੂੰ ਜਦੋਂ 'ਹਾਂ' ਵਿਚ ਉੱਤਰ ਦਿੱਤਾ ਤਾਂ ਮੈਂ ਸੇਠੀ ਜੀ ਦੀ ਬਜ਼ੁਰਗ ਉਮਰ ਦਾ ਖਿਆਲ ਭੁਲਾ ਕੇ ਐਵੇਂ ਜੋਸ਼ ਵਿਚ ਆਏ ਨੇ ਉਨ੍ਹਾਂ ਨੂੰ ਪੁੱਛ ਲਿਆ, "ਸੇਠੀ ਜੀ, ਤੁਹਾਨੂੰ ਸਿੱਖ ਪੰਥ ਦੀ ਸੰਸਥਾ ਚੀਫ ਖਾਲਸਾ ਦੀਵਾਨ ਨਾਲ ਸਬੰਧਤ ਹੁੰਦਿਆਂ, ਆਪਣੇ ਕਾਂਗਰਸੀ ਹੋਣ 'ਤੇ ਸ਼ਰਮਿੰਦਗੀ ਨਹੀਂ ਆਉਂਦੀ?"

"ਤੁਸੀਂ ਕਿਸ ਪਾਰਟੀ ਨਾਲ ਸਬੰਧਤ ਹੋ?" ਉਨ੍ਹਾਂ ਮੈਨੂੰ ਪੁੱਛਿਆ।

"ਮੈਂ ਤਾਂ ਅਕਾਲੀ ਦਲ ਨਾਲ ਹਾਂ, ਜਮਾਂਦਰੂ।"

"ਫਿਰ ਪੜ੍ਹੇ-ਲਿਖੇ ਸੂਝਵਾਨ ਤੇ ਲੇਖਕ ਹੁੰਦਿਆਂ, ਤੁਹਾਨੂੰ ਨਹੀਂ ਸ਼ਰਮਿੰਦਗੀ ਆਉਂਦੀ 'ਕਾਲੀਆਂ ਨਾਲ ਸਬੰਧ ਰੱਖਦਿਆਂ?" ਉਨ੍ਹਾਂ ਦੇ ਇਸ ਸਵਾਲ ਨੇ ਮੈਨੂੰ ਹੋਰ ਖਿਝ ਚੜ੍ਹਾ ਦਿੱਤੀ।

"ਕਿਉਂ ਜੀ, ਅਕਾਲੀ ਹੋਣ 'ਤੇ ਕਾਹਦੀ ਸ਼ਰਮਿੰਦਗੀ ਹੋਵੇ ਮੈਨੂੰ?"

"ਕੋਈ ਨਾ ਕਾਕਾ ਜੀਉ, ਠਹਿਰ ਲਉ ਹਾਲੇ... ਤੁਹਾਨੂੰ ਸ਼ਰਮਿੰਦਗੀ ਵੀ ਆਊ ਤੇ ਮੇਰਾ ਕਿਹਾ ਵੀ ਯਾਦ ਆਊ।" ਮੇਰੇ ਲਈ ਇਹ ਵਾਕ ਬੋਲ ਕੇ ਸੇਠੀ ਜੀ ਬਿਸਤਰੇ ਵਿਚ ਵੜ ਗਏ।

---

ਜਨਵਰੀ-ਫਰਵਰੀ 2015 ਨੂੰ ਮੈਂ ਕੁਦਰਤੀ ਕੈਲੀਫੋਰਨੀਆ ਤੋਂ ਆਪਣੇ ਪਿੰਡ ਗਿਆ ਹੋਇਆ ਸਾਂ। ਉਨ੍ਹਾਂ ਦਿਨਾਂ ਵਿਚ ਦਿੱਲੀ ਅਸੈਂਬਲੀ ਦੀਆਂ ਚੋਣਾਂ ਹੋ ਰਹੀਆਂ ਸਨ। ਚੋਣਾਂ ਕਾਹਦੀਆਂ, ਭਰ ਸਿਆਲ ਵਿਚ ਕੌਰਵਾਂ-ਪਾਂਡਵਾਂ ਦਾ ਯੁੱਧ ਮਚਿਆ ਹੋਇਆ ਸੀ। ਇਕ ਪਾਸੇ ਵਰ੍ਹਿਆਂ ਪੁਰਾਣੀ ਅਤੇ ਪੂਰੇ ਦੇਸ਼ ਵਿਚ ਸ਼ਾਨਦਾਰ ਜਿੱਤ ਦੇ ਝੰਡੇ ਗੱਡਣ ਵਾਲੀ ਸਿਆਸੀ ਪਾਰਟੀ (ਭਾਜਪਾ), ਦੂਜੇ ਪਾਸੇ ਸਿਰਫ ਇਮਾਨਦਾਰੀ ਅਤੇ ਸਿਸਟਮ ਸੁਧਾਰ ਦੀਆਂ ਬਾਤਾਂ ਪਾਉਣ ਵਾਲਾ ਨਵ-ਗਠਿਤ ਮਲੰਗ ਟੋਲਾ 'ਆਪ'; ਪਰ ਨਵਾਂ ਹੋਣ ਦੇ ਬਾਵਜੂਦ ਉਹ ਸੱਤਾਧਾਰੀ ਧਿਰ ਨੂੰ ਵਾਹਣੀਂ ਪਾਈ ਬੈਠਾ ਸੀ।

ਸੋਫੇ 'ਤੇ ਬੈਠਿਆਂ ਕੰਬਲ ਓੜ ਕੇ ਮੈਂ ਵੱਖ-ਵੱਖ ਚੈਨਲਾਂ ਤੋਂ ਦੋਹਾਂ ਧਿਰਾਂ ਦਾ ਪ੍ਰਚਾਰ ਯੁੱਧ ਪੂਰੇ ਗਹੁ ਨਾਲ ਦੇਖਦਾ ਰਿਹਾ। ਵੋਟਾਂ ਪੈਣ ਤੋਂ ਦੋ-ਚਾਰ ਕੁ ਦਿਨ ਪਹਿਲਾਂ ਇਕ ਰਾਤ 'ਆਪ' ਆਗੂ ਅਰਵਿੰਦ ਕੇਜਰੀਵਾਲ ਮਫਲਰ ਲਪੇਟੀ ਆਪਣੇ ਘਰ ਨੂੰ ਆ ਰਿਹਾ ਸੀ। ਗੱਡੀ ਦੀ ਵਿਚਕਾਰਲੀ ਸੀਟ 'ਤੇ ਉਹਦੇ ਨਾਲ ਕਿਸੇ ਚੈਨਲ ਦਾ ਰਿਪੋਰਟਰ ਬੈਠਾ ਸੀ। ਦੋਹਾਂ ਜਣਿਆਂ ਦੀ ਗੱਲਬਾਤ ਸਮਾਪਤੀ ਉਤੇ ਪਹੁੰਚਣ ਹੀ ਵਾਲੀ ਸੀ ਕਿ ਪੱਤਰਕਾਰ ਨੇ ਸ੍ਰੀ ਕੇਜਰੀਵਾਲ ਨੂੰ ਪੁੱਛ ਲਿਆ ਕਿ ਭਾਜਪਾ ਨੂੰ ਕਿੰਨੀਆਂ ਸੀਟਾਂ ਦੇ ਰਹੇ ਹੋ? ਕੇਜਰੀਵਾਲ ਨੇ ਦ੍ਰਿੜ੍ਹਤਾ ਨਾਲ ਜਵਾਬ ਦਿੱਤਾ, "ਦੋ ਅੰਕੜੋਂ ਮੇ ਨਹੀਂ, ਕੇਵਲ ਏਕ ਅੰਕੜੇ ਪਰ ਸਿਮਟ ਜਾਏਗੀ ਬੀ.ਜੇ.ਪੀ.!"

ਅੱਖਾਂ ਅੱਡਦਿਆਂ ਪੱਤਰਕਾਰ ਨੇ ਫਿਰ ਕਾਂਗਰਸ ਬਾਰੇ ਪੁੱਛਿਆ ਤਾਂ ਫੜੱਕ ਦੇਣੀ ਕੇਜਰੀਵਾਲ ਬੋਲੇ, "ਸਰ, ਜ਼ੀਰੋ।"

"ਪੱਕਾ!" ਪੱਤਰਕਾਰ ਨੇ ਹੈਰਾਨ ਹੁੰਦਿਆਂ ਪੁੱਛਿਆ।

"ਜੀ ਸਰ, ਐਬਸਿਲਿਊਟਲੀ।"

"ਕਿਆ ਆਪ ਐਸਾ ਲਿਖ ਕਰ ਦੇ ਸਕਤੇ ਹੈਂ?" ਪੱਤਰਕਾਰ ਸ਼ਾਇਦ ਕੇਜਰੀਵਾਲ ਨੂੰ ਯਰਕਾਉਣਾ ਚਾਹੁੰਦਾ ਸੀ।

ਉਸੇ ਵਕਤ ਸ੍ਰੀ ਕੇਜਰੀਵਾਲ ਨੇ ਚਿੱਟੇ ਕਾਗਜ਼ 'ਤੇ ਪ੍ਰੈਸ ਰਿਪੋਰਟਰ ਦੇ ਪੈਨ ਨਾਲ 'ਭਾਜਪਾ ਏਕ ਅੰਕੜਾ ਅਤੇ ਕਾਂਗਰਸ ਜ਼ੀਰੋ' ਲਿਖ ਦਿੱਤਾ। ਇਹ ਭਵਿੱਖਵਾਣੀ ਕਰਨ ਦੇ ਨਾਲ ਹੀ ਉਸ ਨੇ ਰਿਪੋਰਟਰ ਨੂੰ ਚੋਣ ਨਤੀਜਿਆਂ ਤੋਂ ਬਾਅਦ ਭਵਿੱਖਵਾਣੀ ਸੱਚ ਸਾਬਤ ਹੋਣ 'ਤੇ ਡਿਨਰ ਦੀ ਪੇਸ਼ਕਸ਼ ਵੀ ਕਰ ਦਿੱਤੀ।

# ਯਾਦਗਾਰ-ਏ-ਤਕਸੀਮ ਦੀ ਨਵੀਂ ਪੇਸ਼ਕਾਰੀ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ

Sandhugulzar@yahoo.com

ਮਈ 2016 ਵਿਚ ਕਿਸ਼ਵਰ ਦੇਸਾਈ ਨੇ ਨਵੀਂ ਦਿੱਲੀ ਦੇ ਇੰਡੀਆ ਹੈਬੀਟੈਟ ਸੈਂਟਰ ਵਿਚ ਦੇਸ਼ ਵੰਡ ਉਪਰੰਤ ਦਿੱਲੀ ਦੇ ਕਿੰਗਜ਼ਵੇ ਕੈਂਪ ਤੇ ਹਮਾਯੂੰ ਦੇ ਮਕਬਰੇ ਸਾਹਮਣੇ ਲੱਗੇ ਸ਼ਰਨਾਰਥੀ ਕੈਂਪਾਂ ਦੀ ਨੁਮਾਇਸ਼ ਲਗਵਾ ਕੇ ਭਾਰਤ ਤੇ



*ਕਿਸ਼ਵਰ ਦੇਸਾਈ*

ਪਾਕਿਸਤਾਨ ਵਿਚ ਵਾਪਰੇ ਸੰਨ ਸੰਤਾਲੀ ਦੇ ਕਾਂਡ ਨੂੰ ਜੀਵੰਤ ਰੂਪ ਦਿੱਤਾ ਹੈ। ਇਥੇ ਮੂਰਤੀਕਾਰ, ਚਿੱਤਰਕਾਰ ਤੇ ਫੋਟੋ ਪੱਤਰਕਾਰ ਦੇ ਪੈਂਸਿਲ ਚਿੱਤਰਾਂ ਨੂੰ ਆਧਾਰ ਬਣਾ ਕੇ ਸੱਤ ਦਹਾਕੇ ਪਹਿਲਾਂ ਦੀਆਂ ਵਾਰਦਾਤਾਂ ਨੂੰ ਉਜਾਗਰ ਕੀਤਾ ਗਿਆ ਹੈ। ਮੇਓ ਕਾਲਜ ਆਫ ਆਰਟਸ ਦੀ ਵਾਈਸ ਪ੍ਰਿੰਸੀਪਲੀ ਛੱਡ ਕੇ ਆਏ ਪ੍ਰਾਸ਼ਰ ਨੂੰ ਅੰਬਾਲਾ ਵਿਚ ਸ਼ਰਨਾਰਥੀ ਕੈਂਪ 'ਚ ਪਨਾਹ ਲੈਣੀ ਪਈ ਤੇ ਉਸ ਤੋਂ ਪਿਛੋਂ ਦਿੱਲੀ ਜਾ ਕੇ ਉਸ ਨੇ ਕਿੰਗਜ਼ ਕੈਂਪ ਤੇ ਹਮਾਯੂੰ ਦੇ ਮਕਬਰੇ ਵਾਲੇ ਉਹ ਕੈਂਪ ਵੀ ਵੇਖੇ ਜਿਨ੍ਹਾਂ ਨੂੰ ਉਸ ਦੀ ਪੈਂਸਿਲ ਕਲਾਕਾਰੀ ਨੇ ਹੂਬਹੂ ਫੜਿਆ ਹੈ। ਇਨ੍ਹਾਂ ਚਿੱਤਰਾਂ ਵਿਚ ਕੈਂਪਾਂ ਵਿਚ ਰਹਿੰਦੇ ਸ਼ਰਨਾਰਥੀਆਂ ਦੇ ਦੁਖੜੇ ਹੀ ਨਹੀਂ ਸਗੋਂ ਘਰੋਂ ਬੇਘਰ ਹੋਏ ਲੋਕਾਂ ਦਾ ਉਦਮ ਵੀ ਪੇਸ਼ ਕੀਤਾ ਗਿਆ ਹੈ।

1947 ਵਾਲੀ ਦੇਸ਼ ਵੰਡ ਏਨੀ ਕਰੁਣਾਮਈ ਤੇ ਭਿਆਨਕ ਸੀ ਕਿ ਉਰਦੂ, ਹਿੰਦੀ ਤੇ ਪੰਜਾਬੀ ਦੇ ਸਾਹਿਤਕਾਰਾਂ ਨੇ ਇਸ ਦੇ ਦਿਲ ਨੂੰ ਧੁਰ ਅੰਦਰ ਤੱਕ ਹਿਲਾ ਦੇਣ ਵਾਲੇ ਦ੍ਰਿਸ਼ ਆਪਣੀਆਂ ਲਿਖਤਾਂ ਵਿਚ ਪੇਸ਼ ਕੀਤੇ ਹਨ। ਕਰਤਾਰ ਸਿੰਘ ਦੁੱਗਲ ਨੇ ਆਪਣੇ ਕਹਾਣੀ ਸੰਗ੍ਰਿਹ 'ਅੱਗ ਖਾਣ ਵਾਲੇ' ਤੇ ਮਹਿੰਦਰ ਸਿੰਘ ਸਰਨਾ ਨੇ 'ਛਵੀਆਂ ਦੀ ਰੁੱਤ' ਵਿਚ ਇਨ੍ਹਾਂ ਘਟਨਾਵਾਂ ਦੀ ਸਿਰਜਣਾਤਮਕ ਪੇਸ਼ਕਾਰੀ ਕੀਤੀ ਹੈ। ਖੁਸ਼ਵੰਤ ਸਿੰਘ ਨੇ 'ਪਾਕਿਸਤਾਨ ਮੇਲ' ਨਾਂ ਦੇ ਨਾਵਲ ਤੋਂ ਬਿਨਾਂ ਓਰੀਐਂਟ ਪੇਪਰਬੈਕ ਵਾਸਤੇ ਤਿਆਰ ਕੀਤੇ ਉਨੀ ਕਹਾਣੀਆਂ ਦੇ 'ਲੈਂਡ ਆਫ ਫਾਈਵ ਰਿਵਰਜ਼' ਨਾਂ ਦੇ ਸੰਗ੍ਰਿਹ ਵਿਚ ਹੋਰਨਾਂ ਤੋਂ ਇਲਾਵਾ ਸਆਦਤ ਹਸਨ ਮੰਟੋ, ਕੁਲਵੰਤ ਸਿੰਘ ਵਿਰਕ, ਖਵਾਜਾ ਅਹਿਮਦ ਅੱਬਾਸ ਤੇ ਰਾਜਿੰਦਰ ਸਿੰਘ ਬੇਦੀ ਦੀਆਂ ਕਹਾਣੀਆਂ ਸ਼ਾਮਲ ਕੀਤੀਆਂ ਹਨ। ਇਸ ਦਾ ਪੇਪਰਬੈਕ ਐਡੀਸ਼ਨ ਬੰਗਾਲੀ, ਮਰਾਠੀ, ਤਾਮਿਲ, ਤੈਲਗੂ, ਕੱਨੜ, ਗੁਜਰਾਤੀ ਆਦਿ ਭਾਸ਼ਾਵਾਂ ਵਿਚ ਵੀ ਛਪ ਚੁਕਾ ਹੈ। ਜੈਪੁਰ ਬੈਠੀ ਜਸਬੀਰ ਜੈਨ ਅੱਜ ਦੇ ਦਿਨ ਵੀ ਏਸ ਵਿਸ਼ੇ ਉਤੇ ਚੋਣਵੇਂ ਲੇਖਕਾਂ ਦੀਆਂ ਕਹਾਣੀਆਂ ਦਾ ਸੱਜਰਾ ਐਡੀਸ਼ਨ ਤਿਆਰ ਕਰਨ ਵਿਚ ਰੁੱਝੀ ਹੋਈ ਹੈ। ਜੇ ਇਨ੍ਹਾਂ ਵਿਚ ਸਾਹਿਰ ਲੁਧਿਆਣਵੀ, ਅਲੀ ਸਰਦਾਰ ਜਾਫਰੀ ਤੇ ਅੰਮ੍ਰਿਤਾ ਪ੍ਰੀਤਮ ਦੀਆਂ ਕਾਵਿਕ ਰਚਨਾਵਾਂ ਵੀ ਸ਼ਾਮਿਲ ਕਰ ਲਈਏ ਤਾਂ ਇਹ ਸੂਚੀ ਬਹੁਤ ਲੰਮੀ ਹੋ ਜਾਂਦੀ ਹੈ।

ਕਿਸ਼ਵਰ ਦੇਸਾਈ ਦਾ ਕਮਾਲ ਇਸ ਵਿਚ ਹੈ ਕਿ ਉਸ ਨੇ ਦੇਸ਼ ਵੰਡ ਦੀਆਂ ਉਨ੍ਹਾਂ ਘਟਨਾਵਾਂ ਦੇ ਚਿੱਤਰਾਂ ਨੂੰ ਆਪਣਾ ਆਧਾਰ ਬਣਾ ਲਿਆ ਹੈ। ਉਹ ਇਸ ਤਰ੍ਹਾਂ ਦੀਆਂ ਹੋਰ ਕਲਾਕ੍ਰਿਤਾਂ ਇਕੱਠੀਆਂ ਕਰਕੇ 2017 ਵਿਚ ਆਉਣ ਵਾਲੀ ਦੇਸ਼ ਵੰਡ ਦੀ 70ਵੀਂ ਵਰ੍ਹੇਗੰਢ ਸਮੇਂ ਆਪਣੇ ਇਸ ਪ੍ਰਾਜੈਕਟ ਦਾ ਪ੍ਰਥਮ ਰੂਪ ਅੰਮ੍ਰਿਤਸਰ ਵਿਚ ਪੇਸ਼ ਕਰਨ ਦੀ ਚਾਹਵਾਨ ਹੈ ਤੇ ਉਸ ਤੋਂ ਪਿਛੋਂ ਇਸ ਨੂੰ ਬੰਗਾਲ ਤੇ ਲਾਹੌਰ ਤੱਕ ਲਿਜਾਣ ਦੀ ਇੱਛਾ ਰੱਖਦੀ ਹੈ। ਉਸ ਨੂੰ 26 ਜਨਵਰੀ 1950 ਵਾਲੇ ਪ੍ਰਥਮ ਗਣਤੰਤਰ ਦਿਵਸ ਉਤੇ ਸਾਹਿਰ ਲੁਧਿਆਣਵੀ ਦੀ ਲਿਖੀ ਕਵਿਤਾ ਵੀ ਨਹੀਂ ਭੁੱਲੀ ਜਿਸ ਦਾ ਸਾਰ ਅੰਸ਼ ਕੁੱਝ ਇਸ ਤਰ੍ਹਾਂ ਸੀ:




ਆਓ ਕਿ ਆਜ ਗੌਰ ਕਰੇਂ ਇਸ ਸਵਾਲ ਪਰ
ਦੇਖੇ ਥੇ ਹਮ ਨੇ ਜੋ
ਵੁਹ ਹਸੀਨੇ ਖਵਾਬ ਕਿਆ ਹੂਏ।
ਜਮਹੂਰੀਅਤ ਨਵਾਜ, ਬਸ਼ਰ-ਦੋਸਤ, ਅਮਨ-ਖਵਾਹ
ਖੁਦ ਕੋ ਜੋ ਦੀਏ ਥੇ
ਵੁਹ ਅਲਕਾਬ ਕਿਆ ਹੂਏ।

ਕਿਸ਼ਵਰ ਦੇਸਾਈ ਦਾ ਯਤਨ ਉਸ ਗੌਰ ਦੀ ਤਰਜਮਾਨੀ ਕਰਦਾ ਹੈ ਜਿਹੜੀ ਪ੍ਰਸਿੱਧ ਸਾਹਿਤਕਾਰਾਂ ਨੇ ਉਦੋਂ ਚਿਤਵੀ ਸੀ।

ਖਾਲਸਾ ਕਾਲਜ ਮਾਹਿਲਪੁਰ ਦਾ ਨਵਾਂ ਪ੍ਰਿੰਸੀਪਲ: ਮੇਰੇ ਵਿਦਿਆਰਥੀ ਜੀਵਨ ਵਿਚ ਹੁਸ਼ਿਆਰਪੁਰ ਜ਼ਿਲੇ ਦਾ ਖਾਲਸਾ ਕਾਲਜ ਮਾਹਿਲਪੁਰ ਪੂਰੀ ਚੜ੍ਹਤ ਉਤੇ ਸੀ। ਮੇਰੀ ਕਨਵੋਕੇਸ਼ਨ ਸਮੇਂ ਉਸ ਵੇਲੇ ਦਾ ਵਿਕਾਸ ਮੰਤਰੀ ਪ੍ਰਤਾਪ ਸਿੰਘ ਕੈਰੋਂ ਮੁੱਖ ਮਹਿਮਾਨ ਸੀ। ਇਥੋਂ ਦੀ ਫੁਟਬਾਲ ਟੀਮ ਦੇਸ਼ ਭਰ ਵਿਚ ਉਤਮ ਮੰਨੀ ਜਾਂਦੀ ਸੀ। ਮੈਂ ਇਸ ਨੂੰ ਯੂਨੀਵਰਸਿਟੀ ਕਹਿੰਦਾ ਹਾਂ। ਹੁਣ ਕੋਈ ਡੇਢ ਦਹਾਕੇ ਤੋਂ ਇਸ ਸੰਸਥਾ ਦੀਆਂ ਖਬਰਾਂ ਆਈਆਂ ਤਾਂ ਮਨ ਨੂੰ ਧੱਕਾ ਜਿਹਾ ਲੱਗਾ। ਹੁਣ ਇਸ ਹੀ ਕਾਲਜ ਦੇ ਪੜ੍ਹੇ ਹੋਏ, ਐਜੂਕੇਸ਼ਨ ਦੇ ਪੀਐਚ.ਡੀ ਪਰਮਿੰਦਰ ਸਿੰਘ ਨੇ ਇਥੋਂ ਦੇ ਪ੍ਰਿੰਸੀਪਲ ਦੀ ਪਦਵੀ ਸੰਭਾਲ ਲਈ ਹੈ। ਉਹ ਬਾੜੀਆਂ ਨਾਂ ਦੇ ਪਿੰਡ ਦਾ ਜੰਮਪਲ ਹੈ ਜੋ ਪਿੰਡ ਮਾਹਿਲਪੁਰ ਦਾ ਜੌੜਾ ਭਰਾ ਕਰਕੇ ਜਾਣਿਆ ਜਾਂਦਾ ਹੈ। ਕੋਈ ਮਾਹਿਲਪੁਰ ਨੂੰ ਜਾਣੇ ਨਾ ਜਾਣੇ ਮਾਹਿਲਪੁਰ-ਬਾੜੀਆਂ ਨੂੰ ਹਰ ਕੋਈ ਜਾਣਦਾ ਹੈ। ਨਿਸਚੇ ਹੀ ਪਰਮਿੰਦਰ ਸਿੰਘ ਦੇ ਮਨ ਵਿਚ ਵਿੱਦਿਆ ਦੇ ਇਸ ਕੇਂਦਰ ਲਈ ਦਰਦ ਹੈ। ਇਸ ਸੰਸਥਾ ਨੂੰ ਲੀਹੇ ਪਾਉਣ ਉਤੇ ਥੋੜ੍ਹਾ ਸਮਾਂ ਤਾਂ ਲੱਗੇਗਾ। ਇਲਾਕੇ ਦਾ ਦਰਦ ਪਹਿਚਾਨਣ ਵਾਲਾ ਪਰਮਿੰਦਰ ਸਿੰਘ ਸਹਿਜੇ ਹੀ ਲੋੜੀਂਦੇ ਨਤੀਜੇ ਦੇ ਸਕੇਗਾ। ਇਸ ਦਾ ਸਵਾਗਤ ਹੋਣਾ ਚਾਹੀਦਾ ਹੈ।

**ਅੰਤਿਕਾ:** ਅਮਰਜੀਤ ਕੌਰ 'ਅਮਰ'
ਜਦੋਂ ਕੁਝ ਕਹਿਣ ਨੂੰ ਕਰਦਾ ਹੈ ਦਿਲ,
ਤੂੰ ਕੋਲ ਨਹੀਂ ਹੁੰਦਾ।
ਤੂੰ ਹੋਵੇਂ ਜਦ ਨਜ਼ਰ ਸਾਹਵੇਂ,
ਤਾਂ ਕੁਝ ਵੀ ਬੋਲ ਨਹੀਂ ਹੁੰਦਾ।
ਕਦੇ ਚਾਹਿਆ ਨਾ ਧਨ ਦੌਲਤ,
ਤਲਬ ਸੋਨੇ ਨਾ ਚਾਂਦੀ ਦੀ,
ਕਿ ਸੱਚੇ ਪਿਆਰ ਤੋਂ ਵਧ
ਹੋਰ ਕੁਝ ਅਨਮੋਲ ਨਹੀਂ ਹੁੰਦਾ।

# ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦਾ ਧਮੱਚੜ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਵਿਧਾਨ ਸਭਾ ਦੀ ਮਿਆਦ ਅਗਲੇ ਸਾਲ ਦੀ 18 ਮਾਰਚ ਤੱਕ ਹੈ। ਜੇ ਵਿਧਾਨ ਸਭਾ ਦੀ ਅਗਲੀ ਚੋਣ ਮਿੱਥੇ ਸਮੇਂ ਮੁਤਾਬਕ ਹੁੰਦੀ ਹੈ ਤਾਂ ਹੁਣ ਉਸ ਦਾ ਮਸਾਂ ਸਾਢੇ ਨੌਂ ਮਹੀਨੇ ਰਹਿੰਦਾ ਹੈ ਤੇ ਇਸ ਵਿਚੋਂ ਦੋ ਮਹੀਨੇ ਚੋਣ ਜ਼ਾਬਤੇ ਨੇ ਕੋਈ ਕੰਮ ਨਹੀਂ ਹੋਣ ਦੇਣਾ। ਇਸ ਤਰ੍ਹਾਂ ਹੁਣ ਵਾਲੀ ਸਰਕਾਰ ਕੋਲ ਸਾਢੇ ਸੱਤ ਮਹੀਨੇ ਦਾ ਸਮਾਂ ਬਾਕੀ ਹੈ। ਪਿਛਲੇ ਦਿਨੀਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇੱਕ ਪ੍ਰਤੀਨਿਧ ਮੰਡਲ ਨੂੰ ਜਿਵੇਂ ਇਹ ਗੱਲ ਕਹਿ ਦਿੱਤੀ ਕਿ ਸਿਰਫ ਐਲਾਨ ਨਹੀਂ, ਪਾਣੀ ਦੇ ਮੁੱਦੇ ਉਤੇ ਸਰਕਾਰ ਵੀ ਕੁਰਬਾਨ ਕਰ ਸਕਦੇ ਹਾਂ, ਉਸ ਹਿਸਾਬ ਇਹ ਚੋਣ ਅਗੇਤੀ ਵੀ ਹੋ ਸਕਦੀ ਹੈ। ਅਸੀਂ ਏਦਾਂ ਦੀ ਕਿਸੇ ਬੇਮੌਕਾ ਦੀ ਮਾਅਰਕੇਬਾਜ਼ੀ ਨੂੰ ਪਾਸੇ ਰੱਖ ਕੇ ਸੋਚੀਏ ਤਾਂ ਹੁਣ ਵਾਲੀ ਸਰਕਾਰ ਦੇ ਦਿਨ ਲਗਾਤਾਰ ਕਿਰਦੇ ਜਾਂਦੇ ਹਨ ਤੇ ਅਗਲੀਆਂ ਚੋਣਾਂ ਦਾ ਚੱਕਾ ਰਿੜ੍ਹਨਾ ਸ਼ੁਰੂ ਹੋ ਚੁੱਕਾ ਹੈ, ਪਰ ਰਾਜਸੀ ਪਿੜ ਵਿਚ ਖਿਲਾਰਾ ਬੜਾ ਬੇਤਰਤੀਬਾ ਜਿਹਾ ਹੈ।

ਸਿਆਸੀ ਗਿਣਤੀਆਂ ਵਿਚ ਵੇਖਣ ਦੀ ਪਹਿਲੀ ਗੱਲ ਇਹ ਹੈ ਕਿ ਅਕਾਲੀ ਦਲ ਦੇ ਰਵਾਇਤੀ ਆਧਾਰ ਸਿੱਖ ਭਾਈਚਾਰੇ ਵਿਚ ਬਾਦਲ ਪਿਤਾ-ਪੁੱਤਰ ਬਾਰੇ ਭਾਵੇਂ ਹੱਦੋਂ ਵੱਧ ਰੋਸ ਹੋਵੇ, ਇਸ ਨੂੰ ਕੇਰਾ ਲਾਉਣ ਲਈ ਉਹ ਸੱਜਣ ਹੀ ਬਾਦਲਾਂ ਦੇ ਮਦਦਗਾਰ ਬਣਦੇ ਜਾਪਦੇ ਹਨ, ਜਿਹੜੇ ਵਿਰੋਧੀ ਗਿਣੇ ਜਾ ਰਹੇ ਸਨ। ਪਿਛਲੇ ਸਾਲ ਜਦੋਂ ਸਰਬੱਤ ਖਾਲਸਾ ਇਕੱਠ ਕੀਤਾ ਗਿਆ ਸੀ, ਉਸ ਵਿਚ ਆਮ ਲੋਕ ਭਾਵੁਕ ਹੋ ਕੇ ਆਏ ਸਨ, ਲੀਡਰਸ਼ਿਪ ਦੇ ਬਾਰੇ ਇਹ ਕਿਹਾ ਜਾਣ ਲੱਗ ਪਿਆ ਸੀ ਕਿ ਉਸ ਵਿਚ ਬਹੁਤੇ ਬੰਦੇ ਉਹੀ ਅੱਗੇ ਲੱਗੇ ਸਨ, ਜਿਨ੍ਹਾਂ ਦੀ ਓਦਾਂ ਪੁੱਛਗਿੱਛ ਨਹੀਂ ਸੀ ਹੋ ਰਹੀ ਤੇ ਉਹ ਰਾਜ ਸਰਕਾਰ ਚਲਾ ਰਹੇ ਬਾਪ-ਬੇਟੇ ਨੂੰ ਆਪਣੀ ਹੋਂਦ ਜਤਾਉਣਾ ਚਾਹੁੰਦੇ ਸਨ। ਇਹ ਗੱਲ ਹੁਣ ਤੱਕ ਭਾਵੇਂ ਮੰਨਣੀ ਔਖੀ ਸੀ ਕਿ ਜਿਨ੍ਹਾਂ ਲੋਕਾਂ ਨੂੰ ਆਏ ਦਿਨ ਪੁਲਿਸ ਫੜ੍ਹਦੀ ਤੇ ਜੇਲ੍ਹਾਂ ਵਿਚ ਡੱਕ ਦਿੰਦੀ ਹੈ, ਉਹ ਵੀ ਕਿਸੇ ਤਰ੍ਹਾਂ ਬਾਦਲ ਬਾਪ-ਬੇਟੇ ਨਾਲ ਸਾਂਝ ਰੱਖਣਗੇ। ਹੁਣ ਸਥਿਤੀ ਬਦਲ ਗਈ ਜਾਪਦੀ ਹੈ। ਸਰਬੱਤ ਖਾਲਸਾ ਦੇ ਰੌਣਕ ਵਾਲੇ ਮੰਚ ਤੋਂ ਬਾਦਲ ਬਾਪ-ਬੇਟੇ ਨੂੰ ਨਿੰਦਣ-ਨੌਲਣ ਵਾਲੇ ਸੱਜਣ ਬੀਤੇ ਹਫਤੇ ਬਾਦਲ ਪਿੰਡ ਵਿਚ ਸੁਖਬੀਰ ਸਿੰਘ ਬਾਦਲ ਨੂੰ ਜਾ ਮਿਲੇ ਹਨ। ਉਹ ਕਹਿੰਦੇ ਹਨ ਕਿ ਸੁਖਬੀਰ ਸਿੰਘ ਬਾਦਲ ਨੂੰ ਨਹੀਂ, ਪੰਥਕ ਮੁੱਦਿਆਂ ਲਈ ਸਰਕਾਰ ਦੇ ਡਿਪਟੀ ਮੁੱਖ ਮੰਤਰੀ ਨੂੰ ਮਿਲੇ ਸਾਂ। ਡਿਪਟੀ ਮੁੱਖ ਮੰਤਰੀ ਨੂੰ ਮਿਲਣਾ ਸੀ ਤਾਂ ਸਰਕਾਰੀ ਦਫਤਰ ਵਿਚ ਮਿਲਦੇ, ਉਸ ਦੇ ਨਾਲ ਹੱਥ ਮਿਲਾਉਣ ਲਈ ਬਾਦਲ ਪਿੰਡ ਵਿਚਲੇ ਕਿਲ੍ਹੇ ਦੀ ਡਿਉਢੀ ਲੰਘਣ ਦੀ ਲੋੜ ਨਹੀਂ ਸੀ। ਸਿੱਖ ਸੰਤ ਤੇ ਕਥਾ ਵਾਚਕ ਹਊਮੈ ਦੇ ਉਬਾਲਿਆਂ ਦਾ ਸ਼ਿਕਾਰ ਹਨ ਤੇ ਜਿਹੜੇ ਆਮ ਸਿੱਖਾਂ ਨੂੰ ਜਜ਼ਬਾਤੀ ਰੋਸ ਹੈ, ਉਨ੍ਹਾਂ ਦੀ ਪ੍ਰਤੀਨਿਧਤਾ ਕਰਨ ਵਾਲਾ ਕੋਈ ਯੋਗ ਆਗੂ ਨਾ ਹੋਣ ਕਾਰਨ ਤਿੰਨ-ਲੱਖੀਏ ਅਫਸਰ ਸਿੱਖੀ ਦੇ ਰਥਵਾਨ ਬਣਾ ਦਿੱਤੇ ਗਏ ਹਨ।

ਪੰਜਾਬ ਵਿਚ ਰਾਜਸੀ ਮੁੱਦਾ ਸਿਰਫ ਸਿੱਖੀ ਦਾ ਨਹੀਂ, ਕਿਰਤ ਕਰ ਕੇ ਦੋ ਡੰਗ ਦੀ ਰੋਟੀ ਖਾਣ ਵਾਲਿਆਂ ਦਾ ਵੀ ਹੈ ਤੇ ਉਨ੍ਹਾਂ ਦੀ ਹਾਲਤ ਵੱਲੋਂ ਸਰਕਾਰ ਅੱਖਾਂ ਬੰਦ ਕਰੀ ਬੈਠੀ ਹੈ। ਕਿਸਾਨ ਮਰਦੇ ਹਨ ਤਾਂ ਚਿੰਤਾ ਨਹੀਂ। ਮੁਲਾਜ਼ਮਾਂ ਨੂੰ ਤਨਖਾਹ ਨਹੀਂ ਮਿਲਦੀ ਤਾਂ ਨਾ ਮਿਲੇ। ਵੋਟਾਂ ਦਾ ਪਰਾਗਾ ਚੁੱਕਣ ਲਈ ਪੰਜਾਬੀ ਸੂਬਾ ਅੰਦੋਲਨ ਵਿਚ ਜਾਣ ਵਾਲਿਆਂ ਨੂੰ ਪੰਜਾਬ ਸਰਕਾਰ ਪੈਨਸ਼ਨਾਂ ਦੇਣ ਲੱਗੀ ਹੈ। ਉਨ੍ਹਾਂ ਦੇ ਜੇਲ੍ਹਾਂ ਕੱਟਣ ਦਾ ਰਿਕਾਰਡ ਨਹੀਂ ਮਿਲ ਸਕਦਾ ਤਾਂ ਇਸ ਦਾ ਹੱਲ ਕੱਢਿਆ ਹੈ ਕਿ ਪਿੰਡ ਦਾ ਸਰਪੰਚ ਵੀ ਲਿਖ ਦੇਵੇ ਕਿ ਪੰਜਾਬੀ ਸੂਬਾ ਮੋਰਚੇ ਵਿਚ ਇਸ ਨੇ ਕੈਦ ਕੱਟੀ ਸੀ, ਉਸ ਦਾ ਜਨਮ ਭਾਵੇਂ ਪੰਜਾਬੀ ਸੂਬਾ ਬਣਨ ਤੋਂ ਪਿੱਛੋਂ ਦਾ ਹੋਵੇ, ਪੈਨਸ਼ਨ ਲਈ ਯੋਗ ਮੰਨਿਆ ਜਾਵੇਗਾ। ਸਮਾਜ ਭਲਾਈ ਦੇ ਖਾਤੇ ਵਿਚੋਂ ਚਾਲੀ ਸਾਲ ਉਮਰ ਵਾਲੇ ਦੀ ਬੁਢਾਪਾ ਪੈਨਸ਼ਨ ਤੇ ਜਿਉਂਦੇ ਪਤੀ ਵਾਲੀਆਂ ਦੀ ਵਿਧਵਾ ਪੈਨਸ਼ਨ ਲੱਗੀ ਹੋਣ ਦੇ ਕੇਸ ਸਾਡੇ ਪੰਜਾਬ ਵਿਚ ਕਈ ਵਾਰੀ ਫੜੇ ਗਏ ਹਨ। ਉਹ ਸਰਪੰਚਾਂ ਦੀ ਤਸਦੀਕ ਦੇ ਨਾਲ ਹੀ ਪੈਨਸ਼ਨਾਂ ਲੈ ਰਹੇ ਸਨ। ਜਿਸ ਘਰ ਧੀ ਨਹੀਂ ਸੀ ਜੰਮੀ, ਉਨ੍ਹਾਂ ਨੇ ਧੀ ਦੇ ਵਿਆਹ ਦਾ ਸਰਕਾਰੀ ਸ਼ਗਨ ਲੈ ਲਿਆ ਸੀ। ਇਹ ਕੰਮ ਇਸ ਲਈ ਹੋ ਗਿਆ ਕਿ ਪਰਿਵਾਰ ਦਾ ਇੱਕ ਨੌਜਵਾਨ ਅਕਾਲੀ ਦਲ ਦਾ ਕੌਂਸਲਰ ਸੀ।




ਇਨ੍ਹਾਂ ਹਾਲਾਤ ਵਿਚ ਅਕਾਲੀ ਦਲ ਦੇ ਟਾਕਰੇ ਲਈ ਆਪਣੇ ਆਪ ਨੂੰ ਮੁੱਖ ਦਾਅਵੇਦਾਰ ਸਮਝਦੀ ਕਾਂਗਰਸ ਦੇ ਮੂਹਰੇ ਫਿਰ ਕੈਪਟਨ ਅਮਰਿੰਦਰ ਸਿੰਘ ਲੱਗਾ ਹੋਇਆ ਹੈ, ਜਿਹੜਾ ਪਿਛਲੀ ਵਾਰ ਜਿੱਤੀ ਹੋਈ ਬਾਜ਼ੀ ਹਾਰਨ ਵਾਸਤੇ ਜ਼ਿਮੇਵਾਰ ਮੰਨਿਆ ਜਾਂਦਾ ਸੀ। ਅਸਲ ਵਿਚ ਉਹ ਅਮਰਿੰਦਰ ਸਿੰਘ ਦੀ ਹਾਰ ਨਹੀਂ ਸੀ, ਉਸ ਜੁੰਡਲੀ ਦੇ ਵਿਹਾਰ ਦੀ ਮਾਰ ਸੀ, ਜਿਹੜੀ ਚੋਣ ਲੜਦੇ ਉਮੀਦਵਾਰਾਂ ਦਾ ਫੋਨ ਵੀ ਆਵੇ ਤਾਂ ਪਾਰਟੀ ਆਗੂ ਅਮਰਿੰਦਰ ਸਿੰਘ ਨਾਲ ਗੱਲ ਕਰਨ ਵਿਚ ਅੜਿੱਕਾ ਪਾਉਣ ਲਈ ਏਨਾ ਕਹਿ ਦਿੰਦੀ ਸੀ, "ਮਹਾਰਾਜਾ ਸਾਹਿਬ ਬਿਜ਼ੀ ਹਨ।" ਅਮਰਿੰਦਰ ਸਿੰਘ ਸਿਆਣਾ ਆਗੂ ਹੈ, ਪਰ ਆਪਣੇ ਨਾਲ ਲੱਗੀ ਹੋਈ ਜੁੰਡਲੀ ਦੀ ਅੱਖ ਨਹੀਂ ਪਛਾਣਦਾ। ਜਦੋਂ ਉਹ ਪੰਜਾਬ ਦਾ ਮੁੱਖ ਮੰਤਰੀ ਸੀ ਤਾਂ ਇੱਕ ਦਿਨ ਇੱਕ ਵੱਡੇ ਅਫਸਰ ਦੀ ਪਤਨੀ ਦੂਸਰੇ ਵੱਡੇ ਅਫਸਰ ਨਾਲ ਹਰਿਆਣੇ ਦੇ ਚੰਡੀਗੜ੍ਹ ਨਾਲ ਦੇ ਸ਼ਹਿਰ ਵਿਚ ਇੱਕ ਕੋਠੀ ਵਿਚ ਹਰਿਆਣਾ ਪੁਲਿਸ ਨੇ ਜਾ ਫੜੀ ਸੀ। ਜਦੋਂ ਪੁਲਿਸ ਨੂੰ ਉਨ੍ਹਾਂ ਬਾਰੇ ਪਤਾ ਲੱਗਾ ਅਤੇ ਛੱਡਣ ਦੀ ਰਾਏ ਬਣੀ ਤਾਂ ਕਾਗਜ਼ ਭਰੇ ਜਾ ਚੁੱਕੇ ਹੋਣ ਕਾਰਨ ਕਿਸੇ ਦੀ ਸਪੁਰਦਦਾਰੀ ਭਰਨੀ ਪੈਣੀ ਸੀ। ਜਿਹੜਾ ਅਫਸਰ ਫੜਿਆ ਸੀ, ਉਸ ਨੂੰ ਉਸ ਦੇ ਡਰਾਈਵਰ ਦੇ 'ਹਵਾਲੇ' ਕਰਨ ਦੇ ਕਾਗਜ਼ ਭਰੇ ਗਏ ਤੇ ਔਰਤ ਦੇ ਪਤੀ ਨੇ ਜਾਣ ਤੋਂ ਇਨਕਾਰ ਕਰ ਦਿੱਤਾ ਤਾਂ ਉਸ ਦੇ ਧੋਬੀ ਨੂੰ ਸੱਦ ਕੇ ਉਸ ਦੀ ਸਪੁਰਦਦਾਰੀ ਦੇ ਕਾਗਜ਼ ਬਣਾਏ ਸਨ। ਇਹ ਛਾਪਾ ਕਿਸੇ ਹੋਰ ਨੇ ਨਹੀਂ, ਅਮਰਿੰਦਰ ਸਿੰਘ ਦੇ ਦੁਆਲੇ ਘੁੰਮਦੀ ਜੁੰਡਲੀ ਨੇ ਆਪਸੀ ਖਹਿਬੜ ਵਿਚ ਪਵਾਇਆ ਸੀ, ਬਦਨਾਮੀ ਅਮਰਿੰਦਰ ਸਿੰਘ ਦੀ ਸਰਕਾਰ ਦੀ ਹੋਈ ਸੀ। ਪਿਛਲੀ ਹਾਰ ਮਗਰੋਂ ਦੂਰ ਚਲੇ ਗਏ ਉਸ ਜੁੰਡਲੀ ਦੇ ਮੋਹਰੇ ਪਿਛਲੇ ਦੋ ਹਫਤਿਆਂ ਵਿਚ ਫਿਰ 'ਮਹਾਰਾਜਾ ਸਾਹਿਬ' ਦੇ ਦਰਬਾਰੀ ਬਣਨ ਵਿਚ ਸਫਲ ਹੋ ਗਏ ਹਨ।

ਇੱਕ ਗੱਲ ਅਮਰਿੰਦਰ ਸਿੰਘ ਬਾਰੇ ਹੋਰ ਕਹੀ ਜਾਂਦੀ ਹੈ ਕਿ ਉਹ ਰਾਜਸੀ ਪੈਂਤੜੇ ਲੈਣ ਪੱਖੋਂ ਮਜ਼ਬੂਤ ਹੋਣ ਦੇ ਬਾਵਜੂਦ ਇਹੋ ਜਿਹੇ ਕਦਮ ਚੁੱਕ ਲੈਂਦਾ ਹੈ, ਜਿਹੜੇ ਉਸ ਦੇ ਆਪਣੇ ਤੇ ਉਸ ਦੀ ਪਾਰਟੀ ਦੇ ਜੜ੍ਹੀਂ ਬਹਿ ਜਾਂਦੇ ਹਨ। ਇਸ ਹਫਤੇ ਉਸ ਨੇ ਇਹ ਮੰਗ ਕਰ ਦਿੱਤੀ ਕਿ ਜਾਟ ਭਾਈਚਾਰੇ ਵਾਂਗ ਜੱਟਾਂ ਨੂੰ ਵੀ ਨੌਕਰੀਆਂ ਵਿਚ ਰਿਜ਼ਰਵੇਸ਼ਨ ਮਿਲਣੀ ਚਾਹੀਦੀ ਹੈ। ਜਿੰਨੀ ਇਹ ਗੱਲ ਜੱਟਾਂ ਨੂੰ ਚੰਗੀ ਲੱਗੇਗੀ, ਓਨੀ ਹੀ ਗੈਰ-ਜੱਟਾਂ ਨੂੰ ਮਾੜੀ ਲੱਗਣੀ ਹੈ। ਜਿਸ ਵੀ ਬੰਦੇ ਨੇ ਇਹ ਸਲਾਹ ਦਿੱਤੀ ਹੈ, ਉਹ ਅਮਰਿੰਦਰ ਸਿੰਘ ਤੇ ਕਾਂਗਰਸ ਦੋਵਾਂ ਦਾ ਹਿਤੈਸ਼ੀ ਨਹੀਂ। ਜਦੋਂ ਹਰਿਆਣੇ ਵਿਚ ਜਾਟ ਅੰਦੋਲਨ ਦੇ ਕੁਚੱਜ ਦੀਆਂ ਕਹਾਣੀਆਂ ਹਾਈ ਕੋਰਟ ਵਿਚੋਂ ਨਿਕਲ ਕੇ ਸਾਰੇ ਪਾਸੇ ਲਾਹਨਤਾਂ ਪੈਣ ਦਾ ਕਾਰਨ ਬਣ ਚੁੱਕੀਆਂ ਹਨ, ਜਾਟਾਂ ਦੇ ਨਵੀਂ ਐਜੀਟੇਸ਼ਨ ਸ਼ੁਰੂ ਕਰਨ ਦੇ ਦਬਕੜੇ ਦੇ ਟਾਕਰੇ ਲਈ ਕੇਂਦਰ ਸਰਕਾਰ ਸਖਤੀ ਕਰਨ ਨੂੰ ਮਜਬੂਰ ਹੋਈ ਪਈ ਹੈ, ਓਦੋਂ ਅਮਰਿੰਦਰ ਸਿੰਘ ਨੇ ਜਾਟ ਤੇ ਜੱਟ ਦੀ ਰਿਸ਼ਤੇਦਾਰੀ ਕੱਢ ਲਿਆਂਦੀ ਹੈ।

ਇਸ ਵੇਲੇ ਖੱਬੇ ਪੱਖੀ ਪਾਰਟੀਆਂ ਵੀ ਆਪਣੀਆਂ ਮੀਟਿੰਗਾਂ ਕਰ ਕੇ ਮੈਦਾਨ ਵਿਚ ਸਾਂਝਾ ਮੋਰਚਾ ਸਾਂਭਣ ਬਾਰੇ ਸੋਚ ਰਹੀਆਂ ਹਨ। ਏਦਾਂ ਕਰਨ ਤਾਂ ਚੰਗਾ ਹੋਵੇਗਾ। ਜਗਮੀਤ ਸਿੰਘ ਬਰਾੜ ਵੀ ਨਵਾਂ ਨਗਾਰਾ ਕੁੱਟਣ ਨੂੰ ਉਠ ਖੜੋਤਾ ਹੈ। ਸਵਰਾਜ ਅਭਿਆਨ ਤੋਂ ਟੁੱਟ ਕੇ ਸਵਰਾਜ ਪਾਰਟੀ ਬਣ ਗਈ ਹੈ। ਬਹੁਜਨ ਸਮਾਜ ਪਾਰਟੀ ਵਾਲੇ ਅਜੇ ਤੱਕ ਦਿੱਲੀ ਤੇ ਲਖਨਊ ਵਿਚਾਲੇ ਤੇਜ਼ ਚਾਲ ਘੁੰਮਦੀ ਉਸ ਭੈਣ ਜੀ ਵੱਲ ਵੇਖਦੇ ਪਏ ਹਨ, ਜਿਸ ਲਈ ਮੁੱਖ ਲੜਾਈ ਪੰਜਾਬ ਦੀ ਨਹੀਂ, ਉਤਰ ਪ੍ਰਦੇਸ਼ ਦੀ ਹੈ ਤੇ ਚੋਣ ਦੋਵੇਂ ਰਾਜਾਂ 'ਚ ਇੱਕੋ ਵਕਤ ਹੋਣੀ ਹੈ। ਭਾਜਪਾ ਦੇ ਆਗੂ ਅਕਾਲੀ ਦਲ ਬਾਰੇ ਬੁੜ-ਬੁੜ ਕਰ ਕੇ ਵੀ ਉਨ੍ਹਾਂ ਦੇ ਨਾਲ ਰਹਿਣਗੇ। ਇਸ ਪੱਖੋਂ ਬਹੁਤਾ ਫਰਕ ਨਹੀਂ ਪੈਂਦਾ ਜਾਪਦਾ।

ਫਰਕ ਪੈਣ ਦੀ ਝਾਕ ਆਮ ਆਦਮੀ ਪਾਰਟੀ ਦੇ ਪਾਸੇ ਤੋਂ ਮਹਿਸੂਸ ਕੀਤੀ ਜਾਂਦੀ ਹੈ, ਪਰ ਉਸ ਬਾਰੇ ਚੋਣਾਂ ਦੇ ਮਾਹਰ ਅਜੇ ਬਹੁਤੀ ਕਾਹਲੀ ਵਿਚ ਕੋਈ ਰਾਏ ਨਹੀਂ ਬਣਾ ਰਹੇ। ਇਸ ਦੇ ਕਈ ਕਾਰਨ ਹਨ। ਜਦੋਂ ਮਨਪ੍ਰੀਤ ਸਿੰਘ ਬਾਦਲ ਨੇ ਵੱਖਰੀ ਪੀਪਲਜ਼ ਪਾਰਟੀ ਬਣਾਈ ਤਾਂ ਬਹੁਤ ਸਾਰੇ ਅਕਾਲੀ ਤੇ ਕਾਂਗਰਸੀ ਉਸ ਨਾਲ ਜੁੜਦੇ ਜਾ ਰਹੇ ਸਨ, ਪਰ ਚੋਣਾਂ ਦੇ ਐਨ ਕੰਢੇ ਪਹੁੰਚ ਕੇ ਉਨ੍ਹਾਂ ਨੇ ਉਲਟ-ਬਾਜ਼ੀਆਂ ਲਾ ਦਿੱਤੀਆਂ ਸਨ। ਕੋਈ ਕਾਂਗਰਸ ਵਿਚ ਜਾ ਵੜਿਆ ਤੇ ਕੋਈ ਬਾਦਲਾਂ ਦੇ ਚਰਨੀਂ ਜਾ ਲੱਗਾ ਸੀ। ਹੁਣ ਫਿਰ ਉਨ੍ਹਾਂ ਦੋਵਾਂ ਪਾਰਟੀਆਂ ਦੇ ਬੰਦੇ ਇਸ ਨਵੀਂ ਧਿਰ ਵਿਚ ਭਾਵੇਂ ਆ ਰਹੇ ਹਨ ਤੇ ਭਾਵੇਂ ਭਿਜਵਾਏ ਜਾ ਰਹੇ ਹਨ, ਪਰ ਸਾਰਾ ਵਰਤਾਰਾ ਉਸੇ ਤਰ੍ਹਾਂ ਦਾ ਜਾਪਦਾ ਹੈ। ਉਦੋਂ ਇੱਕ ਸਾਬਕਾ ਮੰਤਰੀ ਨੇ ਅਕਾਲੀ ਦਲ ਛੱਡਿਆ, ਪੀਪਲਜ਼ ਪਾਰਟੀ ਤੋਂ ਟਿਕਟ ਲਈ ਤੇ ਜਦੋਂ ਕਾਗਜ਼ ਭਰਨ ਵਾਲਾ ਵਕਤ ਖਤਮ ਹੋ ਗਿਆ, ਉਸ ਨੇ ਆਪਣੇ ਉਮੀਦਵਾਰੀ ਦੇ ਕਾਗਜ਼ ਵਾਪਸ ਲੈ ਲਏ ਤੇ ਕਾਰ ਭਜਾਉਂਦਾ ਮੁੱਖ ਮੰਤਰੀ ਬਾਦਲ ਦੇ ਗੋਡੀਂ ਹੱਥ ਲਾਉਣ ਲਈ ਚੰਡੀਗੜ੍ਹ ਜਾ ਵੜਿਆ ਸੀ। ਹੁਣ ਵੀ ਕਈ ਏਦਾਂ ਦੇ ਸੱਜਣ ਸਮਝੇ ਜਾਂਦੇ ਹਨ। ਹਰ ਇੱਕ ਹਲਕੇ ਤੋਂ ਚੋਣ ਲੜਨ ਵਾਲੇ ਆਪੇ ਬਣੇ ਹੋਏ ਉਮੀਦਵਾਰਾਂ ਦੀ ਸੂਚੀ ਸਰਕਾਰੀ ਸਕੂਲ ਦੀ ਪਹਿਲੀ ਜਮਾਤ ਦੇ ਨਿਆਣਿਆਂ ਜਿੰਨੀ ਸੁਣ ਸਕਦੇ ਹਾਂ। ਕਿਸੇ ਨੇ ਕਿਹਾ ਸੀ: ਬਾਬਾ ਜੀ, ਡੇਰੇ ਵਿਚ ਚੇਲੇ ਬੜੇ ਹੋ ਗਏ ਨੇ। ਸਾਧ ਨੇ ਕਿਹਾ ਸੀ: ਜਦੋਂ ਭੁੱਖੇ ਮਰਨ ਲੱਗੇ ਤਾਂ ਆਪੇ ਭੱਜ ਜਾਣਗੇ। ਹਰ ਹਲਕੇ ਤੋਂ ਉਮੀਦਵਾਰਾਂ ਦੀ ਅਣਕਿਆਸੀ ਦਾਅਵੇਦਾਰੀ ਨੇ ਦਿੱਲੀ ਦੁਹਰਾਏ ਜਾਣ ਦੇ ਦਾਅਵਿਆਂ ਉਤੇ ਸਵਾਲੀਆ ਚਿੰਨ੍ਹ ਲਾਉਣ ਦਾ ਮਾਹੌਲ ਹੁਣੇ ਹੀ ਸਿਰਜ ਛੱਡਿਆ ਹੈ।

ਇਨ੍ਹਾਂ ਸਭਨਾਂ ਦੀ ਅਗਵਾਈ ਅਰਵਿੰਦ ਕੇਜਰੀਵਾਲ ਦੇ ਹੱਥ ਹੈ। ਉਹ ਪੰਜਾਬ ਬਾਰੇ 'ਜਿਨ ਲਾਈ ਗੱਲੀਂ, ਉਸੇ ਨਾਲ ਤੁਰ ਚੱਲੀ' ਦੇ ਹਿਸਾਬ ਚੱਲਦਾ ਹੈ। ਅਕਲ ਨਾਲ ਚੱਲਦਾ ਤਾਂ ਉਹ ਰਣਜੀਤ ਸਿੰਘ ਢੱਡਰੀਆਂ ਵਾਲੇ ਦੇ ਡੇਰੇ ਵੀ ਭਾਵੇਂ ਜਾ ਆਉਂਦਾ, ਪਰ ਇਸ ਤੋਂ ਪਹਿਲਾਂ ਗੋਲੀ ਕਾਂਡ ਵਿਚ ਮਾਰੇ ਗਏ ਭੁਪਿੰਦਰ ਸਿੰਘ ਦੇ ਘਰ ਪਹੁੰਚਦਾ। ਹੁਣ ਲੋਕ ਇਹ ਕਹਿ ਰਹੇ ਹਨ ਕਿ ਮ੍ਰਿਤਕ ਦੇ ਘਰ ਜਾਣ ਦੀ ਥਾਂ ਸਾਧ ਦੇ ਡੇਰੇ ਇਸ ਲਈ ਗਿਆ ਕਿ ਵੋਟਾਂ ਦੀ ਝਾਕ ਸੀ। ਇਹ ਗਲਤੀ ਉਸ ਤੋਂ ਅਕਲ ਦੇ ਅੰਨ੍ਹੇ ਸਲਾਹਕਾਰਾਂ ਕਰਾਈ ਹੈ। ਅਗਲੀ ਵਾਰ ਆਵੇ ਤਾਂ ਉਸ ਨੂੰ ਸੋਚ ਕੇ ਚੱਲਣਾ ਚਾਹੀਦਾ ਹੈ। ਜਣੇ-ਖਣੇ ਦੇ ਆਖੇ ਲੱਗ ਕੇ ਏਦਾਂ ਹੀ ਚੱਲਦਾ ਰਿਹਾ ਤਾਂ ਹੋਰ ਵੀ ਪ੍ਰਭਾਵ ਖਰਾਬ ਕਰਵਾ ਬੈਠੇਗਾ।

ਜਿਸ ਗੱਲ ਦੀ ਸਾਨੂੰ ਹੈਰਾਨੀ ਹੈ, ਉਹ ਇਹ ਕਿ ਵਿਰੋਧ ਦੀਆਂ ਪਾਰਟੀਆਂ ਉਕਾ-ਪੁੱਕਾ ਇਹ ਕਹਿੰਦੀਆਂ ਹਨ ਕਿ ਪੰਜਾਬ ਦੇ ਖਜ਼ਾਨੇ ਦੀ ਹਾਲਤ ਮਾੜੀ ਹੈ ਤੇ ਸਰਕਾਰ ਦੇ ਚਾਲੇ ਠੀਕ ਸੇਧ ਵਿਚ ਨਹੀਂ, ਪਰ ਜੋ ਕੁਝ ਹੋ ਰਿਹਾ ਸਾਨੂੰ ਪੱਤਰਕਾਰਾਂ ਨੂੰ ਪਤਾ ਲੱਗਦਾ ਹੈ, ਇਨ੍ਹਾਂ ਵਿਚੋਂ ਕਿਸੇ ਇੱਕ ਨੇ ਉਸ ਦਾ ਇੱਕ ਫੀਸਦੀ ਵੀ ਨਹੀਂ ਕਿਹਾ। ਜਿਹੜਾ ਥੋੜ੍ਹਾ ਕੁ ਕੰਮ ਹੋ ਰਿਹਾ ਹੈ, ਉਹ ਇਸ ਲਈ ਹੁੰਦਾ ਹੈ ਕਿ ਸੂਚਨਾ ਅਧਿਕਾਰ ਕਾਨੂੰਨ ਨੂੰ ਵਰਤਣ ਵਾਲੇ ਸਿਰੜੀ ਬੰਦੇ ਹਰ ਰੋਜ਼ ਕੁਝ ਅਰਜ਼ੀਆਂ ਪਾਈ ਜਾਂਦੇ ਹਨ ਅਤੇ ਜਿੰਨਾ ਕੁ ਪਤਾ ਲੱਗਦਾ ਹੈ, ਮੀਡੀਏ ਨੂੰ ਦੇ ਦੇਂਦੇ ਹਨ। ਹਾਈ ਕੋਰਟ ਵਿਚ ਅਰਜ਼ੀਆਂ ਦੇਣ ਵਾਲਾ ਇੱਕੋ ਬੰਦਾ ਐਚ ਸੀ ਅਰੋੜਾ ਪੰਜਾਬ ਦੀ ਵਿਰੋਧੀ ਧਿਰ ਦੀਆਂ ਸਾਰੀਆਂ ਕਿਸਮਾਂ ਤੋਂ ਵੱਧ ਕੰਮ ਕਰੀ ਜਾਂਦਾ ਹੈ। ਸਿਆਸੀ ਪਾਰਟੀਆਂ ਦੀਆਂ ਪ੍ਰੈਸ ਕਾਨਫਰੰਸਾਂ ਹੁਣ 'ਫਲਾਣਾ ਬੰਦਾ ਸਾਡੇ ਨਾਲ ਆਣ ਰਲਿਆ' ਵਾਲੇ ਐਲਾਨ ਕਰਨ ਤੱਕ ਸੀਮਤ ਹੋ ਗਈਆਂ ਹਨ। ਇਹੋ ਜਿਹੇ ਦ੍ਰਿਸ਼ ਵਿਚੋਂ ਚੋਣ ਦੀ ਭਾਜੜ ਤਾਂ ਦਿਸਦੀ ਹੈ, ਪਰ ਮੈਰਾਥਨ ਵਿਚ ਅੱਗੇ ਕੌਣ ਜਾਂਦਾ ਹੈ, ਇਸ ਦਾ ਅੰਦਾਜ਼ਾ ਹਾਲ ਦੀ ਘੜੀ ਕੋਈ ਮਾਹਰ ਵੀ ਨਹੀਂ ਲਾ ਸਕਦਾ।

Royal India Of Corpus Christi, TX
ਕੱਰੀ ਸ਼ੈਫ ਅਤੇ ਤੰਦੂਰੀ ਸ਼ੈਫ ਦੀ ਲੋੜ ਹੈ
ਕੌਰਪਸ ਕ੍ਰਿਸਟੀ, ਟੈਕਸਸ ਵਿਚ ਇੰਡੀਅਨ ਰੈਸਟੋਰੈਂਟ ਲਈ ਕੱਰੀ ਸ਼ੈਫ ਅਤੇ ਤੰਦੂਰੀ ਸ਼ੈਫ ਦੀ ਲੋੜ ਹੈ
ਵਧੀਆ ਤਨਖਾਹ ਅਤੇ ਮੁਫਤ ਰਿਹਾਇਸ਼
ਸੰਪਰਕ ਕਰੋ: ਸੁਖਬੀਰ ਸਿੰਘ
ਫੋਨ: 361-510-6419

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਰਾਖਵੇਂਕਰਨ ਲਈ ਜਾਟ ਮੁੜ ਟਕਰਾਅ ਦੇ ਰਾਹ

**ਜੀਂਦ:** ਜਾਟਾਂ ਦਾ ਅੰਦੋਲਨ ਇਕ ਵਾਰ ਮੁੜ ਸ਼ੁਰੂ ਹੋ ਗਿਆ ਹੈ। ਅਖਿਲ ਭਾਰਤੀ ਜਾਟ ਰਾਖਵਾਂਕਰਨ ਸੰਘਰਸ਼ ਸਮਿਤੀ ਵੱਲੋਂ ਐਲਾਨੇ ਗਏ ਇਸ ਸੰਘਰਸ਼ ਵਿਚ ਹਰਿਆਣਾ ਦੇ ਵੱਖ-ਵੱਖ ਥਾਵਾਂ ਉਤੇ ਧਰਨੇ ਸ਼ੁਰੂ ਕੀਤੇ ਗਏ ਹਨ। ਜਾਟ ਆਗੂਆਂ ਨੇ ਕਿਹਾ ਹੈ ਕਿ ਇਹ ਧਰਨੇ 14 ਜੂਨ ਤੱਕ ਚੱਲਣਗੇ। ਉਸ ਤੋਂ ਬਾਅਦ 16 ਤੋਂ ਦਿੱਲੀ ਦੇ ਰਸਤੇ ਰੋਕੇ ਜਾਣਗੇ।

ਉਨ੍ਹਾਂ ਕਿਹਾ ਕਿ ਜੇ ਫਿਰ ਵੀ ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਇਸ ਅੰਦੋਲਨ ਨੂੰ ਦੂਜੇ ਰਾਜਾਂ 'ਚ ਵੀ ਲਿਜਾਇਆ ਜਾਵੇਗਾ। ਜਾਟ ਆਗੂਆਂ ਨੇ ਮੰਗ ਕੀਤੀ ਹੈ ਕਿ ਪਿਛਲੇ ਪ੍ਰਦਰਸ਼ਨ ਦੌਰਾਨ ਗ੍ਰਿਫਤਾਰ ਕੀਤੇ ਗਏ ਨੌਜਵਾਨਾਂ ਨੂੰ ਰਿਹਾਅ ਕੀਤਾ ਜਾਵੇ ਅਤੇ ਨੌਜਵਾਨਾਂ 'ਤੇ ਦੇਸ਼ ਧ੍ਰੋਹ ਦੇ ਮਾਮਲੇ ਵਾਪਸ ਲਏ ਜਾਣ। ਦੱਸਣਯੋਗ ਹੈ ਕਿ ਜਾਟਾਂ ਨੇ ਸਰਕਾਰ ਦੇ ਮਨ੍ਹਾਂ ਕਰਨ ਤੋਂ ਬਾਅਦ ਇਹ ਅੰਦੋਲਨ ਸ਼ੁਰੂ ਕੀਤਾ ਜਾ ਰਿਹਾ ਹੈ। ਅੰਦੋਲਨ ਦੀ ਸ਼ੁਰੂਆਤ ਤੋਂ ਪਹਿਲਾਂ ਹੀ ਹਰਿਆਣਾ ਸਰਕਾਰ ਨੇ 4800 ਅਰਧ ਸੈਨਿਕ ਬਲ ਤਾਇਨਾਤ ਹਨ।

ਸੂਬੇ ਵਿਚ ਵੱਖ-ਵੱਖ ਜਿਲ੍ਹਿਆਂ ਵਿਚ ਅਰਧ ਸੈਨਿਕ ਬਲਾਂ ਦੀ 55 ਕੰਪਨੀਆਂ ਦੀ ਹੁਣ ਤੱਕ ਤਾਇਨਾਤੀ ਕੀਤੀ ਜਾ ਚੁੱਕੀ ਹੈ। ਦੂਜੇ ਪਾਸੇ ਲੋਕਾਂ ਦੇ ਇਕੱਠ ਨੂੰ ਰੋਕਣ ਲਈ ਰਾਜ ਸਰਕਾਰ ਵੱਲੋਂ ਕਈ ਜਿਲ੍ਹਿਆਂ ਵਿਚ ਧਾਰਾ 144 ਲਗਾ ਦਿੱਤੀ ਹੈ ਤੇ ਇਸ ਵੇਲੇ ਪ੍ਰਸ਼ਾਸਨ ਹਾਈ ਅਲਰਟ ਉਤੇ ਹੈ। ਜਾਟ ਲੀਡਰਾਂ ਦਾ ਕਹਿਣਾ ਹੈ ਕਿ ਇਸ ਵਾਰ ਸ਼ਾਂਤੀਪੂਰਨ ਤਰੀਕੇ ਨਾਲ ਪ੍ਰਦਰਸ਼ਨ ਕੀਤਾ ਜਾਵੇਗਾ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਵਾਰ ਨਾ ਰੇਲ ਗੱਡਿਆਂ ਰੋਕੀਆਂ ਜਾਣਗੀਆਂ ਅਤੇ ਨਾ ਹੀ ਰਾਜਮਾਰਗਾਂ 'ਤੇ ਟ੍ਰੈਫਿਕ ਨੂੰ ਰੋਕਿਆ ਜਾਵੇਗਾ।

ਹਰਿਆਣਾ ਦੇ ਚੀਫ ਸੈਕਟਰੀ (ਗ੍ਰਹਿ) ਰਾਮ ਨਿਵਾਸ ਨੇ ਆਖਿਆ ਕਿ ਕੇਂਦਰ ਤੋਂ 15 ਹੋਰ ਕੰਪਨੀਆਂ ਮੰਗੀਆਂ ਗਈਆਂ ਹਨ। ਕਾਨੂੰਨ ਵਿਵਸਥਾ ਨੂੰ ਲੈ ਕੇ ਸਰਕਾਰ ਕੋਈ ਸਮਝੌਤਾ ਨਹੀਂ ਕਰੇਗੀ। ਉਨ੍ਹਾਂ ਦੱਸਿਆ ਕਿ ਸੋਨੀਪਤ ਜ਼ਿਲ੍ਹੇ ਦੇ ਪੱਛਮੀ ਯਮੁਨਾ ਨਹਿਰ ਕਿਨਾਰੇ ਪੈਣ ਵਾਲੇ ਪਿੰਡਾਂ ਵਿਚ ਪੁਲਿਸ ਤੇ ਅਰਧ ਸੈਨਿਕ ਬਲਾਂ ਦੀ ਤਾਇਨਾਤੀ ਕੀਤੀ ਗਈ ਹੈ। ਯਾਦ ਰਹੇ ਕਿ ਫਰਵਰੀ ਵਿਚ ਅੰਦੋਲਨਕਾਰੀਆਂ ਨੇ ਦਿੱਲੀ ਨੂੰ ਪਾਣੀ ਦੀ ਸਪਲਾਈ ਕਰਨ ਵਾਲੀ ਮੂਨਕ ਨਹਿਰ ਦੀ ਸਪਲਾਈ ਤੋੜ ਦਿੱਤੀ ਸੀ। ਪੁਲਿਸ ਵਿਭਾਗ ਦੀਆਂ ਪਹਿਲਾਂ ਹੀ ਛੁੱਟੀਆਂ ਰੱਦ ਕਰ ਦਿੱਤੀਆਂ ਗਈਆਂ ਹਨ।

ਸੂਬੇ ਦੇ ਸੱਤ ਜ਼ਿਲ੍ਹਿਆਂ ਵਿਚ ਧਾਰਾ 144 ਲਗਾ ਦਿੱਤੀ ਗਈ ਹੈ। ਹਰਿਆਣਾ ਦੇ ਏ.ਡੀ.ਜੀ.ਪੀ. ਮੁਹੰਮਦ ਅਕੀਲ ਨੇ ਆਖਿਆ ਹੈ ਕਿ ਪੁਲਿਸ ਵੱਲੋਂ ਸਾਰੇ ਪ੍ਰਬੰਧ ਪੂਰੇ ਕਰ ਲਏ ਗਏ ਹਨ। ਸਰਕਾਰ ਨੇ ਸਮਝੌਤੇ ਤਹਿਤ ਫਰਵਰੀ ਵਿਚ ਹੋਏ ਅੰਦੋਲਨ ਦੌਰਾਨ 2000 ਕੇਸ ਦਰਜ ਕੀਤੇ ਸਨ। ਜਾਟ ਆਗੂਆਂ ਅਨੁਸਾਰ ਸਰਕਾਰ ਨੇ ਇਹ ਸਾਰੇ ਕੇਸ ਵਾਪਸ ਲੈਣ ਦੀ ਗੱਲ ਆਖੀ ਸੀ, ਜਿਸ ਨੂੰ ਹੁਣ ਪੂਰਾ ਨਹੀਂ ਕੀਤਾ ਜਾ ਰਿਹਾ। ਇਸ ਕਰ ਕੇ ਅੰਦੋਲਨ ਕੀਤਾ ਜਾ ਰਿਹਾ ਹੈ। ਆਲ ਇੰਡੀਆ ਜਾਟ ਆ੍ਰਕਰਸ਼ਨ ਸੰਘਰਸ਼ ਸਮਿਤੀ ਨੇ ਪ੍ਰਦਰਸ਼ਨ ਦਾ ਐਲਾਨ ਕੀਤਾ ਹੈ।



## ਸਰਕਾਰ ਵੱਲੋਂ ਜਾਂਚ ਰਿਪੋਰਟ 'ਤੇ ਹੀ ਸਵਾਲ

**ਚੰਡੀਗੜ੍ਹ:** ਜਾਟ ਅੰਦੋਲਨ ਵਿਚ ਮੂਰਥਲ ਕਾਂਡ ਬਾਰੇ ਦਿੱਤੀ ਪ੍ਰਕਾਸ਼ ਕੁਮਾਰ ਕਮੇਟੀ ਰਿਪੋਰਟ ਬਾਰੇ ਹਰਿਆਣਾ ਦੇ ਕੈਬਨਿਟ ਮੰਤਰੀ ਅਨਿਲ ਵਿੱਜ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਕਿਹਾ ਹੈ ਕਿ ਕਮੇਟੀ ਦੀ ਰਿਪੋਰਟ ਕੋਈ ਗੀਤਾ ਨਹੀਂ ਹੈ ਕਿ ਇਸ ਵਿਚ ਕਿਹਾ ਸਭ ਕੁਝ ਸੱਚ ਮੰਨ ਲਿਆ ਜਾਵੇ। ਉਨ੍ਹਾਂ ਕਿਹਾ ਇਹ ਕੋਈ ਅੰਤਿਮ ਸੱਚ ਨਹੀਂ ਹੈ ਤੇ ਸਰਕਾਰ ਇਸ ਨੂੰ ਮੰਨੇ, ਇਹ ਜ਼ਰੂਰੀ ਨਹੀਂ ਹੈ। ਦੱਸਣਯੋਗ ਹੈ ਕਿ ਪ੍ਰਕਾਸ਼ ਕੁਮਾਰ ਕਮੇਟੀ ਨੇ ਜਾਟ ਅੰਦੋਲਨ ਦੀ ਹਿੰਸਾ ਬਾਰੇ 451 ਸਫਿਆਂ ਦੀ ਇਹ ਰਿਪੋਰਟ ਪੇਸ਼ ਕੀਤੀ ਸੀ। ਉਨ੍ਹਾਂ ਕਿਹਾ ਕਿ ਕਮੇਟੀ 'ਚ ਅਫਸਰਾਂ ਉਤੇ ਕਾਰਵਾਈ ਦੀ ਸਿਫਾਰਸ਼ ਕੀਤੀ ਗਈ ਹੈ ਤੇ ਇਹ ਸਰਕਾਰ ਦੇਖੇਗੀ ਕਿ ਕਿਸ 'ਤੇ ਕਾਰਵਾਈ ਕਰਨੀ ਹੈ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਅਫਸਰਾਂ ਦਾ ਰਿਕਾਰਡ ਪਿਛਲੇ ਸਮੇਂ 'ਚ ਬਹੁਤ ਚੰਗਾ ਰਿਹਾ ਹੋ ਸਕਦਾ ਹੈ ਤੇ ਉਨ੍ਹਾਂ ਉਤੇ ਕਾਰਵਾਈ ਨਹੀਂ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਵੈਸੇ ਵੀ ਇਕ ਜਾਂਚ ਪੈਨਲ 'ਚ ਤਿੰਨ ਮੈਂਬਰ ਸਨ ਤੇ ਤਿੰਨ ਵਿਚੋਂ ਦੋ ਮੈਂਬਰਾਂ ਨੇ ਇਹ ਰਿਪੋਰਟ 'ਤੇ ਦਸਤਖਤ ਨਹੀਂ ਕੀਤੇ ਹਨ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪੁਲਿਸ ਹਿੰਸਾ ਰੋਕਣ 'ਚ ਨਾਕਾਮ ਸਾਬਤ ਹੋਈ ਹੈ। ਇਹ ਹਿੰਸਾ ਵਿਚ 30 ਲੋਕ ਮਰ ਗਏ ਸਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ 90 ਪੁਲਿਸ ਅਧਿਕਾਰੀਆਂ ਨੇ ਜਾਣ ਬੁੱਝ ਕੇ ਸਹੀ ਡਿਊਟੀ ਨਹੀਂ ਦਿੱਤੀ ਹੈ।

# ਸਿੱਖ ਨੂੰ ਖਾਲਿਸਤਾਨੀ ਕਹਿਣ 'ਤੇ ਟਰੂਡੋ ਕੋਲ ਸ਼ਿਕਾਇਤ



**ਵੈਨਕੂਵਰ:** ਬ੍ਰਿਟਿਸ਼ ਕੋਲੰਬੀਆ ਵਿਚ ਦਹਿਸ਼ਤਗਰਦ ਕੈਂਪ ਚਲਾਉਣ ਦੇ ਦੋਸ਼ ਵਿਚ ਘਿਰੇ ਕੈਨੇਡੀਅਨ ਹਰਦੀਪ ਸਿੰਘ ਨਿੱਝਰ ਨੇ ਆਪਣੀ ਬੇਗੁਨਾਹੀ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਚਿੱਠੀ ਲਿਖੀ ਹੈ। ਜ਼ਿਕਰਯੋਗ ਹੈ ਕਿ ਭਾਰਤੀ ਮੀਡੀਆ ਦੇ ਇਕ ਹਿੱਸੇ ਵੱਲੋਂ ਹਰਦੀਪ ਸਿੰਘ ਨਿੱਝਰ ਦਾ ਨਾਮ ਅਤਿਵਾਦੀ ਸੰਗਠਨਾਂ ਨਾਲ ਜੋੜਿਆ ਜਾ ਰਿਹਾ ਹੈ। ਹਰਦੀਪ ਸਿੰਘ ਨਿੱਝਰ ਕੈਨੇਡਾ ਦਾ ਪੱਕਾ ਨਾਗਰਿਕ ਹੈ ਤੇ ਉਹ 1995 ਵਿਚ ਪੰਜਾਬ ਤੋਂ ਕੈਨੇਡਾ ਆਇਆ ਸੀ।

ਨਿੱਝਰ ਨੇ ਆਪਣੀ ਚਿੱਠੀ ਵਿਚ ਲਿਖਿਆ ਹੈ, 'ਮੈਂ ਰਾਸ਼ਟਰਵਾਦੀ ਹਾਂ, ਜੋ ਕਿ ਸਿੱਖ ਕੌਮ ਦੇ ਸਵੈ-ਨਿਰਣੇ ਤੇ ਰੈਫਰੈਂਡਮ ਦੇ ਜ਼ਰੀਏ ਪੰਜਾਬ ਦੀ ਧਰਤੀ ਨੂੰ ਭਾਰਤੀ ਕਬਜ਼ੇ ਤੋਂ ਆਜ਼ਾਦ ਕਰਵਾਉਣ ਦਾ ਹਮਾਇਤੀ ਹੈ।'"ਚਿੱਠੀ ਵਿਚ ਆਖਿਆ ਗਿਆ ਹੈ ਕਿ ਮੇਰਾ ਮੰਨਣਾ ਹੈ ਕਿ ਸਿੱਖ ਹੱਕਾਂ ਲਈ ਮੇਰੇ ਵੱਲੋਂ ਕੀਤੇ ਜਾ ਰਹੇ ਪ੍ਰਚਾਰ ਕਾਰਨ ਹੀ ਭਾਰਤੀ ਮੀਡੀਆ ਨੇ ਮੇਰੇ ਮਨੁੱਖੀ ਅਧਿਕਾਰਾਂ ਦੇ ਪ੍ਰਚਾਰ ਨੂੰ 'ਅਤਿਵਾਦੀ ਸਰਗਰਮੀਆਂ' ਆਖ ਕੇ ਨਿਸ਼ਾਨਾ ਬਣਾਇਆ ਹੈ।"ਨਿੱਝਰ ਨੇ ਆਪਣੀ ਚਿੱਠੀ ਵਿਚ ਲਿਖਿਆ ਹੈ ਕਿ ਅਪਰੈਲ 2015 ਨੂੰ ਉਸ ਦੇ ਪਿਤਾ ਤੇ ਇੰਗਲੈਂਡ ਦੇ ਨਾਗਰਿਕ ਭਰਾ ਨੂੰ ਗ਼ੈਰਕਾਨੂੰਨੀ ਤਰੀਕੇ ਨਾਲ ਭਾਰਤੀ ਪੁਲਿਸ ਨੇ ਹਿਰਾਸਤ ਵਿਚ ਲਿਆ। ਭਾਰਤੀ ਪੁਲਿਸ ਨੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਧਮਕੀ ਦਿੱਤੀ ਸੀ ਕਿ ਜੇਕਰ ਉਸ ਨੇ ਕੈਨੇਡਾ ਰਹਿੰਦਿਆਂ ਆਪਣੀਆਂ ਗਤੀਵਿਧੀਆਂ ਬੰਦ ਨਾ ਕੀਤੀਆਂ ਤਾਂ ਉਸ ਖਿਲਾਫ਼ ਕਾਰਵਾਈ ਕੀਤੀ ਜਾਵੇਗੀ। ਨਿੱਝਰ ਨੇ ਆਪਣੀ ਚਿੱਠੀ ਦੀ ਸਮਾਪਤੀ ਵਿਚ ਆਖਿਆ ਹੈ, 'ਮੇਰੀਆਂ ਸਿੱਖ ਕੌਮੀ ਗਤੀਵਿਧੀਆਂ ਬਿਲਕੁਲ ਸ਼ਾਂਤਮਈ, ਲੋਕਤੰਤਰਿਕ ਤੇ ਕੈਨੇਡਾ ਦੇ ਕਾਨੂੰਨ ਦੇ ਅਨੁਸਾਰ ਹਨ।

# ਆਜ਼ਾਦ ਭਾਰਤ ਦੇ ਪਹਿਲੇ ਮਿਸਟਰ ਯੂਨੀਵਰਸ ਮਨੋਹਰ ਏਚ ਨਹੀਂ ਰਹੇ

**ਕੋਲਕਾਤਾ:** ਸਾਬਕਾ ਮਿਸਟਰ ਯੂਨੀਵਰਸ ਤੇ 'ਪਾਕੇਟ ਹਰਕਿਊਲਸ' ਦੇ ਨਾਂ ਨਾਲ ਜਾਣੇ ਜਾਂਦੇ ਮਨੋਹਰ ਏਚ ਦਾ ਦਿਹਾਂਤ ਹੋ ਗਿਆ। ਉਹ 102 ਸਾਲਾਂ ਦੇ ਸਨ। ਆਜ਼ਾਦ ਭਾਰਤ ਦੇ ਪਹਿਲੇ ਮਿਸਟਰ ਯੂਨੀਵਰਸ ਮਨੋਹਰ ਏਚ ਦਾ ਜਨਮ ਮਾਰਚ 1914 ਵਿਚ ਕੋਮਿੱਲਾ ਜ਼ਿਲ੍ਹੇ ਦੇ ਧਮਤੀ ਪਿੰਡ (ਹੁਣ ਬੰਗਲਾਦੇਸ਼) 'ਚ ਹੋਇਆ। ਉਨ੍ਹਾਂ 1952 ਵਿਚ ਗਰੁੱਪ-3 ਚੈਂਪੀਅਨਸ਼ਿਪ 'ਚ ਮਿਸਟਰ ਯੂਨੀਵਰਸ ਦਾ ਖਿਤਾਬ ਜਿੱਤਿਆ ਸੀ। ਇਸ ਤੋਂ ਇਲਾਵਾ ਉਨ੍ਹਾਂ ਏਸ਼ੀਅਨ ਖੇਡਾਂ ਵਿਚ ਬਾਡੀ ਬਿਲਡਿੰਗ ਦੇ ਖੇਤਰ ਵਿਚ ਤਿੰਨ ਵਾਰ ਸੋਨੇ ਦਾ ਤਗਮਾ ਵੀ ਜਿੱਤਿਆ ਸੀ।



ਉਨ੍ਹਾਂ ਦੇ 4 ਫੁੱਟ 4 ਇੰਚ ਦੇ ਕੱਦ ਕਾਰਨ ਉਨ੍ਹਾਂ ਨੂੰ 'ਪਾਕੇਟ ਹਰਕਿਊਲਸ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਸੀ। ਉਨ੍ਹਾਂ ਆਪਣੀ ਆਖਰੀ ਉਮਰ ਤੱਕ ਇਕ ਚੁਸਤ ਤੇ ਸਿਹਤਮੰਦ ਜ਼ਿੰਦਗੀ ਬਤੀਤ ਕੀਤੀ। ਉਹ 1942 ਵਿਚ ਹਵਾਈ ਫੌਜ 'ਚ ਭਰਤੀ ਹੋਏ ਜਿਥੇ ਉਨ੍ਹਾਂ ਨੂੰ ਆਪਣੀ ਬਾਡੀ ਬਣਾਉਣੀ ਸ਼ੁਰੂ ਕੀਤੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਬਾਡੀ ਬਿਲਡਿੰਗ ਦੀ ਸਿਖਲਾਈ ਦੇਣ ਲਈ ਹਵਾਈ ਫੌਜ ਵੱਲੋਂ ਇਕ ਬ੍ਰਿਟਿਸ਼ ਅਫਸਰ ਨਿਯੁਕਤ ਕੀਤਾ ਗਿਆ। ਹਵਾਈ ਫੌਜ 'ਚ ਰਹਿੰਦਿਆਂ ਉਨ੍ਹਾਂ ਆਪਣੀ ਸਖਤ ਮਿਹਨਤ ਨਾਲ ਆਪਣੀ ਬਾਡੀ ਬਣਾਉਣੀ ਸ਼ੁਰੂ ਕਰ ਦਿੱਤੀ ਤੇ ਉਨ੍ਹਾਂ ਦੀ ਸਰੀਰਕ ਬਣਤਰ ਦੀ ਹਵਾਈ ਫੌਜ 'ਚ ਤਾਰੀਫ ਹੋਣੀ ਸ਼ੁਰੂ ਹੋ ਗਈ। ਫੌਜ ਵਿਚ ਰਹਿੰਦਿਆਂ ਅਧਿਕਾਰੀ ਦੇ ਚਪੇੜ ਮਾਰਨ ਕਾਰਨ ਉਨ੍ਹਾਂ ਨੂੰ ਜੇਲ੍ਹ ਵੀ ਜਾਣਾ ਪਿਆ। ਉਹ 1951 'ਚ ਮਿਸਟਰ ਯੂਨੀਵਰਸ ਦੇ ਮੁਕਾਬਲੇ ਵਿਚ ਦੂਸਰੇ ਨੰਬਰ ਉਤੇ ਆਏ ਸਨ, ਪਰ ਇਸ ਤੋਂ ਇਕ ਸਾਲ ਬਾਅਦ ਹੀ 1952 'ਚ ਉਨ੍ਹਾਂ ਮਿਸਟਰ ਯੂਨੀਵਰਸ ਦਾ ਖਿਤਾਬ ਜਿੱਤ ਲਿਆ।

# ਪੀਲੀਭੀਤ ਕਾਂਡ: ਸੱਚ ਨਸ਼ਰ ਕਰਨ ਲਈ ਚਾਰਾਜੋਈ

**ਨਵੀਂ ਦਿੱਲੀ:** ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੁਪਰੀਮ ਕੋਰਟ ਦੇ ਐਡਵੋਕੇਟ ਤੇ ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਆਰ.ਐਸ. ਸੋਢੀ ਨੂੰ ਪੀਲੀਭੀਤ ਜੇਲ੍ਹ ਕਾਂਡ ਦੀ ਅਗਲੀ ਕਾਰਵਾਈ ਦੀ ਜ਼ਿੰਮੇਦਾਰੀ ਸੌਂਪ ਦਿੱਤੀ ਹੈ ਅਤੇ ਇਸ ਕੰਮ ਵਿਚ ਸਹਿਯੋਗ ਲਈ ਐਡਵੋਕੇਟ ਗੁਰਬਖਸ਼ ਸਿੰਘ ਨੂੰ ਲਾਇਆ ਗਿਆ ਹੈ। ਜਸਟਿਸ ਸੋਢੀ ਨੇ ਕਿਹਾ ਕਿ ਉਨ੍ਹਾਂ ਨੇ ਇਸ ਜ਼ਿੰਮੇਦਾਰੀ ਨੂੰ ਪੰਥਕ ਜ਼ਿੰਮੇਦਾਰੀ ਵਜੋਂ ਸਵੀਕਾਰ ਕੀਤਾ ਹੈ। ਦੱਸਣਯੋਗ ਹੈ ਕਿ ਤਕਰੀਬਨ ਦੋ ਦਹਾਕੇ ਪਹਿਲਾਂ ਪੀਲੀਭੀਤ ਜੇਲ੍ਹ ਵਿਚ ਪੁਲਿਸ ਤਸ਼ੱਦਦ ਕਾਰਨ ਸੱਤ ਸਿੱਖਾਂ ਦੀਆਂ ਜਾਨਾਂ ਗਈਆਂ ਸਨ ਅਤੇ ਤਕਰੀਬਨ ਦੋ ਦਰਜਨ ਗੰਭੀਰ ਜ਼ਖ਼ਮੀ ਹੋ ਗਏ ਸਨ।

ਸ੍ਰੀ ਸੋਢੀ ਮੁਤਾਬਕ ਇਸ ਕੰਮ ਨੂੰ ਅੱਗੇ ਵਧਾਉਣ ਵਿਚ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਕਾਂਡ ਦੇ ਦੋਸ਼ੀ ਪੁਲਿਸ ਮੁਲਾਜ਼ਮਾਂ ਖਿਲਾਫ਼ ਦਰਜ ਐਫ.ਆਈ.ਆਰ., ਤਤਕਾਲੀ ਮੁੱਖ ਮੰਤਰੀ ਵੱਲੋਂ ਜਾਂਚ ਦੇ ਦਿੱਤੇ ਆਦੇਸ਼ਾਂ ਤੇ ਹਾਈ ਕੋਰਟ ਵੱਲੋਂ ਜਾਂਚ ਉਤੇ ਲਾਈ ਰੋਕ ਆਦਿ ਦਾ ਰਿਕਾਰਡ ਤਲਾਸ਼ਣ ਵਿਚ ਮੁਸ਼ਕਲ ਆ ਰਹੀ ਹੈ।

ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਹੈਰਾਨੀ ਹੈ ਕਿ ਯੂ.ਪੀ. ਦੀ ਜੇਲ੍ਹ ਵਿਚ ਵਾਪਰੇ ਇਸ ਅਣਮਨੁੱਖੀ ਕਾਰੇ ਦਾ ਨਾ ਤਾਂ ਉੱਤਰ ਪ੍ਰਦੇਸ਼ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਨਾ ਹੀ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੋਟਿਸ ਲੈਂਦਾ ਹੈ। ਦੇਸ਼ ਦੀ ਸਰਬਉੱਚ ਅਦਾਲਤ ਨੂੰ ਪੁਲਿਸ ਦੇ ਇਸ ਅਣਮਨੁੱਖੀ ਕਾਰੇ ਦਾ ਆਪੇ ਨੋਟਿਸ ਲੈਣਾ ਚਾਹੀਦਾ ਹੈ।

# ਕੈਨੇਡਾ ਵਿਚ ਸਿੱਖ ਕਾਰੋਬਾਰੀ ਅਮਰ ਸੰਧੂ ਦਾ ਕਤਲ

**ਵੈਨਕੂਵਰ:** ਰਿਚਮੰਡ ਸ਼ਹਿਰ ਵਿਚ ਭੀੜ ਭੜੱਕੇ ਵਾਲੀ ਥਾਂ ਉਤੇ ਉਘੇ ਸਿੱਖ ਕਾਰੋਬਾਰੀ ਤੇ ਕੈਨੇਡਾ 'ਚ ਲੰਗਰ ਦੀ ਸੇਵਾ ਵਿੱਚ ਵੱਡੀ ਭੂਮਿਕਾ ਨਿਭਾਉਣ ਵਾਲੇ ਅਮਰ ਸਿੰਘ ਸੰਧੂ (50 ਸਾਲ) ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਦਿਨ ਦਿਹਾੜੇ ਹੋਏ ਕਤਲ ਨੇ ਇਥੋਂ ਦੀ ਪੁਲਿਸ ਨੂੰ ਹਿਲਾ ਕੇ ਰੱਖ ਦਿੱਤਾ ਹੈ। ਕਈ ਲੋਕਾਂ ਨੇ ਇਸ ਵਾਰਦਾਤ ਨੂੰ ਅੱਖੀਂ ਵੇਖਿਆ, ਪਰ ਪੁਲਿਸ ਨੂੰ ਜਾਣਕਾਰੀ ਦੇਣ ਲਈ ਕੋਈ ਵੀ ਖੁੱਲ੍ਹ ਕੇ ਅੱਗੇ ਨਹੀਂ ਆ ਰਿਹਾ।

ਜਾਣਕਾਰੀ ਅਨੁਸਾਰ ਸ੍ਰੀ ਸੰਧੂ ਆਪਣੇ ਪਿਕਅੱਪ ਟਰੱਕ ਵਿਚ ਸਟੀਵੈਸਟਨ ਹਾਈਵੇਅ ਕੋਲ ਟਿਮ ਹੌਰਟਨ ਦੇ ਬਾਹਰ ਪਹੁੰਚੇ ਸਨ ਕਿ ਉਨ੍ਹਾਂ ਦਾ ਪਿੱਛਾ ਕਰ ਰਹੇ ਹਮਲਾਵਰਾਂ ਨੇ ਅਚਾਨਕ ਉਨ੍ਹਾਂ 'ਤੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ ਅਤੇ ਫਰਾਰ ਹੋ ਗਏ। ਜਦੋਂ ਪੁਲਿਸ ਤੇ ਐਂਬੂਲੈਂਸ ਪੁੱਜੀ ਤਾਂ ਉਹ ਆਖਰੀ ਸਾਹਾਂ 'ਤੇ ਸਨ। ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਚਸ਼ਮਦੀਦਾਂ ਅਨੁਸਾਰ ਉਨ੍ਹਾਂ ਦੇ ਵਾਹਨ 'ਤੇ ਗੋਲੀਆਂ ਦੇ ਦਰਜਨਾਂ ਨਿਸ਼ਾਨ ਹਨ। ਗੋਲੀਬਾਰੀ ਬਾਅਦ ਭੀੜ ਭੜੱਕੇ ਵਾਲਾ ਪਲਾਜ਼ਾ ਕੁਝ ਪਲਾਂ ਵਿਚ ਖਾਲੀ ਹੋ ਗਿਆ।



ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਅਮਰ ਸਿੰਘ ਸੰਧੂ ਦਾ ਪੰਜਾਬੀ ਭਾਈਚਾਰੇ ਵਿਚ ਕਾਫੀ ਸਤਿਕਾਰ ਸੀ। ਉਨ੍ਹਾਂ ਇਥੋਂ ਦੇ ਗੁਰਦੁਆਰਾ ਪ੍ਰਬੰਧਾਂ ਵਿਚ ਵੱਡੇ ਸੁਧਾਰ ਕੀਤੇ ਤੇ ਧਾਰਮਿਕ ਕੰਮਾਂ ਵਿਚ ਡੂੰਘੀ ਰੁਚੀ ਲੈਂਦੇ ਸਨ।

# ਅਮਰੀਕਾ ਨੇ ਪਾਕਿਸਤਾਨ ਨੂੰ ਮੁੜ ਘੂਰਿਆ

**ਵਾਸ਼ਿੰਗਟਨ:** ਅਮਰੀਕਾ ਨੇ ਦਹਿਸ਼ਤਵਾਦ ਦੇ ਮੁੱਦੇ ਉਤੇ ਪਾਕਿਸਤਾਨ ਨੂੰ ਫਿਰ ਤੋਂ ਘੇਰਿਆ ਹੈ। ਅਮਰੀਕਾ ਦੇ ਵਿਦੇਸ਼ ਮੰਤਰਾਲੇ ਨੇ ਦਹਿਸ਼ਤਵਾਦ ਨਾਲ ਜੁੜੀ ਆਪਣੀ ਸਾਲਾਨਾ ਰਿਪੋਰਟ ਵਿਚ ਪਾਕਿਸਤਾਨ ਉਤੇ ਦੋਸ਼ ਲਾਇਆ ਹੈ ਕਿ ਉਹ ਲਸ਼ਕਰ-ਏ-ਤੋਇਬਾ ਤੇ ਹਕਕਾਨੀ ਨੈੱਟਵਰਕ ਵਰਗੇ ਸੰਗਠਨਾਂ ਉਤੇ ਕੋਈ ਕਾਰਵਾਈ ਨਹੀਂ ਕਰ ਰਹੇ।

ਰਿਪੋਰਟ ਵਿਚ ਆਖਿਆ ਗਿਆ ਹੈ ਕਿ ਪਾਕਿਸਤਾਨ ਅਧਿਕਾਰਤ ਦਹਿਸ਼ਤਗਰਦ ਸੰਗਠਨ ਭਾਰਤ ਤੇ ਅਫ਼ਗ਼ਾਨਿਸਤਾਨ ਉਤੇ ਲਗਾਤਾਰ ਹਮਲੇ ਕਰ ਰਹੇ ਹਨ। ਅਮਰੀਕਾ ਦਾ ਕਹਿਣਾ ਹੈ ਕਿ ਪਾਕਿਸਤਾਨ ਦਹਿਸ਼ਤਗਰਦਾਂ ਖਿਲਾਫ਼ ਕਾਰਵਾਈ ਨਹੀਂ ਕਰ ਰਿਹਾ। ਅਮਰੀਕਾ ਅਨੁਸਾਰ ਪਾਕਿਸਤਾਨ ਦੇ ਕਬਾਇਲੀ ਇਲਾਕਿਆਂ ਨਾ ਸਿਰਫ ਦਹਿਸ਼ਤਗਰਦਾਂ ਲਈ ਪਨਾਹਗਾਹ ਹਨ, ਸਗੋਂ ਇਥੇ ਦਹਿਸ਼ਤਗਰਦ ਸ਼ਰੇਆਮ ਚੰਦਾ ਇਕੱਠਾ ਕਰ ਰਹੇ ਹਨ। ਰਿਪੋਰਟ ਵਿਚ ਆਖਿਆ ਗਿਆ ਹੈ ਕਿ ਸੰਯੁਕਤ ਰਾਸ਼ਟਰ ਵੱਲੋਂ ਖਤਰਨਾਕ ਦਹਿਸ਼ਤਗਰਦ ਐਲਾਨੇ ਗਏ ਸੰਗਠਨ ਲਸ਼ਕਰ-ਏ-ਤੋਇਬਾ ਤੇ ਇਸ ਨਾਲ ਸਬੰਧਤ ਹੋਰ ਸੰਗਠਨ ਲਈ ਪੈਸੇ ਇਕੱਠੇ ਕਰ ਰਹੇ ਹਨ ਤੇ ਆਪਣੇ ਪ੍ਰਚਾਰ ਲਈ ਰੈਲੀਆਂ ਕਰ ਰਹੇ ਹਨ।



ਰਿਪੋਰਟ ਅਨੁਸਾਰ ਪਾਕਿਸਤਾਨ ਵਿਚ ਦਹਿਸ਼ਤਗਰਦ ਕਾਰਵਾਈ ਕਰਨ ਵਾਲੇ ਸੰਗਠਨਾਂ ਖਿਲਾਫ਼ ਉਥੋਂ ਦੀਆਂ ਸੁਰੱਖਿਆ ਏਜੰਸੀਆਂ ਕਾਰਵਾਈ ਕਰ ਰਹੀਆਂ ਹਨ ਪਰ ਦੂਜੇ ਸੰਗਠਨਾਂ ਖਿਲਾਫ਼ ਕੁਝ ਨਹੀਂ। ਰਿਪੋਰਟ ਅਨੁਸਾਰ ਲਸ਼ਕਰ-ਏ-ਤੋਇਬਾ ਦੇ ਮੁਖੀ ਹਾਫ਼ਿਜ਼ ਸਈਦ, ਜਿਸ ਨੂੰ ਸੰਯੁਕਤ ਰਾਸ਼ਟਰ ਵੱਲੋਂ ਦਹਿਸ਼ਤਗਰਦ ਐਲਾਨਿਆ ਗਿਆ ਹੈ, ਸ਼ਰੇਆਮ ਪਾਕਿਸਤਾਨ ਦੀ ਧਰਤੀ ਉਤੇ ਘੁੰਮ ਰਿਹਾ ਹੈ। ਇਸ ਤੋਂ ਇਲਾਵਾ ਗਰੁੱਪ ਵੱਲੋਂ ਪਾਕਿਸਤਾਨ ਵਿਚ ਸ਼ੁਰੂ ਕੀਤੀ ਗਈ ਭਰਤੀ ਮੁਹਿੰਮ ਦਾ ਵੀ ਉਚੇਚੇ ਤੌਰ ਉਤੇ ਜ਼ਿਕਰ ਕੀਤਾ ਗਿਆ ਹੈ।

# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਮਾਸਿਕ ਇਕੱਤਰਤਾ


**ਸੈਕਰਾਮੈਂਟੋ (ਬਿਊਰੋ):** ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ ਦੀ ਮਾਸਿਕ ਇਕੱਤਰਤਾ ਅਤੇ ਕਵੀ ਦਰਬਾਰ ਇਥੇ ਮਾਊਨਟੇਨ ਮਾਈਕ ਪੀਜ਼ਾ ਵਿਚ ਹੋਈ। ਮੀਟਿੰਗ ਵਿਚ ਮੌਜੂਦਾ ਕਮੇਟੀ ਦੇ ਇਕ ਸਾਲ ਪੂਰਾ ਹੋਣ 'ਤੇ ਕਮੇਟੀ ਦੇ ਕੰਮਾਂ-ਕਾਰਾਂ ਦਾ ਲੇਖਾ-ਜੋਖਾ ਕੀਤਾ ਗਿਆ। ਇਸ ਤੋਂ ਇਲਾਵਾ ਭਵਿੱਖ ਵਿਚ ਸਭਾ ਦੀਆਂ ਗਤੀਵਿਧੀਆਂ ਨੂੰ ਉਸਾਰੂ ਅਤੇ ਸਾਹਿਤਕ ਪੱਖੋਂ ਮਿਆਰੀ ਬਣਾਈ ਰੱਖਣ ਲਈ ਉਦਮ ਤੇ ਉਪਰਾਲਿਆਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ।





ਮੀਟਿੰਗ ਵਿਚ ਸਭਾ ਦੀ ਸਟਾਕਟਨ ਇਕਾਈ ਦੇ 'ਨਾ-ਮਿਲਵਰਤਣ ਤੇ ਤਸੱਲੀਬਖਸ਼ ਸਹਿਯੋਗ ਨਾ ਮਿਲਣ' ਦਾ ਗੰਭੀਰਤਾ ਨਾਲ ਨੋਟਿਸ ਲੈਂਦਿਆਂ ਮਤਾ ਪਾਸ ਕੀਤਾ ਗਿਆ ਕਿ ਭਵਿੱਖ ਵਿਚ ਯੂਨਿਟ ਦਾ ਸਭਾ ਨਾਲ ਕੋਈ ਨਾਤਾ ਨਹੀਂ ਹੋਵੇਗਾ। ਸਟਾਕਟਨ ਯੂਨਿਟ ਨੂੰ ਇਹ ਵੀ ਕਿਹਾ ਗਿਆ ਹੈ ਕਿ ਭਵਿੱਖ ਵਿਚ ਕੋਈ ਵੀ ਸਮਾਗਮ ਸਭਾ ਦੇ ਨਾਂ ਹੇਠ ਨਾ ਕੀਤਾ ਜਾਵੇ। ਇਹ ਮਤਾ ਸਭਾ ਦੇ ਸੰਸਥਾਪਕ ਤੇ ਡਾਇਰੈਕਟਰ ਮਹਿੰਦਰ ਸਿੰਘ ਘੱਗ ਵਲੋਂ ਪੇਸ਼ ਕੀਤਾ ਗਿਆ, ਜਿਸ ਨੂੰ ਪ੍ਰਧਾਨ ਦਿਲ ਨਿੱਜਰ ਅਤੇ ਸਾਰੀ ਕਾਰਜਕਾਰਨੀ ਤੇ ਡਾਇਰੈਕਟਰਾਂ ਵਲੋਂ ਪ੍ਰਵਾਨ ਕੀਤਾ ਗਿਆ।

ਮੀਟਿੰਗ ਦੇ ਦੂਜੇ ਸੈਸ਼ਨ ਵਿਚ ਕੈਸ਼ੀਅਰ ਜੀਵਨ ਰੱਤੂ ਨੇ ਇਕ ਗੀਤ ਗਾ ਕੇ ਕਵੀ ਦਰਬਾਰ ਦੀ ਸ਼ੁਰੂਆਤ ਕੀਤੀ ਜਿਸ ਵਿਚ ਜੋਤੀ ਸਿੰਘ, ਮਹਿੰਦਰ ਸਿੰਘ ਘੱਗ, ਹਰਭਜਨ ਸਿੰਘ ਢੇਰੀ, ਹਰਬੰਸ ਸਿੰਘ ਢਿੱਲੋਂ, ਗੁਰਿੰਦਰ ਸਿੰਘ ਸੂਰਾਪੁਰੀ, ਇੰਦਰਜੀਤ ਸਿੰਘ ਗਰੇਵਾਲ, ਰਾਠੇਸ਼ਵਰ ਸਿੰਘ ਸੂਰਾਪੁਰੀ, ਮਲਿਕ ਇਮਤਿਆਜ਼, ਅਜਮੇਰ ਗੋਗੀ ਸੰਧੂ, ਦਿਲ ਨਿੱਜਰ, ਰਮੇਸ਼ ਬੰਗੜ, ਅਜੈਬ ਚੀਮਾ, ਕਮਲ ਬੰਗਾ, ਜਨਾਬ ਮੁਹੰਮਦ ਤੇ ਗੁਰਮੀਤ ਸੰਧੂ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ। ਮਹਿਮਾਨ ਗੁਰਮੀਤ ਸੰਧੂ ਨੇ ਹਾਇਕੂ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ। ਸਭਾ ਵਲੋਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਅਖੀਰ ਵਿਚ ਤਤਿੰਦਰ ਕੌਰ ਨੇ ਆਪਣੀ ਕਹਾਣੀ 'ਪੰਖੜੀਆਂ' ਸੁਣਾਈ। ਮੰਚ ਸੰਚਾਲਨ ਕਹਾਣੀਕਾਰ ਤੇ ਕਵਿੱਤਰੀ ਮਨਜੀਤ ਕੌਰ ਸੇਖੋਂ ਨੇ ਕੀਤਾ।







## ਫਰਿਜ਼ਨੋ ਦੀ ਵਿਸ਼ਵ ਪੰਜਾਬੀ ਕਾਨਫਰੰਸ

# ਭਾਸ਼ਾ, ਸਾਹਿਤ ਤੇ ਸਭਿਆਚਾਰ ਨੂੰ ਦਰਪੇਸ਼ ਚਣੌਤੀਆਂ ਦੀ ਨਿਸ਼ਾਨਦੇਹੀ

**ਫਰਿਜ਼ਨੋ (ਬਿਊਰੋ):** ਕੈਲੀਫੋਰਨੀਆ ਯੂਨੀਵਰਸਿਟੀ ਫਰਿਜ਼ਨੋ ਦੇ ਸਟੂਡੈਂਟ ਯੂਨੀਅਨ ਹਾਲ ਵਿਚ ਹੋਈ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਤੋਂ ਆਏ ਵਿਦਵਾਨਾਂ ਨੇ ਭਾਸ਼ਾ, ਸਾਹਿਤ ਤੇ ਸਭਿਆਚਾਰ ਨੂੰ ਦਰਪੇਸ਼






ਚਣੌਤੀਆਂ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਕੀਤਾ। ਉਨ੍ਹਾਂ ਦਾ ਵਿਚਾਰ ਸੀ ਕਿ ਪੰਜਾਬੀ ਭਾਈਚਾਰੇ ਅੱਗੇ ਆਪਣੀ ਪਛਾਣ ਅਤੇ ਅਮਰੀਕੀ ਬਹੁ-ਕੌਮੀ ਢਾਂਚੇ ਨਾਲ ਇਸ ਦਾ ਸੰਤੁਲਨ ਬਣਾਈ ਰੱਖਣ ਦਾ ਅਹਿਮ ਕਾਰਜ ਪਿਆ ਹੈ। ਇਸ ਦੋ



ਰੋਜ਼ਾ ਕਾਨਫਰੰਸ ਦੇ ਵੱਖ ਵੱਖ ਸੈਸ਼ਨਾਂ ਵਿਚ ਪੰਜਾਬੀ ਭਾਈਚਾਰੇ ਦੇ ਮੁੱਖ ਸਰੋਕਾਰਾਂ ਉਪਰ ਵਿਚਾਰ ਹੋਈ।

ਕਾਨਫਰੰਸ ਦੇ ਮੁੱਖ ਮਹਿਮਾਨ ਕਾਂਗਰਸਮੈਨ ਜਿਮ ਕੋਸਟਾ ਨੇ ਕਿਹਾ ਕਿ ਅਮਰੀਕਾ ਪਰਵਾਸੀਆਂ ਦਾ ਮੁਲਕ ਹੈ ਅਤੇ ਇਸ ਲਈ ਵੱਖ ਵੱਖ ਭਾਈਚਾਰਿਆਂ ਦਾ ਆਪਸੀ ਤਾਲਮੇਲ ਹੀ ਇਸ ਦੀ ਤਾਕਤ ਹੈ। ਕੈਲੀਫੋਰਨੀਆ ਦੇ ਅਰਥਚਾਰੇ ਵਿਚ ਨਿਭਾਈ ਭੂਮਿਕਾ ਲਈ ਉਨ੍ਹਾਂ ਨੇ ਪੰਜਾਬੀ ਭਾਈਚਾਰੇ ਦੀ ਪ੍ਰਸ਼ੰਸਾ ਕੀਤੀ। ਸ੍ਰੀ ਕੋਸਟਾ ਨੇ ਬਾਅਦ ਵਿਚ ਗੁਰੂ ਨਾਨਕ ਦੇਵ ਨਾਲ ਸਬੰਧਿਤ ਕਵੀ ਅਤੇ ਚਿੱਤਰਕਾਰ ਸਵਰਨਜੀਤ ਸਵੀ ਵਲੋਂ ਬਣਾਈਆਂ ਗਈਆਂ ਤਸਵੀਰਾਂ ਦੀ ਪ੍ਰਦਰਸ਼ਨੀ ਦਾ ਉਦਘਾਟਨ ਵੀ ਕੀਤਾ।

ਇਸ ਕਾਨਫਰੰਸ ਦੇ ਸਪਾਂਸਰ 'ਸੌਗੀ ਦੇ ਬਾਦਸ਼ਾਹ' ਵਜੋਂ ਜਾਣੇ ਜਾਂਦੇ ਕਾਸ਼ਤਕਾਰ ਅਤੇ ਉਦਮੀ ਚਰਨਜੀਤ ਸਿੰਘ ਬਾਠ ਨੇ ਸ਼ੁਰੂ ਵਿਚ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ।

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ ਅਤੇ ਪੰਜਾਬੀ ਯੂਨੀਵਰਸਿਟੀ-ਪਟਿਆਲਾ ਦੇ ਸਾਂਝੇ ਉਦਮ ਨਾਲ ਹੋਈ ਇਸ ਕਾਨਫਰੰਸ ਵਿਚ ਕੈਨੇਡਾ, ਇੰਗਲੈਂਡ, ਭਾਰਤ, ਜਪਾਨ, ਸਵਿਟਜ਼ਰਲੈਂਡ, ਅਤੇ ਪਾਕਿਸਤਾਨ ਤੋਂ ਆਏ 50 ਵਿਦਵਾਨਾਂ ਅਤੇ ਸਾਹਿਤਕਾਰਾਂ ਨੇ ਹਿੱਸਾ ਲਿਆ। ਪ੍ਰਧਾਨਗੀ ਬਾਹਰਾ ਯੂਨੀਵਰਸਿਟੀ-ਸ਼ਿਮਲਾ ਦੇ ਵਾਈਸ ਚਾਂਸਲਰ ਡਾ. ਦਲਜੀਤ ਸਿੰਘ ਨੇ ਕੀਤੀ। ਮਿਲਵਾਕੀ ਦੇ ਨਾਮੀ ਬਿਜਨਸਮੈਨ ਦਰਸ਼ਨ ਸਿੰਘ ਧਾਲੀਵਾਲ ਵਿਸ਼ੇਸ਼ ਮਹਿਮਾਨ ਸਨ।

ਕਾਨਫਰੰਸ ਦੀ ਸਫਲਤਾ ਲਈ ਅਕਾਦਮੀ ਦੇ ਪ੍ਰਧਾਨ ਡਾ. ਗੁਰਮੇਲ ਸਿੱਧੂ, ਪੰਜਾਬੀ ਯੂਨੀਵਰਸਿਟੀ ਦੇ ਫੈਲੋ ਡਾ. ਦੀਪਕ ਮਨਮੋਹਨ ਸਿੰਘ, ਪਸ਼ੌਰਾ ਸਿੰਘ ਢਿੱਲੋਂ, ਡਾ. ਜਗਜੀਤ ਸਿੰਘ ਪੰਨੂੰ, ਹਰਜਿੰਦਰ ਕੰਗ ਅਤੇ ਨਿਰਮਲ ਗਿੱਲ ਮਲੇਰਕੋਟਲਾ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਡਾ. ਦੀਪਕ ਮਨਮੋਹਨ ਸਿੰਘ ਨੇ ਕਿਹਾ ਕਿ ਕਾਨਫਰੰਸ ਦਾ ਉਦੇਸ਼ ਵੱਖ ਵੱਖ ਮੁਲਕਾਂ ਵਿਚ ਵਸੇ ਪੰਜਾਬੀਆਂ ਦੇ ਸਭਿਆਚਾਰਕ ਸਰੋਕਾਰਾਂ ਅਤੇ ਦਰਪੇਸ਼ ਚੁਣੌਤੀਆਂ ਦੀ ਨਿਸ਼ਾਨਦੇਹੀ ਕਰਨਾ ਹੈ।

ਅਕਾਦਮੀ ਦੇ ਪ੍ਰਧਾਨ ਡਾ. ਗੁਰੂਮੇਲ ਸਿੱਧੂ ਨੇ ਚਾਰ ਸੈਸ਼ਨਾਂ ਵਿਚ ਪੜ੍ਹੇ ਜਾਣ ਵਾਲੇ ਖੋਜ-ਪੱਤਰਾਂ ਦੀ ਜਾਣਕਾਰੀ ਡੈਲੀਗੇਟਾਂ ਅਤੇ ਸਰੋਤਿਆਂ ਨਾਲ ਸਾਂਝੀ ਕਰਦਿਆਂ ਕਿਹਾ ਕਿ ਇਹ ਕਾਨਫਰੰਸ 'ਸਭਿਆਚਰ, ਭਾਸ਼ਾ ਤੇ ਸਾਹਿਤ' ਦੀ ਤ੍ਰਿਵੈਣੀ ਦੇ ਨਾਤੇ ਨੂੰ ਅਰਘ ਚੜ੍ਹਾਉਣ ਲਈ ਕੀਤੀ ਜਾ ਰਹੀ ਹੈ।

ਦਿੱਲੀ ਤੋਂ ਆਏ ਡਾ. ਰਵੀ ਰਵਿੰਦਰ ਨੇ ਆਪਣੇ ਕੁੰਜੀਵਤ ਭਾਸ਼ਨ ਵਿਚ ਪੰਜਾਬੀ ਭਾਈਚਾਰੇ ਵਿਚ ਆਈਆਂ ਨਿਖੱਟੂਪੁਣੇ ਅਤੇ ਦਿਖਾਵੇ ਆਦਿ ਦੀਆਂ ਕਰੁਚੀਆਂ ਦੇ ਹਵਾਲੇ ਨਾਲ ਸਮੱਸਿਆਵਾਂ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਕੀਤਾ। ਉਨ੍ਹਾਂ ਕਿਹਾ ਕਿ ਸਾਡਾ ਜੋਰ ਖੇਤੀਬਾੜੀ, ਫੌਜ ਵਿਚ ਕੁਰਬਾਨੀਆਂ ਦੇਣ ਅਤੇ ਮਾਣ ਕਰਨ ਤੱਕ ਸੀਮਤ ਹੈ, ਅਸੀਂ ਵਿਦਵਤਾ ਵਿਚ ਅਜੇ ਪੈਰ ਧਰਨਾ ਹੈ।

ਕਾਨਫਰੰਸ ਦਾ ਅਰੰਭ ਪੰਜਾਬੀ ਯੂਨੀਵਰਸਿਟੀ ਦੀ ਧੁਨ ਨਾਲ ਹੋਇਆ। ਇਸ ਤੋਂ ਬਾਅਦ ਕਲਾਸੀਕਲ ਗਾਇਕ ਸੁਖਦੇਵ ਸਾਹਿਲ ਨੇ ਭੈਰਵੀ ਰਾਗ ਵਿਚ ਗਾਈ 'ਹੀਰ' ਨਾਲ ਕਾਨਫਰੰਸ ਨੂੰ ਸੰਗੀਤਕ ਸੁਰ ਦਿੱਤੀ।

ਪਹਿਲੇ ਸੈਸ਼ਨ ਵਿਚ ਪ੍ਰਸਿਧ ਵਿਦਵਾਨ ਡਾ. ਸੁਰਿੰਦਰ ਸਿੰਘ ਸੰਘਾ ਨੇ 'ਪੰਜਾਬ ਅਤੇ ਪੰਜਾਬੀਅਤ', ਪੰਜਾਬੀ ਯੂਨੀਵਰਸਿਟੀ ਦੇ ਪ੍ਰੋ. ਮੁਹੰਮਦ ਇੰਦਰੀਸ ਨੇ 'ਬਟਵਾਰੇ ਦਾ ਪੰਜਾਬੀ ਸਮਾਜ, ਸਭਿਆਚਾਰ ਅਤੇ ਸਾਹਿਤ ਤੇ ਪ੍ਰਭਾਵ', ਸਿੱਖ ਕੌਂਸਲ ਦੇ ਸਕੱਤਰ ਪਸ਼ੌਰਾ ਸਿੰਘ ਢਿਲੋਂ ਨੇ 'ਪਰਵਾਸ ਵਿਚ ਪੰਜਾਬੀ ਸਭਿਆਚਾਰ ਅਤੇ ਬਦਲਦੇ ਪ੍ਰਸੰਗ' ਅਤੇ ਪਾਕਿਸਤਾਨ ਤੋਂ ਆਈ ਸ਼ਾਇਰਾ ਰਬੀਨਾ ਰਾਜਪੂਤ ਨੇ 'ਡਾਇਸਪੋਰਾ ਵਿਚ ਪੰਜਾਬੀ ਸਭਿਆਚਾਰ ਦੇ ਬਚਾਅ ਦਾ ਮਸਲਾ' ਵਿਸ਼ਿਆਂ 'ਤੇ ਪੇਪਰ ਪੜ੍ਹੇ ਜਿਨ੍ਹਾਂ 'ਤੇ ਭਰਪੂਰ ਚਰਚਾ ਵੀ ਹੋਈ। ਇਸ ਸੈਸ਼ਨ ਦੇ ਸੰਚਾਲਕ ਹਰਜਿੰਦਰ ਕੰਗ ਸਨ।



ਦੂਜੇ ਸ਼ੈਸ਼ਨ ਵਿਚ ਦਿੱਲੀ ਤੋਂ ਆਈ ਡਾ. ਵਿਨੀਤਾ ਨੇ 'ਔਰਤ ਦੀਆਂ ਡਾਇਸਪੋਰਕ ਸਥਿਤੀਆਂ ਦੇ ਸਾਹਿਤ ਦੀ ਪਰਖ-ਪੜਚੋਲ', ਮੁਕਤਸਰ ਤੋਂ ਡਾ. ਤਰਲੋਕ ਬੰਧੂ ਨੇ 'ਵਿਸ਼ਵ ਪੰਜਾਬੀ ਕਹਾਣੀ', ਵੈਨਕੂਵਰ ਤੋਂ ਜਸਕਰਨ ਸਹੋਤਾ ਨੇ 'ਨਾਟਕੀ ਪਾਠ ਦੇ ਮੰਚੀ ਪਾਠ ਵਿਚ ਰੁਪਾਂਤਰਣ ਦਾ ਅਧਿਐਨ' ਅਤੇ ਪਟਿਆਲਾ ਤੋਂ ਡਾ. ਕੰਵਰ ਜਸਮਿੰਦਰ ਪਾਲ ਸਿੰਘ ਨੇ 'ਵਿਸ਼ਵੀਕਰਨ ਅਤੇ ਸਭਿਆਚਾਰ' ਵਿਸ਼ੇ 'ਤੇ ਆਪਣੇ ਖੋਜ ਪੱਤਰ ਪੇਸ਼ ਕੀਤੇ। ਇਸ ਸੈਸ਼ਨ ਦਾ ਸੰਚਾਲਨ ਕਵੀ ਸੰਤੋਖ ਮਿਨਹਾਸ ਨੇ ਕੀਤਾ।

ਵਿਗਿਆਨ ਅਤੇ ਜਾਣਕਾਰੀ ਨਾਲ ਭਰਪੂਰ ਤੀਜਾ ਸੈਸ਼ਨ ਪੰਜਾਬੀ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਦਵਿੰਦਰ ਸਿੰਘ ਨੇ ਯੂਨੀਵਰਸਿਟੀ ਦੁਆਰਾ ਬਣਾਏ 'ਪੰਜਾਬੀਪੀਡੀਆ', ਡਾ. ਸੁਨੀਤਾ ਧੀਰ ਨੇ 'ਥਿਏਟਰ ਵਿਚ ਪੰਜਾਬੀ ਔਰਤਾਂ ਦਾ ਯੋਗਦਾਨ', ਡੈਨਮਾਰਕ ਤੋਂ ਡਾ. ਨਰਿੰਦਰ ਗੌਤਮ ਨੇ 'ਪੰਜਾਬ ਦੀ ਜਨਸਿਹਤ ਅਤੇ ਦਿਲ-ਮਨ ਦੀਆਂ ਬੀਮਾਰੀਆਂ ਵਿਚ ਅਣਜੋੜ ਸਬੰਧ', ਅਮਰੀਕੀ ਸਾਇੰਸਦਾਨ ਡਾ. ਲਖਵਿੰਦਰ ਸਿੰਘ ਰੰਧਾਵਾ ਨੇ 'ਪੰਜਾਬੀ ਕਿਸਾਨ ਤੇ ਪੰਜਾਬੀ ਸਾਇੰਸਦਾਨ', ਹਰਜਿੰਦਰ ਕੰਗ ਨੇ 'ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਕੈਲੀਫੋਰਨੀਆ ਦੀ ਪੰਜਾਬੀ ਸਾਹਿਤ ਨੂੰ ਦੇਣ' ਬਾਰੇ ਪਰਚੇ ਪੜ੍ਹੇ। ਇਸ ਸੈਸ਼ਨ ਦੇ ਸੰਚਾਲਕ ਡਾ. ਗੁਰੂਮੇਲ ਸਿੱਧੂ ਸਨ।

ਆਖਰੀ ਸੈਸ਼ਨ ਵਿਚ ਡਾ. ਜਤਿੰਦਰ ਕੌਰ ਨੇ 'ਪਰਵਾਸੀ ਪੱਤਰਕਾਰੀ ਤੇ ਮੁੱਖ ਧਾਰਾ ਪੰਜਾਬੀ ਜਰਨਲਿਜ਼ਮ' ਵਿਸ਼ੇ 'ਤੇ, ਅਖਬਾਰ ਅੰਮ੍ਰਿਤਸਰ ਟਾਈਮਜ਼ ਦੇ ਸੰਪਾਦਕ ਦਲਜੀਤ ਸਰਾਂ ਨੇ 'ਪੰਜਾਬੀ ਪੱਤਰਕਾਰੀ ਦੇ ਸਮਾਜਿਕ ਸਰੋਕਾਰ' ਵਿਸ਼ੇ 'ਤੇ ਅਤੇ ਹਮਦਰਦ ਵੀਕਲੀ ਦੇ ਸੰਪਾਦਕ ਅਮਰ ਸਿੰਘ ਭੁੱਲਰ ਨੇ 'ਪੰਜਾਬੀ ਪੱਤਰਕਾਰੀ ਦੀਆਂ ਸਮੱਸਿਆਂਵਾ' ਵਿਸ਼ੇ 'ਤੇ ਚਰਚਾ ਕੀਤੀ। ਮੀਡੀਆ ਸਖਸ਼ੀਅਤ ਸਿੱਧੂ ਦਮਦਮੀ ਦੁਆਰਾ ਸੰਚਾਲਿਤ ਇਸ ਸੈਸ਼ਨ ਵਿਚ ਖੁਲ੍ਹ ਕੇ ਸੁਆਲ ਜਵਾਬ ਹੋਏ।

ਸਰੋਤਿਆਂ ਨੇ ਅਖਬਾਰਾਂ ਵਿਚ ਅੰਧ ਵਿਸ਼ਵਾਸ ਫੈਲਾਉਣ ਵਾਲੇ ਇਸ਼ਤਿਹਾਰਾਂ ਬਾਰੇ ਸੁਆਲ ਕੀਤੇ। ਨਵੀਆਂ ਕਿਤਾਬਾਂ ਦੀ ਘੁੰਡ ਚੁਕਾਈ ਅਤੇ ਪੁਰਾਣੀਆਂ ਦੀ ਮੂੰਹ ਦਿਖਾਈ ਵੀ ਕੀਤੀ ਗਈ ਜਿਨ੍ਹਾਂ ਵਿਚ ਵਿਸ਼ੇਸ਼ ਤੌਰ 'ਤੇ ਯਾਦਵਿੰਦਰ ਸਿੰਘ ਵੜੈਚ ਅਤੇ ਹਰੀਸ਼ ਜੈਨ ਵਲੋਂ ਸੰਪਾਦਿਤ ਪੁਸਤਕ 'ਸ਼ਹੀਦ ਭਗਤ ਸਿੰਘ ਦੀ ਜੇਲ ਡਾਇਰੀ' ਅਤੇ ਡਾ. ਗੁਰੂਮੇਲ ਦੀ 'ਸਮ੍ਰਿਤੀਆਂ ਦੇ ਹਾਸ਼ੀਏ' ਵਰਣਨਯੋਗ ਹਨ।

ਕਾਨਫਰੰਸ ਦੇ ਅਖੀਰ 'ਚ ਹੋਏ ਮੁਸ਼ਾਇਰਾ ਦੀ ਪ੍ਰਧਾਨਗੀ ਕਵੀ ਸੁਖਵਿੰਦਰ ਕੰਬੋਜ, ਗੁਰਭਜਨ ਗਿੱਲ ਅਤੇ ਪਰਮਿੰਦਰ ਸੋਢੀ ਨੇ ਕੀਤੀ। ਜੁੜੇ ਵਿਦਵਾਨਾਂ ਅਤੇ ਲੇਖਕਾਂ ਨੇ ਹਰ ਸਾਲ ਕਿਸੇ ਨਾ ਕਿਸੇ ਮੁਲਕ ਵਿਚ ਅਜਿਹੀਆਂ ਕਾਨਫਰੰਸਾਂ ਦੀ ਲੜੀ ਜਾਰੀ ਰੱਖਣ ਦਾ ਅਹਿਦ ਲਿਆ।

ਇੱਥੇ ਇਹ ਗੱਲ ਵੀ ਵਰਣਨਯੋਗ ਹੈ ਕਿ ਇਸ ਸਮੇਂ ਬਹੁ ਗਿਣਤੀ ਹਾਜ਼ਰੀਨ ਵਿਦਵਾਨਾਂ ਦਾ ਜਿਆਦਾ ਸਮਾਂ ਇਕ-ਦੂਜੇ ਨਾਲ ਕਾਨਫਰੰਸ ਹਾਲ ਦੇ ਬਾਹਰ ਮਿਲਣ ਅਤੇ ਗੱਲਾਂ ਕਰਨ ਵਿਚ ਲੰਘਿਆ ਜਿਸ ਕਰਕੇ ਇਹ ਕਾਨਫਰੰਸ ਮੇਲਾ ਵੀ ਹੋ ਨਿਬੜੀ। ਦੂਰ-ਦੁਰਾਡਿਓਂ ਆਏ ਪਾਠਕ ਆਪਣੇ ਮਹਿਬੂਬ ਵਿਦਵਾਨਾਂ ਨੂੰ ਮਿਲੇ ਅਤੇ ਵਿਚਾਰਾਂ ਸਾਂਝੀਆਂ ਕੀਤੀਆਂ।

ਕਾਨਫਰੰਸ ਦੌਰਾਨ ਚਰਨਜੀਤ ਬਾਠ ਦੇ ਘਰ ਪਰਿਵਾਰ ਵਲੋਂ ਆਏ ਡੈਲੀਗੇਟਾਂ ਲਈ ਪ੍ਰੀਤੀ ਭੋਜ ਦਾ ਪ੍ਰਬੰਧ ਕੀਤਾ ਗਿਆ ਜਿਸ ਵਿਚ ਉਨ੍ਹਾਂ ਦੇ ਲੜਕੇ ਕੰਵਰ ਬਾਠ ਅਤੇ ਨੂੰਹ ਰਾਣੀ ਬਾਠ ਦਾ ਵਿਸ਼ੇਸ਼ ਯੋਗਦਾਨ ਰਿਹਾ।

# ਵਰਲਡ ਸਿੱਖ ਫੈਡਰੇਸ਼ਨ ਦੇ 'ਚਿੰਤਨ ਕੈਂਪ' ਵਿਚ ਚਲੰਤ ਪੰਥਕ ਮਸਲਿਆਂ ਬਾਰੇ ਫੈਸਲੇ

**ਫਰਿਜ਼ਨੋ (ਬਿਊਰੋ):** ਪਿਛਲੇ ਕੁਝ ਵਰ੍ਹਿਆਂ ਤੋਂ ਤਤਿ ਗੁਰਮਤਿ ਦੇ ਪ੍ਰਚਾਰ ਲਈ ਸਰਗਰਮ ਰੋਲ ਨਿਭਾ ਰਹੀ ਸਿੱਖ ਜਥੇਬੰਦੀ ਵਰਲਡ ਸਿੰਘ ਫੈਡਰੇਸ਼ਨ ਵਲੋਂ 'ਚਿੰਤਨ ਕੈਂਪ' ਲਾਇਆ ਗਿਆ ਜਿਸ ਵਿਚ ਚੋਣਵੇਂ ਡੈਲੀਗੇਟਾਂ ਨੇ ਹਿੱਸਾ ਲਿਆ। 5 ਜੂਨ ਨੂੰ ਨਜ਼ਦੀਕੀ ਯੌਸਮਿਟੀ ਦੇ ਪਹਾੜੀ ਖੇਤਰ ਵਿਚ ਬਣੀ ਇਕ ਮਹਿਲ ਨੁਮਾ ਇਮਾਰਤ ਵਿਚ ਸ਼ਾਮ ਛੇ ਵਜੇ ਤੋਂ ਤੜਕੇ 4 ਵਜੇ ਤੱਕ ਬੜੇ ਗਹਿਰ ਗੰਭੀਰ ਮਾਹੌਲ ਵਿਚ ਭਖਦੇ ਪੰਥਕ ਮਸਲਿਆਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ।

ਕੈਂਪ ਦਾ ਅਰੰਭ ਭਾਈ ਕੰਵਲਜੀਤ ਸਿੰਘ ਵਲੋਂ ਅਰਦਾਸ ਨਾਲ ਹੋਇਆ। ਢਾਈ ਢਾਈ ਘੰਟਿਆਂ ਦੇ ਤਿੰਨ ਸੈਸ਼ਨਾਂ ਦੌਰਾਨ ਪੰਜਾਬ ਵਿਚ ਉਪਰੋਥਲੀ ਵਾਪਰੀਆਂ ਘਟਨਾਵਾਂ ਜਿਵੇਂ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ 'ਤੇ ਹੋਏ ਕਾਤਲਾਨਾ ਹਮਲੇ ਉਪਰੰਤ ਹਰਨਾਮ ਸਿੰਘ ਧੁੰਮਾ ਵਲੋਂ ਕੀਤੀ ਧਮਕੀਨੁਮਾ ਬਿਆਨਬਾਜ਼ੀ, ਪੰਜਾਬ ਪ੍ਰਸਾਸ਼ਨ ਦੀ ਡੰਗ ਟਪਾਊ ਨੀਤੀ ਅਤੇ ਪ੍ਰਚਾਰਕ ਜਥੇ ਵਲੋਂ ਕਾਤਲਾਨਾ ਹਮਲੇ ਦੀ ਸੀ.ਬੀ.ਆਈ. ਜਾਂਚ ਕਰਵਾਉਣ ਦੀ ਮੰਗ ਜਿਹੇ ਸਾਰੇ ਪੱਖਾਂ ਨੂੰ ਘੋਖਿਆ-ਵਿਚਾਰਿਆ ਗਿਆ।

ਜਥੇਬੰਦੀ ਦੇ ਕਨਵੀਨਰ ਭਾਈ ਵਰਿੰਦਰ ਸਿੰਘ ਗੋਲਡੀ ਨੇ ਸਪਸ਼ਟ ਸ਼ਬਦਾਂ ਵਿਚ ਆਖਿਆ ਕਿ ਸੰਤ ਢੱਡਰੀਆਂ ਵਾਲੇ 'ਤੇ ਹਮਲਾ ਅਸਲ ਵਿਚ ਡੇਰਾਵਾਦ ਵਲੋਂ ਪੰਥ ਪ੍ਰਵਾਣਿਤ ਰਹਿਤ ਮਰਿਆਦਾ ਉਤੇ ਮਾਰੂ ਵਾਰ ਸੀ। ਉਨ੍ਹਾਂ ਵੇਰਵੇ ਦਿੰਦਿਆਂ ਦੱਸਿਆ ਕਿ ਸ੍ਰੀ ਅਕਾਲ ਤਖਤ ਤੋਂ ਪ੍ਰਵਾਨੀ ਗਈ ਮਰਿਆਦਾ ਦੇ ਪ੍ਰਚਾਰਕ ਮੁੱਢੋਂ ਹੀ ਡੇਰੇਦਾਰਾਂ ਦੀਆਂ ਅੱਖਾਂ ਵਿਚ ਰੜਕਦੇ ਆਏ ਹਨ ਅਤੇ ਮੌਜੂਦਾ ਪ੍ਰਸਾਸ਼ਨ ਡੇਰੇਦਾਰਾਂ ਦੀ ਸਿੱਧੇ-ਅਸਿੱਧੇ ਢੰਗ ਨਾਲ ਪੁਸ਼ਤਪਨਾਹੀ ਕਰ ਰਿਹਾ ਹੈ ਤਾਂ ਕਿ ਸਿੱਖ ਪੰਥ ਦੀਆਂ ਕੇਂਦਰੀ ਸੰਸਥਾਵਾਂ ਸ੍ਰੀ ਅਕਾਲ ਤਖਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿਆਸੀ ਕੁੰਡੇ ਅਧੀਨ ਰੱਖਣ ਲਈ ਵੋਟ-ਭੁੱਖ ਦੀ ਪੂਰਤੀ ਹੋ ਸਕੇ।

ਬੀਤੇ ਦਿਨੀਂ ਯੂਰਪ 'ਚ ਵੱਸਦੇ ਕੁਝ ਧੁੰਮਾ-ਪੰਥੀਆਂ ਵਲੋਂ 'ਛਬੀਲ' ਸ਼ਬਦ ਨੂੰ ਕਲੰਕਤ ਕਰਦਿਆਂ, ਇਸ ਨੂੰ ਧਮਕੀ ਵਜੋਂ ਵਰਤ ਕੇ ਤਤਿ ਗੁਰਮਤਿ ਪ੍ਰਚਾਰਕਾਂ ਨੂੰ ਡਰਾਵੇ ਦੇਣ ਦੀ ਪੁਰਜ਼ੋਰ ਨਿਖੇਧੀ ਕਰਦਿਆਂ ਤਾੜਨਾ ਕੀਤੀ ਗਈ ਕਿ ਹੁਣ ਸਿੱਖ ਪੰਥ ਦਾ ਵੱਡਾ ਹਿੱਸਾ ਜਾਗ ਚੁਕਾ ਹੈ। ਸੰਸਾਰ ਭਰ ਦੇ ਸਿੱਖਾਂ ਨੂੰ ਗਿਆਤ ਹੋ ਚੁਕਾ ਹੈ ਕਿ ਸਰਕਾਰੀ ਕੌਣ ਹੈ ਤੇ ਪੰਥ ਹਿਤੈਸ਼ੀ ਕੌਣ। ਇਕੱਠ ਵਿਚ ਪਾਸ ਕੀਤੇ ਗਏ ਮਤਿਆਂ ਵਿਚ ਜਿੱਥੇ ਕੌਮੀ ਵਿਹੜੇ ਵਿਚ ਪੈ ਰਹੀਆਂ ਵੰਡੀਆਂ ਨੂੰ ਮਿਟਾਉਣ ਲਈ ਪੰਥ ਪ੍ਰਵਾਣਿਤ ਰਹਿਤ ਮਰਿਆਦਾ ਨੂੰ ਅਪਨਾਉਣਾ ਇਕੋ ਇਕ ਹੱਲ ਦੱਸਿਆ ਗਿਆ, ਉਥੇ ਕਰੜੇ ਸ਼ਬਦਾਂ ਵਿਚ ਕੌਮ ਦੇ ਨਕਾਰੇ ਹੋਏ ਜਥੇਦਾਰਾਂ ਵਲੋਂ 'ਸਿੱਖ ਛੇਕੂ' ਫਤਵਿਆਂ ਨੂੰ ਰੱਦ ਕਰਨ ਦਾ ਐਲਾਨ ਵੀ ਕੀਤਾ ਗਿਆ। ਮਤੇ ਵਿਚ ਕਿਹਾ ਗਿਆ ਕਿ 'ਗੁਨਾਹਗਾਰ ਜਥੇਦਾਰਾਂ' ਨੂੰ ਕੋਈ ਹੱਕ ਨਹੀਂ ਕਿ ਉਹ ਧਾਰਮਿਕ ਉਲੰਘਣਾਵਾਂ ਦੇ ਦੋਸ਼ੀਆਂ ਨੂੰ ਸਜ਼ਾ ਸੁਣਾਉਣ। ਇਸੇ ਤਰ੍ਹਾਂ ਸ੍ਰੀ ਮੱਕੜ ਨੂੰ ਵੀ ਸਲਾਹ ਦਿੱਤੀ ਗਈ ਕਿ ਉਹ ਜ਼ਮੀਰ ਦੀ ਆਵਾਜ਼ ਸੁਣ ਕੇ ਸਿਆਸੀ ਗੁਲਾਮੀ ਵਿਰੁਧ ਬੋਲਣ ਵਾਲੇ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਨੂੰ ਪ੍ਰਧਾਨਗੀ ਦੀ ਹੈਂਕੜ ਨਾ ਦਿਖਾਲਣ।



ਇਸ ਮੌਕੇ ਵਰਡਲ ਸਿੱਖ ਫੈਡਰੇਸ਼ਨ ਦਾ ਪਸਾਰ ਦਾਇਰਾ ਹੋਰ ਵਧਾਉਣ ਅਤੇ ਪ੍ਰਚਾਰ ਸਰਗਰਮੀਆਂ ਨੂੰ ਹੋਰ ਸੁਚਾਰੂ ਰੂਪ ਦੇਣ ਲਈ ਇਕ ਵਿਸ਼ੇਸ਼ ਕਮੇਟੀ ਗਠਿਤ ਕੀਤੀ ਗਈ ਜਿਸ ਵਿਚ ਹਰਬਖਸ਼ ਸਿੰਘ ਰਾਊਕੇ, ਜੱਗੀ ਟੁੱਟ, ਜਸਕਰਨ ਸਿੰਘ, ਗੁਰਦਿਆਲ ਸਿੰਘ, ਡਾ. ਲਵਨੀਤ ਸਿੰਘ ਅਤੇ ਕੁਲਜੀਤ ਸਿੰਘ ਨੂੰ ਸ਼ਾਮਲ ਕੀਤਾ ਗਿਆ। ਬੇਕਰਜ਼ਫੀਲਡ, ਫਰਿਜ਼ਨੋ, ਸਟਾਕਟਨ, ਟਰਲਕ, ਮਨਟੀਕਾ, ਸੈਕਰਾਮੈਂਟੋ ਅਤੇ ਸੈਨ ਹੋਜ਼ੇ ਤੋਂ ਆਏ ਡੈਲੀਗੇਟਾਂ ਤੋਂ ਇਲਾਵਾ ਇਸ ਕੈਂਪ ਵਿਚ ਡਾ. ਗੁਰਮੀਤ ਸਿੰਘ ਬਰਸਾਲ ਤੇ ਸਰਵਜੀਤ ਸਿੰਘ ਵੀ ਸ਼ਾਮਲ ਹੋਏ।

# We Express Our Sincere Gratitude to Hon'ble Prime Minister Sh. Narendra Modi



# ₹ 35263 CRORE FOR PUNJAB

## BY NDA GOVERNMENT IN 2 YEARS

### OTHER MAJOR PROJECTS

- ✓ IIM AT AMRITSAR
- ✓ AIIMS AT BATHINDA
- ✓ HORTICULTURE INSTITUTE AT AMRITSAR
- ✓ ENVIRONMENTAL CLEARANCE OF ALL MINES
- ✓ 2 MEGA FOOD PARKS
- ✓ PGI SATELLITE CENTRE

| INFRASTRUCTURAL PROJECTS | Rs. in Crore |
|---|---|
| ✓ ROAD PROJECTS | ₹ 19891.94 |
| ✓ AMRUT SCHEME FOR 16 TOWNS | ₹ 3915.00 |
| ✓ WATER SUPPLY & SANITATION | ₹ 2447.78 |
| ✓ HEALTH CARE PROJECTS | ₹ 2195.00 |
| ✓ SCHOOL AND HIGHER EDUCATION | ₹ 2090.59 |
| ✓ IRRIGATION PROJECTS | ₹ 1886.89 |
| ✓ RAILWAY PROJECTS | ₹ 1320.00 |
| ✓ SMART CITY PROJECT | ₹ 500.00 |
| ✓ RURAL DEVELOPMENT PROJECTS | ₹ 496.90 |
| ✓ TWO MEGA FOOD PARKS | ₹ 263.00 |
| ✓ ANIMAL HUSBANDRY, FISHERIES, DAIRY DEVELOPMENT | ₹ 135.50 |
| ✓ CULTURAL PROJECTS | ₹ 58.76 |
| ✓ TOURISM PROJECTS | ₹ 22.52 |
| ✓ TECHNICAL EDUCATION & INDUSTRIAL TRAINING | ₹ 21.30 |
| ✓ GOVERNANCE REFORMS | ₹ 11.43 |
| ✓ SPORTS | ₹ 5.98 |







**PUNJAB HAS ALWAYS PROGRESSED UNDER THE COMBINED IMPETUS OF NDA GOVERNMENT IN CENTRE AND SAD - BJP IN STATE**

# ਗੁਰੂ ਕੀ ਨਗਰੀ ਸੰਭਾਲੇਗੀ ਸੰਤਾਲੀ ਵਾਲਾ ਦਰਦ



## ਟਾਊਨ ਹਾਲ ਵਿਚ ਬਣੇਗਾ ਅਜਾਇਬ ਘਰ

### ਕਲਾ ਪਰਿਕਰਮਾ



1947 ਦੀ ਵੰਡ ਬਾਰੇ ਅਜਾਇਬ ਘਰ ਗੁਰੂ ਕੀ ਨਗਰੀ ਅੰਮ੍ਰਿਤਸਰ ਵਿਚ ਸਥਿਤ 19ਵੀਂ ਸਦੀ ਦੀ ਇਮਾਰਤ ਟਾਊਨ ਹਾਲ ਵਿਚ ਬਣਾਇਆ ਜਾਵੇਗਾ। ਆਰਟਸ ਐਂਡ ਕਲਚਰਲ ਹੈਰੀਟੇਜ ਟਰਸਟ ਦੀ ਮੁਖੀ ਲਿਖਾਰੀ-

**ਜਗਜੀਤ ਸਿੰਘ ਸੇਖੋਂ**

ਪੱਤਰਕਾਰ ਕਿਸ਼ਵਰ ਦੇਸਾਈ ਨੇ ਇਹ ਐਲਾਨ ਲੰਡਨ ਵਿਚ ਕੀਤਾ ਹੈ। ਯਾਦ ਰਹੇ, ਵੰਡ ਦੌਰਾਨ ਤਕਰੀਬਨ 1.50 ਕਰੋੜ ਲੋਕ ਉਜੜ ਗਏ ਸਨ ਅਤੇ ਲੱਖਾਂ ਲੋਕ ਫਿਰਕੂ ਹਨੇਰੀ ਦੀ ਭੇਟ ਚੜ੍ਹ ਗਏ ਸਨ। ਇਤਿਹਾਸ ਵਿਚ ਇਸ ਤਰ੍ਹਾਂ ਦਾ ਉਜਾੜਾ ਪਹਿਲਾਂ ਕਦੇ ਨਹੀਂ ਸੀ ਵੇਖਿਆ-ਸੁਣਿਆ। ਇਸ ਉਜਾੜੇ ਨੇ ਸੰਸਾਰ ਭਰ ਦੇ ਲੋਕਾਂ ਨੂੰ ਝੰਜੋੜ ਕੇ ਰੱਖ ਦਿੱਤਾ ਸੀ।

ਬੀਬੀ ਕਿਸ਼ਵਰ ਦੇਸਾਈ ਮੁਤਾਬਕ, ਉਸ ਵੇਲੇ ਦੇ ਦਰਦ ਨੂੰ ਸਾਂਭਣ ਲਈ ਇਹ ਅਜਾਇਬ ਘਰ ਬਣਾਇਆ ਜਾ ਰਿਹਾ ਹੈ ਤਾਂ ਕਿ ਅਗਲੀਆਂ ਪੀੜ੍ਹੀਆਂ ਨੂੰ ਇਸ ਬਾਰੇ ਪੂਰੀ ਜਾਣਕਾਰੀ ਹਾਸਲ ਹੋ ਸਕੇ ਅਤੇ ਉਹ ਇਸ ਤੋਂ ਸਬਕ ਸਿੱਖ ਸਕਣ। ਇਸ ਪ੍ਰਾਜੈਕਟ ਲਈ ਪਿਛਲੇ ਕੁਝ ਸਮੇਂ ਤੋਂ ਪੈਰਵੀ ਕੀਤੀ ਜਾ ਰਹੀ ਸੀ ਅਤੇ ਹੁਣ ਪੰਜਾਬ ਸਰਕਾਰ ਨੇ ਇਸ ਪ੍ਰਾਜੈਕਟ ਲਈ ਟਾਊਨ ਹਾਲ ਦਾ ਇਕ ਹਿੱਸਾ ਦੇ ਦਿੱਤਾ ਹੈ। ਟਾਊਨ ਹਾਲ ਦੇ ਨਾਲ-ਨਾਲ ਚਾਰ ਹੋਰ ਥਾਂਵਾਂ ਵੀ ਇਸ ਪ੍ਰਾਜੈਕਟ ਲਈ ਵਿਚਾਰੀਆਂ ਗਈਆਂ ਸਨ। ਇਨ੍ਹਾਂ ਵਿਚ ਰਾਮ ਬਾਗ ਗਰਡਨਜ਼ (ਕੰਪਨੀ ਬਾਗ ਵਜੋਂ ਮਸ਼ਹੂਰ), ਮਹਾਰਾਜਾ ਰਣਜੀਤ ਸਿੰਘ ਦਾ ਸਮਰ ਪੈਲੇਸ, ਗੋਬਿੰਦਗੜ੍ਹ ਕਿਲ੍ਹਾ ਅਤੇ ਚਾਲੀ ਖੂਹ ਸ਼ਾਮਲ ਹਨ। ਪ੍ਰਾਜੈਕਟ ਨਾਲ ਸਬੰਧਤ ਸੰਸਾਰ ਬੈਂਕ ਦੀ ਟੀਮ ਨੇ ਇਨ੍ਹਾਂ ਪੰਜਾਂ ਥਾਂਵਾਂ ਦਾ ਵਿਸਥਾਰ ਸਹਿਤ ਜਾਇਜ਼ਾ ਲਿਆ ਅਤੇ ਬਾਅਦ ਵਿਚ ਮੁੱਖ ਮੰਤਰੀ ਪ੍ਰਕਾਸ਼



ਸਿੰਘ ਬਾਦਲ ਨਾਲ ਮੀਟਿੰਗ ਕੀਤੀ। ਫਿਰ ਵਿਚਾਰ-ਵਟਾਂਦਰੇ ਤੋਂ ਬਾਅਦ ਇਸ ਅਜਾਇਬ ਘਰ ਲਈ ਟਾਊਨ ਹਾਲ ਵਾਲੀ ਇਮਾਰਤ ਦੀ ਚੋਣ ਕਰ ਲਈ ਗਈ। ਕਿਸ਼ਵਰ ਦੇਸਾਈ ਨੇ ਇਸ ਪ੍ਰਾਜੈਕਟ ਵਿਚ ਸਹਿਯੋਗ ਲਈ ਪੰਜਾਬ ਸਰਕਾਰ ਦਾ ਉਚੇਚਾ ਧੰਨਵਾਦ ਕੀਤਾ ਹੈ।

ਵੰਡ ਨਾਲ ਸਬੰਧਤ ਇਸ ਅਜਾਇਬ ਘਰ ਵਿਚ ਵੰਡ ਨਾਲ ਵਾਬਸਤਾ ਹਰ ਕਿਸਮ ਦੇ



ਦਸਤਾਵੇਜ਼ ਮੁਹੱਈਆ ਕਰਵਾਏ ਜਾਣਗੇ। ਇਸ ਪ੍ਰਾਜੈਕਟ ਨਾਲ ਕਈ ਹੋਰ ਉਘੇ ਅਦਾਰਿਆਂ ਨੂੰ ਵੀ ਨਾਲ ਜੋੜਿਆ ਜਾ ਰਿਹਾ ਹੈ ਜਿਨ੍ਹਾਂ ਤੋਂ ਵੰਡ ਨਾਲ ਸਬੰਧਤ ਸਮੱਗਰੀ ਹਾਸਲ ਕਰਨ ਦੇ ਯਤਨ ਕੀਤੇ ਜਾਣਗੇ। ਇਨ੍ਹਾਂ ਅਦਾਰਿਆਂ ਅਤੇ ਸੰਸਥਾਵਾਂ ਵਿਚ ਬ੍ਰਿਟਿਸ਼ ਲਾਇਬਰੇਰੀ, ਯੂ.ਕੇ. ਪਾਰਲੀਮੈਂਟ ਲਾਇਬਰੇਰੀ, ਨੈਸ਼ਨਲ ਆਰਕਾਈਵਜ਼, ਪੰਜਾਬ ਆਰਕਾਈਵਜ਼, ਪੰਜਾਬ ਡਿਜੀਟਲ ਲਾਇਬਰੇਰੀ, ਕੈਂਬਰਿਜ ਯੂਨੀਵਰਸਿਟੀ, ਲੰਡਨ ਸਕੂਲ ਆਫ ਇਕਨਾਮਿਕਸ, ਸਾਊਥੈਂਪਟਨ ਯੂਨੀਵਰਸਿਟੀ ਅਤੇ ਐਮਿਟੀ ਯੂਨੀਵਰਸਿਟੀ ਸ਼ਾਮਲ ਹਨ।

ਆਰਟਸ ਐਂਡ ਕਲਚਰਲ ਹੈਰੀਟੇਜ ਟਰੱਸਟ ਦੇ ਮੈਂਬਰਾਂ ਵਿਚ ਰਿਤੂ ਕੁਮਾਰ, ਅੰਜਲੀ ਈਲਾ ਮੈਨਨ, ਵਰਖਾ ਦੱਤ, ਕਿਸ਼ਵਰ ਦੇਸਾਈ, ਬਿੰਦੂ ਮਨਚੰਦਾ, ਵਿਕਰਮਜੀਤ ਸਾਹਨੀ, ਦਿਪਾਲੀ ਖੰਨਾ, ਬੇਲਾ ਸੇਠੀ, ਮਲਿਕਾ ਅਹੂਲਵਾਲੀਆ, ਸੁਨਯਨਾ ਆਨੰਦ ਸ਼ਾਮਲ ਹਨ। ਪੱਤਰਕਾਰ ਕੁਲਦੀਪ ਨੱਈਅਰ ਦੀ ਅਗਵਾਈ ਵਿਚ ਸਲਾਹਕਾਰ ਤੇ ਸਰਪ੍ਰਸਤ ਬੋਰਡ ਵੀ ਬਣਾਇਆ ਗਿਆ ਹੈ। ਇਸ ਬੋਰਡ ਵਿਚ ਹੋਰਨਾਂ ਤੋਂ ਇਲਾਵਾ ਫਿਲਮਸਾਜ਼ ਸ਼ਿਆਮ ਬੈਨੇਗਲ, ਲਾਰਡ ਮੇਘਨਾਥ ਦੇਸਾਈ, ਆਭਾ ਬੰਟੀ ਸਾਹਨੀ ਨੂੰ ਸ਼ਾਮਲ ਕੀਤਾ ਗਿਆ ਹੈ। ਕੁਝ ਹੋਰ ਨਾਮੀ ਸ਼ਖਸੀਅਤਾਂ ਨੂੰ ਵੀ ਇਸ ਪ੍ਰਾਜੈਕਟ ਨਾਲ ਜੋੜਿਆ ਜਾ ਰਿਹਾ ਹੈ। ਅਜਾਇਬ ਘਰ ਬਾਰੇ ਇਸ ਪ੍ਰਾਜੈਕਟ ਨਾਲ ਸਬੰਧਤ ਕਿਸੇ ਵੀ ਕਿਸਮ ਦੀ ਜਾਣਕਾਰੀ ਲਈ ਬੀਬੀ ਕਿਸ਼ਵਰ ਦੇਸਾਈ ਨਾਲ ਫੋਨ ਨੰਬਰ +91-98104-06230 ਉਤੇ ਸੰਪਰਕ ਕੀਤਾ ਜਾ ਸਕਦਾ ਹੈ।



*ਕਿਸ਼ਵਰ ਦੇਸਾਈ (ਐਨ ਸੱਜੇ) ਅਤੇ ਹੋਰ ਹਸਤੀਆਂ ਅੰਮ੍ਰਿਤਸਰ ਵਿਚ ਬਣਾਏ ਜਾਣ ਵਾਲੇ ਅਜਾਇਬ ਘਰ ਦੀ ਥਾਂ ਦਾ ਮੁਆਇਨਾ ਕਰਦੇ ਹੋਏ।*

### ਕਿਸ਼ਵਰ ਦਾ ਕਿੱਸਾ

*ਕਿਸ਼ਵਰ ਦੇਸਾਈ ਨੇ ਆਪਣਾ ਕਰੀਅਰ ਪੱਤਰਕਾਰ ਵਜੋਂ ਅਰੰਭ ਕੀਤਾ ਸੀ। ਉਹ ਇੰਡੀਅਨ ਐਕਸਪ੍ਰੈਸ ਲਈ ਰਿਪੋਰਟਰ ਬਣੀ। ਫਿਰ ਜ਼ੀ ਟੈਲੀਫਿਲਮਜ਼, ਤਾਰਾ ਪੰਜਾਬੀ, ਐਨ.ਡੀ.ਟੀ.ਵੀ. ਲਈ ਕੰਮ ਕੀਤਾ। ਅੱਜ ਕੱਲ੍ਹ ਉਹ 'ਦਿ ਵੀਕ', 'ਏਸ਼ੀਅਨ ਏਜ' ਅਤੇ 'ਦਿ ਟ੍ਰਿਬਿਊਨ' ਲਈ ਕਾਲਮ ਲਿਖਦੀ ਹੈ। ਉਹਦੀਆਂ ਚਾਰ ਪੁਸਤਕਾਂ ਛਪੀਆਂ ਹਨ- ਦਿ ਸੀ ਆਫ਼ ਇਨੋਸੈਂਸ, ਓਰਿਜ਼ਨ ਆਫ਼ ਲਵ, ਵਿਟਨੈੱਸ ਦਿ ਨਾਈਟ ਤੇ ਡਾਰਲਿੰਗਜੀ: ਦਿ ਲਵ ਸਟੋਰੀ ਆਫ਼ ਨਰਗਸ ਐਂਡ ਸੁਨੀਲ ਦੱਤ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 18 ਜੂਨ 2016 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-225



*ਆਹ ਬੈਠੇ ਨੇ ਸ਼ੀਰੀ, ਪਾਲਾ, ਇੱਧਰ ਨੰਜੋ ਤੇ ਚਰਨੀ।*
*ਵਾਰੀ ਤੇਰੀ ਹਲੇ ਨੀ ਆਈ, ਕਹਿੰਦੀ ਚਾਚੀ ਕਰਮੀ।*

## ਕੈਪਸ਼ਨ ਮੁਕਾਬਲਾ-223



ਕਲਾ ਕਲਪਨਾ ਕੀ ਕੀ ਕਰਦੀ
ਬੱਸ ਸਿਰਜਣਹਾਰ ਹੀ ਜਾਣੇ।
ਗੰਵਾਰਾਂ ਹੋਲੀ ਖੇਡ ਗਵਾਏ
ਕਲਾਕਾਰਾਂ ਜੌਹਰ ਦਿਖਾਏ।
ਨਾ ਕੋਈ ਪੈਨਸਲ ਨਾ ਕੋਈ ਕੈਨਵਸ
ਇਨ੍ਹਾਂ ਮੋਰ ਬਣਾਇਆ ਭੁੰਜੇ।
ਭਲਕੇ ਦੇ ਨੇ ਚਿੱਤਰਕਾਰ ਇਹ
ਫਰੋਲਣਗੇ ਕੁਦਰਤ ਦੇ ਖੂੰਜੇ।
ਮਾਲੀ ਬਣ ਪਨੀਰੀ ਸਾਂਭੋ
ਤੇ ਵਾੜਾਂ ਲਾਉ ਬਾਗਾਂ ਬੰਨੇ।
ਰੰਗ-ਬਰੰਗੇ ਫੁੱਲ ਖਿੜ੍ਹਨਗੇ
ਹੋਵਣ ਫਲ ਭੀ ਵੰਨ-ਸੁਵੰਨੇ।

*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*

---

ਬਾਲ ਮਨਾਂ ਵਿਚ ਕਲਾ ਦਾ ਵਾਸਾ
ਰੰਗਾਂ ਦੇ ਵਿਚ ਘੁਲ ਘੁਲ ਆਵੇ।
ਕੋਮਲ ਪੋਟੇ ਛੁਹ ਲੈਂਦੇ ਜਦ,
ਮੋਰ ਕਲਹਿਰੀ ਪੈਲਾਂ ਪਾਵੇ।

*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਕਹਿੰਦੇ ਮੋਰ ਹੈ ਰਾਸ਼ਟਰੀ ਪੰਛੀ
ਕੂਕ ਨਾ ਪੈਂਦੀ ਕਦੀ ਵੀ ਕੰਨੀ।
ਹੁਣ ਨਾ ਬਾਗੀਂ ਬੋਲਣ ਮੋਰ
ਪਤਾ ਨਹੀਂ ਦਿੱਤਾ ਕਿਧਰ ਨੂੰ ਤੋਰ।
ਬੱਦਲ ਗਰਜਣ ਕਾਲੀ ਘਟਾ ਚੜ੍ਹ ਆਵੇ
ਪੈਲਾਂ ਪਾਉਂਦਾ ਮੋਰ ਨਜ਼ਰ ਨਾ ਆਵੇ।
ਨਾ ਬਨੇਰੇ, ਨਾ ਜੰਗਲ ਬੇਲੇ
ਨਾ ਖੇਤੀਂ ਇਹ ਭਰੇ ਉਡਾਰੀ।
ਹੁਣ ਤਾਂ ਇਹ ਜੂ ਵਿਚ ਰਹਿੰਦਾ
ਜਾਂ ਫਿਰ ਅਸੀਂ ਤਸਵੀਰ ਬਣਾ'ਲੀ।

*-ਕੁਲਦੀਪ ਕੌਰ ਪਨੂੰ*
*ਇੰਡੀਅਨਐਪੋਲਿਸ, ਇੰਡੀਆਨਾ।*

---

ਲੈ ਕੁਝ ਰੰਗ ਰਲਵੇਂ ਮਿਲਵੇਂ
ਦੋ ਦੋਸਤਾਂ ਰਲ ਕਮਾਲ ਵਿਖਾਈ।
ਪੈਲਾਂ ਪਾਉਂਦੇ ਮੋਰ ਦੀ
ਫਰਸ਼ ਉਤੇ ਸ਼ਕਲ ਬਣਾਈ।
ਇਸੇ ਉਕਰੀ ਕਲਾ ਨੂੰ
ਵੇਖਣ ਆਇਆ ਹਰ ਹਮਸਾਇਆ।
ਖਿੜ੍ਹ ਖਿੜ੍ਹ ਰਲ ਖਿੱਲੀ ਪਾਈ
ਚੱਕ ਸਾਨੂੰ ਅਸਮਾਨ ਚੜ੍ਹਾਇਆ।
ਦੇ ਦੇ ਸਾਨੂੰ ਹੱਲਾਸ਼ੇਰੀ
ਸਭ ਨੇ ਸਾਡਾ ਕੰਮ ਸਲਾਹਿਆ।
ਨਹੀਂ ਪਿਕਾਸੋ ਤੋਂ ਘੱਟ ਅਸੀਂ
ਸਭ ਨੂੰ ਕਰ ਸਾਬਤ ਵਿਖਾਇਆ।
ਕਲਾ ਹਮੇਸ਼ਾ ਜ਼ਿੰਦਾ ਫੱਬਦੀ ਰਹੇਗੀ,
ਨਾਂ ਆਪਣਾ ਅਸੀਂ ਚਮਕਾਇਆ।

*-ਦਰਸ਼ਨਪਾਲ ਦੋਸਾਂਝ*

---

ਕਲਾ ਕੋਈ ਵੀ, ਚਾਹੇ ਰੰਗਾਂ ਦੀ
ਜਾਂ ਹੋਵੇ ਗਾਉਣ ਦੀ।
ਗੱਲ ਹੁੰਦੀ ਏ ਬਸ
ਆਪਣਾ ਮਨ ਸਮਝਾਉਣ ਦੀ।
ਕੋਈ ਰੋਜ਼ੀ ਰੋਟੀ ਲਈ ਕਰਦਾ
ਕੋਈ ਮਨ ਪਰਚਾਉਣ ਲਈ।
ਬੱਚਿਆਂ ਨੇ ਵਿਚ ਫੋਟੋ ਦੇ
ਚੰਗਾ ਮਨ ਬਣਾਇਆ।
ਲੈ ਕੇ ਰੰਗ ਹੋਲੀ ਵਾਲੇ
ਸੋਹਣਾ ਮੋਰ ਦਾ ਚਿੱਤਰ ਬਣਾਇਆ।
ਚਿੱਤਰਕਲਾ ਹੱਥੀਂ ਬਣਾਈ ਸੋਹਣੀ
ਇਹ ਸਾਨੂੰ ਪੈਣਾ ਮੰਨਣਾ।
ਪਿਕਾਸੋ ਤੇ ਸੋਭਾ ਸਿੰਘ ਵਰਗਾ
ਮਹਾਨ ਚਿੱਤਰਕਾਰ ਨਹੀਂ ਕੋਈ ਜੰਮਣਾ।

*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

# ਖ਼ੂਬ ਭਰਵਾਂ ਰਿਹਾ ਸੈਨ ਹੋਜ਼ੇ ਦਾ ਵਿਸਾਖੀ ਮੇਲਾ

**ਸੈਨ ਹੋਜ਼ੇ (ਬਿਊਰੋ):** ਇਥੇ ਐਵਰਗਰੀਨ ਸਕੂਲ ਵਿਚ ਲੰਘੀ 29 ਮਈ ਨੂੰ ਹੋਏ ਵਿਸਾਖੀ ਮੇਲੇ ਵਿਚ ਜਿਥੇ ਕਬੱਡੀ ਅਤੇ ਵਾਲੀਬਾਲ ਦੇ ਮੈਚ ਹੋਏ, ਉਥੇ ਬੱਚਿਆਂ ਨੇ ਗਿੱਧੇ-ਭੰਗੜੇ ਦੇ ਜੌਹਰ ਵੀ ਵਿਖਾਏ ਅਤੇ ਗਾਇਕਾਂ ਨੇ ਆਏ ਦਰਸ਼ਕਾਂ ਦਾ ਆਪਣੀ ਗਾਇਕੀ ਨਾਲ ਭਰਪੂਰ ਮਨੋਰੰਜਨ ਕੀਤਾ। ਜ਼ੋਰਦਾਰ ਗਰਮੀ ਦੇ ਬਾਵਜੂਦ ਪਰਿਵਾਰਾਂ ਸਮੇਤ ਬਹੁਤ ਵੱਡੀ ਗਿਣਤੀ ਵਿਚ ਪਹੁੰਚੇ ਲੋਕਾਂ ਦਾ ਇਕੱਠ ਵੇਖ ਪ੍ਰਬੰਧਕ ਪੂਰੀ ਤਰ੍ਹਾਂ ਬਾਗੋ ਬਾਗ ਸਨ।



ਮੇਲੇ ਦੀ ਸ਼ੁਰੂਆਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਢਾਡੀ ਜਥੇ ਚਰਨਪਾਲ ਕੌਰ ਵਲੋਂ ਢਾਡੀ ਵਾਰਾਂ ਗਾ ਕੇ ਕੀਤੀ ਗਈ। ਇਸ ਤੋਂ ਬਾਅਦ ਅਜੈ ਭੰਗੜਾ ਅਕੈਡਮੀ ਵਲੋਂ ਸਟਾਕਟਨ ਤੋਂ ਆਈਆਂ ਛੋਟੇ ਛੋਟੇ ਬੱਚਿਆਂ ਦੀ ਗਿੱਧਾ ਅਤੇ ਭੰਗੜਾ ਟੀਮ ਨੇ ਆਪਣੇ ਫਨ ਦਾ ਮੁਜ਼ਾਹਰਾ ਕੀਤਾ।

ਮੇਲੇ ਵਿਚ ਕਬੱਡੀ ਤੇ ਵਾਲੀਬਾਲ ਦੇ ਮਕਾਬਲੇ ਵੀ ਕਰਵਾਏ ਗਏ। ਕਬੱਡੀ ਓਪਨ ਵਿਚ ਯੂਬਾ ਬ੍ਰਦਰਜ਼-ਯੂਬਾ ਸਿਟੀ ਦੀ ਟੀਮ ਪਹਿਲੇ ਥਾਂ ਰਹੀ ਅਤੇ ਮਲਟੀ ਸਪੋਰਟਸ ਕਲੱਬ-ਟਰੇਸੀ ਦੂਜੇ ਥਾਂ ਰਿਹਾ। ਅੰਡਰ-21 ਕਬੱਡੀ ਵਿਚ ਪਹਿਲੇ ਸਥਾਨ 'ਤੇ ਕਿੰਗ ਸਪੋਰਟਸ ਕਲੱਬ-ਸੈਕਰਾਮੈਂਟੋ ਅਤੇ ਦੂਜੇ ਥਾਂ ਮਲਟੀ ਸਪੋਰਟਸ ਕਲੱਬ-ਟਰੇਸੀ ਰਿਹਾ।

ਵਾਲੀਬਾਲ ਮੁਕਾਬਲਿਆਂ ਲਈ ਅੱਠ ਟੀਮਾਂ ਭਿੜੀਆਂ। ਚੜ੍ਹਦੀ ਕਲਾ-ਫਰਿਜ਼ਨੋ ਦੀ ਟੀਮ ਪਹਿਲੇ ਥਾਂ ਅਤੇ ਲਿਵਿੰਗਸਟਨ ਦੀ ਟੀਮ ਦੂਜੇ ਥਾਂ ਰਹੀ। ਗੋਲਡੀ ਮੁਲਤਾਨੀ ਨੇ ਸਾਰੇ ਮੈਚਾਂ ਦੇ ਰੈਫਰੀ ਦੀ ਡਿਊਟੀ ਨਿਭਾਈ। ਐਚ.ਐਸ. ਭਜਨ, ਸੀਰਾ ਨਾਹਲ, ਪਰਮਿੰਦਰ ਦੂਹੜਾ ਅਤੇ ਐਵਰਗਰੀਨ ਟੀਮ ਤੇ ਵਾਲੀਬਾਲ ਟੀਮ ਨੇ ਟੂਰਨਾਮੈਂਟ ਕਰਵਾਉਣ ਵਿਚ ਮਦਦ ਕੀਤੀ।

ਗੀਤ-ਸੰਗੀਤ ਦੇ ਦੌਰ ਵਿਚ ਸਟਾਰ ਮੇਕਰ ਵਲੋਂ ਇੰਡੀਆ ਤੋਂ ਆਏ ਨਾਮਵਰ ਪੰਜਾਬੀ ਕਲਾਕਾਰਾਂ ਨੇ ਰੰਗ ਬੰਨ੍ਹਿਆ। ਗਾਇਕਾ ਜਸਪਿੰਦਰ ਸ਼ਰੂਤੀ ਤੇ ਬਲਜੀਤ ਮਾਲਵਾ ਨੇ ਪੁਰਾਣੇ ਤੇ ਸਭਿਆਚਾਰਕ ਗੀਤ ਗਾ ਕੇ ਲੋਕਾਂ ਨੂੰ ਆਪਣੇ ਸਭਿਆਚਾਰ ਨਾਲ ਜੋੜਿਆ। ਉਸ ਤੋਂ ਬਾਅਦ ਅਜੋਕੇ ਦੌਰ ਦੀ ਗਾਇਕੀ ਦਾ ਰੰਗ ਬੱਝਾ ਜਿਸ ਵਿਚ ਦਿਲਪ੍ਰੀਤ ਢਿੱਲੋਂ, ਗਗਨਦੀਪ ਕੋਕਰੀ ਅਤੇ ਰੌਸ਼ਨ ਪ੍ਰਿੰਸ ਨੇ ਆਪਣੇ ਹਿੱਟ ਗੀਤ ਗਾ ਕੇ ਸਭ ਨੂੰ ਨੱਚਣ ਲਈ ਮਜਬੂਰ ਕੀਤਾ।

ਮੇਲੇ ਦੌਰਾਨ ਮੇਲੇ ਦੇ ਸਪਾਂਸਰਾਂ, ਪੰਜਾਬੀ ਅਤੇ ਅਮੈਰਿਕਨ ਆਗੂਆਂ ਨੇ ਮੇਲੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਮੇਲੇ ਵਿਚ 30 ਤੋਂ ਵੱਧ ਸਟਾਲ ਲੱਗੇ ਹੋਏ ਸਨ। ਸਟਾਲਾਂ ਦੀ ਜ਼ਿੰਮੇਵਾਰੀ ਕਮੇਟੀ ਮੈਂਬਰ ਖੁਸ਼ਵਿੰਦਰ ਪਾਲ ਸਿੰਘ ਨੇ ਬਾਖੂਬੀ ਨਿਭਾਈ।






ਮੇਲੇ ਵਿਚ ਹੋਰਨਾਂ ਤੋਂ ਇਲਾਵਾ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਅਤੇ ਮੇਲਾ ਕਮੇਟੀ ਦੇ ਮੈਂਬਰ-ਹਰਦੇਵ ਸਿੰਘ ਤੱਖਰ, ਭੁਪਿੰਦਰ ਸਿੰਘ ਢਿੱਲੋਂ, ਪ੍ਰੀਤਮ ਸਿੰਘ ਗਰੇਵਾਲ, ਕਿਰਪਾਲ ਸਿੰਘ ਅਟਵਾਲ, ਸਰਬਜੋਤ ਸਿੰਘ ਸਵੱਦੀ, ਸੁਖਦੇਵ ਸਿੰਘ ਬੈਣੀਪਾਲ, ਸੁਰਜੀਤ ਸਿੰਘ ਬੈਂਸ, ਗੁਰਬਖਸ਼ ਸਿੰਘ ਢਿੱਲੋਂ, ਨੀਟੂ ਸਿੰਘ ਕਾਹਲੋਂ, ਬਹਾਦਰ ਸਿੰਘ ਦਿਓਲ, ਸਤਵਿੰਦਰ ਸਿੰਘ ਸਰਾਂ, ਇੰਦਰਜੀਤ ਸਿੰਘ ਥਿੰਦ, ਪ੍ਰੋ. ਸਰਬਜੀਤ ਸਿੰਘ ਸੰਧੂ, ਪਰਮਿੰਦਰ ਸਿੰਘ ਕਾਹਲੋਂ, ਜਸਵਿੰਦਰ ਸਿੰਘ ਸੋਹਲ, ਖੁਸ਼ਵਿੰਦਰ ਸਿੰਘ ਸੰਧੂ, ਚਰਨ ਸਿੰਘ ਭੰਡਾਲ, ਮੈਨੀ ਭੰਡਾਲ, ਪ੍ਰੇਮਜੀਤ ਸਿੰਘ ਤੱਖਰ, ਸੁਰਿੰਦਰ ਪਾਬਲਾ ਅਤੇ ਜਸਵੀਰ ਸਿੰਘ ਪਵਾਰ ਨੇ ਪਰਿਵਾਰਾਂ ਸਮੇਤ ਪਹੁੰਚ ਕੇ ਮੇਲੇ ਨੂੰ ਕਾਮਯਾਬ ਕੀਤਾ।

ਸੁਖਵਿੰਦਰ ਸਿੰਘ ਸੰਘੇੜਾ, ਗੁਰਮੇਲ ਸਿੰਘ ਦਿਓਲ, ਸ਼ਕਤੀ ਮਾਣਕ, ਇੰਦਰਜੀਤ ਥਿੰਦ ਤੇ ਸਤਵਿੰਦਰ ਸਰਾਂ ਨੇ ਸਟੇਜ ਸਕੱਤਰ ਦੀ ਡਿਊਟੀ ਨਿਭਾਈ ਅਤੇ ਢੁਕਵੀਂ ਕੁਮੈਂਟਰੀ ਕਰਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ। ਅਖੀਰ ਵਿਚ ਮੇਲਾ ਕਮੇਟੀ ਵਲੋਂ ਸਤਵਿੰਦਰ ਸਿੰਘ ਸਰਾਂ ਨੇ ਮੇਲੇ ਵਿਚ ਆਏ ਲੋਕਾਂ ਅਤੇ ਸਪਾਂਸਰਾਂ ਦਾ ਧੰਨਵਾਦ ਕੀਤਾ।




























# ਗੈਂਗਸਟਰ ਵਿਰੁਧ ਕਾਰਵਾਈ ਬਣੀ ਪੰਜਾਬ ਪੁਲਿਸ ਲਈ ਵੰਗਾਰ

**ਚੰਡੀਗੜ੍ਹ:** ਪੰਜਾਬ ਵਿਚ ਅਮਨ-ਕਾਨੂੰਨ ਦੀ ਹਾਲਤ ਸੁਧਾਰਨ ਦੇ ਰਾਹ ਵਿਚ ਗੈਂਗਸਟਰ ਪੰਜਾਬ ਪੁਲਿਸ ਲਈ ਵੰਗਾਰ ਬਣੇ ਹੋਏ ਹਨ। ਪਿਛਲੇ ਕੁਝ ਦਿਨਾਂ ਤੋਂ ਪੁਲਿਸ ਨਾਮੀ ਗੈਂਗਸਟਰਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਪੁਲਿਸ ਨੇ ਕੁਝ ਦਿਨਾਂ ਵਿਚ ਪੰਜ ਗੈਂਗਸਟਰ ਮਾਰੇ ਸੁੱਟੇ ਹਨ। ਦਰਅਸਲ, ਪੰਜਾਬ ਵਿਚ ਗੈਂਗਸਟਰਾਂ ਦੀ ਦਹਿਸ਼ਤ ਨੂੰ ਸਿਆਸੀ ਪਾਰਟੀਆਂ ਨੇ ਵੱਡਾ ਮੁੱਦਾ ਬਣਾਇਆ ਹੈ। ਪਹਿਲਾਂ ਹੀ ਕਈ ਵਿਵਾਦਾਂ ਵਿਚ ਘਿਰੀ ਅਕਾਲੀ-ਭਾਜਪਾ ਸਰਕਾਰ ਇਸ ਮੁੱਦੇ ਨੂੰ ਵੇਲੇ ਸਿਰ ਸੰਭਾਲਣਾ ਚਾਹੁੰਦੀ ਹੈ। ਉਪ ਮੁੱਖ ਮੰਤਰੀ ਸੁਖਬੀਰ ਬਾਦਲ ਜਿਨ੍ਹਾਂ ਕੋਲ ਗ੍ਰਹਿ ਵਿਭਾਗ ਵੀ ਹੈ, ਨੇ ਪੁਲਿਸ ਨੂੰ ਸਖਤ ਹਦਾਇਤਾਂ ਦਿੱਤੀਆਂ ਹਨ ਕਿ ਗੈਂਗਸਟਰਾਂ ਨੂੰ ਨੱਥ ਪਾਈ ਜਾਵੇ। ਸੂਤਰਾਂ ਮੁਤਾਬਕ ਪੁਲਿਸ ਵੀ ਕਸੂਤੀ ਘਿਰ ਗਈ ਹੈ। ਇਨ੍ਹਾਂ ਗੈਂਗਸਟਰਾਂ ਨੂੰ ਸਿਆਸੀ ਆਗੂਆਂ ਦੀ ਹੀ ਸਰਪ੍ਰਸਤੀ ਹਾਸਲ ਹੈ। ਇਸ ਲਈ ਪੁਲਿਸ ਸੋਚ-ਸਮਝ ਕੇ ਹੀ ਕਦਮ ਚੁੱਕ ਰਹੀ ਹੈ।

ਪੁਲਿਸ ਦੇ ਅੰਕੜਿਆਂ ਮੁਤਾਬਕ ਪੰਜਾਬ ਵਿਚ 57 ਗੈਂਗ ਹਨ। ਇਨ੍ਹਾਂ ਕੋਲ ਅਤਿ ਆਧੁਨਿਕ ਹਥਿਆਰ ਹਨ। ਇਨ੍ਹਾਂ ਗੈਂਗਾਂ ਵਿਚ 423 ਸ਼ਾਰਪ ਸ਼ੂਟਰ ਹਨ। ਇਹ ਗੈਂਗ ਜਿਥੇ ਲੁੱਟਾਂ-ਖੋਹਾਂ ਤੇ ਸੁਪਾਰੀ ਲੈ ਕੇ ਕਤਲ ਕਰਦੇ ਹਨ, ਉਥੇ ਆਪਸ ਵਿਚ ਵੀ ਇਕ-ਦੂਜੇ ਦੇ ਖੂਨ ਦੇ ਪਿਆਸੇ ਹਨ। ਦਰਅਸਲ ਇਹ ਗੈਂਗਵਾਰ 21 ਜਨਵਰੀ 2015 ਤੋਂ ਸਾਹਮਣੇ ਆਈ ਹੈ। ਇਸ ਦਿਨ ਗੈਂਗਸਟਰ ਸੁੱਖਾ ਕਾਹਲਵਾਂ ਦਾ ਵਿਰੋਧੀ ਗੈਂਗ ਨੇ ਕਤਲ ਕਰ ਦਿੱਤਾ ਸੀ। 20 ਫਰਵਰੀ 2016 ਨੂੰ ਸਰਪੰਚ ਰਵੀ ਖਵਾਜਕੇ ਨੂੰ ਲੁਧਿਆਣਾ ਦੇ ਇਕ ਵਿਆਹ ਸਮਾਰੋਹ ਵਿਚ ਗੋਲੀ ਮਾਰ ਦਿੱਤਾ ਗਈ। 30 ਅਪਰੈਲ ਨੂੰ ਗੈਂਗਸਟਰ ਜਸਵਿੰਦਰ ਸਿੰਘ ਰੌਕੀ ਨੂੰ ਪਰਵਾਣੂ ਨੇੜੇ ਗੋਲੀ ਮਾਰ ਦਿੱਤੀ। ਚਾਰ ਮਈ ਨੂੰ ਅੰਮ੍ਰਿਤਸਰ ਵਿਚ ਗੈਂਗਸਟਰ ਰਾਹੁਲ ਉਰਫ ਹਰੀਆ ਦੀ ਭੁਪਿੰਦਰ ਸਿੰਘ ਉਰਫ ਸੋਨੂੰ ਕੰਗਲਾ ਗੈਂਗ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਅੱਠ ਮਈ ਨੂੰ ਫਰੀਦਕੋਟ ਵਿਚ ਗੈਂਗਸਟਰ ਦਵਿੰਦਰ ਸਿੰਘ ਉਰਫ ਦੇਵਾ ਨੂੰ ਸੜਕ ਉਤੇ ਗੋਲੀ ਮਾਰ ਦਿੱਤੀ। ਇਸ ਗੈਂਗਵਾਰ ਕਰ ਕੇ ਪੰਜਾਬ ਪੁਲਿਸ ਤੇ ਸਰਕਾਰ ਨੂੰ ਕਾਫੀ ਨਮੋਸ਼ੀ ਝੱਲਣੀ ਪਈ। ਕਾਂਗਰਸ ਤੇ ਆਮ ਆਦਮੀ ਪਾਰਟੀ ਨੇ ਇਸ ਮੁੱਦੇ ਨੂੰ ਲੈ ਕੇ ਸੱਤਾ ਧਿਰ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਹੈ। ਇਸ ਲਈ ਸਰਕਾਰ ਇਸ ਮੁੱਦੇ ਨੂੰ ਚੋਣਾਂ ਤੋਂ ਪਹਿਲਾਂ ਹੀ ਨੁੱਸ ਕਰਨਾ ਚਾਹੁੰਦੀ ਹੈ।

## ਸੁਖਬੀਰ ਦੇ ਇਸ਼ਾਰੇ 'ਤੇ ਗੈਂਗਸਟਰਾਂ ਦੀ ਆਈ ਸ਼ਾਮਤ



## ਗੈਂਗਸਟਰਾਂ ਦੇ ਖਾਤਮੇ ਲਈ ਆਏਗਾ ਖਤਰਨਾਕ 'ਪਕੋਕਾ'

**ਚੰਡੀਗੜ੍ਹ:** ਪੰਜਾਬ ਵਿਚ ਵਧ ਰਹੀਆਂ ਗੈਂਗਵਾਰ ਦੀਆਂ ਘਟਨਾਵਾਂ ਨੂੰ ਦੇਖਦੇ ਹੋਏ ਸੂਬਾ ਸਰਕਾਰ ਮਹਾਰਾਸ਼ਟਰ ਦੇ ਕੰਟਰੋਲ ਆਫ ਆਰਗੇਨਾਈਜ਼ਡ ਕ੍ਰਾਈਮ ਐਕਟ 'ਮਕੋਕਾ' ਦੀ ਤਰਜ਼ ਉੱਤੇ 'ਪਕੋਕਾ' ਲਾਉਣ ਦੀ ਤਿਆਰੀ ਵਿਚ ਹੈ। ਸੂਬੇ ਦੇ ਡੀ.ਜੀ.ਪੀ. ਸੁਰੇਸ਼ ਅਰੋੜਾ ਨੇ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਹੈ। ਡੀ.ਜੀ.ਪੀ. ਅਨੁਸਾਰ ਗੈਂਗਸਟਰ ਲਚਕੀਲੇ ਕਾਨੂੰਨ ਦੀ ਆੜ ਵਿਚ ਜੁਰਮ ਕਰਨ ਤੋਂ ਬਾਅਦ ਬਾਹਰ ਆ ਜਾਂਦੇ ਹਨ। ਇਸ ਲਈ ਉਨ੍ਹਾਂ ਨਾਲ ਸਖਤੀ ਨਾਲ ਨਜਿੱਠਣ ਲਈ ਮਹਾਰਾਸ਼ਟਰ ਦੇ ਮਕੋਕਾ ਕਾਨੂੰਨ ਦੀ ਆੜ ਵਿਚ 'ਪੰਜਾਬ ਕੰਟਰੋਲ ਆਫ ਆਰਗੇਨਾਈਜ਼ਡ ਕ੍ਰਾਈਮ ਐਕਟ' ਲਾਗੂ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਆਮ ਨਾਲੋਂ ਇਹ ਕਾਨੂੰਨ ਸਖਤ ਹੈ ਤੇ ਇਸ ਵਿਚ ਦੋਸ਼ੀ ਨੂੰ ਜ਼ਮਾਨਤ ਮਿਲਣ ਕਾਫੀ ਮੁਸ਼ਕਲ ਹੋ ਜਾਂਦੀ ਹੈ। ਇਸ ਵਿਚ ਦੋਸ਼ ਸਾਬਤ ਹੋਣ ਤੋਂ ਵੱਧ ਅਪਰਾਧੀ ਲਈ ਮੌਤ ਦੀ ਸਜ਼ਾ ਦੀ ਵਿਵਸਥਾ ਹੈ। 'ਮਕੋਕਾ' ਫਿਲਹਾਲ ਮਹਾਰਾਸ਼ਟਰ ਤੇ ਦਿੱਲੀ ਵਿਚ ਲਾਗੂ ਹੈ। ਮਹਾਰਾਸ਼ਟਰ ਸਰਕਾਰ ਨੇ ਅੰਡਰਵਰਲਡ ਅਪਰਾਧ ਨੂੰ ਖਤਮ ਕਰਨ ਦੇ ਇਰਾਦੇ ਨਾਲ ਇਸ ਨੂੰ ਲਾਗੂ ਕੀਤਾ ਸੀ।

## ਹਰਿਆਣਾ ਪੁਲਿਸ ਨੇ ਪੰਜਾਬ 'ਚ ਵੜ ਕੇ ਮਾਰਿਆ ਗੈਂਗਸਟਰ


**ਬਠਿੰਡਾ:** ਪੁਲਿਸ ਨਾਲ ਹੋਏ ਮੁਕਾਬਲੇ ਵਿਚ ਇਕ ਨਾਮੀ ਗੈਂਗਸਟਰ ਮਾਰਿਆ ਗਿਆ, ਜਦਕਿ ਉਸ ਦੇ ਤਿੰਨ ਸਾਥੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਮੁਕਾਬਲਾ ਹਰਿਆਣਾ ਪੁਲਿਸ ਵੱਲੋਂ ਬਠਿੰਡਾ ਜ਼ਿਲ੍ਹੇ ਦੇ ਪਿੰਡ ਜਗਾ ਰਾਮ ਤੀਰਥ ਵਿਚ ਕੀਤਾ ਗਿਆ। ਮਾਰੇ ਗਏ ਗੈਂਗਸਟਰ ਅਜੇ ਕੁਮਾਰ ਉਰਫ ਕੰਨੂ 'ਤੇ ਪੰਜ ਲੱਖ ਦਾ ਇਨਾਮ ਸੀ। ਇਨ੍ਹਾਂ ਤੋਂ ਭਾਰੀ ਮਾਤਰਾ ਵਿਚ ਅਸਲਾ ਵੀ ਬਰਾਮਦ ਕੀਤਾ ਗਿਆ ਹੈ।

ਜਾਣਕਾਰੀ ਮੁਤਾਬਕ ਜਗਾ ਰਾਮ ਤੀਰਥ ਦੇ ਸ਼ਮਸ਼ਾਨਘਾਟ ਵਿਚ ਅਚਾਨਕ ਗੋਲੀਆਂ ਦਾ ਖੜਾਕ ਸ਼ੁਰੂ ਹੋ ਗਿਆ। ਇਹ ਗੋਲੀਆਂ ਹਰਿਆਣਾ ਪੁਲਿਸ ਤੇ ਗੈਂਗਸਟਰਾਂ ਵਿਚਕਾਰ ਚੱਲ ਰਹੀਆਂ ਸਨ। ਪੁਲਿਸ ਦੀਆਂ ਗੋਲੀਆਂ ਨਾਲ 5 ਲੱਖ ਦਾ ਇਨਾਮੀ ਹਰਿਆਣਾ ਦਾ ਗੈਂਗਸਟਰ ਅਜੇ ਕੁਮਾਰ ਉਰਫ ਕੰਨੂ ਮਾਰਿਆ ਗਿਆ। ਉਸ ਦੇ ਬਾਕੀ ਤਿੰਨ ਸਾਥੀ ਵੀ ਪੁਲਿਸ ਦੀ ਗ੍ਰਿਫਤ ਵਿਚ ਹਨ। ਪੁਲਿਸ ਨੇ ਐਨਕਾਊਂਟਰ ਤੋਂ ਬਾਅਦ ਜਦ ਸਰਚ ਕੀਤੀ ਤਾਂ ਇਨ੍ਹਾਂ ਕੋਲੋਂ ਦੋ ਪਿਸਤੌਲ 315 ਬੋਰ, ਇਕ ਪਿਸਤੌਲ 32 ਬੋਰ, ਇਕ ਰਿਵਾਲਵਰ 32 ਬੋਰ, ਇਕ ਰਿਵਾਲਵਰ 9ਐਮ.ਐਮ., ਇਕ ਬੰਦੂਕ 12 ਬੋਰ ਤੇ ਭਾਰੀ ਮਾਤਰਾ ਵਿਚ ਕਾਰਤੂਸ ਬਰਾਮਦ ਕੀਤੇ ਗਏ। ਇਸ ਪੂਰੇ ਅਪ੍ਰੇਸ਼ਨ ਦੌਰਾਨ ਬਠਿੰਡਾ ਪੁਲਿਸ ਵੀ ਹਰਿਆਣਾ ਪੁਲਿਸ ਦਾ ਸਾਥ ਦੇ ਰਹੀ ਸੀ। ਬਠਿੰਡਾ ਦੇ ਐਸ.ਐਸ.ਪੀ. ਸਵਪਨ ਸ਼ਰਮਾ ਮੁਤਾਬਕ ਇਹ ਗੈਂਗਸਟਰ ਹਰਿਆਣਾ ਦੇ ਸੋਨੀਪਤ ਜ਼ਿਲ੍ਹੇ ਦੇ ਹਨ। ਇਨ੍ਹਾਂ ਖਿਲਾਫ ਤਕਰੀਬਨ ਡੇਢ ਦਰਜਨ ਤੋਂ ਵੱਧ ਮਾਮਲੇ ਦਰਜ ਹਨ। ਇਹ ਬਦਮਾਸ਼ ਸੋਨੀਪਤ ਵਿਚ ਫੌਜ ਦੇ ਇਕ ਮੇਜਰ ਦੇ ਪਿਤਾ ਅਤੇ ਭਰਾ ਨੂੰ ਗੋਲੀਆਂ ਮਾਰ ਕੇ ਫਰਾਰ ਹੋਏ ਸਨ। ਹਰਿਆਣਾ ਪੁਲਿਸ ਦੀ ਇਕ ਵਿਸ਼ੇਸ਼ ਟੀਮ ਇਨ੍ਹਾਂ ਦੇ ਪਿੱਛੇ ਲੱਗੀ ਹੋਈ ਸੀ। ਇਸੇ ਦੌਰਾਨ ਇਹ ਬਠਿੰਡਾ ਪਹੁੰਚੇ। ਗ੍ਰਿਫਤਾਰੀ ਲਈ ਪਹੁੰਚੀ ਪੁਲਿਸ ਨੂੰ ਦੇਖਦਿਆਂ ਹੀ ਬਦਮਾਸ਼ਾਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ ਤੇ ਜਵਾਬੀ ਕਾਰਵਾਈ ਵਿਚ ਪੁਲਿਸ ਨੇ ਕੰਨੂ ਨੂੰ ਮਾਰ ਬਾਕੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ।

# ਅੰਬਿਕਾ ਸੋਨੀ ਤੇ ਬਲਵਿੰਦਰ ਭੂੰਦੜ ਰਾਜ ਸਭਾ ਦੇ ਮੁੜ ਮੈਂਬਰ ਬਣੇ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਬਲਵਿੰਦਰ ਸਿੰਘ ਭੂੰਦੜ ਅਤੇ ਕਾਂਗਰਸ ਦੀ ਸ੍ਰੀਮਤੀ ਅੰਬਿਕਾ ਸੋਨੀ ਪੰਜਾਬ ਤੋਂ ਨਿਰਵਿਰੋਧ ਰਾਜ ਸਭਾ ਮੈਂਬਰ ਚੁਣੇ ਗਏ ਹਨ। ਅੰਬਿਕਾ ਸੋਨੀ ਪੰਜਵੀਂ ਵਾਰ ਅਤੇ ਸ੍ਰੀ ਭੂੰਦੜ ਤੀਜੀ ਰਾਜ ਸਭਾ ਮੈਂਬਰ ਚੁਣੇ ਗਏ ਹਨ। ਇਨ੍ਹਾਂ ਦੋਹਾਂ ਦੇ ਬਿਨਾਂ ਮੁਕਾਬਲਾ ਚੁਣੇ ਜਾਣ ਦਾ ਐਲਾਨ ਇਥੇ ਵਿਧਾਨ ਸਭਾ ਦੀ ਸਕੱਤਰ ਸ੍ਰੀਮਤੀ ਸ਼ਸ਼ੀ ਲਖਨਪਾਲ ਨੇ ਕੀਤਾ ਜੋ ਰਾਜ ਸਭਾ ਚੋਣ ਲਈ ਰਿਟਰਨਿੰਗ ਅਫਸਰ ਸਨ।

ਪੰਜਾਬ ਤੋਂ ਰਾਜ ਸਭਾ ਲਈ ਚੁਣੇ ਜਾਣ ਵਾਲੇ ਸਾਰੇ ਛੇ ਮੈਂਬਰਾਂ ਦੀ ਚੋਣ ਹੋ ਚੁੱਕੀ ਹੈ ਅਤੇ ਇਨ੍ਹਾਂ ਦੀ ਮਿਆਦ ਛੇ ਵਰ੍ਹਿਆਂ ਲਈ ਹੋਵੇਗੀ। ਪੰਜਾਬ ਤੋਂ ਚੁਣੇ ਮੈਂਬਰਾਂ ਦੇ ਮਾਮਲੇ ਦਾ ਮਹੱਤਵਪੂਰਨ ਪਹਿਲੂ ਇਹ ਹੈ ਕਿ 2017 ਵਿਚ ਗਠਿਤ ਹੋਣ ਵਾਲੀ ਵਿਧਾਨ ਸਭਾ ਦੇ ਮੈਂਬਰਾਂ ਨੂੰ ਰਾਜ ਸਭਾ ਦੇ ਮੈਂਬਰਾਂ ਦੀ ਚੋਣ ਦਾ ਮੌਕਾ ਹੀ ਨਹੀਂ ਮਿਲੇਗਾ ਕਿਉਂਕਿ ਰਾਜ ਸਭਾ ਦੇ ਮੈਂਬਰਾਂ ਦੀ ਅਗਲੀ ਚੋਣ ਸਾਲ 2022 ਵਿਚ ਹੋਵੇਗੀ ਤੇ 2022 ਵਿਚ ਰਾਜ ਸਭਾ ਦੀ ਚੋਣ ਤੋਂ ਪਹਿਲਾਂ 2017 ਵਿਚ ਚੁਣੀ ਵਿਧਾਨ ਸਭਾ ਦੀ ਮਿਆਦ ਖਤਮ ਹੋ ਜਾਵੇਗੀ।





## ਸਿਮਰਨਜੀਤ ਸਿੰਘ ਮਾਨ ਵੱਲੋਂ ਦਾਇਰ ਮਾਨਹਾਨੀ ਦੀ ਅਰਜ਼ੀ ਖਾਰਜ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੱਲੋਂ ਜ਼ਿਲ੍ਹਾ ਅਦਾਲਤ ਵਿਚ ਦਾਇਰ ਕੀਤੀ ਗਈ ਮਾਨਹਾਨੀ ਦੀ ਅਰਜ਼ੀ ਨੂੰ ਖਾਰਜ ਕਰ ਦਿੱਤਾ ਗਿਆ, ਇਹ ਅਰਜ਼ੀ ਚਾਰ ਸਾਲ ਪਹਿਲਾ ਉਨ੍ਹਾਂ ਨੇ ਪੰਜਾਬ ਦੇ ਉਸ ਸਮੇਂ ਦੇ ਮੁੱਖ ਸਕੱਤਰ ਰਾਕੇਸ਼ ਸਿੰਘ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਵਿਸ਼ੇਸ਼ ਸਕੱਤਰ ਗਗਨਦੀਪ ਸਿੰਘ ਬਰਾੜ, ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਅਤੇ ਏ.ਡੀ.ਜੀ.ਪੀ. ਇੰਟੈਲੀਜੈਂਸ ਐਚ.ਐਸ ਢਿੱਲੋਂ ਖਿਲਾਫ ਦਾਇਰ ਕੀਤੀ ਸੀ।

ਉਨ੍ਹਾਂ ਨੇ ਦੋਸ਼ ਲਗਾਏ ਸਨ ਕਿ ਮੀਡੀਆ ਰਾਹੀ ਉਨ੍ਹਾਂ ਦੇ ਨਾਮ ਨੂੰ ਖਰਾਬ ਕੀਤਾ ਜਾ ਰਿਹਾ ਹੈ। ਸਿਮਰਨਜੀਤ ਸਿੰਘ ਮਾਨ ਨੇ ਸਤੰਬਰ 2012 'ਚ ਆਈ.ਪੀ.ਸੀ. ਦੀ ਧਾਰਾ 499 ਅਤੇ 500 ਤਹਿਤ ਇਹ ਮਾਨਹਾਨੀ ਦਾ ਮਾਮਲਾ ਦਾਇਰ ਕਰਨ ਦੀ ਮੰਗ ਕੀਤੀ ਸੀ।

# ਸ਼ਰਾਬ ਦੇ ਠੇਕੇਦਾਰ ਤੇ ਪੁਲਿਸ ਨੇ ਮਿਲ ਕੇ ਲਈ ਕਿਸਾਨ ਦੀ ਜਾਨ

**ਤਰਨ ਤਾਰਨ** : ਸ਼ਰਾਬ ਦੇ ਠੇਕੇਦਾਰ ਅਤੇ ਪੁਲਿਸ ਦੀ ਕੁੱਟਮਾਰ ਕਾਰਨ ਇਕ ਕਿਸਾਨ ਦੀ ਮੌਤ ਹੋ ਗਈ ਹੈ। ਮ੍ਰਿਤਕ ਕਿਸਾਨ ਦੇ ਪਰਿਵਾਰਕ ਮੈਂਬਰਾਂ ਨੇ ਸਸਕਾਰ ਕਰਨ ਤੋਂ ਇਨਕਾਰ ਕਰਦਿਆਂ ਤਰਨਤਾਰਨ ਵਿਚ ਧਰਨਾ ਲਗਾ ਦਿੱਤਾ। ਜਾਣਕਾਰੀ ਅਨੁਸਾਰ ਇਲਾਕੇ ਦੇ ਸ਼ਰਾਬ ਦੇ ਠੇਕੇਦਾਰ ਦੇ ਕਰਿੰਦਿਆਂ ਤੇ ਪੰਜਾਬ ਪੁਲਿਸ ਨਾਲ ਸਬੰਧਤ ਆਬਕਾਰੀ ਵਿਭਾਗ ਦੀ ਇਕ ਸਾਂਝੀ ਪਾਰਟੀ ਨੇ ਇਲਾਕੇ ਦੇ ਪਿੰਡ ਕੰਦਗਿੱਲ ਵਿਚ ਇਕ ਕਿਸਾਨ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ।

ਮ੍ਰਿਤਕ ਦੀ ਸ਼ਨਾਖਤ ਸੁਖਦੇਵ ਸਿੰਘ (50) ਦੇ ਤੌਰ 'ਤੇ ਹੋਈ। ਮਿਲੀ ਜਾਣਕਾਰੀ ਅਨੁਸਾਰ ਸ਼ਰਾਬ ਬਰਾਮਦ ਕਰਨ ਲਈ ਸ਼ਰਾਬ ਠੇਕੇਦਾਰਾਂ ਅਤੇ ਪੁਲਿਸ ਪਾਰਟੀ ਨੇ ਕਿਸਾਨ ਸੁਖਦੇਵ ਸਿੰਘ ਦੀ ਖੇਤਾਂ ਵਿਚਲੀ ਰਿਹਾਇਸ਼ ਉਤੇ ਛਾਪਾ ਮਾਰਿਆ। ਦੁਪਹਿਰ ਹੋਣ ਕਰ ਕੇ ਸਾਰੇ ਜੀਅ ਸੁੱਤੇ ਪਏ ਸਨ। ਛਾਪਾ ਮਾਰਨ ਵਾਲੀ ਪਾਰਟੀ ਦੇ ਮੈਂਬਰ ਕੰਧਾਂ ਟੱਪ ਕੇ ਘਰ ਅੰਦਰ ਦਾਖਲ ਹੋਏ, ਜਿਨ੍ਹਾਂ ਨੂੰ ਦੇਖਦਿਆਂ ਹੀ ਕਿਸਾਨ ਸੁਖਦੇਵ ਸਿੰਘ ਨੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ। ਉਸ ਨੂੰ ਦੌੜਦਿਆਂ ਦੇਖ ਕੇ ਛਾਪਾ ਪਾਰਟੀ ਦੇ ਮੈਂਬਰ ਵੀ ਪਿੱਛੇ ਭੱਜ ਤੁਰੇ। ਥੋੜ੍ਹੀ ਦੂਰੀ 'ਤੇ ਜਾ ਕੇ ਇਕ ਜਣੇ ਨੇ ਸੁਖਦੇਵ ਸਿੰਘ ਦੇ ਸਿਰ ਵਿਚ ਡਾਂਗ ਮਾਰ ਦਿੱਤੀ। ਉਹ ਥਾਂ ਉਤੇ ਡਿੱਗ ਗਿਆ।

ਇਸ ਤੋਂ ਬਾਅਦ ਪੁਲਿਸ ਅਤੇ ਕਰਿੰਦਿਆਂ ਨੇ ਕਿਸਾਨ ਨੂੰ ਬੁਰੀ ਤਰ੍ਹਾਂ ਕੁੱਟਣਾ ਸ਼ੁਰੂ ਕਰ ਦਿੱਤਾ। ਬੁਰੀ ਤਰ੍ਹਾਂ ਜ਼ਖ਼ਮੀ ਕਿਸਾਨ ਨੂੰ ਪਰਿਵਾਰਕ ਮੈਂਬਰਾਂ ਨੇ ਹਸਪਤਾਲ ਪਹੁੰਚਿਆ ਜਿਥੇ ਉਸ ਦੀ ਮੌਤ ਹੋ ਗਈ। ਕਿਸਾਨ ਸੰਘਰਸ਼ ਕਮੇਟੀ ਪੰਜਾਬ ਸਮੇਤ ਹੋਰ ਜਨਤਕ ਜਥੇਬੰਦੀਆਂ ਦੀ ਅਗਵਾਈ ਹੇਠ ਪਿੰਡ ਵਾਸੀਆਂ ਅਤੇ ਹੋਰਾਂ ਨੇ ਇਸ ਖਿਲਾਫ ਰੋਸ ਜ਼ਾਹਰ ਕਰਨ ਲਈ ਧਰਨਾ ਦੇ ਕੇ ਆਵਾਜਾਈ ਰੋਕ ਦਿੱਤੀ।

## ਭਤੀਜੇ ਨੂੰ ਬਚਾਉਂਦਿਆਂ ਚਾਚਾ ਵੀ ਰੁੜ੍ਹਿਆ

**ਸਮਾਣਾ:** ਇਕੋ ਪਰਿਵਾਰ ਦੇ ਦੋ ਮੈਂਬਰਾਂ ਦੀ ਨਹਿਰ ਵਿਚ ਡੁੱਬਣ ਕਾਰਨ ਮੌਤ ਹੋ ਗਈ। ਮ੍ਰਿਤਕ ਰਿਸ਼ਤੇ ਵਿਚ ਚਾਚਾ ਭਤੀਜਾ ਸਨ। ਦੱਸਿਆ ਜਾ ਰਿਹਾ ਕਿ ਭਤੀਜੇ ਨੇ ਖੁਦਕੁਸ਼ੀ ਕੀਤੀ ਤੇ ਚਾਚਾ ਉਸ ਨੂੰ ਬਚਾਉਂਦਿਆਂ ਡੁੱਬ ਗਿਆ। ਘਟਨਾ ਨੇੜੇ ਵਹਿੰਦੀ ਭਾਖੜਾ ਨਹਿਰ ਵਿਚ ਵਾਪਰੀ ਹੈ। ਦੋਵੇਂ ਸਮਾਣਾ ਦੇ ਗੜ੍ਹੀ ਮੁਹੱਲੇ ਦੇ ਰਹਿਣ ਵਾਲੇ ਸਨ। ਇਨ੍ਹਾਂ ਮੌਤਾਂ ਨੇ ਪਰਿਵਾਰ ਨੂੰ ਝੰਜੋੜ ਕੇ ਰੱਖ ਦਿੱਤਾ ਹੈ।

ਜਾਣਕਾਰੀ ਮੁਤਾਬਕ 20 ਸਾਲਾ ਜਸਪਾਲ ਪਿਛਲੇ ਕਈ ਦਿਨਾਂ ਤੋਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸੀ। ਉਹ ਘਰੋਂ ਨਿਕਲਿਆ ਤਾਂ ਸ਼ੱਕ ਹੋਣ ਉਤੇ ਉਸ ਦਾ ਚਾਚਾ ਹੰਸਰਾਜ (30) ਪਿਛੇ ਹੀ ਚੱਲ ਪਿਆ। ਜਦ ਜਸਪਾਲ ਭਾਖੜਾ ਨਹਿਰ ਨੇੜੇ ਪਹੁੰਚਿਆ ਤਾਂ ਉਸ ਨੇ ਅਚਾਨਕ ਨਹਿਰ ਵਿਚ ਛਾਲ ਮਾਰ ਦਿੱਤੀ। ਭਤੀਜੇ ਨੂੰ ਬਚਾਉਣ ਦੀ ਕੋਸ਼ਿਸ਼ 'ਚ ਹੰਸਰਾਜ ਵੀ ਨਹਿਰ ਵਿਚ ਕੁੱਦ ਪਿਆ, ਪਰ ਪਾਣੀ ਦਾ ਵਹਾਅ ਇੰਨਾ ਤੇਜ਼ ਸੀ ਕਿ ਦੋਵਾਂ ਨੂੰ ਨਿਗਲ ਗਿਆ।

# ਹੁਣ 'ਆਪ' ਵਿਚ ਹੋਇਆ ਸਿਤਾਰਿਆਂ ਦਾ ਬੋਲਬਾਲਾ

**ਚੰਡੀਗੜ੍ਹ:** ਪੰਜਾਬ ਵਿਚ ਨਵੀਂ ਉੱਭਰ ਰਹੀ ਆਮ ਆਦਮੀ ਪਾਰਟੀ ਵਿਚ ਸਿਤਾਰਿਆਂ ਦਾ ਬੋਲਬਾਲਾ ਹੋ ਗਿਆ ਹੈ। ਇਹ ਸਿਤਾਰੇ ਫਿਲਮੀ ਕਲਾਕਾਰ, ਗਾਇਕ ਤੇ ਖਿਡਾਰੀ ਹਨ। ਸਭ ਤੋਂ ਵੱਧ ਖਿਡਾਰੀ ਇਸ ਪਾਰਟੀ ਵੱਲ ਖਿੱਚੇ ਜਾ ਰਹੇ ਹਨ। ਆਮ ਤੌਰ 'ਤੇ ਇਹ ਵਰਗ ਸਿਆਸਤ ਤੋਂ ਦੂਰ ਹੀ ਰਹਿੰਦਾ ਹੈ। ਇਸ ਤੋਂ ਬਿਨਾਂ ਗਾਇਕ ਤੇ ਅਦਾਕਾਰ ਵੀ 'ਆਪ' ਦਾ ਗੁਣਗਾਨ ਕਰ ਰਹੇ ਹਨ।

'ਗੋਲਡਨ ਗਰਲ' ਵਜੋਂ ਜਾਣੀ ਜਾਂਦੀ ਹਾਕੀ ਖਿਡਾਰਨ ਰਾਜਬੀਰ ਕੌਰ ਨੇ ਵੀ 'ਆਪ' ਦਾ ਝਾੜੂ ਫੜ ਲਿਆ ਹੈ। ਇਸ ਤੋਂ ਪਹਿਲਾਂ ਬਾਸਕਟਬਾਲ ਖਿਡਾਰੀ ਅਰਜਨ ਐਵਾਰਡੀ ਸੱਜਣ ਸਿੰਘ ਚੀਮਾ, ਅਰਜਨ ਐਵਾਰਡੀ ਕਰਤਾਰ ਸਿੰਘ ਭਲਵਾਨ, ਓਲੰਪੀਅਨ ਹਾਕੀ ਖਿਡਾਰੀ ਹਰਦੀਪ ਗਰੇਵਾਲ ਤੇ ਜਗਦੀਪ ਸਿੰਘ ਗਿੱਲ 'ਆਪ' ਵਿਚ ਸ਼ਾਮਲ ਹੋ ਚੁੱਕੇ ਹਨ। ਕਲਾਕਾਰਾਂ ਵਿਚੋਂ ਭਗਵੰਤ ਮਾਨ, ਗੁਰਪ੍ਰੀਤ ਘੁੱਗੀ, ਬਚਨ ਬੇਦਿਲ, ਬਲਜੀਤ ਸਾਗਰ, ਗੁਰਚੇਤ ਚਿੱਤਰਕਾਰ, ਅਰਸ਼ਦ ਡੌਲੀ ਆਪ ਦੇ ਸਟਾਰ ਹਨ। ਉਂਜ, ਪਹਿਲਾਂ ਵੀ ਅਕਾਲੀ ਦਲ, ਭਾਜਪਾ ਤੇ ਕਾਂਗਰਸ ਨਾਲ ਖਿਡਾਰੀ ਤੇ ਕਲਾਕਾਰ ਜੁੜਦੇ ਰਹੇ ਹਨ ਪਰ ਉਨ੍ਹਾਂ ਦਾ ਸਿਆਸਤ ਵਿਚ ਕੋਈ ਵੱਡਾ ਪ੍ਰਭਾਵ ਨਹੀਂ ਰਿਹਾ। ਆਮ ਤੌਰ ਉਤੇ ਉਹ ਸਿਆਸੀ ਪਾਰਟੀਆਂ ਵਿਚ ਸਹੀ ਤਰ੍ਹਾਂ ਫਿੱਟ ਨਹੀਂ ਹੋ ਸਕੇ। ਇਸ ਦੀ ਮਿਸਾਲ ਨਵਜੋਤ ਸਿੰਘ ਸਿੱਧੂ ਤੇ ਪਰਗਟ ਸਿੰਘ ਦੀ ਵੇਖੀ ਜਾ ਸਕਦੀ ਹੈ। ਹੁਣ ਵੇਖਣਾ ਹੋਵੇਗਾ ਕਿ 'ਆਪ' ਇਨ੍ਹਾਂ ਸਿਤਾਰਿਆਂ ਨੂੰ ਕਿਵੇਂ ਸੰਭਾਲ ਪਾਉਂਦੀ ਹੈ।




ਪੰਜਾਬ ਵਿਚ ਪ੍ਰਭਾਵ ਬਣ ਰਿਹਾ ਹੈ ਕਿ ਹੁਣ 'ਆਪ' ਨੂੰ ਖਿਡਾਰੀ ਹੀ ਚਲਾਉਣਗੇ। ਨਵੀਂ ਪਾਰਟੀ ਹੋਣ ਕਰ ਕੇ 'ਆਪ' ਕੋਲ ਵੱਡੇ ਚਿਹਰਿਆਂ ਦੀ ਘਾਟ ਸੀ। ਉਹ ਇਹ ਕਮੀ ਫਿਲਮੀ ਅਦਾਕਾਰਾਂ, ਗਾਇਕਾਂ, ਪੱਤਰਕਾਰਾਂ ਤੇ ਖਿਡਾਰੀਆਂ ਨੂੰ ਸ਼ਾਮਲ ਕਰ ਕੇ ਪੂਰੀ ਕਰ ਰਹੀ ਹੈ। ਪ੍ਰਸਿੱਧ ਚਿਹਰਿਆਂ ਦਾ 'ਆਪ' ਨਾਲ ਜੁੜਨਾ ਵੱਡੀ ਗੱਲ ਹੈ। ਇਸ ਨਾਲ ਆਮ ਆਦਮੀ ਵੀ ਇਸ ਨਵੀਂ ਪਾਰਟੀ ਬਾਰੇ ਸੋਚਣਾ ਸ਼ੁਰੂ ਕਰ ਦਿੰਦਾ ਹੈ। ਉਂਜ ਵੀ ਇਨ੍ਹਾਂ ਸਿਤਾਰਿਆਂ ਕੋਲ ਆਪਣੇ-ਆਪਣੇ ਪ੍ਰਸ਼ੰਸਕਾਂ ਦਾ ਦਾਇਰਾ ਹੁੰਦਾ ਹੈ। ਇਨ੍ਹਾਂ ਦੇ ਫੈਸਲੇ ਦਾ ਅਸਰ ਉਨ੍ਹਾਂ 'ਤੇ ਵੀ ਪੈਂਦਾ ਹੈ। ਇਸ ਲਈ ਇਸ ਨੂੰ 'ਆਪ' ਲਈ ਸ਼ੁਭ ਸ਼ਗਨ ਹੀ ਮੰਨਿਆ ਜਾ ਰਿਹਾ ਹੈ। ਆਮ ਆਦਮੀ ਪਾਰਟੀ ਨੇ ਸਿਆਸਤ ਤੋਂ ਦੂਰ ਰਹਿੰਦੇ ਇਨ੍ਹਾਂ ਵਰਗਾਂ ਨੂੰ ਹਥਿਆਰ ਬਣਾਉਣ ਦੀ ਰਣਨੀਤੀ ਘੜੀ ਹੈ।


ਇਸ ਲਈ ਇਨ੍ਹਾਂ ਵਰਗਾਂ ਦੇ ਵੱਖਰੇ ਵਿੰਗ ਬਣਾ ਦਿੱਤੇ ਹਨ। ਪ੍ਰਸਿੱਧ ਗੀਤਕਾਰ ਬਚਨ ਬੇਦਿਲ ਨੂੰ ਪਾਰਟੀ ਦੇ ਪ੍ਰਦੇਸ਼ ਕਲਚਰਲ ਵਿੰਗ ਦਾ ਪ੍ਰਧਾਨ ਤੇ ਬਲਜੀਤ ਸਾਗਰ, ਗੁਰਚੇਤ ਚਿੱਤਰਕਾਰ, ਅਰਸ਼ਦ ਡੌਲੀ ਤੇ ਇਕਬਾਲ ਕਪੂਰਥਲਾ ਨੂੰ ਮੈਂਬਰ ਬਣਾਇਆ ਹੈ। ਇਸੇ ਤਰ੍ਹਾਂ ਵਿਸ਼ਵ ਪ੍ਰਸਿੱਧ ਖਿਡਾਰੀ ਤੇ ਸਾਬਕਾ ਪੁਲਿਸ ਅਧਿਕਾਰੀ ਸੱਜਣ ਸਿੰਘ ਚੀਮਾ ਨੂੰ ਖੇਡ ਵਿੰਗ ਪੰਜਾਬ ਦਾ ਪ੍ਰਧਾਨ ਤੇ ਕਰਤਾਰ ਸਿੰਘ ਪਹਿਲਵਾਨ, ਜਗਦੀਪ ਸਿੰਘ ਗਿੱਲ, ਹਰਦੀਪ ਸਿੰਘ, ਹਰਭਜਨ ਸਿੰਘ, ਦਲਜੀਤ ਸਿੰਘ, ਮੱਖਣ ਸਿੰਘ ਧਾਲੀਵਾਲ, ਸਤਵੰਤ ਸਿੰਘ ਪੱਡਾ ਤੇ ਅਜੈਪਾਲ ਸਿੰਘ ਨੂੰ ਮੈਂਬਰ ਨਿਯੁਕਤ ਕੀਤਾ ਗਿਆ ਹੈ। 'ਆਪ' ਦੇ ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਹੁਣ ਤੱਕ ਸਿਆਸਤ ਤੋਂ ਦੂਰ ਰਹਿੰਦੇ ਵਰਗਾਂ ਦਾ ਅਹਿਮ ਹਿੱਸਾ ਹੋਵੇਗਾ। ਇਸ ਲਈ 'ਆਪ' ਨੇ ਵੱਖ-ਵੱਖ ਵਿੰਗ ਬਣਾ ਕੇ ਹਰ ਵਰਗ ਨੂੰ ਸਰਗਮ ਸਿਆਸਤ ਨਾਲ ਜੋੜਨ ਦੀ ਰਣਨੀਤੀ ਘੜੀ ਹੈ। 'ਆਪ' ਨੂੰ ਆਸ ਹੈ ਕਿ ਇਸ ਦੇ ਹੈਰਾਨ ਕਰ ਦੇਣ ਵਾਲੇ ਨਤੀਜੇ ਆਉਣਗੇ।

# ਮਿਸਾਲੀ ਮੁੱਕੇਬਾਜ਼ ਮੁਹੰਮਦ ਅਲੀ ਦੀ ਆਖਰੀ ਅਲਵਿਦਾ

***ਸੰਸਾਰ ਦਾ ਮਹਾਨ ਮੁੱਕੇਬਾਜ਼ ਮੁਹੰਮਦ ਅਲੀ ਐਰੀਜ਼ੋਨਾ ਵਿਚ ਫੀਨਿਕਸ ਦੇ ਇਕ ਹਸਪਤਾਲ ਵਿਚ ਚੱਲ ਵੱਸਿਆ। 74 ਸਾਲਾਂ ਨੂੰ ਢੁੱਕਿਆ ਅਲੀ ਪਿਛਲੇ 32 ਸਾਲ ਤੋਂ ਪਾਰਕਿਨਸਨ ਦੀ ਬਿਮਾਰੀ ਤੋਂ ਪੀੜਤ ਸੀ। ਹੈਵੀਵੇਟ ਵਰਗ ਵਿਚ ਤਿੰਨ ਵਾਰ ਦੇ ਸੰਸਾਰ ਚੈਂਪੀਅਨ ਇਸ ਮੁੱਕੇਬਾਜ਼ ਨੇ ਤਿੰਨ ਦਹਾਕਿਆਂ ਤੱਕ ਆਪਣੀ ਖੇਡ ਨਾਲ ਲੋਕਾਂ ਨੂੰ ਰੋਮਾਂਚਿਤ ਕੀਤਾ ਤੇ ਸੁਰਖੀਆਂ ਬਟੋਰੀਆਂ। ਅਲੀ ਨੂੰ ਸਾਹ ਲੈਣ ਵਿਚ ਤਕਲੀਫ ਕਰ ਕੇ ਇਸੇ ਹਫਤੇ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ। ਆਪਣੇ ਆਖਰੀ ਦਿਨਾਂ ਵਿਚ ਇਹ ਮਹਾਨ ਮੁੱਕੇਬਾਜ਼ ਕਾਫੀ ਕਮਜ਼ੋਰ ਹੋ ਗਿਆ ਸੀ।***

**ਨਿਊ ਯਾਰਕ:** ਹੈਵੀਵੇਟ ਚੈਂਪੀਅਨ ਮੁਹੰਮਦ ਅਲੀ ਨੇ ਆਪਣੇ ਕੰਮ ਨਾਲ ਵਿਸ਼ਵ ਨੂੰ ਰੋਮਾਂਚਿਤ ਕਰਨ ਦਾ ਵਾਅਦਾ ਕੀਤਾ ਸੀ ਤੇ ਇਸ ਵਾਅਦੇ ਨੂੰ ਪੁਗਾਉਣ ਵਿਚ ਉਹ ਕਾਫੀ ਹੱਦ ਤੱਕ ਸਫਲ ਵੀ ਰਿਹਾ। ਮਧਰੇ ਕੱਦ ਵਾਲੇ ਅਲੀ ਨੇ ਕਈ ਇਤਿਹਾਸਕ ਮੁਕਾਬਲਿਆਂ ਵਿਚ ਹੈਵੀਵੇਟ ਚੈਂਪੀਅਨਸ਼ਿਪ ਜਿੱਤੀ ਤੇ ਮਗਰੋਂ ਖਿਤਾਬ ਦਾ ਬਚਾਅ ਵੀ ਕੀਤਾ।

ਉਸ ਨੇ ਸਿਆਹਫਾਮ ਲੋਕਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕੀਤੀ ਤੇ ਇਸਲਾਮ ਵਿਚ ਭਰੋਸਾ ਹੋਣ ਕਰ ਕੇ ਵੀਅਤਨਾਮ ਜੰਗ ਵੇਲੇ ਫ਼ੌਜ ਵਿਚ ਭਰਤੀ ਹੋਣ ਤੋਂ ਇਨਕਾਰ ਕਰ ਦਿੱਤਾ। 17 ਜਨਵਰੀ 1942 ਨੂੰ ਪੈਦਾ ਹੋਏ ਅਲੀ ਨੇ 12 ਸਾਲ ਦੀ ਉਮਰ ਵਿਚ ਮੁੱਕੇਬਾਜ਼ੀ ਸ਼ੁਰੂ ਕਰ ਦਿੱਤੀ ਸੀ। ਕਿਸੇ ਨੇ ਉਸ ਦੀ ਨਵੀਂ ਸਾਈਕਲ ਚੋਰੀ ਕਰ ਲਈ ਤੇ ਅਲੀ ਨੇ ਪੁਲਿਸ ਅਧਿਕਾਰੀ ਮਾਰਟਿਨ ਜੋਅ ਅੱਗੇ ਚੋਰੀ ਕਰਨ ਵਾਲੇ ਦੇ ਹੱਡ ਆਪਣੇ ਘਸੁੰਨਾਂ ਨਾਲ ਸਿੱਧੇ ਕਰਨ ਦੀ ਕਸਮ ਖਾਧੀ ਸੀ। ਮਗਰੋਂ ਜੋਅ ਨੇ ਉਸ ਨੂੰ ਸਿਖਲਾਈ ਦੇਣੀ ਸ਼ੁਰੂ ਕੀਤੀ ਤੇ ਉਸ ਦੇ ਛੇ ਸਾਲ ਦੇ ਐਮੇਚਿਉਰ ਕਰੀਅਰ ਦੀ ਸ਼ੁਰੂਆਤ ਹੋਈ ਜਿਸ ਦਾ ਅੰਤ 1960 ਵਿਚ ਹੈਵੀਵੇਟ ਉਲੰਪਿਕ ਸੋਨ ਤਗਮੇ ਨਾਲ ਹੋਇਆ। ਅਲੀ ਨੇ ਨਸਲੀ ਵਿਤਕਰੇ ਖਿਲਾਫ਼ ਵੀ ਆਵਾਜ਼ ਚੁੱਕੀ ਤੇ ਆਪਣੀ ਆਤਮਕਥਾ 'ਦਿ ਗ੍ਰੇਟੈਸਟ' ਵਿਚ ਇਸ ਦਾ ਜ਼ਿਕਰ ਵੀ ਕੀਤਾ। ਅਲੀ ਦਾ ਅਸਲ ਨਾਂ ਕੈਸੀਅਸ ਮਾਰਸੇਲਸ ਕਲੇਅ ਸੀ, ਪਰ 1964 ਵਿਚ ਲਿਸਟਨ ਨੂੰ ਹਰਾ ਕੇ ਹੈਵੀਵੇਟ ਖਿਤਾਬ ਜਿੱਤਣ ਮਗਰੋਂ ਇਹ ਐਲਾਨ ਕਰ ਕੇ ਸਭ ਨੂੰ ਹੈਰਾਨੀ ਵਿਚ ਪਾ ਦਿੱਤਾ ਕਿ ਉਹ ਸਿਆਹਫਾਮ 'ਨੇਸ਼ਨ ਆਫ ਇਸਲਾਮ' ਫਿਰਕੇ ਦਾ ਮੈਂਬਰ ਹੈ। ਮਗਰੋਂ ਉਸ ਨੇ ਆਪਣਾ ਨਾਂ ਬਦਲ ਕੇ ਮੁਹੰਮਦ ਅਲੀ ਰੱਖ ਲਿਆ। ਅਲੀ ਨੇ ਕੁਲ ਚਾਰ ਵਿਆਹ ਕਰਾਏ ਸਨ। ਉਸ ਦੇ ਸੱਤ ਕੁੜੀਆਂ ਅਤੇ ਦੋ ਲੜਕੇ ਹੋਏ। ਉਸ ਦੀ ਇਕ ਕੁੜੀ ਲੈਲਾ ਵੀ ਮੁੱਕੇਬਾਜ਼ ਹੈ।




## ਮੁਹੰਮਦ ਅਲੀ ਦਾ ਬਚਪਨ ਵਾਲਾ ਘਰ ਵੇਚਣ ਦੀ ਤਿਆਰੀ

**ਲੰਡਨ:** ਮੁੱਕੇਬਾਜ਼ੀ ਦੇ ਵਿਸ਼ਵ ਪ੍ਰਸਿੱਧ ਹੀਰੋ ਮੁਹੰਮਦ ਅਲੀ ਦੇ ਬਚਪਨ ਵਾਲੇ ਘਰ ਨੂੰ ਉਸ ਦੇ ਮਾਲਕ ਨੇ ਨਿਲਾਮੀ ਲਈ ਰੱਖਿਆ ਹੈ। ਇਹ ਘਰ ਕੈਂਟਕੀ ਵਿਚ ਹੈ ਤੇ ਮਾਲਕ ਨੇ ਇਸ ਦੀ ਕੀਮਤ 50,000 ਅਮਰੀਕੀ ਡਾਲਰ ਰੱਖੀ ਹੈ। ਅੱਜ-ਕੱਲ੍ਹ ਇਸ ਘਰ ਦੀ ਹਾਲਤ ਖਸਤਾ ਹੈ।

ਡੇਅਲੀ ਮੇਲ ਦੀ ਰਿਪੋਰਟ ਅਨੁਸਾਰ ਘਰ ਦੇ ਮਾਲਕ ਸਟੀਵ ਸਟੀਫਨਸਨ ਨੇ ਦੱਸਿਆ ਕਿ ਇਸ ਛੋਟੇ ਵਾਈਟਹਾਊਸ ਜਿਸ ਦੇ ਫਰੰਟ 'ਤੇ ਉਪਰਲੀ ਛੱਤ ਉਤੇ ਵਰਾਂਡਾ ਹੈ, ਦੀ ਕੀਮਤ 50,000 ਡਾਲਰ ਰੱਖੀ ਹੈ। ਮੁਹੰਮਦ ਅਲੀ ਇਥੇ ਆਪਣੇ ਮਾਂ-ਪਿਉ ਤੇ ਭਰਾਵਾਂ ਨਾਲ ਰਹਿੰਦਾ ਰਿਹਾ ਸੀ ਤੇ ਬਚਪਨ ਵਿਚ ਉਹ ਇਥੇ ਹੀ ਸਕੂਲ ਪੜ੍ਹਨ ਜਾਂਦਾ ਸੀ। ਇਸ ਘਰ ਦੇ ਆਲੇ-ਦੁਆਲੇ ਵਧੇਰੇ ਕਰ ਕੇ ਕਾਲੇ ਲੋਕਾਂ ਦੀ ਵਸੋਂ ਹੈ। ਇਸ ਇਤਿਹਾਸਕ ਘਰ ਦੇ ਅੱਗੇ ਸਰਕਾਰੀ ਚਿੰਨ੍ਹ ਲੱਗਾ ਹੋਇਆ ਹੈ ਜਿਸ ਤੋਂ ਪੁਸ਼ਟੀ ਹੁੰਦੀ ਹੈ ਕਿ ਮੁਹੰਮਦ ਅਲੀ ਆਪਣੇ ਬਚਪਨ ਵਿਚ ਇਥੇ ਰਹਿੰਦਾ ਰਿਹਾ ਸੀ। ਲੂਸੀਵਿਲੇ ਦੇ ਮੇਅਰ ਗਰੈਗ ਫਿਸ਼ਰ ਨੇ ਕਿਹਾ ਕਿ ਸ਼ਹਿਰ ਚਾਹੁੰਦਾ ਹੈ ਕਿ ਇਸ ਇਤਿਹਾਸਕ ਘਰ ਨੂੰ ਸਾਂਭਿਆ ਜਾਵੇ, ਜਿਥੇ ਬਚਪਨ ਵਿਚ ਦੁਨੀਆਂ ਦਾ ਪ੍ਰਸਿੱਧ ਮੁੱਕੇਬਾਜ਼ ਰਹਿੰਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਘਰ ਉਭਰਦੇ ਖਿਡਾਰੀਆਂ ਨੂੰ ਪ੍ਰੇਰਨਾ ਦਿੰਦਾ ਹੈ ਕਿ ਜੇ ਇਹ ਨੌਜਵਾਨ ਅਜਿਹਾ ਕਰ ਸਕਦਾ ਹੈ, ਫਿਰ ਉਹ ਕਿਉਂ ਨਹੀਂ ਕਰ ਸਕਦੇ।

## ਜਦੋਂ ਅਲੀ ਦੀ ਫੁਰਤੀ ਦਾ ਕਾਇਲ ਹੋਇਆ ਕੌਰ ਸਿੰਘ

**ਚੰਡੀਗੜ੍ਹ:** ਲੀਜੈਂਡ ਮੁਹੰਮਦ ਅਲੀ ਆਪਣੀ ਜ਼ਿੰਦਗੀ ਦੌਰਾਨ ਸਿਰਫ ਇਕ ਵਾਰ ਭਾਰਤ ਆਇਆ ਹੈ। 1980 ਵਿਚ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਜ਼ੋਰ ਪਾਉਣ ਉਤੇ ਉਸ ਨੇ ਭਾਰਤ ਆਉਣ ਦੀ ਹਾਮੀ ਭਰੀ ਸੀ। ਨਵੀਂ ਦਿੱਲੀ ਦੇ ਨੈਸ਼ਨਲ ਸਟੇਡੀਅਮ ਵਿਚ ਇਸ ਸੰਖੇਪ ਫੇਰੀ ਦੌਰਾਨ ਅਲੀ ਨੇ ਭਾਰਤੀ ਮੁੱਕੇਬਾਜ਼ਾਂ ਨਾਲ ਕੁਝ ਨੁਮਾਇਸ਼ੀ ਮੁਕਾਬਲੇ ਵੀ ਖੇਡੇ। ਇਨ੍ਹਾਂ ਮੁੱਕੇਬਾਜ਼ਾਂ ਵਿਚ ਹੈਵੀਵੇਟ ਵਰਗ ਵਿਚ ਕੌਰ ਸਿੰਘ ਵੀ ਸ਼ਾਮਲ ਸੀ। ਇਸ ਮੁਕਾਬਲੇ ਤੋਂ ਬਾਅਦ ਕੌਰ ਨੇ ਏਸ਼ੀਅਨ ਚੈਂਪੀਅਨਸ਼ਿਪ ਤੇ ਏਸ਼ਿਆਈ ਖੇਡਾਂ (1982) ਵਿਚ ਮੁਲਕ ਲਈ ਸੋਨ ਤਗਮਾ ਜਿੱਤਿਆ ਸੀ। 60 ਨੂੰ ਢੁੱਕਿਆ ਕੌਰ ਸਿੰਘ ਅੱਜ-ਕੱਲ੍ਹ ਸੰਗਰੂਰ ਦੇ ਪਿੰਡ ਖਨਾਰ ਖੁਰਦ ਵਿਚ ਰਹਿ ਰਿਹਾ ਹੈ ਤੇ ਅਲੀ ਨਾਲ ਖੇਡੇ ਨੁਮਾਇਸ਼ੀ ਮੁਕਾਬਲੇ ਦੀਆਂ ਕੁਝ ਧੁੰਦਲੀਆਂ ਯਾਦਾਂ ਅੱਜ ਵੀ ਉਸ ਦੇ ਜ਼ਹਿਨ ਵਿਚ ਤਾਜ਼ਾ ਹਨ। ਕੌਰ ਨੇ ਕਿਹਾ, 'ਮੈਨੂੰ ਅਲੀ ਨਾਲ ਮੁਕਾਬਲੇ ਬਾਰੇ ਤਾਂ ਕੋਈ ਬਹੁਤਾ ਕੁਝ ਯਾਦ ਨਹੀਂ, ਪਰ ਇੰਨੀ ਕੁ ਸੁਰਤ ਜ਼ਰੂਰ ਹੈ ਕਿ ਮੇਰੇ 6 ਫੁੱਟ 3 ਇੰਚ ਕੱਦ ਦੇ ਬਾਵਜੂਦ ਮੈਂ ਅਮਰੀਕੀ ਮੁੱਕੇਬਾਜ਼ ਦੇ ਨੇੜੇ ਤੇੜੇ ਵੀ ਨਹੀਂ ਖੜ੍ਹ ਸਕਿਆ। ਉਹ ਮੇਰੇ ਨਾਲੋਂ ਕਿਤੇ ਮਧਰਾ ਸੀ, ਪਰ ਉਸ ਦੀ ਰਿੰਗ ਅੰਦਰਲੀ ਖੇਡਣ ਦੀ ਕਲਾ ਤੇ ਫੁਰਤੀ ਮੇਰੇ ਤੋਂ ਕਿਤੇ ਬਿਹਤਰ ਸੀ।' ਅਲੀ ਦੀ ਇਸ ਫੇਰੀ ਦੌਰਾਨ ਜਿਨ੍ਹਾਂ ਦੋ ਹੋਰ ਭਾਰਤੀ ਮੁੱਕੇਬਾਜ਼ਾਂ ਨੇ ਉਸ ਨਾਲ ਦੋ-ਦੋ ਹੱਥ ਕੀਤੇ, ਉਨ੍ਹਾਂ ਵਿਚ ਹੈਵੀਵੇਟ ਮਲੂਕ ਸਿੰਘ ਤੇ ਬ੍ਰਿਜ ਮੋਹਨ ਸ਼ਾਮਲ ਸਨ।



## ਮਹਾਨ ਸੀ ਮੁਹੰਮਦ ਅਲੀ: ਬਰਾਕ ਓਬਾਮਾ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਤੇ ਉਨ੍ਹਾਂ ਦੀ ਪਤਨੀ ਮਿਸ਼ੇਲ ਨੇ ਮੁਹੰਮਦ ਅਲੀ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਉਹ ਮਹਾਨ ਸੀ ਤੇ ਅਜਿਹਾ ਚੈਂਪੀਅਨ ਸੀ, ਜੋ ਹਮੇਸ਼ਾ ਸੱਚ ਲਈ ਲੜਿਆ।

ਅਮਰੀਕਾ ਦੇ ਪ੍ਰਥਮ ਜੋੜੇ ਨੇ ਕਿਹਾ, 'ਮੁਹੰਮਦ ਅਲੀ ਨੇ ਦੁਨੀਆਂ ਹਿਲਾ ਦਿੱਤੀ ਸੀ ਤੇ ਇਸ ਨੂੰ ਬਿਹਤਰ ਬਣਾਇਆ।' ਓਬਾਮਾ ਨੇ ਕਿਹਾ ਕਿ ਉਨ੍ਹਾਂ ਆਪਣੀ ਨਿੱਜੀ ਸਟੱਡੀ ਵਿਚ ਅਲੀ ਦੀ ਫੋਟੋ ਦੇ ਹੇਠਾਂ ਉਸ ਦੇ ਮੁੱਕੇਬਾਜ਼ੀ ਗਲੱਵਜ਼ ਦਾ ਉਹ ਜੋੜਾ ਰੱਖਿਆ ਹੈ, ਜੋ ਇਸ ਮੁੱਕੇਬਾਜ਼ ਨੇ 22 ਸਾਲ ਦੀ ਉਮਰ ਵਿਚ ਸੋਨੀ ਲਿਸਟਰ ਨੂੰ ਹਰਾਉਣ ਮੌਕੇ ਪਾਇਆ ਸੀ।

# ਕੇਂਦਰ ਨੇ ਪੰਜਾਬ ਦਾ ਬਕਾਇਆ ਮੋੜਨ 'ਚ ਹੱਥ ਘੁੱਟਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਨੂੰ ਕਣਕ ਦੀ ਫਸਲ ਉਤੇ ਬਣਦੇ ਵੱਖ-ਵੱਖ ਟੈਕਸਾਂ ਦੀ ਕੋਈ 1600 ਕਰੋੜ ਰੁਪਏ ਦੀ ਰਾਸ਼ੀ ਹੁਣ ਤੱਕ ਨਾ ਮਿਲਣ ਕਾਰਨ ਸੂਬੇ ਦਾ ਵਿੱਤ ਵਿਭਾਗ ਸੰਕਟ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ, ਕਿਉਂਕਿ ਰਾਜ ਦੀ ਵਿੱਤੀ ਵਿਉਂਤਬੰਦੀ ਅਨੁਸਾਰ ਉਕਤ ਟੈਕਸ ਰਾਸ਼ੀ ਮਈ ਮਹੀਨੇ ਦੌਰਾਨ ਮਿਲਣੀ ਦਰਸਾਈ ਗਈ ਸੀ। ਰਾਜ ਵਿਚ ਕਣਕ ਦੀ ਖਰੀਦ ਕਰਨ ਵਾਲੀਆਂ ਸਰਕਾਰੀ ਏਜੰਸੀਆਂ ਵੱਲੋਂ ਹੁਣ ਤੱਕ ਇਹ ਟੈਕਸ ਸਰਕਾਰ ਨੂੰ ਉਨ੍ਹਾਂ ਵੱਲੋਂ ਬੈਂਕਾਂ ਰਾਹੀਂ ਮਿਲਣ ਵਾਲੀ ਕੈਸ਼ ਕ੍ਰੈਡਿਟ ਲਿਮਟ ਵਿਚੋਂ ਜਮ੍ਹਾਂ ਕਰਵਾ ਦਿੱਤਾ ਜਾਂਦਾ ਸੀ, ਪਰ ਕੇਂਦਰ ਸਰਕਾਰ ਵੱਲੋਂ ਇਸ ਸਾਲ ਅਚਾਨਕ ਸੂਬੇ ਨੂੰ ਉਕਤ ਟੈਕਸ ਦੀ ਅਦਾਇਗੀ ਲਈ ਬੈਂਕ ਕਰਜ਼ਾ ਰਾਸ਼ੀ ਦੀ ਵਰਤੋਂ 'ਤੇ ਰੋਕ ਲਗਾ ਦਿੱਤੀ ਗਈ।

ਸੂਬਾ ਸਰਕਾਰ ਵੱਲੋਂ ਕਣਕ 'ਤੇ ਪੰਜ ਫੀਸਦੀ ਖਰੀਦ ਟੈਕਸ, ਤਿੰਨ ਪ੍ਰਤੀਸ਼ਤ ਮੁੱਢਲਾ ਢਾਂਚਾ ਵਿਕਾਸ ਟੈਕਸ ਅਤੇ 6.5 ਪ੍ਰਤੀਸ਼ਤ ਮੰਡੀ ਤੇ ਦਿਹਾਤੀ ਵਿਕਾਸ ਟੈਕਸ ਲਗਾਇਆ ਹੋਇਆ ਹੈ। ਇਸ ਵਿਚੋਂ ਖਰੀਦ ਟੈਕਸ ਸਿੱਧਾ ਖਜ਼ਾਨੇ ਵਿਚ ਜਾਂਦਾ ਹੈ ਜੋ ਕਿ ਇਸ ਸਾਲ ਕੋਈ 550 ਕਰੋੜ ਰੁਪਏ ਦੇ ਕਰੀਬ ਬਣਦਾ ਹੈ, ਜਦੋਂਕਿ ਮੰਡੀ ਟੈਕਸ ਕੋਈ 750 ਕਰੋੜ ਮੰਡੀ ਬੋਰਡ ਤੇ ਦਿਹਾਤੀ ਵਿਕਾਸ ਬੋਰਡ ਨੂੰ ਅਤੇ ਮੁੱਢਲਾ ਢਾਂਚਾ ਵਿਕਾਸ ਬੋਰਡ ਨੂੰ ਮਿਲਣਾ ਹੈ, ਜੋ ਕਿ ਕੋਈ 350 ਕਰੋੜ ਰੁਪਏ ਹੈ, ਪਰ ਰਾਜ ਸਰਕਾਰ ਵੱਲੋਂ ਉਕਤ ਦੋਵਾਂ ਬੋਰਡਾਂ ਦੀ ਸੰਭਾਵਤ ਆਮਦਨ ਦੇ ਅਧਾਰ 'ਤੇ ਪਹਿਲਾਂ ਹੀ ਬੈਂਕਾਂ ਤੋਂ ਵਿਕਾਸ ਕਾਰਜਾਂ ਲਈ ਕਰਜ਼ੇ ਲਏ ਹੋਏ ਹਨ। ਰਾਜ ਸਰਕਾਰ ਨੂੰ ਇਹ 1600 ਕਰੋੜ ਰੁਪਏ ਦੇ ਟੈਕਸ ਨਿਰਧਾਰਤ ਸਮੇਂ ਮਈ ਦੇ ਅਖੀਰ ਤੱਕ ਨਾ ਮਿਲਣ ਕਾਰਨ ਰਾਜ ਦਾ ਵਿੱਤੀ ਪ੍ਰਬੰਧ ਇਕ ਤਰ੍ਹਾਂ ਨਾਲ ਲੜਖੜਾ ਗਿਆ ਹੈ, ਹਾਲਾਂਕਿ ਕੇਂਦਰੀ ਟੈਕਸਾਂ ਵਿਚੋਂ ਮਿਲਣ ਵਾਲੇ ਹਿੱਸੇ ਦੀ ਜੂਨ ਦੀ 625 ਕਰੋੜ ਦੀ ਕਿਸ਼ਤ ਅਤੇ ਕਰਜ਼ਿਆਂ 'ਤੇ ਦੂਜੇ ਉਪਬੰਦਾਂ ਰਾਹੀਂ ਮਿਲੇ 650 ਕਰੋੜ ਦੀ



ਰਾਸ਼ੀ ਨਾਲ ਰਾਜ ਸਰਕਾਰ ਤਨਖਾਹਾਂ ਆਦਿ ਦੀ ਅਦਾਇਗੀ ਤਾਂ ਕਰ ਰਹੀ ਹੈ, ਪਰ ਵੱਡੇ ਪੱਧਰ 'ਤੇ ਚੱਲ ਰਹੇ ਵਿਕਾਸ ਕਾਰਜਾਂ ਲਈ ਅਦਾਇਗੀਆਂ ਮੁਸ਼ਕਲ ਹੋ ਜਾਣਗੀਆਂ।

ਪ੍ਰਾਪਤ ਜਾਣਕਾਰੀ ਅਨੁਸਾਰ ਰਾਜ ਦੇ ਖਜ਼ਾਨਿਆਂ ਵਿਚ ਇਸ ਵੇਲੇ 400 ਕਰੋੜ ਤੋਂ ਵੱਧ ਦੇ ਬਿੱਲ ਅਦਾਇਗੀਆਂ ਲਈ ਪਏ ਹੋਏ ਹਨ ਪਰ ਰਾਜ ਸਰਕਾਰ ਵੱਲੋਂ ਸਿਰਫ ਤਨਖਾਹਾਂ ਦੀ ਅਦਾਇਗੀ ਨੂੰ ਹੀ ਤਰਜੀਹ ਦਿੱਤੀ ਜਾ ਰਹੀ ਹੈ। ਰਾਜ ਸਰਕਾਰ ਵੱਲੋਂ ਵੱਖ-ਵੱਖ ਬੋਰਡਾਂ, ਕਾਰਪੋਰੇਸ਼ਨਾਂ, ਰਾਹੀਂ ਅਤੇ ਦੂਜੇ ਉਪਬੰਦਾਂ ਨਾਲ ਪ੍ਰਾਪਤ ਕੀਤੇ ਗਏ ਕਰਜ਼ਿਆਂ ਦੀ ਮਦਦ ਨਾਲ ਕੋਈ 6000 ਕਰੋੜ ਦੇ ਵਿਕਾਸ ਕਾਰਜ ਆਉਂਦੀਆਂ ਆਮ ਚੋਣਾਂ ਤੋਂ ਪਹਿਲਾਂ ਪੂਰੇ ਕਰਨ ਲਈ ਸਿਰਤੋੜ ਕੋਸ਼ਿਸ਼ਾਂ ਜਾਰੀ ਹਨ, ਪਰ ਕੇਂਦਰ ਸਰਕਾਰ ਵੱਲੋਂ ਫਸਲਾਂ 'ਤੇ ਟੈਕਸ ਰਾਜ ਸਰਕਾਰ ਨੂੰ ਸਿੱਧੇ ਦੇਣ ਦੇ ਫੈਸਲੇ ਅਤੇ ਰਾਜ ਸਰਕਾਰ ਵੱਲੋਂ ਖੁਦ ਇਸ ਲਈ ਦਿੱਤੀ ਰਜ਼ਾਮੰਦੀ ਕਾਰਨ ਰਾਜ ਦਾ ਸਮੁੱਚਾ ਵਿੱਤੀ ਪ੍ਰਬੰਧ ਵੱਡੇ ਵਿੱਤੀ ਸੰਕਟ ਵਿਚ ਆ ਗਿਆ ਹੈ। ਸੂਚਨਾ ਅਨੁਸਾਰ ਰਾਜ ਸਰਕਾਰ ਵੱਲੋਂ ਕੇਂਦਰੀ ਵਿੱਤ ਮੰਤਰਾਲੇ ਨਾਲ ਵੀ ਇਹ ਮਾਮਲਾ ਲਗਾਤਾਰ ਉਠਾਇਆ ਜਾ ਰਿਹਾ ਹੈ ਕਿ ਰਾਜ ਦੀ ਮੌਜੂਦਾ ਵਿੱਤੀ ਸਥਿਤੀ ਨੂੰ ਮੁੱਖ ਰੱਖ ਕੇ ਟੈਕਸਾਂ ਦੀ ਉਕਤ ਰਾਸ਼ੀ ਤੁਰਤ ਜਾਰੀ ਕੀਤੀ ਜਾਵੇ।

# ਟਿਊਬਵੈਲ ਕੁਨੈਕਸ਼ਨਾਂ ਵਿਚ ਕਾਣੀ ਵੰਡ ਬੇਪਰਦ

**ਬਠਿੰਡਾ:** ਬਾਦਲਾਂ ਦੇ ਹਲਕੇ ਵਿਚ ਟਿਊਬਵੈੱਲ ਕੁਨੈਕਸ਼ਨ ਘਪਲਾ ਹੋ ਗਿਆ ਹੈ, ਜਿਸ ਦੀ ਪੜਤਾਲ ਦੇ ਹੁਕਮ ਜਾਰੀ ਹੋਏ ਹਨ। ਵੱਧ ਜ਼ਮੀਨਾਂ ਵਾਲੇ ਜੋੜ ਤੋੜ ਲਾ ਕੇ ਢਾਈ/ਪੰਜ ਏਕੜ ਸ਼੍ਰੇਣੀ ਵਾਲੇ ਟਿਊਬਵੈੱਲ ਕੁਨੈਕਸ਼ਨ ਲੈ ਗਏ ਹਨ। ਝੋਨੇ ਦੀ ਲੁਆਈ ਨੇੜੇ ਹੋਣ ਕਰ ਕੇ ਕੁਨੈਕਸ਼ਨਾਂ ਲਈ ਮਾਰੋ ਮਾਰੀ ਹੋ ਰਹੀ ਹੈ। ਬੁਢਲਾਡਾ ਦੇ ਪੁਰਾਣੇ ਐਕਸੀਅਨ ਤੇ ਹੇਠਲੇ ਅਫਸਰਾਂ ਵਿਚ ਆਪਸੀ ਖਿੱਚੋਤਾਣ ਨੇ ਇਹ ਘਪਲਾ ਬੇਪਰਦ ਕੀਤਾ ਹੈ। ਦੋਵਾਂ ਜ਼ਿਲ੍ਹਿਆਂ ਵਿਚ ਤਕਰੀਬਨ 20 ਹਜ਼ਾਰ ਕੁਨੈਕਸ਼ਨ ਜਾਰੀ ਕੀਤੇ ਗਏ ਹਨ।

ਜਾਣਕਾਰੀ ਅਨੁਸਾਰ ਐਸ.ਡੀ.ਓ. ਭੀਖੀ ਵੱਲੋਂ ਉੱਚ ਅਫਸਰਾਂ ਨੂੰ 25 ਮਈ ਨੂੰ ਭੇਜੀ ਪੜਤਾਲ ਰਿਪੋਰਟ ਅਨੁਸਾਰ ਬਰੇਟਾ ਉਪ ਮੰਡਲ ਵਿਚ 179 ਖਪਤਕਾਰਾਂ ਨੂੰ ਕੁਨੈਕਸ਼ਨ ਦੇਣ ਵਿਚ ਘਾਲਾ-ਮਾਲਾ ਹੋਇਆ ਹੈ। ਡਾਇਰੀ ਰਜਿਸਟਰ ਵਿਚ ਛੇੜ ਛਾੜ ਕੀਤੀ ਗਈ ਅਤੇ ਪੜਤਾਲ ਵਿਚ 179 ਡਿਮਾਂਡ ਨੋਟਿਸ ਡਬਲ ਪਾਏ ਗਏ। ਪਾਵਰਕੌਮ ਨੂੰ ਆਪਣੀ ਢਾਈ/ਪੰਜ ਏਕੜ ਵਾਲੀ ਆਪਸ਼ਨ ਦੇਣ ਤੋਂ ਖੁੰਝੇ ਖਪਤਕਾਰਾਂ ਨੇ ਮਗਰੋਂ ਮਿਲੀਭੁਗਤ ਨਾਲ ਡਿਮਾਂਡ ਨੋਟਿਸ ਜਾਰੀ ਕਰਾ ਲਏ। ਪੁਰਾਣੇ ਐਕਸੀਅਨ (ਬੁਢਲਾਡਾ) ਐਸ.ਪੀ. ਗੋਇਲ ਨੇ ਇਸ ਰਿਪੋਰਟ ਦੇ ਆਧਾਰ 'ਤੇ ਬਰੇਟਾ ਦੇ ਮੌਜੂਦਾ ਤੇ ਪੁਰਾਣੇ ਐਸ.ਡੀ.ਓ. ਖਿਲਾਫ਼ ਕਾਰਵਾਈ ਲਈ ਲਿਖ ਦਿੱਤਾ ਹੈ।

ਐਕਸੀਅਨ ਗੋਇਲ ਨੇ ਨਿਗਰਾਨ ਇੰਜੀਨੀਅਰ ਬਠਿੰਡਾ ਨੂੰ 24 ਮਈ ਨੂੰ ਪੱਤਰ ਨੰਬਰ 4146 ਪੱਤਰ ਲਿਖ ਕੇ ਸਭ ਕੁਝ ਜੱਗ ਜ਼ਾਹਰ ਕਰ ਦਿੱਤਾ। ਉਨ੍ਹਾਂ ਲਿਖਿਆ ਕਿ ਉਸ ਉਪਰ ਕੁਝ ਪਿੰਡਾਂ ਦੇ ਸਰਪੰਚਾਂ ਵੱਲੋਂ ਦਬਾਅ ਪਾਇਆ ਜਾ ਰਿਹਾ ਹੈ ਕਿ ਤਾਜ਼ਾ ਫਰਦਾਂ ਦੇ ਅਧਾਰ 'ਤੇ ਕੁਨੈਕਸ਼ਨ ਦਿੱਤੇ ਜਾਣ ਅਤੇ ਸਰਪੰਚ ਉਪ ਮੰਡਲ ਭੁਨੀਰ ਵਿਚ ਅਜਿਹੇ ਕੁਨੈਕਸ਼ਨ ਦਿੱਤੇ ਜਾਣ ਦਾ ਹਵਾਲਾ ਵੀ ਦੇ ਰਹੇ ਹਨ। ਨਿਗਰਾਨ ਇੰਜੀਨੀਅਰ ਬਠਿੰਡਾ ਜੀਵਨ ਕਾਂਸਲ ਨੇ ਇਸ ਮਗਰੋਂ ਹੀ 25 ਮਈ ਨੂੰ ਦਫ਼ਤਰੀ ਹੁਕਮ ਨੰਬਰ 142 ਤਹਿਤ ਭਗਤਾ ਤੇ ਬਠਿੰਡਾ ਦੇ ਐਕਸੀਅਨਾਂ ਨੂੰ 15 ਦਿਨਾਂ ਦੇ ਅੰਦਰ ਪੜਤਾਲ ਕਰ ਕੇ ਰਿਪੋਰਟ ਦੇਣ ਦੀ ਹਦਾਇਤ ਕੀਤੀ ਹੈ।



ਬੁਢਲਾਡਾ ਡਿਵੀਜ਼ਨ ਵਿਚ 5600 ਕੁਨੈਕਸ਼ਨ ਜਾਰੀ ਕਰਨੇ ਹਨ ਅਤੇ ਤਿੰਨ ਹਜ਼ਾਰ ਖਪਤਕਾਰਾਂ ਨੇ ਪੈਸੇ ਭਰ ਦਿੱਤੇ ਹਨ। ਇਨ੍ਹਾਂ ਵਿਚੋਂ 110 ਕੁਨੈਕਸ਼ਨ ਰੱਦ ਕੀਤੇ ਗਏ ਹਨ ਕਿਉਂਕਿ ਖਪਤਕਾਰਾਂ ਕੋਲ ਅਪਲਾਈ ਕਰਨ ਵੇਲੇ ਜ਼ਮੀਨ ਢਾਈ/ਪੰਜ ਏਕੜ ਤੋਂ ਜ਼ਿਆਦਾ ਸੀ। ਇਸੇ ਤਰ੍ਹਾਂ 200 ਦੇ ਕਰੀਬ ਵੱਧ ਜ਼ਮੀਨ ਵਾਲੇ ਖਪਤਕਾਰਾਂ ਤੋਂ ਅਫ਼ਸਰਾਂ ਨੇ ਪੈਸੇ ਨਹੀਂ ਭਰਾਏ ਹਨ। ਸੂਤਰਾਂ ਅਨੁਸਾਰ ਬਹੁਤੇ ਖਪਤਕਾਰਾਂ ਨੇ ਵੱਧ ਜ਼ਮੀਨਾਂ ਹੋਣ ਦੇ ਬਾਵਜੂਦ ਢਾਈ/ਪੰਜ ਏਕੜ ਵਾਲੀ ਸ਼੍ਰੇਣੀ ਵਿਚ ਕੁਨੈਕਸ਼ਨ ਲਈ ਅਪਲਾਈ ਕੀਤਾ। ਹੁਣ ਜਦੋਂ ਕੁਨੈਕਸ਼ਨ ਜਾਰੀ ਹੋਣ ਲੱਗੇ ਤਾਂ ਵੱਧ ਜ਼ਮੀਨਾਂ ਵਾਲਿਆਂ ਨੇ ਜ਼ਮੀਨਾਂ ਦੇ ਤਬਾਦਲੇ ਕਰ ਕੇ ਜਾਂ ਆਪਣੇ ਸਕੇ ਸਬੰਧੀਆਂ ਦੇ ਨਾਂ ਉਤੇ ਜ਼ਮੀਨ ਟਰਾਂਸਫਰ ਕਰਾ ਕੇ ਆਪ ਢਾਈ/ਪੰਜ ਏਕੜ ਵਾਲੀ ਸ਼ਰਤ ਪੂਰੀ ਕਰ ਲਈ ਹੈ।

# ਅਤਿਵਾਦ ਦੇ ਟਾਕਰੇ ਲਈ ਭਾਰਤ ਤੇ ਅਮਰੀਕਾ ਵਿਚਾਲੇ ਕਰਾਰ

**ਨਵੀਂ ਦਿੱਲੀ:** ਭਾਰਤ ਅਤੇ ਅਮਰੀਕਾ ਨੇ ਅਤਿਵਾਦ ਦੇ ਖਤਰੇ ਨੂੰ ਵੇਖਦਿਆਂ ਵੱਡਾ ਕਦਮ ਚੁੱਕਿਆ ਹੈ ਅਤੇ ਦੋਵੇਂ ਦੇਸ਼ਾਂ ਨੇ ਅਤਿਵਾਦ ਉਤੇ ਜਾਣਕਾਰੀਆਂ ਸਾਂਝੀਆਂ ਕਰਨ ਲਈ ਇਕ ਕਰਾਰ 'ਤੇ ਦਸਤਖ਼ਤ ਕੀਤੇ ਹਨ।

ਗ੍ਰਹਿ ਸਕੱਤਰ ਰਾਜੀਵ ਮਹਰਿਸ਼ੀ ਅਤੇ ਅਮਰੀਕਾ ਦੇ ਰਾਜਦੂਤ ਰਿਚਰਡ ਵਰਮਾ ਦੇ ਵਿਚਾਲੇ ਇਸ ਸਮਝੌਤੇ ਉਤੇ ਦਸਤਖ਼ਤ ਹੋਏ। ਅਮਰੀਕਾ ਪਹਿਲਾਂ ਵੀ 30 ਦੇਸ਼ਾਂ ਨਾਲ ਇਸ ਤਰ੍ਹਾਂ ਦੇ ਸਮਝੌਤੇ ਨੂੰ ਅੰਤਿਮ ਰੂਪ ਦੇ ਚੁੱਕਾ ਹੈ।

# ਦਲਿਤਾਂ ਦਾ ਅੰਦੋਲਨ ਤੇ ਜਮਹੂਰੀ ਸੰਸਥਾਵਾਂ ਦੀ ਭੂਮਿਕਾ

ਬਾਬਾ ਬੰਦਾ ਬਹਾਦਰ ਨੇ ਆਪਣੇ ਛੋਟੇ ਜਿਹੇ ਸ਼ਾਸਨ ਕਾਲ ਦੌਰਾਨ ਜ਼ਮੀਨਾਂ ਹਲ ਵਾਹਕਾਂ ਨੂੰ ਸੌਂਪਣ ਦਾ ਐਲਾਨ ਕਰ ਕੇ ਬੜਾ ਇਨਕਲਾਬੀ ਕਦਮ ਚੁੱਕਿਆ ਸੀ। ਇਸ ਨੇ ਬਾਅਦ ਦੀਆਂ ਮੁਜਾਰਾ ਲਹਿਰਾਂ ਲਈ ਸਮੂਹਿਕ ਚੇਤਨਾ ਦਾ ਕੰਮ ਕੀਤਾ ਅਤੇ ਬਦਲਦੇ ਦੌਰ ਨਾਲ ਲੈਂਡ ਸੀਲਿੰਗ ਕਾਨੂੰਨ ਹੋਂਦ ਵਿਚ ਆ ਗਏ। ਇਸ ਕਾਨੂੰਨ ਦੀਆਂ ਚੋਰ-ਮੋਰੀਆਂ ਦਾ ਲਾਭ ਉਠਾ ਕੇ ਬਹੁਤ ਸਾਰੇ ਲੋਕਾਂ ਨੇ ਅਜੇ ਵੀ ਹਜ਼ਾਰਾਂ ਏਕੜ ਜ਼ਮੀਨ ਉਤੇ ਕਬਜ਼ੇ ਬਰਕਰਾਰ ਰੱਖੇ ਹੋਏ ਹਨ। ਇਉਂ ਛੋਟੀਆਂ ਜ਼ਮੀਨਾਂ ਵਾਲੇ ਅਤੇ ਬੇਜ਼ਮੀਨੇ ਮਜ਼ਦੂਰਾਂ ਦੀ ਰੋਜ਼ੀ

ਹਮੀਰ ਸਿੰਘ
ਫੋਨ: +91-82888-35707

ਰੋਟੀ ਖ਼ਤਰੇ ਵਿਚ ਹੈ। ਉਨ੍ਹਾਂ ਦਾ ਵੱਡਾ ਤਬਕਾ ਸਮੂਹਿਕ ਨਿਰਾਸ਼ਤਾ ਦੇ ਮਾਹੌਲ ਵਿਚ ਵਿਚਰ ਰਿਹਾ ਹੈ। ਇਸੇ ਕਰ ਕੇ ਆਏ ਦਿਨ ਪੰਜਾਬ ਵਰਗੇ ਸੂਬੇ ਅੰਦਰ ਵੀ ਦੋ ਤੋਂ ਪੰਜ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ।

ਸੂਬੇ ਅੰਦਰ ਲਗਪਗ 10.53 ਲੱਖ ਕਿਸਾਨ ਪਰਿਵਾਰ ਖੇਤੀ ਕਰ ਰਹੇ ਹਨ ਅਤੇ ਇਨ੍ਹਾਂ ਵਿਚੋਂ 3.83 ਲੱਖ ਕਿਸਾਨ, ਭਾਵ 34 ਫ਼ੀਸਦ ਪੰਜ ਏਕੜ ਤੋਂ ਵੀ ਘੱਟ ਦੇ ਮਾਲਕ ਹਨ। ਇਨ੍ਹਾਂ ਕੋਲ ਕੁੱਲ ਜ਼ਮੀਨ ਦਾ 9 ਫ਼ੀਸਦ ਹਿੱਸਾ ਹੈ। ਇਨ੍ਹਾਂ ਦੀ ਆਰਥਿਕ ਹਾਲਤ ਬਦਤਰ ਹੋ ਰਹੀ ਹੈ। ਖੇਤੀ ਘਾਟੇਵੰਦੀ ਹੋਣ ਕਰ ਕੇ ਛੋਟਾ ਕਿਸਾਨ, ਮਜ਼ਦੂਰ ਅਤੇ ਖੇਤੀ ਕਿੱਤੇ ਨਾਲ ਜੁੜੇ ਹੋਰ ਵਰਗ ਹਰ ਪੱਖੋਂ ਪਛੜ ਰਹੇ ਹਨ। ਸਮਰੱਥ ਲੋਕ ਪਿੰਡ ਛੱਡ ਚੁੱਕੇ ਹਨ। ਪਿੰਡ ਸਰਕਾਰੀ ਨੀਤੀਆਂ, ਆਗੂਆਂ, ਅਫ਼ਸਰਾਂ ਅਤੇ ਸਰਕਾਰੀ ਮੁਲਾਜ਼ਮਾਂ ਦੇ ਵੱਡੇ ਵਰਗ ਵੱਲੋਂ ਵਿਸਾਰ ਦਿੱਤੇ ਗਏ ਹਨ। ਪਿੰਡਾਂ ਵਿਚ ਰਹਿ ਰਹੀ 62 ਫ਼ੀਸਦ ਤੋਂ ਵੱਧ ਆਬਾਦੀ ਵਿੱਦਿਅਕ, ਸਿਹਤ ਅਤੇ ਸਮਾਜਿਕ ਤੌਰ ਉਤੇ ਪਛੜ ਚੁੱਕੀ ਹੈ।

ਇਸ ਮਾਹੌਲ ਅੰਦਰ ਪੰਜਾਬ ਵਿਚ ਸ਼ਾਮਲਾਟ ਜ਼ਮੀਨਾਂ ਵਿਚੋਂ ਆਪਣਾ ਇੱਕ ਤਿਹਾਈ ਹਿੱਸਾ ਸਸਤੇ ਆਧਾਰ ਉਤੇ ਹਾਸਲ ਕਰਨ, ਬੇਘਰਿਆਂ ਲਈ ਪੰਜ ਮਰਲੇ ਦੇ ਪਲਾਟ ਅਤੇ ਹੋਰ ਮੰਗਾਂ ਨੂੰ ਲੈ ਕੇ ਦਲਿਤ ਅੰਦੋਲਨ ਭਖ ਰਿਹਾ ਹੈ। ਸੰਵਿਧਾਨ ਅਤੇ ਕਾਨੂੰਨ ਨੂੰ ਲਾਗੂ ਕਰਨਾ ਸਰਕਾਰੀ ਸੰਸਥਾਵਾਂ, ਚੁਣੇ ਨੁਮਾਇੰਦਿਆਂ ਅਤੇ ਕਰਮਚਾਰੀਆਂ ਦੀ ਪਹਿਲੀ ਜ਼ਿੰਮੇਵਾਰੀ ਹੁੰਦੀ ਹੈ, ਪਰ ਇਹੀ ਧਿਰਾਂ ਕਾਨੂੰਨ ਲਾਗੂ ਹੋਣ ਦੇ ਰਾਹ ਵਿਚ ਰੁਕਾਵਟਾਂ ਖੜ੍ਹੀਆਂ ਕਰਦੀਆਂ ਦਿਖਾਈ ਦੇ ਰਹੀਆਂ ਹਨ। ਪ੍ਰਸ਼ਾਸਨਿਕ ਤੰਤਰ ਵੱਲੋਂ ਮਾਮਲੇ ਸੁਲਝਾਉਣ ਵਿਚ ਦੇਰੀ ਪਿੰਡਾਂ ਅੰਦਰ ਟਕਰਾਅ ਦਾ ਆਧਾਰ ਪੈਦਾ ਕਰ ਰਹੀ ਹੈ। ਆਰਥਿਕ ਰੁਤਬੇ ਮੁਤਾਬਿਕ ਬੇਸ਼ੱਕ ਪਿੰਡ ਵਿਚ ਵੱਡਾ ਹਿੱਸਾ ਤੰਗੀ-ਤੁਰਸ਼ੀ ਦਾ ਜੀਵਨ ਜੀਅ ਰਿਹਾ ਹੈ, ਪਰ ਜਮਾਤ ਨਾਲੋਂ ਜਾਤ ਅਜੇ ਵੀ ਵੱਡੇ ਪਾੜੇ ਦੇ ਰੂਪ ਵਿਚ ਨਜ਼ਰ ਆ ਰਹੀ ਹੈ।

ਡਾ. ਬੀ.ਆਰ. ਅੰਬੇਡਕਰ ਦੀ 1936 ਵਿਚ ਲਿਖੀ 'ਜਾਤ-ਪਾਤ ਦਾ ਬੀਜ ਨਾਸ਼' ਨਾਮ ਦੀ ਤਕਰੀਰ ਨੂੰ ਮਸ਼ਹੂਰ ਲੇਖਿਕਾ ਅਰੁੰਧਤੀ ਰਾਏ ਵੱਲੋਂ ਲਿਖੇ ਮੁੱਖਬੰਦ ਨਾਲ ਮੁੜ ਛਾਪਿਆ ਗਿਆ ਹੈ। ਉਸ ਵਿਚ ਅੰਬੇਡਕਰ ਦੇ 'ਰੀਸ ਕਰਨ ਦਾ ਛੂਤ ਰੋਗ' ਦੀ ਧਾਰਨਾ ਦੀ ਵਿਆਖਿਆ ਕੀਤੀ ਗਈ ਹੈ। ਰਾਏ ਦਾ ਕਹਿਣਾ ਹੈ ਕਿ ਜਾਤ-ਪਾਤ ਦੀ ਦਰਜੇਬੰਦੀ ਵਿਚ ਹਰ ਜਾਤ ਵੱਲੋਂ ਆਪਣੇ ਤੋਂ ਹੇਠਲੀ ਜਾਤ ਨੂੰ ਦਬਾਉਣ ਦਾ ਸਿਲਸਲਾ ਜਾਰੀ ਹੈ। ਹਰ ਜਾਤ ਨੂੰ ਹੇਠਲੀ ਤੋਂ ਉਤੇ ਦਾ ਭਰਮ ਵਿਸ਼ੇਸ਼ ਅਧਿਕਾਰ ਦਾ ਅਹਿਸਾਸ ਕਰਵਾਉਂਦਾ ਹੈ, ਇਸੇ ਕਰ ਕੇ ਉਹ ਇਸ ਪ੍ਰਬੰਧ ਨੂੰ ਜਾਰੀ ਰੱਖਣ ਵਿਚ ਭੂਮਿਕਾ ਅਦਾ ਕਰਦੇ ਹਨ। ਜ਼ਮੀਨ ਪ੍ਰਾਪਤੀ ਅਤੇ ਪੰਜ ਮਰਲੇ ਦੇ ਪਲਾਟਾਂ ਵਾਲੇ ਅੰਦੋਲਨ ਵਿਚ ਵੀ ਜਮਾਤ ਨਾਲੋਂ ਜਾਤ ਜ਼ਿਆਦਾ ਵੱਡਾ ਅੜਿੱਕਾ ਬਣੀ ਦਿਖਾਈ ਦਿੰਦੀ ਹੈ।

ਆਜ਼ਾਦੀ ਦੇ ਅੰਦੋਲਨ ਦੌਰਾਨ ਹੀ ਡਾ. ਅੰਬੇਡਕਰ ਸੱਤਾ ਦੀਆਂ ਸੰਸਥਾਵਾਂ ਵਿਚ ਦਲਿਤਾਂ ਦੀ ਨੁਮਾਇੰਦਗੀ ਨੂੰ ਬੁਨਿਆਦੀ ਮੁੱਦੇ ਦੇ ਤੌਰ ਉਤੇ ਪੇਸ਼ ਕਰਦੇ ਸਨ। ਇਸੇ ਕਰ ਕੇ ਉਨ੍ਹਾਂ ਜਮਹੂਰੀ ਪ੍ਰਣਾਲੀ ਵਿਚ ਦਲਿਤਾਂ ਲਈ ਵੱਖ ਹਲਕਿਆਂ ਦੀ ਮੰਗ ਕੀਤੀ ਸੀ ਤਾਂ ਕਿ ਇੱਕ ਪ੍ਰਕਿਰਿਆ ਵਿਚੋਂ ਗੁਜ਼ਰ ਕੇ ਆਪਣੇ ਅੰਦਰੋਂ ਆਗੂ ਟੀਮ ਪੈਦਾ ਕਰਨ ਦੇ ਯੋਗ ਹੋ ਸਕਣ। ਉਸ ਵਕਤ ਮਹਾਤਮਾ ਗਾਂਧੀ ਦੇ ਮਰਨ ਵਰਤ ਕਾਰਨ ਇਹ ਮੰਗ ਪੂਰੀ ਨਹੀਂ ਹੋ ਸਕੀ ਅਤੇ ਇਹ ਰਾਖਵੇਂਕਰਨ ਦੇ ਸਮਝੌਤੇ ਤਕ ਸੀਮਤ ਹੋ ਗਈ। ਜ਼ਮੀਨ ਪ੍ਰਾਪਤੀ ਅਤੇ ਪਲਾਟਾਂ ਵਾਲੇ ਇਸ ਅੰਦੋਲਨ ਵਿਚ ਵੀ ਇਤਿਹਾਸਕ ਤੱਥਾਂ ਦੀ ਰੋਸ਼ਨੀ ਵਿਚ ਕੁਝ ਗੱਲਾਂ ਨੂੰ ਵਿਚਾਰਨ ਦੀ ਲੋੜ ਹੈ। ਕਾਰਪੋਰੇਟ ਵਿਕਾਸ ਦੇ ਮੌਜੂਦਾ ਮਾਡਲ ਅਨੁਸਾਰ, ਕਈ ਤਰ੍ਹਾਂ ਦੀ ਗ਼ੈਰ-ਬਰਾਬਰੀ ਅਤੇ ਵਿਤਕਰਾ ਵਧ ਰਿਹਾ ਹੈ। ਇਸ ਦੀ ਇੱਕ ਧਾਰਾ ਸ਼ਹਿਰ ਕੇਂਦਰਿਤ ਵਿਕਾਸ ਦੀ ਹੈ ਜਿਸ ਕਰ ਕੇ ਪਿੰਡ ਦੀ ਵਿੱਦਿਆ, ਰੁਜ਼ਗਾਰ ਤੇ ਸਿਹਤ ਪੂਰੀ ਤਰ੍ਹਾਂ ਨਜ਼ਰਅੰਦਾਜ਼ ਹੈ। ਬੇਰੁਜ਼ਗਾਰੀ, ਗ਼ਰੀਬੀ ਅਤੇ ਹੋਰ ਸਭ ਵਿਤਕਰੇ ਬੇਸ਼ੱਕ ਸ਼ਹਿਰਾਂ ਦੀ ਵੱਡੀ ਆਬਾਦੀ ਨਾਲ ਵੀ ਹੋ ਰਹੇ ਹਨ, ਪਰ ਬਤੌਰ ਪਿੰਡ ਇਸ ਵਿਤਕਰੇ ਨੂੰ ਵੀ ਧਿਆਨ ਵਿਚ ਰੱਖਣ ਦੀ ਲੋੜ ਹੈ। ਇਸੇ ਕਰ ਕੇ ਪਿੰਡ ਦੀਆਂ ਸਾਂਝੀਆਂ ਜ਼ਮੀਨਾਂ ਨੂੰ ਅਲੱਗ-ਅਲੱਗ ਪ੍ਰੋਜੈਕਟਾਂ ਦੇ ਨਾਮ ਉਤੇ ਮੁਫ਼ਤ ਵਿਚ ਹਾਸਲ ਕਰਨ ਦਾ ਰੁਝਾਨ ਪੈਦਾ ਹੋ ਰਿਹਾ ਹੈ।

ਪਿੰਡਾਂ ਦਾ ਬਹੁਤ ਵੱਡਾ ਹਿੱਸਾ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ। ਜਦੋਂ ਸੁਰੱਖਿਆ ਅਤੇ ਹੋਂਦ ਨੂੰ ਖ਼ਤਰਾ ਹੋਵੇ ਤਾਂ ਇਹ ਤਰਜੀਹੀ ਮੁੱਦਾ ਬਣ ਜਾਂਦਾ ਹੈ ਤੇ ਬਣਨਾ ਚਾਹੀਦਾ ਹੈ। ਦਲਿਤਾਂ ਦੀ ਸ਼ਾਮਲਾਟ ਜ਼ਮੀਨ ਵਿਚੋਂ ਇੱਕ ਤਿਹਾਈ ਹਿੱਸੇ ਦੀ ਮੰਗ ਵਾਜਿਬ ਹੈ ਅਤੇ ਬੇਘਰਿਆਂ ਲਈ ਘਰ ਦੀ ਪੰਜ ਮਰਲੇ ਦੀ ਸਰਕਾਰੀ ਯੋਜਨਾ ਨੂੰ ਤੁਰੰਤ ਲਾਗੂ ਕਰਵਾਉਣਾ ਨਿਹਾਇਤ ਜ਼ਰੂਰੀ ਹੈ, ਪਰ ਇਸ ਦੇ ਨਾਲ ਦਲਿਤਾਂ ਦੀ ਨੁਮਾਇੰਦਗੀ ਦਾ ਵੱਡਾ ਸੁਆਲ ਅਤੇ ਪੇਂਡੂ ਭਾਈਚਾਰੇ ਦੇ ਵੱਡੇ ਹਿੱਸੇ ਦੀ ਇੱਕਜੁਟ ਤਾਕਤ ਦਾ ਮੁੱਦਾ ਵੀ ਜੁੜਨਾ ਲਾਜ਼ਮੀ ਹੈ। ਪਿੰਡ ਦੀ ਪਾਰਲੀਮੈਂਟ ਮੰਨੀ ਜਾਣ ਵਾਲੀ ਗ੍ਰਾਮ ਸਭਾ ਵਿਚ ਹਰ ਵੋਟਰ ਦੀ ਬਰਾਬਰ ਦੀ ਪੁੱਗਤ ਹੈ। ਬਿਨਾ ਕਿਸੇ ਚੋਣ ਪ੍ਰਣਾਲੀ ਵਾਲੀ ਇਸ ਸੰਵਿਧਾਨਕ ਸੰਸਥਾ ਦੀ ਗੱਲ ਪੂਰੇ ਦਲਿਤ ਅੰਦੋਲਨ ਵਿਚੋਂ ਬਾਹਰ ਸ਼ਾਇਦ ਇਸ ਕਰ ਕੇ ਹੈ ਕਿ ਸ਼ਾਇਦ ਹਰ ਜਗ੍ਹਾ ਕੇਵਲ ਜਮਾਤ ਨੂੰ ਹੀ ਇੱਕੋ ਇੱਕ ਆਧਾਰ ਮੰਨ ਲੈਣ ਦੀ ਮਾਨਸਿਕਤਾ ਦੇ ਇਹ ਸੰਸਥਾ ਫਿੱਟ ਨਹੀਂ ਬੈਠਦੀ। ਬਦਲਦੀਆਂ ਹਕੀਕਤਾਂ ਦੇ ਮੱਦੇਨਜ਼ਰ ਪੁਰਾਣੀ ਪਹੁੰਚ ਉਤੇ ਨਜ਼ਰਸਾਨੀ ਕਰਨ ਦੀ ਰਵਾਇਤ ਭਵਿੱਖ ਲਈ ਜ਼ਿਆਦਾ ਕਾਰਗਰ ਹੋ ਸਕਦੀ ਹੈ। ਪਿੰਡ ਦੇ ਕੁਦਰਤੀ ਸਾਧਨਾਂ ਉਤੇ ਸਰਕਾਰ, ਵਿਧਾਇਕਾਂ, ਹਲਕਾ ਇੰਚਾਰਜਾਂ, ਅਫ਼ਸਰਾਂ ਅਤੇ ਕਰਮਚਾਰੀਆਂ ਦੇ ਬਜਾਇ ਗ੍ਰਾਮ ਸਭਾ (ਭਾਵ ਪਿੰਡ ਦੇ ਲੋਕਾਂ) ਦਾ ਹੱਕ ਅਮਲ ਵਿਚ ਲਿਆਉਣ ਦਾ ਮੁੱਦਾ ਵੱਡਾ ਸਿਆਸੀ ਸੁਆਲ ਖੜ੍ਹਾ ਕਰ ਸਕਦਾ ਹੈ। ਲੋਕਾਂ ਨੂੰ ਫ਼ੈਸਲਾਕੁਨ ਅਧਿਕਾਰ ਦੇਣ ਨਾਲ ਸਭ ਤੋਂ ਹੇਠਲੇ ਵਰਗ ਅੰਦਰ ਸਮੂਹਿਕ ਚੇਤਨਾ ਦਾ ਅਮਲ ਤੇਜ਼ ਹੁੰਦਾ ਹੈ ਅਤੇ ਫ਼ੈਸਲੇ ਲੈਣ ਦੀ ਯੋਗਤਾ ਵਿਕਸਤ ਕਰਨ ਦਾ ਰਾਹ ਵੀ ਖੁੱਲ੍ਹਦਾ ਹੈ। ਪੰਚਾਇਤਾਂ ਵੀ ਗ੍ਰਾਮ ਸਭਾ ਰਾਹੀਂ ਆਪਣੇ ਲੋਕਾਂ ਸਾਹਮਣੇ ਜਵਾਬਦੇਹ ਹੋਣ ਤੋਂ ਟਾਲਾ ਵੱਟ ਰਹੀਆਂ ਹਨ। ਮਗਨਰੇਗਾ ਦੀ ਦਿਹਾੜੀ, ਆਟਾ-ਦਾਲ ਤੇ ਸ਼ਗਨ ਸਕੀਮ ਤੋਂ ਲੈ ਕੇ ਹਰ ਸਕੀਮ ਦੇ ਲਾਭ ਪਾਤਰੀਆਂ ਦੀ ਚੋਣ ਗ੍ਰਾਮ ਸਭਾ, ਭਾਵ ਸੰਗਤੀ ਰੂਪ ਵਿਚ ਮਿਲਣ ਨਾਲ ਸਮਾਜਿਕ ਬਰਾਬਰੀ ਅਤੇ ਮਿਲ ਕੇ ਫ਼ੈਸਲੇ ਕਰਨ ਦੇ ਰਾਹ ਵੱਲ ਕਦਮਤਾਲ ਸ਼ੁਰੂ ਹੁੰਦੀ ਹੈ। ਜ਼ਮੀਨ ਦਾ ਠੇਕਾ ਕਿੰਨਾ ਰੱਖਣਾ ਹੈ ਜਾਂ ਕਿੰਨਾ ਨਹੀਂ, ਇਸ ਦਾ ਫ਼ੈਸਲਾ ਕਰਨ ਦਾ ਅਧਿਕਾਰ ਗ੍ਰਾਮ ਸਭਾ ਨੂੰ ਹਕੀਕੀ ਰੂਪ ਵਿਚ ਹੋਣਾ ਚਾਹੀਦਾ ਹੈ। ਅਜਿਹੀਆਂ ਸੰਸਥਾਵਾਂ ਵਿਚ ਵੀ ਮਹੱਤਵਪੂਰਨ ਭੂਮਿਕਾ ਨਿਭਾਅ ਸਕਦੀਆਂ ਹਨ। ਪੰਜ ਮਰਲੇ ਦੇ ਪਲਾਟਾਂ ਵਾਸਤੇ ਹਰ ਪੰਚਾਇਤ ਮਤਾ ਪਾਸ ਕਰ ਕੇ ਲੋੜੀਂਦਾ ਰਕਬਾ ਬੋਲੀ ਤੋਂ ਬਾਹਰ ਰੱਖ ਸਕਦੀ ਹੈ। ਸਰਕਾਰ ਦੀ ਆਪਣੀ ਯੋਜਨਾ ਅਨੁਸਾਰ ਪਲਾਟਾਂ ਲਈ ਲਾਭਪਾਤਰੀਆਂ ਦੀ ਚੋਣ ਗ੍ਰਾਮ ਸਭਾ ਵਿਚ ਕੀਤੀ ਜਾਵੇਗੀ। ਏ.ਡੀ.ਸੀ. (ਵਿਕਾਸ) ਇਸ ਮਤੇ ਦੇ ਤਕਨੀਕੀ ਪਹਿਲੂ ਦੇਖ ਕੇ ਮਨਜ਼ੂਰੀ ਦੇਵੇਗਾ। ਬਹੁਤ ਸਾਰੇ ਅਧਿਕਾਰੀ ਬਾਦਸ਼ਾਹਾਂ ਦੀ ਤਰ੍ਹਾਂ ਵਿਹਾਰ ਕਰਦੇ ਹਨ। ਮਹੀਨਿਆਂ ਹੀ ਨਹੀਂ, ਸਾਲਾਂਬੱਧੀ ਗ੍ਰਾਮ ਸਭਾਵਾਂ ਅਤੇ ਪੰਚਾਇਤਾਂ ਦੇ ਮਤਿਆਂ ਉਤੇ ਫ਼ੈਸਲਾ ਨਹੀਂ ਕਰਦੇ। ਅਜਿਹੇ ਅਧਿਕਾਰੀਆਂ ਨੂੰ ਵੀ ਜਮਹੂਰੀ ਅੰਦੋਲਨਾਂ ਰਾਹੀਂ ਬੇਪਰਦ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੇ ਜਾਣ ਨਾਲ ਪ੍ਰਸ਼ਾਸਨਿਕ ਜਵਾਬਦੇਹੀ ਦੀਆਂ ਸੰਭਾਵਨਾਵਾਂ ਵਧਣਗੀਆਂ।

ਜੂਨ ਦੇ ਮਹੀਨੇ ਵਿਚ ਗ੍ਰਾਮ ਸਭਾਵਾਂ ਦੇ ਇਜਲਾਸ ਹੋਣੇ ਲਾਜ਼ਮੀ ਹਨ। ਪੰਜਾਬ ਅੰਦਰ ਇਹ ਰਸਮੀ ਕਾਗਜ਼ੀ ਕਾਰਵਾਈ ਕਰ ਕੇ ਅਫ਼ਸਰ, ਕਰਮਚਾਰੀ ਅਤੇ ਪੰਚਾਇਤਾਂ ਆਮ ਲੋਕਾਂ ਦੇ ਅਧਿਕਾਰਾਂ ਦਾ ਹਨਨ ਕਰ ਕੇ ਸੰਵਿਧਾਨਕ ਅਤੇ ਕਾਨੂੰਨੀ ਅਪਰਾਧ ਕਰ ਰਹੀਆਂ ਹਨ। ਇਸ ਦੇ ਬਾਵਜੂਦ ਇਨ੍ਹਾਂ ਸਾਹਮਣੇ ਵੱਡੀ ਚੁਣੌਤੀ ਨਹੀਂ ਹੈ। ਅੰਦੋਲਨ ਦੇ ਸੰਚਾਲਕਾਂ ਨੂੰ ਇਸ ਸੁਆਲ ਦੇ ਵੀ ਰੂ-ਬਰੂ ਹੋਣ ਦੀ ਲੋੜ ਹੈ। -0-

*ਪਿੰਡਾਂ ਦਾ ਬਹੁਤ ਵੱਡਾ ਹਿੱਸਾ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ। ਜਦੋਂ ਸੁਰੱਖਿਆ ਅਤੇ ਹੋਂਦ ਨੂੰ ਖ਼ਤਰਾ ਹੋਵੇ ਤਾਂ ਇਹ ਤਰਜੀਹੀ ਮੁੱਦਾ ਬਣ ਜਾਂਦਾ ਹੈ ਤੇ ਬਣਨਾ ਚਾਹੀਦਾ ਹੈ। ਦਲਿਤਾਂ ਦੀ ਸ਼ਾਮਲਾਟ ਜ਼ਮੀਨ ਵਿਚੋਂ ਇੱਕ ਤਿਹਾਈ ਹਿੱਸੇ ਦੀ ਮੰਗ ਵਾਜਿਬ ਹੈ ਅਤੇ ਬੇਘਰਿਆਂ ਲਈ ਘਰ ਦੀ ਪੰਜ ਮਰਲੇ ਦੀ ਸਰਕਾਰੀ ਯੋਜਨਾ ਨੂੰ ਤੁਰੰਤ ਲਾਗੂ ਕਰਵਾਉਣਾ ਨਿਹਾਇਤ ਜ਼ਰੂਰੀ ਹੈ, ਪਰ ਇਸ ਦੇ ਨਾਲ ਦਲਿਤਾਂ ਦੀ ਨੁਮਾਇੰਦਗੀ ਦਾ ਵੱਡਾ ਸੁਆਲ ਅਤੇ ਪੇਂਡੂ ਭਾਈਚਾਰੇ ਦੇ ਵੱਡੇ ਹਿੱਸੇ ਦੀ ਇੱਕਜੁਟ ਤਾਕਤ ਦਾ ਮੁੱਦਾ ਵੀ ਜੁੜਨਾ ਲਾਜ਼ਮੀ ਹੈ।*



# ਬਾਲਦ ਕਲਾਂ ਘਟਨਾ ਬਾਰੇ ਜਮਹੂਰੀ ਅਧਿਕਾਰ ਸਭਾ ਦੀ ਰਿਪੋਰਟ

**ਚੰਡੀਗੜ੍ਹ:** ਜਮਹੂਰੀ ਅਧਿਕਾਰ ਸਭਾ ਵੱਲੋਂ ਬਾਲਦ ਕਲਾਂ ਵਿਚ ਦਲਿਤਾਂ 'ਤੇ ਲਾਠੀਚਾਰਜ ਦੀ ਵਾਪਰੀ ਘਟਨਾ ਦੇ ਸਾਰੇ ਪੱਖਾਂ ਨੂੰ ਵਾਚਣ ਅਤੇ ਘਟਨਾ ਨਾਲ ਸਬੰਧਤ ਧਿਰਾਂ ਦਾ ਪੱਖ ਲੈਣ ਮਗਰੋਂ ਘਟਨਾ ਦੀ ਮੁਕੰਮਲ ਜਾਂਚ ਰਿਪੋਰਟ ਜਾਰੀ ਕੀਤੀ ਗਈ ਹੈ। ਜਾਂਚ ਰਿਪੋਰਟ ਵਿਚ ਹਾਕਮ ਧਿਰ ਤੇ ਪ੍ਰਸ਼ਾਸਕੀ ਅਧਿਕਾਰੀਆਂ 'ਤੇ ਦਲਿਤ ਜਾਗ੍ਰਤੀ 'ਤੇ ਔਖੇ ਹੋਣ ਅਤੇ ਬੇਲੋੜੀ ਤਾਕਤ ਦੇ ਜ਼ੋਰ 'ਤੇ ਹਕੂਮਤੀ ਭੈਅ ਫੈਲਾਅ ਕੇ ਦਲਿਤਾਂ ਨੂੰ ਦਬਾਉਣ ਦਾ ਦੋਸ਼ ਲਾਇਆ ਗਿਆ ਹੈ। ਤਾਕਤ ਦੀ ਇਸ ਬੇਲੋੜੀ ਵਰਤੋਂ ਨੂੰ ਗ਼ਲਤ, ਧੱਕੜ ਕਾਰਵਾਈ, ਜਮਹੂਰੀ, ਸੰਵਿਧਾਨ ਅਤੇ ਕਾਨੂੰਨ ਵਿਰੋਧੀ ਨਿੰਦਣਯੋਗ ਕਾਰਵਾਈ ਕਰਾਰ ਦਿੱਤਾ ਗਿਆ ਹੈ।

ਜਮਹੂਰੀ ਅਧਿਕਾਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਨਾਮਦੇਵ ਭੁਟਾਲ ਅਤੇ ਜਨਰਲ ਸਕੱਤਰ ਸੁਖਵਿੰਦਰ ਪੱਪੀ ਵੱਲੋਂ ਜਾਰੀ ਜਾਂਚ ਰਿਪੋਰਟ ਵਿਚ ਕਿਹਾ ਗਿਆ ਹੈ ਕਿ 24 ਮਈ ਨੂੰ ਦਲਿਤਾਂ 'ਤੇ ਹੋਏ ਲਾਠੀਚਾਰਜ ਤੋਂ ਬਾਅਦ ਜਮਹੂਰੀ ਅਧਿਕਾਰ ਸਭਾ ਵੱਲੋਂ ਉਨ੍ਹਾਂ ਦੋਵਾਂ ਤੋਂ ਇਲਾਵਾ ਸੂਬਾ ਕਮੇਟੀ ਮੈਂਬਰ ਸਵਰਨਜੀਤ ਸਿੰਘ, ਵਿਸ਼ਵਕਾਂਤ, ਮਨਧੀਰ ਸਿੰਘ ਤੇ ਬਸੇਸਰ ਰਾਮ ਤੇ ਜ਼ਿਲ੍ਹਾ ਕਮੇਟੀ ਮੈਂਬਰ ਅਮਰੀਕ ਖੋਖਰ 'ਤੇ ਆਧਾਰਤ ਜਾਂਚ ਟੀਮ ਬਣਾਈ ਗਈ ਸੀ। ਜਾਂਚ ਟੀਮ ਵੱਲੋਂ ਸਬੰਧਤ ਥਾਵਾਂ ਦਾ ਦੌਰਾ ਕਰ ਕੇ ਅਧਿਕਾਰੀਆਂ, ਪੀੜਤਾਂ, ਸਰਪੰਚ ਤੇ ਬੋਲੀਕਾਰ ਦਲਿਤਾਂ ਆਦਿ ਸਾਰੀਆਂ ਧਿਰਾਂ ਨਾਲ ਮੁਲਾਕਾਤ ਕਰ ਕੇ ਸਾਰੇ ਪੱਖਾਂ ਦੀ ਪੜਤਾਲ ਕਰਨ ਮਗਰੋਂ ਮੁਕੰਮਲ ਰਿਪੋਰਟ ਤਿਆਰ ਕੀਤੀ ਗਈ ਹੈ। ਉਨ੍ਹਾਂ ਜਾਰੀ ਰਿਪੋਰਟ ਵਿਚ ਕਿਹਾ ਕਿ ਅਣਸੁਖਾਵੀਂ ਸਥਿਤੀ ਨੂੰ ਕਾਬੂ ਕਰਨ ਲਈ ਜਲ ਤੋਪਾਂ ਅਤੇ ਅੱਥਰੂ ਗੈਸ ਦੇ ਮੁਕਾਬਲੇ ਨਰਮ ਸਾਧਨਾਂ ਰਾਹੀਂ ਘੱਟ ਤੋਂ ਘੱਟ ਤਾਕਤ ਦੀ ਵਰਤੋਂ ਲਈ ਲੋੜੀਂਦੀ ਤਿਆਰੀਆਂ ਨਾ ਕਰਨਾ, ਬੋਲੀਕਾਰ ਪਰਿਵਾਰ ਨਾਲ ਲੜਕੇ ਨੂੰ ਧਰਨਾਕਾਰੀਆਂ ਵਿਚ ਭੇਜਣਾ, ਉਸ ਵੱਲੋਂ ਜਾਮ ਤੋੜ ਕੇ ਲੰਘਣ ਦੀ ਜਿਦ ਕਰਨਾ, ਪੜ੍ਹਨ ਜਾਂਦੀਆਂ ਕੁੜੀਆਂ ਨੂੰ ਵੀ ਕੁੱਟਣਾ, ਪਿੱਛਾ ਕਰ ਕੇ ਭੱਜੇ ਜਾਂਦੇ ਧਰਨਕਾਰੀਆਂ 'ਤੇ ਡੰਡੇ ਵਰ੍ਹਾਉਣਾ, ਧਰਨੇ ਵਿਚ ਗੈਰ-ਮੌਜੂਦ ਸੰਘਰਸ਼ ਕਮੇਟੀ ਦੇ ਆਗੂਆਂ ਖ਼ਿਲਾਫ਼ ਕੇਸ ਦਰਜ ਕਰਨਾ ਆਦਿ ਪੱਖਾਂ 'ਤੋਂ ਜਾਂਚ ਟੀਮ ਇਸ ਨਤੀਜੇ 'ਤੇ ਪੁੱਜੀ ਹੈ ਕਿ ਹਾਕਮ ਪਾਰਟੀ ਤੇ ਪ੍ਰਸ਼ਾਸਕੀ ਅਧਿਕਾਰੀ ਦਲਿਤ ਜਾਗ੍ਰਤੀ ਨੂੰ ਦਬਾਉਣਾ ਚਾਹੁੰਦੇ ਹਨ ਅਤੇ ਹਕੂਮਤੀ ਤਾਕਤ ਵਿਖਾਉਣ ਲਈ ਹੀ ਲਾਠੀਚਾਰਜ ਕੀਤਾ ਗਿਆ ਸੀ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਦਲਿਤ ਆਤਮ ਸਨਮਾਨ ਖ਼ਾਸ ਕਰ ਕੇ ਔਰਤਾਂ ਨੂੰ ਪੇਸ਼ ਆਉਂਦੀ ਜ਼ਲਾਲਤ ਅਤੇ ਹੁੰਦੇ ਸ਼ੋਸ਼ਣ ਵੱਲ ਲੋੜੀਂਦੀ ਗੰਭੀਰਤਾ ਨਾ ਦਿਖਾਉਣਾ, ਬੋਲੀ ਲਈ ਜਿਦ ਕਰਨਾ, ਮਾਮਲੇ ਨੂੰ ਰਜ਼ਾਮੰਦੀ ਤੇ ਗੱਲਬਾਤ ਰਾਹੀਂ ਨਿਪਟਾਉਣ ਲਈ ਲੋੜੀਂਦੀ ਪਹਿਲ ਨਾ ਕਰਨਾ ਅਤੇ ਸੰਘਰਸ਼ ਕਰਦੇ ਆਗੂਆਂ ਤੇ ਲੋਕਾਂ ਨੂੰ ਭੜਕਾਊ ਅਨਸਰ ਤੇ ਹਿੰਸਾ ਦੇ ਆਦੀ ਤੱਤ ਕਹਿਣਾ ਦਰਸਾਉਂਦਾ ਹੈ ਕਿ ਪ੍ਰਸ਼ਾਸਨ ਸਮੱਸਿਆ ਪ੍ਰਤੀ ਬਿਲਕੁਲ ਗੰਭੀਰ ਨਹੀਂ ਹੈ। ਦਲਿਤਾਂ ਵਿਚ ਮੁਕਾਬਲੇਬਾਜ਼ੀ ਭੜਕਾਉਣ ਅਤੇ ਆਪਸੀ ਝਗੜੇ ਕਰਾਉਣਾ ਸੋਚੀ ਸਮਝੀ ਸਾਜ਼ਿਸ਼ ਹੈ। ਪੰਚਾਇਤੀ ਜ਼ਮੀਨ ਤੋਂ ਦਰੜੇ ਦਲਿਤਾਂ ਸਮੇਤ ਕਮਜ਼ੋਰ ਤਬਕਿਆਂ ਤੋਂ ਵੱਧ ਤੋਂ ਵੱਧ ਮਾਲੀਆ ਨਿਚੋੜਨ ਦੀ ਨੀਤੀ ਕਲਿਆਣਕਾਰੀ ਰਾਜ ਦੇ ਉਦੇਸ਼ ਨਾਲ ਬੇਮੇਲ ਤੇ ਬੇਇਨਸਾਫ਼ੀ ਵਾਲੀ ਨੀਤੀ ਹੈ। ਉਨ੍ਹਾਂ ਮੰਗ ਕੀਤੀ ਕਿ ਦਲਿਤਾਂ 'ਤੇ ਲਾਠੀਚਾਰਜ ਕਰਨ ਵਾਲੇ ਪੁਲੀਸ ਅਧਿਕਾਰੀਆਂ ਅਤੇ ਮੁਲਾਜ਼ਮਾਂ 'ਤੇ ਕੇਸ ਦਰਜ ਕੀਤਾ ਜਾਵੇ, ਝੂਠੇ ਕੇਸ ਰੱਦ ਕੀਤੇ ਜਾਣ, ਪੰਚਾਇਤੀ ਜ਼ਮੀਨ ਨੂੰ ਵੱਧ ਤੋਂ ਵੱਧ ਮਾਲੀਆ ਇਕੱਠਾ ਕਰਨ ਦਾ ਸਾਧਨ ਬਣਾਉਣ ਦੀ ਨੀਤੀ ਛੱਡੀ ਜਾਵੇ, ਰਾਖਵਾਂ ਹਿੱਸਾ ਦਲਿਤਾਂ ਨੂੰ ਦਿੱਤਾ ਜਾਵੇ, ਜਨਰਲ ਹਿੱਸਾ ਥੁੜ ਜ਼ਮੀਨੇ ਅਤੇ ਗਰੀਬ ਕਿਸਾਨਾਂ ਲਈ ਰਾਖਵਾਂ ਕੀਤਾ ਜਾਵੇ ਅਤੇ ਡੰਮੀ ਬੋਲੀਆਂ ਦਾ ਰੁਝਾਨ ਸਖ਼ਤੀ ਨਾਲ ਰੋਕਿਆ ਜਾਵੇ।

# ਦਲਿਤਾਂ 'ਤੇ ਲਾਠੀ-ਗੋਲੀ ਚਲਾਉਣ ਵਿਰੁਧ ਵਿਖਾਵੇ

**ਚੰਡੀਗੜ੍ਹ:** ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਅਤੇ ਕਿਰਤੀ ਕਿਸਾਨ ਯੂਨੀਅਨ ਵੱਲੋਂ ਦਿੱਤੇ ਸਾਂਝੇ ਸੱਦੇ ਤਹਿਤ ਮੰਗਲਵਾਰ ਨੂੰ ਪੰਜਾਬ ਭਰ ਵਿਚ ਜ਼ਿਲ੍ਹਾ ਕੇਂਦਰਾਂ 'ਤੇ ਮੁਜ਼ਾਹਰੇ ਕਰ ਕੇ ਧਰਨੇ ਦਿੱਤੇ ਗਏ। ਇਹ ਸੱਦਾ ਸੰਗਰੂਰ ਜ਼ਿਲ੍ਹੇ ਵਿਚ ਦਲਿਤਾਂ ਵੱਲੋਂ ਪੰਚਾਇਤੀ ਜ਼ਮੀਨ ਵਿਚ ਹਿੱਸਾ ਲੈਣ ਲਈ ਕੀਤੇ ਜਾ ਰਹੇ ਸੰਘਰਸ਼ ਦੌਰਾਨ ਭਵਾਨੀਗੜ੍ਹ ਵਿਚ ਪਿੰਡ ਬਾਲਦ ਕਲਾਂ ਅਤੇ ਉਨ੍ਹਾਂ ਦੀ ਹਮਾਇਤ ਵਿਚ ਆਏ ਲੋਕਾਂ 'ਤੇ ਲਾਠੀਚਾਰਜ ਕਰਨ, ਗੋਲੀ ਚਲਾਉਣ ਅਤੇ ਬਾਲਦ ਕਲਾਂ ਦੇ ਲੋਕੋ ਸਮੇਤ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਪਿੰਡਾਂ ਅਤੇ ਜ਼ਿਲ੍ਹਾ ਲੀਡਰਸ਼ਿਪ ਸਮੇਤ 170 ਬੰਦਿਆਂ 'ਤੇ ਇਰਾਦਾ ਕਤਲ ਜਿਹੀਆਂ ਸੰਗੀਨ ਦਫ਼ਾ ਤਹਿਤ ਝੂਠੇ ਕੇਸ ਲਗਾਉਣ ਵਿਰੁੱਧ ਦਿੱਤਾ ਗਿਆ ਸੀ। ਯਾਦ ਰਹੇ ਕਿ ਪੰਚਾਇਤੀ ਜ਼ਮੀਨ ਵਿਚ ਦਲਿਤਾਂ ਦੇ ਹਿੱਸੇ ਨੂੰ ਲੈ ਕੇ ਸੰਗਰੂਰ ਦੇ ਬਾਲਦ ਕਲਾਂ ਵਿਚ ਸ਼ੁਰੂ ਹੋਇਆ ਘੋਲ ਸੰਗਰੂਰ ਦੇ 50 ਤੋਂ ਵੱਧ ਪਿੰਡਾਂ ਤੱਕ ਫੈਲ ਚੁੱਕਿਆ ਹੈ।



ਰਿਪੋਰਟਾਂ ਅਨੁਸਾਰ ਸੰਗਰੂਰ, ਪਟਿਆਲਾ, ਨਵਾਂ ਸ਼ਹਿਰ, ਮੋਗਾ, ਜਲੰਧਰ, ਕਪੂਰਥਲਾ, ਅੰਮ੍ਰਿਤਸਰ, ਗੁਰਦਾਸਪੁਰ, ਫ਼ਰੀਦਕੋਟ, ਮੁਕਤਸਰ, ਜਗਰਾਉਂ, ਲੁਧਿਆਣਾ) ਅਤੇ ਅਨੰਦਪੁਰ ਸਾਹਿਬ (ਰੋਪੜ) ਵਿਚ ਮੁਜ਼ਾਹਰੇ ਕਰ ਕੇ ਧਰਨੇ ਦਿੱਤੇ ਗਏ। ਇਸ ਤੋਂ ਬਿਨਾਂ ਬਠਿੰਡਾ ਵਿਚ ਨੌਜਵਾਨ ਭਾਰਤ ਸਭਾ ਵੱਲੋਂ ਮੰਗ ਪੱਤਰ ਦਿੱਤਾ ਗਿਆ। ਇਨ੍ਹਾਂ ਧਰਨਿਆਂ ਨੂੰ ਮੁਕੇਸ਼ ਮਲੌਦ, ਗੁਰਮੁਖ ਸਿੰਘ, ਤਰਸੇਮ ਪੀਟਰ, ਕਸ਼ਮੀਰ ਸਿੰਘ ਘੁੱਗਸ਼ੋਰ, ਦਾਤਾਰ ਸਿੰਘ, ਧਰਮਿੰਦਰ ਅਜਨਾਲਾ, ਨਿਰਭੈ ਸਿੰਘ ਢੁੱਡੀਕੇ, ਕਮਲਜੀਤ ਸਨਾਵਾ, ਅਤੇ ਹਰਦੇਵ ਸਿੰਘ ਸੰਧੂ ਆਦਿ ਨੇ ਸੰਬੋਧਨ ਕੀਤਾ।

ਡਿਪਟੀ ਕਮਿਸ਼ਨਰਾਂ ਰਾਹੀਂ ਪੰਜਾਬ ਸਰਕਾਰ ਨੂੰ ਭੇਜੇ ਮੰਗ ਪੱਤਰਾਂ ਰਾਹੀਂ ਮੰਗ ਕੀਤੀ ਕਿ ਦਲਿਤਾਂ ਨੂੰ ਪੰਚਾਇਤੀ ਜ਼ਮੀਨ ਘੱਟ ਰੇਟ 'ਤੇ ਦਿੱਤੀ ਜਾਵੇ, ਡੰਮੀ ਬੋਲੀਆਂ ਰੱਦ ਕੀਤੀਆਂ ਜਾਣ, ਡੰਮੀ ਬੋਲੀਆਂ ਕਰਨ ਵਾਲੇ ਅਧਿਕਾਰੀਆਂ ਅਤੇ ਸਰਪੰਚਾਂ 'ਤੇ ਕੇਸ ਦਰਜ ਕੀਤੇ ਜਾਣ, ਪੁਲੀਸ ਵੱਲੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ, ਵਰਕਰਾਂ ਤੇ ਹੋਰ ਦਲਿਤਾਂ ਦੇ ਬਣਾਏ ਝੂਠੇ ਕੇਸ ਰੱਦ ਕੀਤੇ ਜਾਣ ਅਤੇ ਗ੍ਰਿਫਤਾਰ ਸਾਥੀਆਂ ਨੂੰ ਰਿਹਾਅ ਕੀਤਾ ਜਾਵੇ।

# ਸਿਰਫ਼ ਥੋੜ੍ਹੀ ਸੀ ਸੁਖਨਫਹਿਮੀ ਅਗਰ ਦੇ ਦੇ ਖ਼ੁਦਾ

*ਗਾਲਿਬ ਬਨਾਮ ਗਾਲਬੀਅਤ*

ਸਿਰਫ਼ ਥੋੜ੍ਹੀ ਸੀ ਸੁਖਨਫਹਿਮੀ
ਅਗਰ ਦੇ ਦੇ ਖ਼ੁਦਾ,
ਜ਼ਿੰਦਗੀ ਕਾ ਲੁਤਫ਼ ਗਾਲਿਬ ਕੀ
ਤਰਫਦਾਰੀ ਮੇਂ ਹੈ। (ਸੁਜ਼ਾ ਅਖ਼ਾਵਰ)

ਗਾਲਿਬ ਦੀ ਤਰਫ਼ਦਾਰੀ ਲਈ ਕਲਮ ਚੁੱਕਦਿਆਂ ਇਹ ਖਿਆਲ ਆਉਂਦਾ ਹੈ ਕਿ ਮੈਂ ਇਹ ਤਰਫ਼ਦਾਰੀ ਉਥੇ ਕਰ ਰਿਹਾ ਹਾਂ ਜਿਥੇ ਸੱਤਰਵਿਆਂ ਵਿਚ ਸ਼ੁਹਰਤ ਵੱਲ ਵਧ ਰਹੇ ਇਕ ਸ਼ਾਇਰ ਨੇ ਗਾਲਿਬ ਨੂੰ ਗਾਲ੍ਹਾਂ ਕੱਢੀਆਂ ਸਨ ਤੇ ਉਹ ਸ਼ਾਇਰ ਮਗਰੋਂ ਸਾਡਾ ਮਹਾਨ ਸ਼ਾਇਰ ਗਿਣ ਹੋਇਆ ਸੀ। ਇਸ ਸ਼ਾਇਰ ਨੇ ਜਾਂ ਤਾਂ ਗਾਲਿਬ ਪੜ੍ਹਿਆ ਨਹੀਂ ਸੀ, ਜਾਂ ਉਸ ਕੋਲ ਸੁਖਨਫਹਿਮੀ ਨਹੀਂ ਸੀ, ਤੇ ਉਹ ਨਹੀਂ ਸੀ ਜਾਣਦਾ ਕਿ ਗਾਲਿਬ ਨੂੰ ਗਾਲ੍ਹਾਂ ਕੱਢਣਾ ਸ਼ਾਇਰੀ



**ਗੁਰਦੀਪ (ਦੇਹਰਾਦੂਨ)**
**ਫੋਨ: +91-81264-90298**

ਨੂੰ ਗਾਲ੍ਹਾਂ ਕੱਢਣ ਬਰਾਬਰ ਹੈ; ਗਾਲਿਬ ਜਿਸ ਨੇ ਇਸ ਧਰਤੀ 'ਤੇ ਉਸਰੀ ਜ਼ਿੰਦਗੀ ਦੀ ਵਫ਼ਾ ਲਈ ਉਚੇ ਅਸਮਾਨ ਨਾਲ ਆਢਾ ਲਾਇਆ ਸੀ:

ਐ ਚਰਖ ਖਾਕ ਬਰਸਰੇ
ਤਾਮੀਰੇ ਕਾਇਨਾਤ
ਲੇਕਿਨ ਬਿਨਾਏ ਅਹਿਦੇ
ਵਫ਼ਾ ਇਸਤਵਾਰ ਤਰ।

ਗਾਲਿਬ ਨੇ ਅਸਮਾਨ ਵੱਲ ਵੇਖਿਆ; ਬੜਾ ਉਚਾ, ਸਾਫ਼-ਸ਼ਫਾਫ ਤੇ ਮਹਾਨ ਸੀ, ਦਿਲ ਵਿਚ ਆਪਣੀ ਦੁਨੀਆਂ ਲਈ ਪਿਆਰ ਤੇ ਮਾਣ ਜਾਗਿਆ ਤੇ ਇਹ ਸ਼ਿਅਰ ਅਤਾ ਹੋਇਆ। ਮਤਲਬ ਹੈ: ਐ ਅਰਸ਼! ਮੇਰੀ ਇਸ ਦੁਨੀਆਂ ਦੀ ਉਸਾਰੀ ਤਾਂ ਮਿੱਟੀ ਉਤੇ ਹੋਈ ਹੈ, ਪਰ ਇਥੇ ਇਸ ਨਾਲ ਵਫ਼ਾ ਦੀਆਂ ਤੰਦਾਂ ਬਹੁਤ ਡੂੰਘੀਆਂ ਤੇ ਮਜ਼ਬੂਤ ਹਨ। ਗਾਲਿਬ ਜ਼ਿੰਦਗੀ ਦੇ ਦਰਦ ਨਾਲ ਮਚਦੇ ਦਿਲ ਨੂੰ ਹੀ ਸ਼ਾਇਰੀ ਦੀ ਪਹਿਲੀ ਲੋੜ ਮੰਨਦਾ ਹੈ:

ਹੁਸਨੇ ਫਰੋਗੇ ਸ਼ਮਾਅ-ਇ-ਸੁਖਨ
ਦੂਰ ਹੈ ਅਸਦ,
ਪਹਿਲੇ ਦਿਲੇ ਗੁਦਾਖਤਾ ਪੈਦਾ ਕਰੇ ਕੋਈ।

ਅਰਥਾਤ ਸ਼ਾਇਰੀ ਦੇ ਚਿਰਾਗ/ਲਾਟ ਦੀ ਖੂਬਸੂਰਤੀ ਵਧਾਉਣਾ ਤਾਂ ਦੂਰ ਦੀ ਗੱਲ ਹੈ, ਪਹਿਲੋਂ ਮੱਚਦਾ ਦਿਲ ਪੈਦਾ ਕਰਨਾ ਪੈਂਦਾ ਹੈ।

ਲੇਖ ਦਾ ਮੰਤਵ ਪਾਠਕਾਂ ਨੂੰ ਗਾਲਿਬ ਦੀ ਸ਼ਾਇਰੀ ਦਾ ਲੁਤਫ਼ ਦੇਣਾ ਤੇ ਇੰਜ ਗਾਲਿਬ ਪੜ੍ਹਨ ਵੱਲ ਲਿਜਾਣਾ ਹੈ। ਅਜੇ ਵੀ ਸਾਡੇ ਕੋਲ ਕੁਝ ਪੁਖਤਾ ਪਾਠਕ ਹੋਣਗੇ ਜਿਨ੍ਹਾਂ ਗਾਲਿਬ ਪੜ੍ਹਿਆ ਹੈ। ਇਹ ਲੇਖ ਉਨ੍ਹਾਂ ਲਈ ਹੈ, ਜਿਨ੍ਹਾਂ ਨਹੀਂ ਪੜ੍ਹਿਆ।

ਕਾਲੀ ਜਿਨ੍ਹਾਂ ਨਾ ਰਾਵਿਆ
ਧੌਲੀ ਰਾਵੇ ਨਾ ਕੋਇ।

ਪਰ ਨਵੀਂ ਪੀੜ੍ਹੀ ਨੂੰ ਗਾਲਬੀਅਤ ਦੇ ਜਲਵੇ ਤੋਂ ਜਾਣੂ ਕਰਵਾਉਣਾ ਸਾਰਥਕ ਕੰਮ ਹੈ। ਗਾਲਿਬ ਉਤੇ ਬੜੀ ਖੋਜ ਹੋਈ ਹੈ। ਗਾਲਬੀਅਤ ਦੇ ਦਫ਼ਤਰ ਭਰੇ ਪਏ ਨੇ, ਪਰ ਇਹ ਸਾਨੂੰ ਗਾਲਿਬ ਦੇ ਨੇੜੇ ਲਿਆਉਣ ਦੀ ਥਾਂ ਉਸ ਤੋਂ ਹੋਰ ਵੀ ਦੂਰ ਲੈ ਜਾਂਦੇ ਨੇ, ਕਿਉਂਕਿ ਇਸ ਵਿਸ਼ੇ ਉਤੇ ਕਲਮ ਚੁੱਕਦੇ ਹੀ ਹਰ ਕੋਈ ਗਾਲਿਬ ਹੋ ਜਾਂਦਾ ਹੈ, ਆਪਣੀ ਅਕਲ ਦੇ ਜੌਹਰ ਦਿਖਾਉਣ ਲਗਦਾ ਹੈ; ਨਤੀਜਾ ਹੈ ਕਿ ਗਾਲਿਬ ਦੀ ਮਹਾਨਤਾ ਅੱਜ ਵੀ ਕਹਾਵਤ ਹੀ ਹੈ।

ਗਾਲਿਬ ਦੇ ਸੁਹਜ ਦੇ ਬਹੁਤ ਪਹਿਲੂ ਨੇ। ਖਾਸਤਰੀਨ ਹੈ ਉਸ ਦੇ ਤਸੱਵਰ ਦੀ ਖੂਬਸੂਰਤੀ ਤੇ ਇਹ ਖੂਬਸੂਰਤੀ ਵੀ ਬੜੀਆਂ ਸ਼ਕਲਾਂ ਵਿਚ ਜ਼ਾਹਰ ਹੁੰਦੀ ਹੈ। ਏਥੇ ਖਿਆਲ ਅਤੇ ਤਸੱਵਰ ਨੂੰ ਨਿਖੇੜ ਲੈਣਾ ਜ਼ਰੂਰੀ ਹੈ। ਖਿਆਲ ਸੋਸ਼ਲ ਹੈ, ਸਭ ਨਾਲ ਸਾਂਝਾ ਹੈ; ਅਸੀਂ ਉਸ ਨੂੰ ਆਪਣੇ ਤੌਰ 'ਤੇ ਅਪਨਾ ਕੇ ਆਪਣੀ ਗੱਲ ਆਖ ਸਕਦੇ ਹਾਂ। ਤਸੱਵਰ ਖਿਆਲ ਨਵੀਂ ਚੀਜ਼ ਪੈਦਾ ਕਰ ਲੈਂਦਾ ਹੈ ਜਿਸ ਨੂੰ ਅਸੀਂ ਪਛਾਣ ਸਕਦੇ ਹਾਂ, ਜਿਸ ਤਰ੍ਹਾਂ ਕਹਿੰਦੇ ਨੇ:

ਹੈ ਬਹੁਤ ਸੱਚੀ ਅਗਰਚੇ ਸ਼ਾਇਰੋਂ ਕੀ ਬਾਤ ਹੈ।

ਇਸ ਪਛਾਣ ਵਿਚ ਖੂਬਸੂਰਤੀ ਹੈ। ਗਾਲਿਬ ਕਹਿੰਦਾ ਏ:

ਪੁਰ ਹੂੰ ਮੈਂ ਸ਼ਿਕਵਾ ਸੇ ਯੂੰ
ਰਾਗ ਸੇ ਜੈਸੇ ਬਾਜਾ
ਇਕ ਜ਼ੱਰ੍ਹਾ ਛੇੜੀਏ
ਫਿਰ ਦੇਖੀਏ ਕਿਆ ਹੋਤਾ ਹੈ।

ਸ਼ਾਇਰ ਸਤਾਉਣ ਵਾਲੇ ਦੇ ਖਿਲਾਫ਼ ਸ਼ਿਕਾਇਤ ਨਾਲ ਭਰਿਆ ਪਿਆ ਹੈ, ਜ਼ਰਾ ਜਿੰਨੀ ਹਰਕਤ 'ਤੇ ਉਸ ਨੇ ਛਿੜ ਪੈਣਾ ਹੈ। ਅਸੀਂ ਏਥੇ ਐਨ ਮੰਨ ਲੈਂਦੇ ਹਾਂ ਕਿ ਵਾਜੇ ਵਿਚ ਬੇਅੰਤ ਰਾਗ ਹੁੰਦਾ ਹੈ ਅਤੇ ਸਾਨੂੰ ਸ਼ਿਕਾਇਤ ਕਰਨ ਵਾਲੇ ਦੇ ਦਿਲ ਵਿਚ ਸੰਭਾਲੇ ਤੂਫ਼ਾਨ ਦਾ ਅੰਦਾਜ਼ਾ ਹੋ ਜਾਂਦਾ ਏ। ਵਾਜੇ ਵਿਚ ਭਰੇ ਬੇਓੜਕ ਰਾਗ ਦਾ ਤਸੱਵਰ ਗਾਲਬੀਅਤ ਹੈ। ਹੋਰ ਇਕ ਥਾਂ ਕਿਹਾ ਏ:

ਮੌਤ ਬਸ ਉਨਕੀ ਹੈ
ਜੋ ਮਰ ਕੇ ਵਹਾਂ ਦਫ਼ਨ ਹੂਏ,
ਜ਼ੀਸਤ ਉਨਕੀ ਹੈ ਜੋ
ਉਸ ਕੂਚੇ ਸੇ ਘਾਇਲ ਆਏ।

ਏਥੇ ਗਾਲਬੀਅਤ ਇਸ ਬਿਆਨ ਵਿਚ ਹੈ ਕਿ ਆਮ ਮੌਤ ਵੀ ਕਿਸੇ ਗਿਣਤੀ ਵਿਚ ਨਹੀਂ। ਮੌਤ ਉਹ ਹੈ ਜਿਹੜੀ ਉਹਦੀ ਗਲੀ ਵਿਚ ਮਰ ਕੇ ਦਫ਼ਨ ਹੋਣ ਤੱਕ ਪਹੁੰਚੇ ਤੇ ਜ਼ਿੰਦਗੀ ਦਾ ਇਰਫ਼ਾਨ ਸਿਰਫ਼ ਉਨ੍ਹਾਂ ਨੂੰ ਹੈ ਜੋ ਉਨ੍ਹਾਂ ਜ਼ਖ਼ਮਾਂ ਨੂੰ ਸਹਿਲਾਏ ਤੇ ਜਿਹੜੇ ਉਨ੍ਹਾਂ ਜ਼ਖ਼ਮਾਂ ਨੂੰ ਲਈ ਫਿਰਦੇ ਨੇ, ਉਨ੍ਹਾਂ ਨੂੰ ਹੁਣ ਕਿਹੜੀ ਮੌਤ ਨੇ ਮਾਰਨਾ ਹੈ! ਇਕ ਸ਼ਿਅਰ ਹੋਰ ਦੇਖੋ:

ਕਿਸਕਾ ਖਿਆਲ ਆਇਨੇ ਇੰਤਜ਼ਾਰ ਥਾ
ਹਰ ਬਰਗੇ ਗੁਲ ਕੇ
ਪਰਦੇ ਮੇਂ ਦਿਲ ਬੇਕਰਾਰ ਥਾ।

ਜੇ ਇਹ ਸ਼ਿਅਰ ਗਾਲਿਬ ਦਾ ਨਾ ਹੁੰਦਾ ਤਾਂ ਇਹ ਇੰਜ ਵੀ ਹੋ ਸਕਦਾ ਸੀ:

ਕਿਸ ਮਾਹਲਕਾ ਕਾ ਗੁਲਿਸਤਾਂ ਕੋ ਇੰਤਜ਼ਾਰ ਥਾ।
ਹਰ ਫੂਲ ਕੇ ਸੀਨੇ ਮੇਂ ਇਕ ਦਿਲ ਬੇਕਰਾਰ ਥਾ।

ਇਸ ਸ਼ਿਅਰ ਵਿਚ ਬਾਗ਼ ਨੂੰ ਕਿਸੇ ਚੰਦਰਮੁਖੀ ਦੀ ਉਡੀਕ ਤੇ ਉਸ ਉਡੀਕ ਵਿਚ ਹਰ ਫੁੱਲ ਦੇ ਦਿਲ ਦੀ ਤੜਪ ਦੇ ਤਸੱਵਰ ਵਿਚ ਸ਼ਾਇਰੀ ਹੈ ਪਰ ਗਾਲਿਬ ਦਾ ਸ਼ਿਅਰ ਹਰ ਫੁੱਲ ਦੀ ਪੱਤੀ-ਪੱਤੀ ਨੂੰ ਆਉਣ ਵਾਲੇ ਦੇ ਖਿਆਲ ਦਾ ਸ਼ੀਸ਼ਾ ਫੜਾ ਦਿੰਦਾ ਏ ਤੇ ਉਸ ਸੂਰਤ ਦੀ ਆਮਦ ਵਿਚ ਪੱਤੀ-ਪੱਤੀ ਤੜਫਦੀ ਹੈ। ਉਡੀਕ ਵਿਚ ਉਡੀਕੇ ਜਾਣ ਵਾਲੇ ਦਾ ਖਿਆਲ ਤਾਂ ਹੁੰਦਾ ਹੈ, ਪਰ ਉਸ ਖਿਆਲ ਨੂੰ ਸ਼ੀਸ਼ਾ ਬਣਾ ਕੇ ਉਡੀਕਵਾਨ ਪੱਤੀ-ਪੱਤੀ ਨੂੰ ਫੜਾ ਦੇਣਾ ਗਾਲਬੀਅਤ ਹੈ।

ਗਾਲਿਬ ਦੀ ਸ਼ਾਇਰੀ ਵਿਚ ਕਲਪਨਾ ਨੂੰ ਟੁੰਬਣ ਵਾਲੇ ਸ਼ਿਅਰਾਂ ਦੀ ਗਿਣਤੀ ਏਨੀ ਹੈ ਕਿ ਉਸ ਦੇ ਸਿਹਰਿਆਂ, ਕਸੀਦਿਆਂ, ਫਰਮਾਇਸ਼ੀ ਕਲਾਮ ਤੇ ਮੁਨਫ਼ਰਦ ਸ਼ਿਅਰਾਂ ਤੇ ਕੱਤਿਆਂ ਵਗੈਰਾ ਨੂੰ ਛੱਡ ਕੇ ਦੀਵਾਨ ਵਿਚ ਦਰਜ ਲਗਭਗ 235 ਗਜ਼ਲਾਂ ਦੇ ਖੂਬਸੂਰਤ ਸ਼ਿਅਰਾਂ ਦਾ ਹੀ ਜ਼ਿਕਰ ਕਰੀਏ ਤਾਂ ਦੀਵਾਨ ਤੋਂ ਵੱਡੀ ਕਿਤਾਬ ਲਿਖਣ ਦੀ ਲੋੜ ਪਵੇਗੀ। ਮੈਂ ਇਕ-ਦੋ ਮਿਸਾਲਾਂ ਤੋਂ ਬਾਅਦ ਗਾਲਿਬ ਦੀਆਂ ਹੋਰ ਖੂਬੀਆਂ ਦੀ ਗੱਲ ਕਰਾਂਗਾ।

ਮਿਸਾਲਾਂ:

ਹੋ ਗਏ ਹੈਂ ਜਮਾਅ ਅਜਜ਼ਾਏ
ਨਿਗਾਹੇ ਆਫ਼ਤਾਬ,
ਜ਼ੱਰੇ ਉਸ ਕੇ ਘਰ ਕੀ
ਦੀਵਾਰੋਂ ਕੇ ਰੌਜ਼ਨ ਮੇਂ ਨਹੀਂ।

ਯਾਰ ਦੇ ਘਰ ਦੇ ਰੌਸ਼ਨਦਾਨ ਵਿਚ ਆਉਂਦੀਆਂ ਕਿਰਨਾਂ ਵਿਚ ਨੱਚਦੇ ਰੌਸ਼ਨ ਧੂੜ ਕਣਾਂ ਨੂੰ ਦੇਖ ਕੇ ਸ਼ਾਇਰ ਕਹਿੰਦਾ ਏ, ਇਹ ਧੂਲ ਕਣ ਨਹੀਂ, ਇਹ ਤਾਂ ਉਸ ਨੂੰ ਦੇਖਣ ਲਈ ਸੂਰਜ ਦੀ ਨਜ਼ਰ ਟੋਟਾ-ਟੋਟਾ ਹੋਈ ਫਿਰਦੀ ਹੈ, ਯਾਨਿ ਸੂਰਜ ਉਹਨੂੰ ਹਜ਼ਾਰ ਅੱਖਾਂ ਨਾਲ ਦੇਖਣ ਲਈ ਬੇਤਾਬ ਹੈ। ਅੱਗੇ ਕਹਿੰਦਾ ਏ:

ਨਾ ਹੋਗਾ ਯਕ ਬੀਆਬਾਂ
ਮਾਂਦਗੀ ਸੇ ਜ਼ੌਕ ਕਮ ਮੇਰਾ,
ਹੁਬਾਬੇ ਮੌਜ ਏ ਰਫ਼ਤਾਰ ਹੈ
ਨਕਸ਼ੇ ਕਦਮ ਮੇਰਾ।

ਅਰਥਾਤ ਕਿਸੇ ਇਕ ਔਧੇ ਬੀਆਬਾਨ ਨੂੰ ਗਹੁਣ ਦੀ ਥਕਾਵਟ ਨਾਲ ਮੈਂ ਅੱਗੇ ਤੋਂ ਅੱਗੇ ਜਾਣ ਤੋਂ ਹਾਰਨ ਵਾਲਾ ਨਹੀਂ। ਜਿਸ ਤਰ੍ਹਾਂ ਪਾਣੀ ਦੀ ਲਹਿਰ ਉਤੇ ਬੁਲਬੁਲੇ ਨੇ, ਏਸੇ ਤਰ੍ਹਾਂ ਰਫ਼ਤਾਰ ਦੀ ਲਹਿਰ ਉਤੇ ਮੇਰੀਆਂ ਪੈੜਾਂ ਨੇ; ਮੈਂ ਰਫ਼ਤਾਰ ਦੀ ਲਹਿਰ 'ਤੇ ਸਵਾਰ ਹਾਂ, ਮੈਨੂੰ ਥਕਾਵਟ ਕੀ? ਰਫ਼ਤਾਰ ਦੀ ਲਹਿਰ 'ਤੇ ਸਵਾਰ ਹੋਣ ਦਾ ਤਸੱਵਰ ਖੂਬ ਹੈ। ਇਕ ਹੋਰ ਸ਼ਿਅਰ ਹੈ:

ਜਜ਼ਬਾ-ਇ-ਬੇਅਖ਼ਤਿਆਰੇ
ਸ਼ੌਕ ਦੇਖਾ ਚਾਹਿਏ,
ਸੀਨਾ-ਇ-ਸ਼ਮਸ਼ੀਰ ਸੇ
ਬਾਹਰ ਹੈ ਦਮ ਸ਼ਮਸ਼ੀਰ ਕਾ।

ਸ਼ਿਅਰ ਦੀ ਖੂਬਸੂਰਤੀ ਸ਼ਮਸ਼ੀਰ ਦੇ ਦਮ ਦੇ ਬਿਆਨ ਵਿਚ ਹੈ। ਸ਼ਮਸ਼ੀਰ ਦਾ ਦਮ ਤਲਵਾਰ ਦੀ ਪਾਣ ਨੂੰ ਕਹੀਦਾ ਏ। ਗਾਲਿਬ ਕਹਿੰਦਾ ਏ, ਕਾਤਲ ਦੀ ਤਲਵਾਰ ਮੇਰੀ ਜਾਨ ਲੈਣ ਲਈ ਏਨੀ ਕਾਹਲੀ ਹੈ ਕਿ ਉਸ ਦਾ ਦਮ ਸੀਨੇ ਤੋਂ ਬਾਹਰ ਆਇਆ ਫਿਰਦਾ ਹੈ। ਆਮ ਦਮ ਸੀਨੇ ਦੇ ਅੰਦਰ ਹੁੰਦਾ ਏ, ਪਰ ਤਲਵਾਰ ਦਾ ਦਮ ਬਾਹਰ ਹੁੰਦਾ ਹੈ ਤੇ ਗਾਲਿਬ ਨੇ ਇਹ ਗੱਲ ਫੜ੍ਹ ਕੇ ਖੂਬਸੂਰਤ ਸ਼ਿਅਰ ਵਿਚ ਬੰਨ੍ਹ ਦਿੱਤੀ ਹੈ। ਆਪਣੇ ਕਤਲ ਬਾਰੇ ਗਾਲਿਬ ਦਾ ਸ਼ਿਅਰ ਹੈ:

ਕੀ ਮੇਰੇ ਕਤਲ ਕੇ ਬਾਅਦ
ਉਸ ਨੇ ਜਫ਼ਾ ਸੇ ਤੌਬਾ,
ਹਾਏ! ਉਸ ਜ਼ੂਦ ਪਸ਼ੇਮਾਂ ਕਾ ਪਸ਼ੇਮਾਂ ਹੋਨਾ।

ਇਸ ਸ਼ਿਅਰ ਵਿਚ ਗੱਲ ਜ਼ੂਦ ਪਸ਼ੇਮਾਨੀ ਦੀ ਹੈ। ਗਾਲਿਬ ਆਪਣੇ ਕਤਲ ਨੂੰ ਬਹੁਤ ਮਾਮੂਲੀ ਗੱਲ ਸਮਝਦਾ ਹੈ ਤੇ ਕਹਿੰਦਾ ਏ- ਦੇਖੋ, ਉਹ ਨਾਜ਼ਕ ਤਬਾਅ ਕਿੰਨੀ ਛੇਤੀ ਸ਼ਰਮਿੰਦਾ ਹੋ ਜਾਂਦਾ ਏ। ਮੇਰੇ ਵਰਗੇ ਦਾ ਕਤਲ ਵੀ ਕੋਈ ਸ਼ਰਮਿੰਦਗੀ ਵਾਲੀ ਗੱਲ ਹੈ ਭਲਾ!

ਗੁਲਜ਼ਾਰ, ਫੁੱਲਾਂ, ਮਹਿਲਾਂ ਬਾਰੇ ਬਹੁਤ ਸ਼ਾਇਰੀ ਹੋਈ ਹੈ। ਗੁਲਜ਼ਾਰ ਵਿਚ ਖੁਸ਼ਬੂ ਦੀ ਕਾਰਫਰਮਾਈ ਬਾਰੇ ਗਾਲਿਬ ਦਾ ਬਿਆਨ ਦੇਖਣ ਵਾਲਾ ਹੈ:

ਆਜ਼ਾਦੀ-ਏ-ਨਸੀਮ ਮੁਬਾਰਕ
ਕਿ ਹਰ ਤਰਫ਼
ਟੂਟੇ ਪੜੇ ਹੈਂ
ਹਲਕ-ਏ-ਦਾਮੇ-ਹਵਾਏ ਗੁਲ।

ਗੁਲਸ਼ਨ ਦੀ ਹਵਾ ਮਹਿਕ ਰਹੀ ਹੈ, ਫੁੱਲ ਪੱਤੀਆਂ ਖਿਲਰੀਆਂ ਫਿਰਦੀਆਂ ਨੇ। ਗਾਲਿਬ ਨੂੰ ਇਹ ਫੁੱਲ ਪੱਤੀਆਂ ਉਸ ਜ਼ੰਜੀਰ ਦੀਆਂ ਕੜੀਆਂ ਜਾਪਦੀਆਂ ਨੇ ਜਿਸ ਵਿਚ ਖੁਸ਼ਬੂ ਜਕੜੀ ਹੋਈ ਸੀ ਤੇ ਉਹ ਦੀਵਾਨਾਵਾਰ ਸਭ ਨੂੰ ਖੁਸ਼ਬੂ ਦੇ ਕੇ ਆਜ਼ਾਦ ਹੋਣ ਦੀ ਵਧਾਈ ਦਿੰਦਾ ਫਿਰਦਾ ਹੈ। ਖੁਸ਼ਬੂ ਦੀ ਆਜ਼ਾਦੀ ਦੀ ਵਧਾਈ ਦੇਣਾ ਗਾਲਬੀਅਤ ਹੈ।

ਕੁਝ ਖਾਸ ਹੀ ਮਜ਼ਮੂਨ ਨੇ ਜੋ ਹਰ ਗਜ਼ਲਗੋ ਆਪਣੇ ਸ਼ਿਅਰਾਂ ਵਿਚ ਬੰਨ੍ਹਦਾ ਏ। ਗਾਲਿਬ ਦੀ ਖਾਸੀਅਤ ਇਹ ਹੈ ਕਿ ਉਹ ਇਨ੍ਹਾਂ ਮਜ਼ਮੂਨਾਂ ਨੂੰ ਸਮਾਜ, ਵਕਤ ਜਾਂ ਜ਼ਮਾਨੇ ਨਾਲ ਜੋੜ ਦਿੰਦਾ ਹੈ।

ਸ਼ਿਅਰ ਦੇਖੋ:

ਜੀ ਢੂੰਡਤਾ ਹੈ ਫਿਰ ਵਹੀ
ਫੁਰਸਤ ਕੇ ਰਾਤ ਦਿਨ,
ਬੈਠੇ ਰਹੇਂ ਤਸੱਵਰੇ ਜਾਨਾਂ ਕੀਏ ਹੂਏ।

ਇਸ ਮਜ਼ਮੂਨ ਨੂੰ ਇਕ ਹੋਰ ਸ਼ਾਇਰ ਨੇ ਇੰਜ ਬਿਆਨ ਕੀਤਾ ਏ:

ਰਖ ਕਰ ਨਜ਼ਰ ਕੇ ਸਾਮਨੇ
ਤਸਵੀਰੇ ਖਵਾਬੇ ਨਾਜ਼,
ਪਹਿਰੋਂ ਤੇਰੇ ਖਿਆਲ ਮੇਂ
ਬੈਠਾ ਰਹਾ ਹੂੰ ਮੈਂ।

ਸ਼ਿਅਰ ਸਿਰਫ਼ ਏਨਾ ਬਿਆਨ ਕਰਦਾ ਏ ਕਿ ਸ਼ਾਇਰ ਬਹੁਤ ਚਿਰ ਯਾਰ ਦੇ ਨਾਜ਼ੋ-ਅਦਾ ਦੇ ਖਿਆਲ ਵਿਚ ਡੁੱਬਿਆ ਰਿਹਾ।

ਗਾਲਿਬ ਯਾਰ ਦੇ ਤਸੱਵਰ ਦੀ ਜੰਨਤ, ਹਾਲਾਤ ਵੱਲੋਂ ਖੋਹ ਲਏ ਜਾਣ ਦਾ ਸਾਖੀ ਹੈ। ਦੌੜ-ਭੱਜ ਦੇ ਜ਼ਮਾਨੇ ਵਿਚ ਗਾਲਿਬ ਦਾ ਸ਼ਿਅਰ ਹੋਰ ਵੀ ਪਿਆਰਾ ਹੋ ਗਿਆ ਏ। ਸ਼ਿਅਰ ਹੈ:

ਮਾਰਾ ਜ਼ਮਾਨੇ ਨੇ ਅਸਦਉਲਾਹ ਖਾਂ ਤੁਮਹੇਂ
ਵੋ ਵਲਵਲੇ ਕਹਾਂ
ਵੋਹ ਜਵਾਨੀ ਕਿਧਰ ਗਈ।

ਗੱਲ ਦੀ ਖੂਬਸੂਰਤੀ ਇਹ ਕਹਿਣ ਵਿਚ ਹੈ ਕਿ ਅਸੀਂ ਕਿਤੇ ਬੁੱਢੇ ਹੋਣਾ ਸੀ! ਇਹ ਤਾਂ ਜ਼ਮਾਨੇ ਨੇ ਇਹ ਹਾਲ ਕਰ ਦਿੱਤਾ; ਸਾਡੇ ਵਲਵਲੇ ਖੋਹ ਲਏ, ਜਵਾਨੀ ਲੁੱਟ ਲਈ।

ਅੱਜ ਦੇ ਗਜ਼ਲਗੋ ਕੋਲ ਬਹੁਤ ਸਾਰੇ ਨਵੇਂ ਵਿਸ਼ੇ ਨੇ, ਗਾਲਿਬ ਦੇ ਵੇਲੇ ਨਹੀਂ ਸਨ। ਗਮੇ-ਦੌਰਾਂ ਦੀ ਹਕਾਇਤ ਨੂੰ ਤਰੱਕੀਪਸੰਦ ਲਹਿਰ ਦੇ ਅਸਰ ਨਾਲ ਜੋ ਥਾਂ ਮਿਲੀ, ਉਹ ਉਸ ਵੇਲੇ ਨਹੀਂ ਸੀ। ਹਾਂ ਰੁਜ਼ਗਾਰ ਦਾ ਗਮ ਉਦੋਂ ਵੀ ਸੀ, ਸਗੋਂ ਇਸ ਗਮ ਦਾ ਬਿਆਨ ਮੀਰ ਵਿਚ ਹੈ। ਮੀਰ ਸਾਹਿਬ ਫਰਮਾਉਂਦੇ ਨੇ:

ਜਿੰਨ ਬਲਾਓਂ ਕੋ ਮੀਰ ਸੁਨਤੇ ਥੇ
ਉਨ ਕੋ ਇਸ ਰੋਜ਼ਗਾਰ ਮੇਂ ਦੇਖਾ।

ਪਰ ਗਾਲਿਬ ਆਪਣੇ ਰੁਜ਼ਗਾਰ ਦੇ ਗਮ ਨੂੰ ਗਮੇ ਜਾਨਾ ਨਾਲ ਜੋੜ ਕੇ ਖੂਬਸੂਰਤੀ ਪੈਦਾ ਕਰ ਦਿੰਦਾ ਏ:

ਗੋ ਮੈਂ ਰਹਾ ਰਹੀਨੇ ਸਿਤਮਹਾਏ ਰੋਜ਼ਗਾਰ
ਲੇਕਿਨ ਤੇਰੇ ਖਿਆਲ ਸੇ
ਗਾਫ਼ਲ ਨਹੀਂ ਰਹਾ।

ਉਹ ਤਾਂ ਆਪਣੀਆਂ ਨਾਉਮੀਦੀਆਂ ਨੂੰ ਵੀ ਯਾਰ ਦੇ ਪੱਲੇ ਨਾਲ ਜੋੜ ਦਿੰਦਾ ਏ:

ਠਹਿਰਨੇ ਦੇ ਮੁਝੇ ਐ ਨਾਉਮੀਦੀ
ਕਯਾ ਕਯਾਮਤ ਹੈ
ਕਿ ਦਾਮਨੇ ਖਿਆਲੇ ਯਾਰ
ਛੂਟਾ ਜਾਏ ਹੈ ਮੁਝ ਸੇ।

ਤੇ ਦਾਮਨ ਵੀ ਯਾਰ ਦਾ ਨਹੀਂ, ਖਿਆਲੇ ਯਾਰ ਦਾ ਹੈ। ਗਮੇ-ਦੌਰਾਂ ਦਾ ਮੁਢਲਾ ਮੁੱਦਾ ਤੇ ਉਰਦੂ ਦੇ ਪਹਿਲੇ ਵੱਡੇ ਗਜ਼ਲਗੋ ਵਲੀ ਦਕਨੀ ਦੇ ਵੇਲੇ ਤੋਂ ਹੀ ਜ਼ਿਕਰ ਵਿਚ ਰਿਹਾ ਏ:


ਬਾਇਸੇ ਰੁਸਵਾਈ ਏ ਆਲਮ ਵਲੀ
ਮੁਫ਼ਲਸੀ ਹੈ। ਮੁਫ਼ਲਸੀ ਹੈ!! ਮੁਫ਼ਲਸੀ!

ਯਾਨਿ ਦੁਨੀਆਂ ਦੀ ਖਵਾਰੀ ਦਾ ਕਾਰਨ ਗਰੀਬੀ ਹੈ ਤੇ ਗਰੀਬੀ ਹੀ ਹੈ; ਪਰ ਗਾਲਿਬ ਨੇ ਗਰੀਬੀ ਦੀ ਲਾਅਨਤ ਨੂੰ ਜਿਹੜੇ ਪੁਰ ਤਾਸੀਰ ਲਫ਼ਜ਼ਾਂ ਵਿਚ ਬੰਨ੍ਹਿਆ ਏ, ਉਸ ਦੀ ਮਿਸਾਲ ਨਹੀਂ:

ਸਰ ਪਰ ਹਜੂਮੇ ਦਰਦੇ ਗਰੀਬੀ ਸੇ ਡਾਲੀਏ
ਵੋ ਏਕ ਮੁਸ਼ਤੇ ਖਾਕ
ਕਿ ਸਹਰਾ ਕਹੇਂ ਜਿਸੇ।

ਅਰਥਾਤ ਗਰੀਬੀ ਦੇ ਦੁੱਖ ਏਨੇ ਵਡੇ ਨੇ ਕਿ ਦੁਨੀਆਂ ਦੇ ਸਿਰ ਚੜ੍ਹ ਕੇ ਜੇ ਆਪਣੇ ਸਿਰ ਵਿਚ ਮਿੱਟੀ ਪਾਏ ਤਾਂ ਸਾਰਾ ਮਾਰੂਥਲ ਇਸ ਲਈ ਕਾਫ਼ੀ ਨਹੀਂ, ਇਹ ਤਾਂ ਸਿਰਫ਼ ਮਿੱਟੀ ਦੀ ਇਕ ਮੁੱਠ ਲਗਦਾ ਏ।

ਦੁਨੀਆਂ ਨੇ ਮਜਨੂੰ ਨੂੰ ਲੈਲਾ ਦੀ ਚਾਹਤ



*ਮਿਰਜ਼ਾ ਗਾਲਿਬ*

ਵੱਟੇ ਜੋ ਵਹਿਸ਼ਤ ਦਿੱਤੀ, ਉਸ ਦਾ ਗੁਬਾਰ ਸਾਰੀ ਦੁਨੀਆਂ ਵਿਚ ਇਸ ਸਿਰੇ ਤੋਂ ਉਸ ਸਿਰੇ ਤੱਕ ਫੈਲਿਆ ਹੋਇਆ ਹੈ ਤੇ ਇਹ ਆਲਮ ਕਿਸੇ ਨੂੰ ਵੀ ਲੈਲਾ ਦੇ ਤੁਰੇ ਦਾ ਨਜ਼ਾਰਾ ਬਹੁਤ ਚਿਰ ਤੱਕ ਦਿਸਣ ਨਹੀਂ ਦਿੰਦਾ, ਯਾਨਿ ਦੁਨੀਆਂ ਦੀ ਕਰੂਰ ਅਸਲੀਅਤ ਸਾਥੋਂ ਛੇਤੀ ਹੀ ਜੀਵਨ ਦਾ ਰੁਮਾਂਸ ਖੋਹ ਲੈਂਦੀ ਹੈ। ਸ਼ਿਅਰ ਇਸ ਤਰ੍ਹਾਂ ਹੈ:

ਆਲਮ ਗੁਬਾਰੇ ਵਹਿਸ਼ਤੇ
ਮਜਨੂੰ ਹੈ ਸਰਬਸਰ
ਕਬ ਤਕ ਖਿਆਲੇ ਤੁਰੱਏ ਲੈਲਾ ਕਰੇ ਕੋਈ।

ਪਰ ਨਹੁੰਆਂ ਨਾਲੋਂ ਮਾਸ ਕਦੋਂ ਟੁੱਟਦਾ ਏ, ਗਾਲਿਬ ਫਰਮਾਉਂਦੇ ਨੇ:

ਫਿਰ ਉਸੀ ਬੇਵਫ਼ਾ ਪੇ ਮਰਤੇ ਹੈਂ
ਫਿਰ ਵਹੀ ਜ਼ਿੰਦਗੀ ਹਮਾਰੀ ਹੈ।
ਜਾਂ
ਮੁਹੱਬਤ ਮੇਂ ਨਹੀਂ ਕੁਛ ਫਰਕ
ਜੀਨੇ ਔਰ ਮਰਨੇ ਮੇਂ,
ਉਸੀ ਕੋ ਦੇਖ ਕਰ ਜੀਤੇ ਹੈਂ
ਜਿਸ ਕਾਫ਼ਰ ਪੇ ਦਮ ਨਿਕਲੇ।

ਤੇ ਇੰਜ ਜ਼ਿੰਦਗੀ ਦੀ ਸ਼ਮਾ ਹਰ ਰੰਗ ਵਿਚ ਸਵੇਰ ਤੱਕ ਜਗਦੀ ਹੈ:

ਗਮੇ ਹਸਤੀ ਕਾ ਅਸਦ ਕਿਸ ਸੇ
ਹੋ ਜੁਜ਼ ਮਰਗ ਇਲਾਜ
ਸ਼ਮਾ ਹਰ ਰੰਗ ਜਲਤੀ ਹੈ ਸਹਰ ਹੋਨੇ ਤੱਕ।

'ਸ਼ਮਾ ਹਰ ਰੰਗ ਮੇਂ ਜਲਤੀ ਹੈ ਸਹਰ ਹੋਨੇ ਤੱਕ' ਗਾਲਬੀਅਤ ਹੈ।

ਉਰਦੂ ਸ਼ਾਇਰੀ ਵਿਚ ਇਨਸਾਨ ਦੀ ਵਡਿੱਤਣ ਨੂੰ ਬਹੁਤ ਥਾਂ ਮਿਲਿਆ ਏ। ਮੀਰ ਸਾਹਿਬ ਫਰਮਾਉਂਦੇ ਨੇ:

ਮਤ ਸਹਲ ਹਮੇਂ ਜਾਨੋ
ਫਿਰਤਾ ਹੈ ਫਲਕ ਬਰਸੋਂ
ਤਬ ਖਾਕ ਕੇ ਪਰਦੇ ਸੇ
ਇਨਸਾਨ ਨਿਕਲਤੇ ਹੈਂ।

ਗਾਲਿਬ ਨੂੰ ਏਥੇ ਵੀ ਆਦਮੀ ਨੂੰ ਮੁਕੰਮਲ ਇਨਸਾਨ ਨਾ ਬਣਨ ਦੇਣ ਵਾਲੇ ਹਾਲਾਤ ਦਾ ਚੇਤਾ ਆ ਜਾਂਦਾ ਏ। ਉਹ ਕਹਿੰਦਾ ਏ:

ਬਸਕੇ ਦੁਸ਼ਵਾਰ ਹੈ
ਹਰ ਕਾਮ ਕਾ ਆਸਾਂ ਹੋਨਾ
ਆਦਮੀ ਕੋ ਭੀ ਮਯੱਸਰ
ਨਹੀਂ ਇਨਸਾਂ ਹੋਨਾ।

ਗਾਲਿਬ ਦੇ ਇਸ ਸ਼ਿਅਰ ਦੀ ਵਿਆਖਿਆ ਆਪੋ ਆਪਣੇ ਢੰਗ ਨਾਲ ਹੋਈ ਹੈ; ਦਰਅਸਲ ਗਾਲਿਬ ਦੀ ਇਹ ਬਦਕਿਸਮਤੀ ਹੈ ਕਿ ਉਸ ਦੇ ਹਿੱਸੇ ਉਹ ਵਿਆਖਿਆਕਾਰ ਆਏ ਜੋ ਉਹਦੇ ਹਰ ਸ਼ਿਅਰ ਵਿਚੋਂ ਤਸੱਵਫ਼ ਅਤੇ ਅਧਿਆਤਮਿਕਤਾ ਲੱਭਣ ਉਤੇ ਤੁਲੇ ਹੋਏ ਸਨ। ਇਹ ਸ਼ਿਅਰ ਮਯੱਸਰ ਨਹੀਂ ਏ ਮੁੱਦੇ 'ਤੇ ਕੇਂਦਰਤ ਹੈ, ਯਾਨਿ ਹਾਲਾਤ ਆਦਮੀ ਨੂੰ ਇਨਸਾਨ ਨਹੀਂ ਬਣਨ ਦਿੰਦੇ।

ਆਪਣੇ ਵੇਲੇ ਦੇ ਆਗਰੇ ਦੇ ਸੂਬੇਦਾਰ ਦੇ ਭਤੀਜੇ ਗਾਲਿਬ ਨੇ ਸਾਰੀ ਉਮਰ ਗਰੀਬੀ ਵਿਚ ਗੁਜ਼ਾਰੀ, ਕਰਜ਼ ਦੀ ਸ਼ਰਾਬ ਪੀਤੀ ਤੇ ਆਸ ਰੱਖੀ ਕਿ ਇਹ ਫਾਕਾਮਸਤੀ ਇਕ ਦਿਨ ਰੰਗ ਲਿਆਵੇਗੀ:

ਕਰਜ਼ ਕੀ ਪੀਤੇ ਥੇ ਮੈਅ
ਲੇਕਿਨ ਸਮਝਤੇ ਥੇ ਕਿ ਹਾਂ
ਰੰਗ ਲਾਏਗੀ ਹਮਾਰੀ
ਫਾਕਾਮਸਤੀ ਏਕ ਦਿਨ।

ਗਾਲਿਬ ਦੀ ਫਾਕਾਮਸਤੀ ਕਦੀ ਰੰਗ ਨਾ ਲਿਆਈ! ਉਸ ਨੇ ਚਾਹਿਆ ਸੀ ਕਿ ਆਪਣੀ ਨਾਰਾਜ਼ ਰਹਿਣ ਵਾਲੀ ਕਿਸਮਤ ਤੋਂ ਇਕ ਸੋਹਣਾ ਖਵਾਬ ਉਧਾਰ ਲਵੇ, ਪਰ ਇਹ ਸੋਚ ਕੇ ਚੁੱਪ ਕਰ ਕੇ ਰਹਿ ਗਿਆ ਕਿ ਉਧਾਰ ਲੈ ਕੇ ਮੋੜਨਾ ਕਿਥੋਂ ਹੈ:

ਲੂ ਵਾਮ ਬਖਤੇ ਖ਼ਫ਼ਤਾ ਸੇ
ਯਕ ਖਵਾਬੇ ਖੁਸ਼ ਵਲੇ
ਗਾਲਿਬ ਯੇ ਖੌਫ਼ ਹੈ
ਕਿ ਕਹਾਂ ਸੇ ਅਦਾ ਕਰੂੰ।
ਅਰਥ: ਵਾਮ-ਉਧਾਰ।

ਪੰਜਾਬੀ ਵਿਚ ਲੋਕ ਗੀਤ ਹੈ:

ਮੁੱਲ ਵਿਕਦਾ ਸੱਜਣ ਮਿਲ ਜਾਵੇ
ਲੈ ਲਵਾਂ ਮੈਂ ਜਿੰਦ ਵੇਚ ਕੇ।

ਤੇ ਗਾਲਿਬ ਵੀ ਜਾਨ ਵੇਚ ਕੇ ਖੁਸ਼ੀ ਦੇ ਖਵਾਬ ਦੀ ਅਦਾਇਗੀ ਕਰ ਸਕਦਾ ਸੀ, ਪਰ ਉਸ ਗਰੀਬ ਦੀ ਤਾਂ ਜਾਨ ਵੀ ਆਪਣੀ ਨਹੀਂ ਸੀ:

ਜਾਨ ਦੀ, ਹੂਈ ਉਸੀ ਕੀ ਥੀ
ਹਕ ਤੋ ਯੂੰ ਹੈ ਕਿ ਹਕ ਅਦਾ ਨਾ ਹੂਆ।

ਪਰ ਸਾਰੀਆਂ ਦਿਲਸ਼ਿਕਨੀਆਂ, ਨਾਕਾਮੀਆਂ ਤੇ ਨਾਉਮੀਦੀਆਂ ਦੇ ਬਾਵਜੂਦ ਉਹ ਜ਼ਿੰਦਗੀ ਤੋਂ ਕਿਨਾਰਾਕਸ਼ੀ ਨਹੀਂ ਕਰਦਾ:

ਹਮ ਕੋਈ ਤਰਕੇ ਵਫ਼ਾ ਕਰਤੇ ਹੈਂ
ਨਾ ਸਹੀ ਇਸ਼ਕ ਮੁਸੀਬਤ ਹੀ ਸਹੀ।

ਯਾਨਿ ਵਫ਼ਾ ਨਿਭਾਉਣ ਲਈ ਉਹ ਮੁਸੀਬਤ ਵਿਚ ਪੈਣ ਨੂੰ ਵੀ ਤਿਆਰ ਹੈ। ਵਫ਼ਾ ਦੇ ਰਾਹ ਦੀਆਂ ਮੁਸੀਬਤਾਂ ਨੂੰ ਉਹ ਲੋਕ ਜਾਣਦੇ ਨੇ ਜੋ ਇਸ ਦੁਨੀਆਂ ਦੀ ਵਿਆਖਿਆ ਕਰਨ ਦੀ ਥਾਂ ਇਸ ਨੂੰ ਬਦਲਣ ਲਈ ਜਦੋ-ਜਹਿਦ ਕਰ ਰਹੇ ਨੇ।

ਜ਼ਿੰਦਗੀ ਅਤੇ ਉਸ ਦੀਆਂ ਖੁਸ਼ੀਆਂ ਨਾਲ ਗਾਲਿਬ ਦਾ ਦਰਦ ਦਾ ਰਿਸ਼ਤਾ ਹੈ ਤੇ ਉਹ ਸਮਝਦਾ ਏ ਕਿ ਜ਼ਖ਼ਮਾਂ ਦਾ ਮੂੰਹ ਖੋਲ੍ਹੇ ਬਿਨਾਂ ਜ਼ਿੰਦਗੀ 'ਮਹਿਬੂਬ' ਨਾਲ ਗੱਲ ਨਹੀਂ ਹੋ ਸਕਦੀ:

ਜਬ ਤਕ ਦਹਾਨੇ ਜ਼ਖ਼ਮ ਨਾ ਪੈਦਾ ਕਰੇ ਕੋਈ
ਮੁਸ਼ਕਲ ਕਿ ਤੁਝ ਸੇ
ਰਾਹੇ ਸੁਖਨ ਵਾ ਕਰੇ ਕੋਈ।

ਗਾਲਿਬ ਦੀ ਸ਼ਾਇਰੀ ਵਫ਼ਾ ਨੂੰ ਫਾਂਸੀ ਦੇ ਤਖ਼ਤੇ ਦੇ ਇਮਤਿਹਾਨ ਵਿਚ ਉਤਾਰਦੀ ਹੈ, ਉਹ ਮਜਨੂੰ ਤੇ ਫਰਹਾਦ ਨੂੰ ਜ਼ੁਲਫ਼ ਦੇ ਫੰਦੇ ਦੇ ਇਮਤਿਹਾਨ ਤੱਕ ਹੀ ਸੀਮਤ ਦੇਖਦਾ ਹੈ:

ਕਦਹ ਗੇਸੂ ਮੇ ਕੈਸੋ
ਕੋਹਕੰਨ ਕੀ ਆਜ਼ਮਾਇਜ਼ ਹੈ,
ਜਹਾਂ ਹਮ ਹੈ ਵਹਾਂ
ਦਾਰੋ ਰਸਨ ਕੀ ਆਜ਼ਮਾਇਸ਼ ਹੈ।

ਤੇ ਉਹ ਵਫ਼ਾ ਲਈ ਸਿਰ ਦੇਣ ਜਾਂਦਾ ਖੁਸ਼ੀ ਨਾਲ ਭਰਿਆ ਹੋਇਆ ਏ। ਉਸ ਦੀ ਨਜ਼ਰ ਦੀ ਝੋਲੀ ਜ਼ਖ਼ਮਾਂ ਦੇ ਸੁਰਖ ਗੁਲਾਬਾਂ ਨਾਲ ਭਰੀ ਹੋਈ ਹੈ:

ਮਕਤਲ ਕੋ ਇਸ ਨਿਸ਼ਾਤ ਸੇ
ਜਾਤਾ ਹੂੰ ਮੈਂ ਕਿ ਹੈ
ਪੁਰ ਗੁਲ ਖਯਾਲੇ ਜ਼ਖ਼ਮ ਸੇ
ਦਾਮਨ ਨਿਗਾਹ ਕਾ।

ਮਿਸਰਾ ਸਾਨੀ ਗਾਲਬੀਅਤ ਦੀ ਮਿਸਾਲ ਹੈ। ਇਸ ਸ਼ਿਅਰ ਨੇ ਜ਼ਿੰਦਗੀ ਲਈ ਸਿਰ ਕਟਾਉਣ ਵਾਲਿਆਂ ਦੀ ਤਰਜਮਾਨੀ ਕੀਤੀ ਹੈ ਤੇ ਅੱਜ ਵੀ ਕੁਰਬਾਨੀਆਂ ਦੇਣ ਵਾਲਿਆਂ ਨੂੰ ਉਤਸ਼ਾਹ ਦਿੰਦਾ ਹੈ ਤੇ ਇਸ ਦੇ ਮੁਕਾਬਲੇ ਲੋਕਾਂ ਨੂੰ ਮਾਰ ਕੇ ਖੁਦਕੁਸ਼ੀ ਕਰਨ ਵਾਲੇ ਬੰਬਰਾਂ ਕੋਲ ਆਪਣੇ ਜ਼ਾਤੀ ਸਵਾਬ ਤੋਂ ਛੁਟ ਜ਼ਿੰਦਗੀ ਦੀ ਵਫ਼ਾ ਦਾ ਕੋਈ ਤਸੱਵਰ ਨਹੀਂ। ਗਾਲਿਬ ਦੀ ਸ਼ਾਇਰੀ ਜ਼ਿੰਦਗੀ-ਏ-ਸੁਹੱਪਣ ਦੇ ਅਜਿਹੇ ਖੂੰਖਾਰ ਦੁਸ਼ਮਣਾਂ ਲਈ ਨਹੀਂ।

ਆਮੀਨ!

ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

# ਅਉਸਰੁ ਚੁਕਾ ਹਥ ਨ ਆਵੈ

ਹੁਣ ਤੱਕ ਅਸੀਂ ਭਾਈ ਗੁਰਦਾਸ ਅਨੁਸਾਰ ਛੇ ਸ਼ਾਸਤਰਾਂ ਦੇ ਰਚਨਹਾਰਿਆਂ ਵੱਲੋਂ ਵੱਖ ਵੱਖ ਵੇਦਾਂ ਦਾ ਮੰਥਨ ਕਰਕੇ ਤਿਆਰ ਕੀਤੇ ਦਰਸ਼ਨਾਂ ਅਤੇ ਭਾਈ ਗੁਰਦਾਸ ਵੱਲੋਂ ਕੀਤੀ ਟਿੱਪਣੀ ਬਾਰੇ ਵਿਚਾਰ-ਚਰਚਾ ਕੀਤੀ ਹੈ। ਛੇ ਸ਼ਾਸਤਰਾਂ ਸਬੰਧੀ ਵਿਚਾਰ ਪਰਗਟ ਕਰਨ ਤੋਂ ਬਾਅਦ ਹੁਣ ਪਹਿਲੀ ਵਾਰ ਦੀ ਪੰਦਰਵੀਂ ਪਉੜੀ ਵਿਚ ਭਾਈ ਗੁਰਦਾਸ ਚਾਰ ਜੁਗਾਂ ਬਾਰੇ ਪ੍ਰਚਲਿਤ ਵਿਚਾਰਾਂ ਦੀ ਚਰਚਾ ਕਰਦੇ ਹਨ। ਹਿੰਦੂ ਸ਼ਾਸਤਰਾਂ ਵਿਚ ਇਹ ਧਾਰਨਾ ਆਮ ਪਾਈ ਜਾਂਦੀ ਹੈ ਕਿ ਜੀਵ ਦੀਆਂ ਇਛਾਵਾਂ ਜਦੋਂ ਇੱਕ ਜਨਮ ਵਿਚ ਅਧੂਰੀਆਂ ਰਹਿ ਜਾਂਦੀਆਂ ਹਨ ਤਾਂ ਉਹ ਵਾਰ ਵਾਰ ਜਨਮ ਲੈਂਦਾ ਹੈ। ਇਸੇ ਨੂੰ ਪਹਿਲੀ ਪੰਕਤੀ ਵਿਚ ਦੱਸਿਆ ਗਿਆ ਹੈ ਕਿ ਵਾਸਨਾ ਦਾ ਬੰਨ੍ਹਿਆ ਹੋਇਆ ਜੀਵ ਜੁੱਗਾਂ ਜੁੱਗਾਂ ਤੋਂ ਜਨਮ ਲੈਂਦਾ ਅਤੇ ਮਰਦਾ ਰਹਿੰਦਾ ਹੈ। ਇਸ ਜਨਮ-ਮਰਨ ਦੇ ਚੱਕਰ ਵਿਚ ਵਾਰ ਵਾਰ ਜੀਵ (ਆਤਮਾ) ਸਰੀਰ ਬਦਲਦਾ ਰਹਿੰਦਾ ਹੈ ਪਰ ਮਨੁੱਖ ਇਸ ਭੇਦ ਨੂੰ ਗਿਆਨ ਪ੍ਰਾਪਤ ਕਰਕੇ ਹੀ ਸਮਝ ਸਕਦਾ ਹੈ।

ਭਾਈ ਗੁਰਦਾਸ ਅੱਗੇ ਦੱਸਦੇ ਹਨ ਕਿ ਸਤਿਜੁਗ ਦੇ ਸਮੇਂ ਵਿਚ ਮਨੁੱਖ ਦਵੈਤ ਦੇ ਭਰਮ ਵਿਚ ਪੈ ਕੇ ਅਰਥਾਤ ਮਾਇਆ ਦੀ ਦਵੈਤ ਵਿਚੋਂ ਪੈਦਾ ਹੋਏ ਭਰਮ ਦੇ ਫਲ-ਸਰੂਪ ਤ੍ਰੇਤੇ ਵਿਚ ਜਨਮ ਲੈਂਦਾ ਹੈ। ਤ੍ਰੇਤੇ ਵਿਚ ਜੋ ਕਰਮ ਕਰਦਾ ਹੈ, ਉਹ ਜੀਵ ਦੇ ਬੰਧਨ ਦਾ ਕਾਰਨ ਬਣਦੇ ਹਨ ਜਿਸ ਕਰਕੇ ਉਸ ਨੂੰ ਦੁਆਪਰ ਵਿਚ ਫਿਰ ਜੂਨ ਧਾਰਨੀ ਪੈਂਦੀ ਹੈ। ਦੁਆਪਰ ਵਿਚ ਜੀਵ ਮੋਹ ਅਤੇ ਮੈਂ ਦੀ ਭਾਵਨਾ ਕਰਕੇ ਹਉਮੈ ਵਿਚ ਕਰਮ ਕਰਦਾ ਹੈ ਅਤੇ ਅਹੰਕਾਰ ਵਿਚ ਸੜਦਾ ਰਹਿੰਦਾ ਹੈ। ਇਨ੍ਹਾਂ ਤਿੰਨਾਂ ਜੁਗਾਂ ਵਿਚ ਕੀਤੇ ਕਰਮਾਂ ਕਰਕੇ ਉਸ ਦਾ ਜਨਮ ਮਰਨ ਦਾ ਭਰਮ ਦੂਰ ਨਹੀਂ ਹੁੰਦਾ ਜਿਸ ਕਰਕੇ ਉਸ ਨੂੰ ਮੁਕਤੀ ਨਹੀਂ ਮਿਲਦੀ। ਇਸ ਸਭ ਕੁਝ ਦਾ ਨਤੀਜਾ ਇਹ ਹੁੰਦਾ ਹੈ ਕਿ ਜੀਵ ਕਲਿਜੁਗ ਵਿਚ ਫਿਰ ਸਰੀਰ ਧਾਰਨ ਕਰਦਾ ਹੈ ਅਤੇ ਕਰਮਾਂ ਦੇ ਚੱਕਰ ਕਾਰਨ ਵਾਰ ਵਾਰ ਜਨਮ ਲੈਣ ਦੇ ਗੇੜ ਵਿਚ ਫਸ ਜਾਂਦਾ ਹੈ, ਜੋ ਮੁਕਦਾ ਨਹੀਂ। ਭਾਈ ਗੁਰਦਾਸ ਅਖੀਰਲੀ ਪੰਕਤੀ ਵਿਚ ਆਪਣੀ ਟਿੱਪਣੀ ਕਰਦੇ ਹਨ ਕਿ ਜਨਮ-ਮਰਨ ਦੇ ਚੱਕਰ ਵਿਚੋਂ ਨਿਕਲਣ ਦਾ ਇੱਕ ਵਾਰ ਦਾ ਗੁਆਇਆ ਹੋਇਆ ਮੌਕਾ ਮੁੜ ਕੇ ਜੀਵ ਦੇ ਹੱਥ ਨਹੀਂ ਲਗਦਾ:

ਜੁਗਿ ਜੁਗਿ ਮੇਰੁ ਸਰੀਰ ਕਾ
ਬਾਸਨਾ ਬਧਾ ਆਵੈ ਜਾਵੈ।
ਫਿਰਿ ਫਿਰਿ ਫੇਰਿ ਵਟਾਈਐ
ਗਿਆਨੀ ਹੋਇ ਮਰਮੁ ਕਉ ਪਾਵੈ।
ਸਤਿਜੁਗ ਦੂਜਾ ਭਰਮੁ ਕਰਿ
ਤ੍ਰੇਤੇ ਵਿਚਿ ਜੋਨੀ ਫਿਰਿ ਆਵੈ।
ਤ੍ਰੇਤੇ ਕਰਮਾਂ ਬਾਧਤੇ
ਦੁਆਪਰਿ ਫਿਰਿ ਅਵਤਾਰ ਕਰਾਵੈ।
ਦੁਆਪਰਿ ਮਮਤਾ ਅਹੰ ਕਰਿ
ਹਉਮੈ ਅੰਦਰਿ ਗਰਬਿ ਗਲਾਵੈ।
ਤ੍ਰਿਹੁ ਜੁਗਾਂ ਕੇ ਕਰਮ ਕਰਿ
ਜਨਮ ਮਰਨ ਸੰਸਾ ਨ ਚੁਕਾਵੈ।
ਫਿਰਿ ਕਲਿਜੁਗ ਅੰਦਰਿ ਦੇਹਿ ਧਰਿ
ਕਰਮਾਂ ਅੰਦਰਿ ਫੇਰਿ ਫਸਾਵੈ।
ਅਉਸਰੁ ਚੁਕਾ ਹਥਿ ਨ ਆਵੈ।੧੫।

ਗੁਰੂ ਨਾਨਕ ਜੁਗਾਂ ਸਬੰਧੀ ਅਤੇ ਮਨੁੱਖ ਦੇ ਸੰਸਾਰ ਉਤੇ ਜਨਮ ਲੈਣ ਬਾਰੇ ਆਪਣੇ ਵਿਚਾਰ ਪਰਗਟ ਕਰਦਿਆਂ ਦੱਸਦੇ ਹਨ ਕਿ ਸੰਸਾਰ ਰਚਨਾ ਤੋਂ ਪਹਿਲਾਂ ਸੁੰਨ ਦੀ ਅਵਸਥਾ ਸੀ ਜਿਸ ਨੂੰ ਘੁੱਪ ਹਨੇਰਾ ਵੀ ਕਿਹਾ ਗਿਆ ਹੈ ਅਤੇ ਇਸ ਧੁੰਦੂਕਾਰ ਦੇ ਸਮੇਂ ਵਿਚ ਅਕਾਲ ਪੁਰਖ ਆਪਣੇ ਆਪ ਵਿਚ ਹੀ ਸਮਾਧੀ ਸਥਿਤ ਸੀ। ਛੱਤੀ ਜੁਗ ਅਰਥਾਤ ਲੰਬਾ ਸਮਾਂ ਇਸ ਸੁੰਨ-ਸਮਾਧੀ ਦੀ ਅਵਸਥਾ ਤੋਂ ਬਾਅਦ ਉਸ ਨੇ ਇਸ ਜਗਤ ਦੀ ਰਚਨਾ ਕੀਤੀ ਅਤੇ ਇਸ ਦੀ ਰਚਨਾ ਕਰਕੇ ਉਹ ਆਪ ਹੀ ਇਸ ਵਿਚ ਵਿਆਪਕ ਹੋ ਗਿਆ। ਇਸ ਲਈ ਸਾਰੇ ਜੁਗਾਂ ਵਿਚ ਉਹ ਪਰਮ ਹਸਤੀ ਆਪ ਹੀ ਵਰਤ ਰਹੀ ਹੈ। ਸਾਰੇ ਸਮਿਆਂ ਅਰਥਾਤ ਚਾਰੇ ਜੁੱਗਾਂ ਵਿਚ ਉਹ ਆਪ ਹੀ ਆਪ ਹੈ। ਉਹ ਹਰ ਇੱਕ ਦੇ ਹਿਰਦੇ ਅੰਦਰ ਵੱਸ ਰਿਹਾ ਹੈ ਅਤੇ ਉਸ ਦੀ ਵਿਆਪਕਤਾ ਦਾ ਭੇਦ ਕੋਈ ਵਿਰਲਾ ਬੰਦਾ ਹੀ ਸਮਝਦਾ ਹੈ। ਜੀਵ ਸੰਸਾਰ 'ਤੇ ਚਾਰ ਪਦਾਰਥ ਲੈ ਕੇ ਆਉਂਦਾ ਹੈ, ਪ੍ਰੰਤੂ ਅਕਾਲ ਪੁਰਖ ਦੀ ਰਚੀ ਹੋਈ ਮਾਇਆ ਵਿਚ ਟਿਕਾਣਾ ਬਣਾ ਕੇ ਬੈਠਾ ਹੈ ਅਤੇ ਮੋਹ ਮਾਇਆ ਵਿਚ ਅੰਨ੍ਹਾ ਹੋ ਕੇ ਉਸ ਦੇ ਨਾਮ ਨੂੰ ਭੁੱਲ ਗਿਆ ਹੈ। ਜਿਹੜਾ ਜੀਵ ਉਸ ਦੇ ਨਾਮ ਨੂੰ ਭੁਲਾ ਬੈਠਾ ਹੈ, ਉਹ ਮਨੁੱਖਾ ਜਨਮ ਦੀ ਬਾਜੀ ਹਾਰ ਬੈਠਾ ਹੈ (ਨਾਮ ਨੂੰ ਭੁਲਾਉਣ ਦਾ ਅਰਥ ਹੈ, ਉਸ ਅਕਾਲ ਪੁਰਖ ਨੂੰ ਯਾਦ ਨਾ ਰੱਖ ਕੇ ਮਨੁੱਖ ਹਉਮੈ ਵਿਚ ਆ ਕੇ ਮੰਦੇ ਕਰਮ ਕਰਦਾ ਹੈ। ਉਸ ਦੇ ਨਾਮ ਨੂੰ ਯਾਦ ਰੱਖਣ ਦਾ ਅਰਥ ਹੈ ਚੰਗੇ, ਸਰਬੱਤ ਦੇ ਭਲੇ ਵਾਲੇ ਕਰਮ ਕਰਨਾ ਜਿਸ ਨੂੰ ਪੰਚਮ ਪਾਤਿਸ਼ਾਹ ਸੁਖਮਨੀ ਵਿਚ 'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ' ਕਹਿੰਦੇ ਹਨ):

ਗੁਪਤੇ ਬੂਝਹੁ ਜੁਗ ਚਤੁਆਰੇ॥
ਘਟਿ ਘਟਿ ਵਰਤੈ ਉਦਰ ਮਝਾਰੇ॥
… … …
ਚਾਰ ਪਦਾਰਥਿ ਲੈ ਜਗਿ ਆਇਆ॥
ਸਿਵ ਸਕਤੀ ਘਰਿ ਵਾਸਾ ਪਾਇਆ॥
ਏਕੁ ਵਿਸਾਰੇ ਤਾ ਪਿੜ ਹਾਰੇ
ਅੰਧੁਲੈ ਨਾਮੁ ਵਿਸਾਰਾ ਹੇ॥੬॥
(ਪੰਨਾ ੧੦੨੬-੨੭)

ਅੱਗੇ ਸੋਲ੍ਹਵੀਂ ਪਉੜੀ ਵਿਚ ਭਾਈ ਗੁਰਦਾਸ ਕਲਿਜੁਗ ਸਬੰਧੀ ਪ੍ਰਚਲਿਤ ਵਿਚਾਰਾਂ ਦੀ ਗੱਲ ਕਰਦਿਆਂ ਦੱਸਦੇ ਹਨ ਕਿ ਕਲਿਜੁਗ ਬਾਰੇ ਸੁਣੋ ਕੀ ਕਿਹਾ ਜਾਂਦਾ ਹੈ ਕਿ ਇਸ ਵਿਚ ਕਿਸ ਤਰ੍ਹਾਂ ਦਾ ਵਤੀਰਾ ਅਤੇ ਵਰਤਾਉ ਹੋਣਾ ਚਾਹੀਦਾ ਹੈ; ਉਹ ਇਹ ਹੈ ਕਿ ਕਲਿਜੁਗ ਦੇ ਸਮੇਂ ਪ੍ਰਚਲਿਤ ਪਰੰਪਰਕ ਕਰਮ-ਕਾਂਡ ਜਾਂ ਪੂਜਾ ਵਿਧੀਆਂ ਦੀ ਪਰਵਾਹ ਨਹੀਂ ਕੀਤੀ ਜਾਂਦੀ। ਕਲਿਜੁਗ ਬਾਰੇ ਇਹ ਵਿਚਾਰ ਕੀਤਾ ਜਾਂਦਾ ਹੈ ਕਿ ਇਸ ਜੁਗ ਵਿਚ ਪਰਮਾਤਮਾ ਦੀ ਪ੍ਰੇਮਾ-ਭਗਤੀ ਤੋਂ ਵਗੈਰ ਕਿਸੇ ਨੂੰ ਕੋਈ ਥਾਂ ਪ੍ਰਾਪਤ ਨਹੀਂ ਹੋਵੇਗੀ ਭਾਵ ਮਨੁੱਖ ਨੂੰ ਆਪਣੇ ਅਸਲੀ ਟਿਕਾਣੇ 'ਤੇ ਪਹੁੰਚਣ ਲਈ ਪਰਮਾਤਮਾ ਦੀ ਪ੍ਰੇਮਾ-ਭਗਤੀ ਕਰਨੀ ਪੈਣੀ ਹੈ, ਨਹੀਂ ਤਾਂ ਉਹ ਆਪਣੇ ਮੁਕਾਮ 'ਤੇ ਨਹੀਂ ਪਹੁੰਚ ਸਕੇਗਾ। ਪ੍ਰਚਲਿਤ ਧਾਰਨਾ ਅਨੁਸਾਰ ਪਹਿਲੇ ਜੁਗਾਂ ਵਿਚ ਕੀਤੇ ਕਰਮਾਂ ਦੇ ਫਲ ਕਰਕੇ ਹੀ ਮਨੁੱਖ ਨੂੰ ਕਲਿਜੁਗ ਵਿਚ ਇਹ ਜਨਮ ਪ੍ਰਾਪਤ ਹੋਇਆ ਹੈ। ਹੁਣ ਜੋ ਜਨਮ ਮਨੁੱਖ ਨੂੰ ਪ੍ਰਾਪਤ ਹੋਇਆ ਹੈ, ਜੇ ਉਸ ਨੇ ਇਸ ਦਾ ਲਾਹਾ ਨਾ ਲਿਆ, ਇਹ ਮੌਕਾ ਜੇ ਗੁਆ ਲਿਆ ਤਾਂ ਕਿਧਰੇ ਵੀ ਢੋਈ ਨਹੀਂ ਮਿਲਣੀ, ਹੋਰ ਮੌਕਾ ਪ੍ਰਾਪਤ ਨਹੀਂ ਹੋਵੇਗਾ।

ਭਾਈ ਗੁਰਦਾਸ ਕਹਿੰਦੇ ਹਨ ਕਿ ਜਿਸ ਤਰ੍ਹਾਂ ਅਥਰਵਣ ਵੇਦ ਵਿਚ ਦੱਸਿਆ ਹੈ (ਪਹਿਲੇ ਲੇਖਾਂ ਵਿਚ ਵੀ ਇਹ ਜ਼ਿਕਰ ਹੋਇਆ ਸੀ ਕਿ ਕਲਿਜੁਗ ਦਾ ਵੇਦ ਅਥਰਵ ਵੇਦ ਹੈ) ਉਸ ਨੂੰ ਸੁਣੋ ਕਿ ਕਲਿਜੁਗ ਦੇ ਪਰਉਪਕਾਰੀ ਲੱਛਣ ਕਿਹੜੇ ਹਨ? ਕਲਿਜੁਗ ਵਿਚ ਪਰਮਾਤਮਾ ਪ੍ਰਤੀ ਪ੍ਰੇਮਾ-ਭਗਤੀ ਹੀ ਪ੍ਰਵਾਨ ਹੁੰਦੀ ਹੈ; ਹੋਰ ਕਿਸੇ ਕਿਸਮ ਦੇ ਜਗ, ਹੋਮ, ਅਹੂਤੀਆਂ ਜਾਂ ਦਿਨ ਦਿਹਾਰਾਂ ਜਾਂ ਪੁਰਬਾਂ 'ਤੇ ਕੀਤੀ ਹੋਈ ਪੂਜਾ ਭੇਟਾ ਆਦਿ ਪਹਿਲੇ ਜੁਗਾਂ ਦਾ ਦਸਤੂਰ ਸੀ। ਇਸ ਜੁਗ ਵਿਚ ਜੇ ਕੋਈ ਮਨੁੱਖ ਕਿਸੇ ਲਈ ਕੋਈ ਚੰਗਾ ਕੰਮ ਕਰਦਾ ਹੈ ਅਤੇ ਕਰਕੇ ਆਪਣੇ ਆਪ ਨੂੰ ਨੀਵਾਂ ਸਦਾਉਂਦਾ ਹੈ ਭਾਵ ਹਉਮੈ ਨੂੰ ਦੂਰ ਕਰਕੇ ਹਲੀਮੀ ਧਾਰਨ ਕਰਦਾ ਹੈ, ਤਾਂ ਹੀ ਉਹ ਪਰਮਾਤਮਾ ਦੀ ਸਵੱਲੀ ਨਜ਼ਰ ਦਾ ਭਾਗੀ ਬਣਦਾ ਹੈ। ਭਾਈ ਗੁਰਦਾਸ ਅਨੁਸਾਰ ਕਲਿਜੁਗ ਦੇ ਇਸ ਸਮੇਂ ਵਿਚ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਨੂੰ ਹੀ ਸ਼ੋਭਾਦਾਇਕ ਮੰਨਿਆ ਜਾਂਦਾ ਹੈ, ਉਸ ਦੇ ਨਾਮ ਦਾ ਸਿਮਰਨ ਕਰਨਾ ਹੀ ਉਸ ਦੀ ਭਗਤੀ ਹੈ ਜਿਸ ਰਾਹੀਂ ਮਨੁੱਖ ਆਪਣੇ ਜੀਵਨ ਨੂੰ ਲਾਹੇਵੰਦਾ ਬਣਾ ਸਕਦਾ ਹੈ:

ਕਲਿਜੁਗ ਕੀ ਸੁਣ ਸਾਧਨਾ
ਕਰਮ ਕਿਰਤਿ ਕੀ ਚਲੈ ਨ ਕਾਈ।
ਬਿਨਾ ਭਜਨ ਭਗਵਾਨ ਕੇ
ਭਾਉ ਭਗਤਿ ਬਿਨੁ ਠਉੜਿ ਨ ਪਾਈ।
ਲਹੇ ਕਮਾਣਾ ਏਤ ਜੁਗਿ
ਪਿਛਲੀ ਜੁਗੀਂ ਕਰੀ ਕਮਾਈ।
ਪਾਇਆ ਮਾਨਸ ਦੇਹਿ ਕਉ
ਐਥੋਂ ਚੁਕਿਆ ਠੌਰ ਨ ਠਾਈ।
ਕਲਿਜੁਗ ਕੇ ਉਪਕਾਰਿ ਸੁਣਿ
ਜੈਸੇ ਬੇਦ ਅਥਰਵਣ ਗਾਈ।
ਭਾਉ ਭਗਤਿ ਪਰਵਾਨ ਹੈ
ਜਗ ਹੋਮ ਗੁਰਪੁਰਬਿ ਕਮਾਈ।
ਕਰਿ ਕੇ ਨੀਚ ਸਦਾਵਣਾ
ਤਾਂ ਪ੍ਰਭੁ ਲੇਖੈ ਅੰਦਰਿ ਪਾਈ।
ਕਲਿਜੁਗਿ ਨਾਵੈ ਕੀ ਵਡਿਆਈ।੧੬।

ਗੁਰੂ ਅਮਰਦਾਸ ਰਾਗ ਭੈਰਉ ਵਿਚ ਅਕਾਲ ਪੁਰਖ ਵੱਲੋਂ ਇਸ ਸੰਸਾਰ ਦੀ ਰਚਨਾ ਕਰਨ ਅਤੇ ਉਸ ਵਿਚ ਅਕਾਲ ਪੁਰਖ ਵੱਲੋਂ ਕੀਤੇ ਮੋਹ ਮਾਇਆ ਦੇ ਵਿਸਥਾਰ ਦੇ ਜ਼ਿਕਰ ਉਪਰੰਤ ਦੱਸਦੇ ਹਨ ਕਿ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਨਾ ਹੀ ਮਨੁੱਖ ਲਈ ਉਤਮ ਕਾਰਜ ਹੈ ਕਿਉਂਕਿ ਨਾਮ ਸਿਮਰਨ ਰਾਹੀਂ ਮਨੁੱਖ ਨੂੰ ਉਸ ਦਾਤੇ ਵੱਲੋਂ ਬਖਸ਼ਿਸ਼ ਨਿਆਮਤਾਂ ਅਤੇ ਆਪਣੇ ਫਰਜ਼ਾਂ ਦਾ ਅਹਿਸਾਸ ਹੁੰਦਾ ਰਹਿੰਦਾ ਹੈ। ਫਿਰ ਮਨੁੱਖ ਨੂੰ ਸੁਚੇਤ ਕਰਦੇ ਹਨ ਕਿ ਇਸ ਕਲਿਜੁਗ ਦੇ ਬਿਖੜੇ ਸਮੇਂ ਅੰਦਰ ਨਾਮ ਹੀ ਮਨੁੱਖ ਦੇ ਹਿਰਦੇ ਦਾ ਓਟ-ਆਸਰਾ ਹੈ, ਟੇਕ ਹੈ। ਨਾਮ ਤੋਂ ਬਿਨਾ ਮਨੁੱਖ ਦੇ ਮੱਥੇ 'ਤੇ ਸੁਆਹ ਹੀ ਪੈਂਦੀ ਹੈ ਭਾਵ ਉਹ ਸਹੀ ਰਸਤੇ 'ਤੇ ਨਾ ਚੱਲ ਕੇ ਅਜਿਹੇ ਕਾਰਜ ਕਰਦਾ ਹੈ ਜੋ ਨੇਕ-ਨਾਮੀ ਵਾਲੇ ਨਹੀਂ ਹੁੰਦੇ।

ਜੀਵ ਸੰਸਾਰ 'ਤੇ ਚਾਰ ਪਦਾਰਥ ਲੈ ਕੇ ਆਉਂਦਾ ਹੈ, ਪ੍ਰੰਤੂ ਅਕਾਲ ਪੁਰਖ ਦੀ ਰਚੀ ਹੋਈ ਮਾਇਆ ਵਿਚ ਟਿਕਾਣਾ ਬਣਾ ਕੇ ਬੈਠਾ ਹੈ ਅਤੇ ਮੋਹ ਮਾਇਆ ਵਿਚ ਅੰਨ੍ਹਾ ਹੋ ਕੇ ਉਸ ਦੇ ਨਾਮ ਨੂੰ ਭੁੱਲ ਗਿਆ ਹੈ। ਜਿਹੜਾ ਜੀਵ ਉਸ ਦੇ ਨਾਮ ਨੂੰ ਭੁਲਾ ਬੈਠਾ ਹੈ, ਉਹ ਮਨੁੱਖਾ ਜਨਮ ਦੀ ਬਾਜੀ ਹਾਰ ਬੈਠਾ ਹੈ।

ਇਸੇ ਲੜੀ ਵਿਚ ਅੱਗੇ ਗੁਰੂ ਅਮਰਦਾਸ ਸਾਹਿਬ ਫੁਰਮਾਉਂਦੇ ਹਨ ਕਿ ਕਲਿਜੁਗ ਦਾ ਸਮਾਂ ਕਰਮ ਕਾਂਡ ਦਾ ਸਮਾਂ ਨਹੀਂ ਹੈ ਅਤੇ ਇਸ ਵਿਚ ਕੀਤੇ ਹੋਏ ਕਰਮ-ਕਾਂਡ ਕਿਸੇ ਕੰਮ ਨਹੀਂ ਆਉਂਦੇ। ਕਲਿਜੁਗ ਦਾ ਸਮਾਂ ਉਸ ਪਰਵਦਗਾਰ ਦੇ ਨਾਮ ਨੂੰ ਸਿਮਰਨ ਦਾ ਸਮਾਂ ਹੈ, ਇਸ ਵਿਚ ਨਾਮ ਸਿਮਰਨ ਹੀ ਸਭ ਤੋਂ ਸ੍ਰੇਸ਼ਟ ਅਧਿਆਤਮਕ ਕਰਮ ਹੈ। ਇਸ ਦੀ ਸਮਝ ਗੁਰੂ ਦੇ ਦੱਸੇ ਰਸਤੇ 'ਤੇ ਚੱਲਿਆਂ ਆਉਂਦੀ ਹੈ:

ਕਲਜੁਗ ਮਹਿ ਰਾਮ ਨਾਮੁ ਉਰ ਧਾਰੁ॥
ਬਿਨੁ ਨਾਵੈ ਮਾਥੈ ਪਾਵੈ ਛਾਰੁ॥੧॥...
ਕਲਜੁਗ ਮਹਿ ਬਹੁ ਕਰਮ ਕਮਾਹਿ॥
ਨਾ ਰੁਤਿ ਨ ਕਰਮ ਥਾਇ ਪਾਹਿ॥੧॥
ਕਲਜੁਗ ਮਹਿ ਰਾਮ ਨਾਮੁ ਹੈ ਸਾਰੁ॥
ਗੁਰਮੁਖਿ ਸਾਚਾ ਲਗੈ ਪਿਆਰੁ॥੧॥ਰਹਾਉ॥
(ਪੰਨਾ ੧੧੨੯-੩੦)

ਗੁਰੂ ਰਾਮਦਾਸ ਜੀ ਪੌਰਾਣਿਕ ਕਥਾਵਾਂ ਦੇ ਹਵਾਲਿਆਂ ਨਾਲ ਅਤੇ ਮੱਧ ਜੁਗ ਦੇ ਹੋਏ ਭਗਤਾਂ ਦੇ ਹਵਾਲੇ ਨਾਲ ਦੱਸਦੇ ਹਨ ਕਿ ਕਲਿਜੁਗ ਵਿਚ ਨਾਮ ਜਪਣਾ ਹੀ ਸਭ ਤੋਂ ਉਤਮ ਭਗਤੀ ਹੈ। ਉਹ ਦੱਸਦੇ ਹਨ ਕਿ ਅਕਾਲ ਪੁਰਖ ਦੀ ਭਗਤੀ, ਉਸ ਦੇ ਨਾਮ ਦਾ ਸਿਮਰਨ ਹੀ ਮਨੁੱਖ ਨੂੰ ਤਾਰਨ ਵਾਲਾ ਹੈ। ਰਾਜਾ ਜਨਕ, ਸੁਕਦੇਵ ਰਿਸ਼ੀ ਵਰਗੇ ਗੁਰੂ ਦੇ ਬਚਨਾਂ ਰਾਹੀਂ ਨਾਮ ਸਿਮਰਨ ਕਰਕੇ ਪਰਮਾਤਮਾ ਦੀ ਸ਼ਰਨ ਆ ਪਏ। ਸੁਦਾਮਾ ਵਰਗੇ ਗ਼ਰੀਬ ਭਗਤ ਦੀ ਨਾਮ ਸਿਮਰਨ ਅਤੇ ਪ੍ਰਭੂ ਦੀ ਭਗਤੀ ਰਾਹੀਂ ਗ਼ਰੀਬੀ ਦੂਰ ਹੋ ਗਈ। ਇਸ ਨਾਮ ਸਿਮਰਨ ਰਾਹੀਂ ਮਨੁੱਖ ਸੰਸਾਰ ਸਾਗਰ ਤੋਂ ਪਾਰ ਜਾ ਸਕਦਾ ਹੈ।

ਇਸ ਕਲਿਜੁਗ ਵਿਚ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਹੀ ਸਭ ਤੋਂ ਸ੍ਰੇਸ਼ਟ ਹੈ, ਉਸ ਦੀ ਭਗਤੀ ਹੈ। ਇਸ ਨਾਮ ਸਿਮਰਨ ਦੀ ਬਰਕਤ ਨਾਲ ਹੀ ਭਗਤ ਵਿਕਾਰਾਂ ਤੋਂ ਬਚਦੇ ਹਨ। ਭਗਤ ਨਾਮ ਦੇਵ, ਕਬੀਰ, ਜੈ ਦੇਵ, ਤ੍ਰਿਲੋਚਨ ਤਰ ਗਏ ਅਤੇ ਭਗਤ ਰਵੀਦਾਸ ਜਿਸ ਨੂੰ ਨੀਵੀਂ ਜਾਤ ਦਾ ਸਮਝਿਆ ਜਾਂਦਾ ਸੀ, ਇਸ ਨਾਮ ਦੀ ਬਰਕਤ ਨਾਲ ਹੀ ਅਕਾਲ ਪੁਰਖ ਦਾ ਭਗਤ ਹੋ ਗਿਆ। ਆਪਣੇ ਮਨ ਨੂੰ ਸੰਬੋਧਨ ਕਰਦਿਆਂ ਗੁਰੂ ਜੀ ਕਹਿੰਦੇ ਹਨ, ਹੇ ਮਨ! ਜਿਸ ਮਨੁੱਖ ਨੇ ਵੀ ਗੁਰੂ ਦੇ ਰਾਹੀਂ ਆਪਣਾ ਮਨ ਪਰਮਾਤਮ-ਭਗਤੀ ਵਿਚ ਜੋੜਿਆ ਹੈ, ਉਸ ਦੇ ਨਾਮ ਦਾ ਸਿਮਰਨ ਕੀਤਾ ਹੈ, ਉਹ ਸਭ ਵਿਕਾਰਾਂ ਤੋਂ ਬਚ ਗਿਆ ਹੈ ਅਤੇ ਉਸ ਦੇ ਸਾਰੇ ਪਾਪ ਹਟ ਗਏ ਹਨ:

ਕਲਜੁਗਿ ਨਾਮੁ ਪ੍ਰਧਾਨੁ ਪਦਾਰਥੁ
ਭਗਤ ਜਨਾ ਉਧਰੇ॥
ਨਾਮਾ ਜੈਦੇਉ ਕਬੀਰੁ ਤ੍ਰਿਲੋਚਨੁ
ਸਭਿ ਦੋਖ ਗਏ ਚਮਰੇ॥
ਗੁਰਮੁਖਿ ਨਾਮਿ ਲਗੇ ਸੇ ਉਧਰੇ
ਸਭਿ ਕਿਲਬਿਖ ਪਾਪ ਟਰੇ॥੨॥
(ਪੰਨਾ ੯੯੫)

ਇਸੇ ਸਬੰਧ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਉਸ ਅਕਾਲ ਪੁਰਖ ਦਾ ਨਾਮ ਸੋਹਣਾ ਹੈ, ਉਸ ਦਾ ਨਾਮ ਮਿੱਠਾ ਹੈ, ਉਸ ਦਾ ਨਾਮ ਚੰਗਾ ਹੈ। ਇਸ ਦੇ ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਦੁਨੀਆਂ ਦਾ ਮਾਣ ਝੂਠਾ ਅਤੇ ਛੇਤੀ ਮੁੱਕ ਜਾਣ ਵਾਲਾ ਹੈ। ਦੁਨੀਆਂ ਦੇ ਮਾਣ ਦਾ ਕੋਈ ਭਰੋਸਾ ਨਹੀਂ ਹੈ (ਦੁਨਿਆਵੀ ਮਾਣ ਦੁਨਿਆਵੀ ਪ੍ਰਾਪਤੀਆਂ ਨਾਲ ਜੁੜਿਆ ਹੁੰਦਾ ਹੈ ਅਤੇ ਦੁਨਿਆਵੀ ਵਸਤੂਆਂ ਅੱਜ ਹਨ, ਆਉਣ ਵਾਲੇ ਸਮੇਂ ਵਿਚ ਨਹੀਂ ਵੀ ਹੋ ਸਕਦੀਆਂ)।

ਗੁਰੂ ਸਾਹਿਬ ਅੱਗੇ ਬਿਆਨ ਕਰਦੇ ਹਨ ਕਿ ਉਸ ਪਰਮ ਹਸਤੀ ਦੀ ਭਗਤੀ ਕਰਨ ਵਾਲੇ ਬੰਦੇ ਵੀ ਸੋਹਣੇ ਹਨ ਅਤੇ ਉਨ੍ਹਾਂ ਦਾ ਦਰਸ਼ਨ ਕਰਨਾ ਅਮੋਲਕ ਹੈ। ਉਸ ਅਕਾਲ ਪੁਰਖ ਦੇ ਨਾਮ ਤੋਂ ਬਿਨਾਂ ਇਸ ਦੁਨੀਆਂ ਦੇ ਪਦਾਰਥ ਸੁਆਹ ਦੇ ਬਰਾਬਰ ਹਨ ਅਰਥਾਤ ਬੇਕਾਰ ਹਨ। ਉਸ ਅਕਾਲ ਪੁਰਖ ਦੀ ਰਚੀ ਹੋਈ ਇਹ ਕੁਦਰਤ ਇੱਕ ਅਸਚਰਜ ਤਮਾਸ਼ਾ ਹੈ, ਹੈਰਾਨ ਕਰਨ ਵਾਲਾ ਖੇਲ ਹੈ ਅਤੇ ਉਸ ਵਾਹਿਗੁਰੂ ਦੀ ਸਿਫ਼ਤਿ-ਸਾਲਾਹ ਕਰਨੀ ਵੱਡਮੁੱਲਾ ਖਜ਼ਾਨਾ ਹੈ। ਇਸੇ ਲਈ ਗੁਰੂ ਸਾਹਿਬ ਪ੍ਰਾਣੀ ਨੂੰ ਉਸ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਨ ਦੀ ਸਲਾਹ ਦਿੰਦੇ ਹਨ ਕਿਉਂਕਿ ਉਹ ਗਰੀਬਾਂ 'ਤੇ ਮਿਹਰ ਕਰਨ ਵਾਲਾ ਅਤੇ ਉਨ੍ਹਾਂ ਦਾ ਓਟ-ਆਸਰਾ ਹੈ। ਇਸ ਦੇ ਨਾਲ ਹੀ ਇਹ ਵੀ ਦੱਸਿਆ ਗਿਆ ਹੈ ਕਿ ਜਿਸ ਮਨੁੱਖ 'ਤੇ ਉਸ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ, ਉਸ ਮਨੁੱਖ ਨੂੰ ਅਕਾਲ ਪੁਰਖ ਕਦੇ ਵੀ ਨਹੀਂ ਵਿਸਰਦਾ। ਅਕਾਲ ਪੁਰਖ ਦੇ ਨਾਮ ਦੀ ਇਹ ਦਾਤ ਗੁਰੂ ਦੀ ਸ਼ਰਨ ਪਿਆ ਮਿਲਦੀ ਹੈ, ਇਹ ਰਸਤਾ ਗੁਰੂ ਤੋਂ ਪਤਾ ਲਗਦਾ ਹੈ। ਇਸ ਨਾਲ ਮਨੁੱਖ ਨੂੰ ਉਸ ਅਕਾਲ ਪੁਰਖ ਦੀ ਆਗਿਆ ਵਿਚ ਜੀਵਨ ਜਿਉਣ ਦੀ ਜਾਚ ਆ ਜਾਂਦੀ ਹੈ ਅਤੇ ਉਹ ਉਸ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣਾ ਸਿੱਖ ਜਾਂਦਾ ਹੈ। ਮਨੁੱਖ ਨੂੰ ਨਾਮ ਦਾ ਉਚਾਰਨ ਕਰਦੇ ਰਹਿਣ ਦੀ ਤਾਕੀਦ ਕਰਦਿਆਂ ਦੱਸਿਆ ਹੈ ਕਿ ਸਾਰੀ ਅਧਿਆਤਮਕ ਵਿਚਾਰ ਦਾ ਸਿੱਟਾ ਇਹ ਨਿਕਲਦਾ ਹੈ ਕਿ ਇਸ ਕਲਿਜੁਗ ਸਮੇਂ ਵਿਚ ਮਨੁੱਖ ਨੂੰ ਭਵਸਾਗਰ ਤੋਂ ਪਾਰ ਲੈ ਜਾਣ ਵਾਲਾ ਅਕਾਲ ਪੁਰਖ ਦਾ ਨਾਮ ਹੀ ਹੈ:

ਜੀਵਤ ਜੀਵਤ ਜੀਵਤ ਰਹਹੁ॥
ਰਾਮ ਰਸਾਇਣੁ ਨਿਤ ਉਠਿ ਪੀਵਹੁ॥
ਹਰਿ ਹਰਿ ਹਰਿ ਹਰਿ ਰਸਨਾ ਕਹਹੁ॥੧॥
ਕਲਿਜੁਗ ਮਹਿ ਇਕ ਨਾਮਿ ਉਧਾਰੁ
ਨਾਨਕੁ ਬੋਲੈ ਬ੍ਰਹਮ ਬੀਚਾਰੁ॥੨॥

ਸਿੱਖ ਦਾ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਅਤੇ ਸ਼ਬਦ ਗੁਰੂ ਤੱਕ ਗੁਰੂ ਸਾਹਿਬ ਨੇ ਮਨੁੱਖ ਦੀ ਸਿੱਧੀ ਰਸਾਈ ਦੱਸੀ ਹੈ। ਇਸ ਲਈ ਨਾਮ ਦੀ ਪ੍ਰਾਪਤੀ ਲਈ ਕਿਸੇ ਸਾਧ-ਸੰਤ ਦੇ ਪਿੱਛੇ ਲੱਗਣ ਦੀ ਜ਼ਰੂਰਤ ਨਹੀਂ ਹੈ। ਡੇਰਾਵਾਦ ਨੇ ਸਿੱਖੀ ਦਾ ਜੋ ਹਾਲ ਕਰ ਦਿੱਤਾ ਹੋਇਆ ਹੈ, ਉਹ ਕਿਸੇ ਤੋਂ ਛੁਪਿਆ ਨਹੀਂ ਹੈ। ਸਿੱਖੀ ਦੇ ਭੇਸ ਵਿਚ ਡੇਰਾਵਾਦ ਕਲਿਜੁਗ ਵਿਚ ਕਰਮ ਕਾਂਡ ਦੀ ਇੱਕ ਵੱਖਰੀ ਕਿਸਮ ਹੈ ਜਿਸ ਨੇ ਸਿੱਖ ਨੂੰ ਰਸਤਾ ਦਿਖਾਉਣ ਦੀ ਥਾਂ, ਸਿੱਖਾਂ ਵਿਚ ਕਈ ਕਿਸਮ ਦੀਆਂ ਵੰਡੀਆਂ ਪਾ ਦਿੱਤੀਆਂ ਹਨ (ਅਖ਼ਬਾਰਾਂ ਦੀਆਂ ਸੁਰਖੀਆਂ ਖ਼ਬਰਾਂ ਇਸ ਦਾ ਸਪੱਸ਼ਟ ਸਬੂਤ ਹਨ)। ਹੁਣ ਨਾਮ ਅਕਾਲ ਪੁਰਖ ਦਾ ਨਾ ਹੋ ਕੇ ਡੇਰੇਦਾਰਾਂ ਦੀ ਨਿਜੀ ਮਲਕੀਅਤ ਬਣ ਗਿਆ ਹੈ ਅਤੇ ਅੰਮ੍ਰਿਤ ਗੁਰੂ ਦਾ ਨਾ ਹੋ ਕੇ ਵੱਖਰੀਆਂ ਵੱਖਰੀਆਂ ਟਕਸਾਲਾਂ ਦਾ ਹੋ ਗਿਆ ਹੈ। ਅੱਜ ਪੰਜਾਬ ਜਿਸ ਰਸਤੇ 'ਤੇ ਜਾ ਰਿਹਾ ਹੈ, ਉਸ ਲਈ ਜਿੱਥੇ ਸਿੱਖਾਂ ਦੀ ਨੁਮਾਇੰਦਾ ਸਿਆਸੀ ਪਾਰਟੀ ਬਹੁਤ ਹੱਦ ਤੱਕ ਜ਼ਿੰਮੇਵਾਰ ਹੈ, ਉਥੇ ਸਿੱਖੀ ਦੇ ਨਾਂ 'ਤੇ ਉਸਰੇ ਇਹ ਡੇਰੇ ਵੀ ਓਨੇ ਹੀ ਜ਼ਿੰਮੇਵਾਰ ਹਨ। ਸਿੱਖ ਸੰਗਤ ਨੂੰ ਇਸ ਕਲਿਜੁਗੀ ਵਰਤਾਰੇ ਤੋਂ ਸੁਚੇਤ ਹੋਣ ਦੀ ਬਹੁਤ ਜ਼ਰੂਰਤ ਹੈ। ਨਹੀਂ ਤਾਂ ਭਾਈ ਗੁਰਦਾਸ ਦੇ ਸ਼ਬਦਾਂ ਵਿਚ, "ਅਉਸਰੁ ਚੁਕਾ ਹਥ ਨ ਆਵੈ।"

# ਭੀਖਕ ਪ੍ਰੀਤਿ ਭੀਖ ਪ੍ਰਭ ਪਾਇ

ਗੁਰਬਾਣੀ ਗਿਆਨ

**ਗਉੜੀ ਗੁਆਰੇਰੀ ਮਹਲਾ ੪**
ਭੀਖਕ ਪ੍ਰੀਤਿ ਭੀਖ ਪ੍ਰਭ ਪਾਇ॥
ਭੂਖੇ ਪ੍ਰੀਤਿ ਹੋਵੈ ਅੰਨੁ ਖਾਇ॥
ਗੁਰਸਿਖ ਪ੍ਰੀਤਿ ਗੁਰ ਮਿਲਿ ਆਘਾਇ॥੧॥
ਹਰਿ ਦਰਸਨੁ ਦੇਹੁ ਹਰਿ ਆਸ ਤੁਮਾਰੀ॥
ਕਰਿ ਕਿਰਪਾ ਲੋਚ ਪੂਰਿ ਹਮਾਰੀ॥੧॥ਰਹਾਉ॥
ਚਕਵੀ ਪ੍ਰੀਤਿ ਸੂਰਜੁ ਮੁਖਿ ਲਾਗੈ॥
ਮਿਲੈ ਪਿਆਰੇ ਸਭ ਦੁਖ ਤਿਆਗੈ॥
ਗੁਰਸਿਖ ਪ੍ਰੀਤਿ ਗੁਰੂ ਮੁਖਿ ਲਾਗੈ॥੨॥
ਬਛਰੇ ਪ੍ਰੀਤਿ ਖੀਰੁ ਮੁਖਿ ਖਾਇ॥
ਹਿਰਦੈ ਬਿਗਸੈ ਦੇਖੈ ਮਾਇ॥
ਗੁਰਸਿਖ ਪ੍ਰੀਤਿ ਗੁਰੂ ਮੁਖਿ ਲਾਇ॥੩॥
ਹੋਰੁ ਸਭ ਪ੍ਰੀਤਿ ਮਾਇਆ ਮੋਹੁ ਕਾਚਾ॥
ਬਿਨਸਿ ਜਾਇ ਕੂਰਾ ਕਚੁ ਪਾਚਾ॥
ਜਨ ਨਾਨਕ ਪ੍ਰੀਤਿ ਤ੍ਰਿਪਤਿ ਗੁਰੁ ਸਾਚਾ॥੪॥

ਸਤਿਗੁਰੂ ਰਾਮਦਾਸ ਜੀ ਇਸ ਸ਼ਬਦ ਵਿਚ ਦ੍ਰਿਸ਼ਟਾਂਤ ਦਿੰਦੇ ਉਪਦੇਸ਼ ਕਰਦੇ ਹਨ- ਭੀਖਕ ਪ੍ਰੀਤਿ ਭੀਖ ਪ੍ਰਭ ਪਾਇ, ਹੇ ਭਾਈ! ਭਿਖਿਆ ਮੰਗਣ ਵਾਲੇ ਭਿਖਾਰੀ ਨੂੰ ਉਦੋਂ ਖੁਸ਼ੀ ਮਿਲਦੀ ਹੈ, ਜਦੋਂ ਉਸ ਨੂੰ ਕਿਸੇ ਘਰ ਦੇ ਮਾਲਕ ਕੋਲੋਂ ਭਿਖਿਆ ਮਿਲਦੀ ਹੈ; ਭੂਖੇ ਪ੍ਰੀਤਿ ਹੋਵੈ ਅੰਨੁ ਖਾਇ, ਭੁੱਖੇ ਮਨੁੱਖ ਨੂੰ ਉਦੋਂ ਖੁਸ਼ੀ ਮਿਲਦੀ ਹੈ, ਜਦੋਂ ਉਹ ਰੋਟੀ ਖਾਂਦਾ ਹੈ, ਤੇ ਹੇ ਭਾਈ! ਇਸੇ ਤਰ੍ਹਾਂ ਗੁਰੂ ਦੇ ਸਿੱਖ ਨੂੰ ਖੁਸ਼ੀ ਹੁੰਦੀ ਹੈ ਜਦੋਂ ਉਹ ਆਪਣੇ ਗੁਰੂ ਨੂੰ ਮਿਲਦਾ ਹੈ, ਗੁਰੂ ਨੂੰ ਮਿਲ ਕੇ ਰੱਜਦਾ ਹੈ।

ਹਰਿ ਦਰਸਨੁ ਦੇਹੁ ਹਰਿ ਆਸ ਤੁਮਾਰੀ॥
ਕਰਿ ਕਿਰਪਾ ਲੋਚ ਪੂਰਿ ਹਮਾਰੀ॥੧॥ਰਹਾਉ॥

ਚੌਥੇ ਸਤਿਗੁਰੂ ਰਾਮਦਾਸ ਜੀ ਰਹਾਉ ਦੀਆਂ ਪੰਕਤੀਆਂ ਵਿਚ ਉਸ ਮਿਹਰਬਾਨ ਪਿਤਾ ਪ੍ਰਭੂ ਕੋਲ ਅਰਦਾਸ ਕਰਦੇ ਆਖਦੇ ਹਨ, ਹੇ ਹਰੀ ਪ੍ਰਭ ਜੀਓ, ਹੇ ਸੰਸਾਰ ਦੇ ਮਾਲਕ ਪਿਤਾ ਪ੍ਰਭ ਜੀਓ! ਕਿਰਪਾ ਕਰੋ, ਹੇ ਮਿਹਰਾਂ ਦੇ ਮਾਲਕ! ਮੇਰੀ ਆਸ ਪੂਰੀ ਕਰੋ ਅਤੇ ਮੈਨੂੰ ਆਪਣਾ ਦਰਸ਼ਨ ਦਿਓ; ਹੇ ਪ੍ਰਭੂ! ਸੰਸਾਰਕ ਜੀਵਨ ਵਿਚ ਵਿਚਰਦਿਆਂ ਇਨ੍ਹਾਂ ਅਤਿ ਬਿਖੜੇ ਰਾਹਾਂ 'ਤੇ ਤੁਰਦਿਆਂ ਮੈਨੂੰ ਤੇਰਾ ਹੀ ਸਹਾਰਾ ਹੈ।

ਚਕਵੀ ਪ੍ਰੀਤਿ ਸੂਰਜੁ ਮੁਖਿ ਲਾਗੈ॥
ਮਿਲੈ ਪਿਆਰੇ ਸਭ ਦੁਖ ਤਿਆਗੈ॥
ਗੁਰਸਿਖ ਪ੍ਰੀਤਿ ਗੁਰੂ ਮੁਖਿ ਲਾਗੈ॥੨॥

ਇਸ ਸੰਸਾਰ ਨੂੰ ਤਾਰਨ ਵਾਲੇ ਗੁਰਦੇਵ ਪਿਤਾ ਜੀ ਆਖਦੇ ਹਨ- ਹੇ ਭਾਈ! ਚਕਵੀ ਨੂੰ ਖੁਸ਼ੀ ਹੁੰਦੀ ਹੈ, ਜਦ ਸੂਰਜ ਚੜ੍ਹ ਆਉਂਦਾ ਹੈ, ਕਿਉਂਕਿ ਸੂਰਜ ਚੜ੍ਹਨ 'ਤੇ ਹੀ ਉਹ ਆਪਣੇ ਪਿਆਰੇ ਚਕਵੇ ਨੂੰ ਮਿਲ ਸਕਦੀ ਹੈ, ਤੇ ਚਕਵੇ ਨੂੰ ਮਿਲ ਕੇ ਉਹ ਆਪਣੇ ਸਾਰੇ ਦੁੱਖ ਭੁਲਾ ਦਿੰਦੀ ਹੈ। ਹੇ ਭਾਈ! ਬਿਲਕੁਲ ਇਸੇ ਤਰ੍ਹਾਂ ਗੁਰਸਿਖ ਨੂੰ ਆਪਣੇ ਗੁਰੂ ਦੇ ਦਰਸ਼ਨ ਕਰ ਕੇ ਬਹੁਤ ਬਹੁਤ ਖੁਸ਼ੀ ਹੁੰਦੀ ਹੈ।

ਬਛਰੇ ਪ੍ਰੀਤਿ ਖੀਰੁ ਮੁਖਿ ਖਾਇ॥
ਹਿਰਦੈ ਬਿਗਸੈ ਦੇਖੈ ਮਾਇ॥
ਗੁਰਸਿਖ ਪ੍ਰੀਤਿ ਗੁਰੂ ਮੁਖਿ ਲਾਇ॥੩॥

ਹੇ ਭਾਈ! ਜਿਵੇਂ ਗਾਂ ਦਾ ਛੋਟਾ ਜਿਹਾ ਵੱਛਾ ਮਾਂ ਦਾ ਦੁੱਧ ਆਪਣੇ ਮੂੰਹ ਵਿਚ ਪਾ ਕੇ ਅਤਿਅੰਤ ਖੁਸ਼ ਹੁੰਦਾ ਹੈ; ਹਿਰਦੈ ਬਿਗਸੈ ਦੇਖੈ ਮਾਇ, ਜਦ ਉਹ ਨਿੱਕਾ ਜਿਹਾ ਵੱਛਾ ਆਪਣੀ ਮਾਂ ਨੂੰ ਵੇਖਦਾ ਹੈ ਤਾਂ ਉਸ ਦਾ ਹਿਰਦਾ ਖਿੜ ਉਠਦਾ ਹੈ, ਉਸ ਦੀ ਖੁਸ਼ੀ ਦਾ ਕੋਈ ਪਾਰਾਵਾਰ ਨਹੀਂ ਹੁੰਦਾ; ਇਸੇ ਤਰ੍ਹਾਂ ਜਦ ਗੁਰਸਿੱਖ ਨੂੰ ਗੁਰੂ ਦਾ ਦਰਸ਼ਨ ਹੁੰਦਾ ਹੈ ਤਾਂ ਉਹ ਖਿੜ ਉਠਦਾ ਹੈ।

ਹੋਰੁ ਸਭ ਪ੍ਰੀਤਿ ਮਾਇਆ ਮੋਹੁ ਕਾਚਾ॥
ਬਿਨਸਿ ਜਾਇ ਕੂਰਾ ਕਚੁ ਪਾਚਾ॥
ਜਨ ਨਾਨਕ ਪ੍ਰੀਤਿ ਤ੍ਰਿਪਤਿ ਗੁਰੁ ਸਾਚਾ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਰਾਮਦਾਸ ਜੀ ਬਖਸ਼ਿਸ਼ ਕਰਦੇ ਆਖਦੇ ਹਨ, ਹੇ ਭਾਈ! ਇਸ ਝੂਠੇ ਸੰਸਾਰ ਵਿਚ ਗੁਰੂ ਅਤੇ ਪਰਮੇਸ਼ਰ ਤੋਂ ਬਿਨਾ ਹੋਰ ਸਾਰਾ ਹੀ ਮੋਹ ਕੱਚਾ ਹੈ; ਬਿਨਸਿ ਜਾਇ ਕੂਰਾ ਕਚੁ ਪਾਚਾ, ਹੇ ਭਾਈ! ਇਸ ਜਗਤ ਵਿਚ ਮਾਇਆ ਦੇ ਮੋਹ ਦੀ ਪ੍ਰੀਤ ਸਾਰੀ ਹੀ ਕੱਚੀ ਹੈ ਤੇ ਖ਼ਤਮ ਹੋ ਜਾਣ ਵਾਲੀ ਹੈ, ਪਰ ਹੇ ਨਾਨਕ ਜਿਸ ਨੂੰ ਸੱਚਾ ਗੁਰੂ ਮਿਲ ਪੈਂਦਾ ਹੈ, ਉਸ ਨੂੰ ਹੀ ਸੱਚੀ ਖੁਸ਼ੀ ਤੇ ਸੰਤੋਖ ਮਿਲਦਾ ਹੈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

# ਹੈਰਾਨ ਹਾਂ! ਕਿਵੇਂ ਬਚਿਆ ਆ ਰਿਹਾਂ?

**ਕੌੜੀਆਂ ਯਾਦਾਂ**

***ਪੰਜਾਬ ਉਤੇ ਜਿਹੜੀ ਸਾੜ੍ਹ-ਸੱਤੀ ਵਿਸਾਖੀ 1978 ਤੋਂ ਸ਼ੁਰੂ ਹੋਈ, ਉਸ ਦੇ ਪਰਛਾਵੇਂ ਅਗਲਾ ਡੇਢ ਦਹਾਕਾ ਲਗਾਤਾਰ ਜਾਰੀ ਰਹੇ। ਇਕ ਪਾਸੇ ਜੇ ਖਾੜਕੂ ਸਨ ਤਾਂ ਦੂਜੇ ਪਾਸੇ ਪੁਲਿਸ ਤੇ ਸੁਰੱਖਿਆ ਫੋਰਸਾਂ, ਅਤੇ ਘਾਣ ਹੋ ਰਿਹਾ ਸੀ ਪੰਜਾਬ ਦਾ। ਜੂਨ 1984 ਇਸ ਦਾ ਸਿਖਰ ਸੀ ਜਦੋਂ ਦਰਬਾਰ ਸਾਹਿਬ, ਅੰਮ੍ਰਿਤਸਰ 'ਤੇ ਸਾਕਾ ਨੀਲਾ ਤਾਰਾ ਹੋਇਆ। ਉਸ ਸਮੇਂ ਪੰਜਾਬ ਵਿਚ ਫੌਜ ਇਸ ਤਰ੍ਹਾਂ ਫਿਰਦੀ ਸੀ ਜਿਵੇਂ ਕਿਸੇ ਦੁਸ਼ਮਣ ਫੌਜ ਨੇ ਹਮਲਾ ਕਰ ਦਿੱਤਾ ਹੋਵੇ। ਜਿਨ੍ਹਾਂ ਨੇ ਇਹ ਸਾੜ੍ਹ-ਸੱਤੀ ਆਪਣੇ ਪਿੰਡੇ 'ਤੇ ਹੰਢਾਈ ਹੈ, ਉਨ੍ਹਾਂ ਦੇ ਜ਼ਖਮ ਅੱਜ ਵੀ ਹਰੇ ਹਨ। ਇਸ ਲੇਖ ਵਿਚ ਖੇਡ ਲੇਖਕ ਪ੍ਰਿੰ. ਸਰਵਣ ਸਿੰਘ ਨੇ ਆਪਣੀਆਂ ਉਸ ਸਮੇਂ ਦੀਆਂ ਕੁਝ ਯਾਦਾਂ ਸਾਂਝੀਆਂ ਕੀਤੀਆਂ ਹਨ। -ਸੰਪਾਦਕ***

ਕਈ ਵਾਰ ਹੈਰਾਨ ਹੁੰਨਾਂ ਕਿ ਪੰਜਾਬ ਦੇ ਦਹਿਸ਼ਤੀ ਦਿਨਾਂ 'ਚ ਕਿਵੇਂ ਬਚਿਆ ਰਿਹਾ? ਮੈਂ ਉਦੋਂ ਢੁੱਡੀਕੇ ਕਾਲਜ ਵਿਚ ਪੜ੍ਹਾਉਂਦਾ ਸਾਂ। ਢੁੱਡੀਕੇ ਦੇ ਸੀਨੀਅਰ ਸੈਕੰਡਰੀ ਸਕੂਲ ਵਿਚ ਚਿੱਟੇ ਦਿਨ ਇਕ ਮੋਨੇ ਮਾਸਟਰ ਨੂੰ ਮਾਰਨ ਹਥਿਆਰਬੰਦ ਬੰਦੇ ਆ ਗਏ। ਸਭ ਖੂੰਜੇ ਲੱਗ ਗਏ। ਮਾਰੇ ਜਾਣ ਵਾਲਾ ਮਾਸਟਰ ਕੁਦਰਤੀ ਵਾਸ਼ ਰੂਮ ਗਿਆ ਸੀ। ਕਿਸੇ ਨੇ ਖ਼ਬਰ ਕਰ ਦਿੱਤੀ ਕਿ ਕੁੰਡੀ ਲਾ ਕੇ ਅੰਦਰੇ ਬੈਠਾ ਰਹਿ। ਅੰਦਾਜ਼ਾ ਲਾਓ, ਕਿਵੇਂ ਉਹਦਾ ਜਿਉਂਦੇ ਦਾ ਮਾਰਨ ਹੋਇਆ? ਵਧੀ ਕਹਿ ਲਓ ਜਾਂ ਕੁਝ ਹੋਰ, ਮਸਾਂ ਬਚੀ ਉਹਦੀ ਜਾਨ! ਉਹ ਹਾਲੀਂ ਵੀ ਜਿਊਂਦਾ ਹੈ ਤੇ ਹੈਰਾਨ ਹੁੰਦਾ ਹੈ ਕਿ ਬਚ ਕਿਵੇਂ ਗਿਆ! ਮੈਂ ਸੋਚਦਾਂ, ਜੇ ਮੇਰਾ ਸਿਰ ਮੁੰਨਿਆ ਹੁੰਦਾ ਅਤੇ ਮੈਂ ਵਾਸ਼ ਰੂਮ ਨਾ ਗਿਆ ਹੁੰਦਾ, ਫਿਰ ਕੀ ਹੁੰਦਾ?



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਗੁਆਢੀ ਪਿੰਡ ਹੈ ਦੌਧਰ। ਅੰਨ੍ਹਿਆਂ ਨੂੰ ਕੀਰਤਨ ਸਿੱਖਾ ਕੇ ਸੁਜਾਖੇ ਬਣਾਉਣ ਵਾਲਾ। ਉਸ ਸਕੂਲ ਦੇ ਇਕ ਮਾਸਟਰ ਦੀ ਕਿਸਮਤ ਢੁੱਡੀਕੇ ਦੇ ਮਾਸਟਰ ਵਰਗੀ ਨਹੀਂ ਸੀ। ਉਹ ਬੱਚਿਆਂ ਨੂੰ ਊੜਾ-ਐੜਾ ਪੜ੍ਹਾ ਰਿਹਾ ਸੀ। ਨਾ ਕਿਸੇ ਨਾਲ ਵੈਰ ਨਾ ਵਿਰੋਧ। ਬੱਸ ਸਿਰ ਹੀ ਘੋਨਾ ਸੀ। ਊੜਾ-ਐੜਾ ਪੜ੍ਹਾਉਂਦੇ ਨੂੰ ਏ. ਕੇ. ਸੰਤਾਲੀ ਵਾਲੇ ਮਾਰ ਕੇ ਔਹ ਗਏ! ਨਾ ਕੋਈ ਪਰਚਾ ਨਾ ਪੁੱਛ ਪੜਤਾਲ। ਉਸੇ ਸਕੂਲ ਦੇ ਹੋਰ ਮਾਸਟਰ ਅੱਜ ਵੀ ਹੈਰਾਨ ਹਨ ਕਿ ਉਹ ਕਿਵੇਂ ਬਚੇ ਰਹੇ?

ਮੇਰੇ ਭਰਾ ਨੇ ਇਕ ਦਿਨ ਬਰੰਗ ਲਫਾਫ਼ੇ ਵਾਲੀ ਚਿੱਠੀ ਮੈਨੂੰ ਲਿਆ ਦਿੱਤੀ। ਕਹਿਣ ਲੱਗਾ, "ਬਹੁਤ ਮਾੜੀ ਐ, ਪੜ੍ਹ ਕੇ ਦੇਖ ਲੈ।" ਲਫ਼ਾਫ਼ੇ ਉਤੇ ਮੇਰੇ ਨਾਂ ਨਾਲ ਪ੍ਰੋਫੈਸਰ ਲਿਖ ਕੇ ਘਰ ਗੁਰਦੁਆਰੇ ਦੇ ਕੋਲ ਲਿਖਿਆ ਸੀ। ਪਿੰਡ ਤੇ ਡਾਕਖਾਨਾ ਖ਼ਾਸ ਚਕਰ ਸੀ। ਸਿਰਨਾਵੇਂ ਦਾ ਕੋਈ ਭੁਲੇਖਾ ਨਹੀਂ ਸੀ ਛੱਡਿਆ। ਡਾਕੀਏ ਨੇ ਬਰੰਗ ਲਫਾਫ਼ੇ ਦੇ ਪੈਸੇ ਭਰਾ ਤੋਂ ਲੈ ਲਏ। ਭਰਾ ਚਿੱਠੀ ਪੜ੍ਹਨ ਸਾਰ ਹੀ ਮੇਰੇ ਕੋਲ ਢੁੱਡੀਕੇ ਪਹੁੰਚ ਗਿਆ।

ਮੈਂ ਚਿੱਠੀ ਦੀ ਤਹਿ ਖੋਲ੍ਹੀ ਤਾਂ ਲਿਖਤੁਮ ਜਰਨੈਲ ਸਿੰਘ ਹਲਵਾਰਾ ਲਿਖਿਆ ਹੋਇਆ ਸੀ। ਲਿਖਿਆ ਸੀ ਕਿ ਤੁਹਾਡੇ ਭਰਾ ਨੇ ਸਾਨੂੰ ਸਕੂਟਰ ਨਹੀਂ ਸੀ ਦਿੱਤਾ ਤੇ ਉਲਟਾ ਜੀਪ ਸਾਡੇ ਮਗਰ ਲਾਈ ਸੀ। ਸਾਨੂੰ ਫੜਨ ਲਈ। ਅਸੀਂ ਪਿੜਾਂ ਵਿਚ ਲੁਕ ਕੇ ਮਸਾਂ ਜਾਨ ਬਚਾਈ। ਲੁਕਦਿਆਂ ਸਾਡੇ ਤਿੰਨ ਹਥਿਆਰ ਪਿੜਾਂ 'ਚ ਰਹਿ'ਗੇ ਜਿਨ੍ਹਾਂ ਦੀ ਕੀਮਤ 39500 ਰੁਪਏ ਬਣਦੀ ਹੈ। ਸਜ਼ਾ ਤਾਂ ਤੁਹਾਨੂੰ ਵੱਡੀ ਦੇਣੀ ਸੀ ਪਰ ਗੁਰੂ ਰਾਖਾ। ਪਹਿਲਾਂ ਅਸੀਂ ਢੁੱਡੀਕੇ ਤੁਹਾਡੇ ਦੋਹਾਂ ਪੁੱਤਰਾਂ ਨੂੰ ਮਾਰਨ ਗਏ ਸੀ ਪਰ ਉਸ ਦਿਨ ਸਕੂਟਰ ਦਗ਼ਾ ਦੇ ਗਿਆ। ਅਕਾਲ ਪੁਰਖ ਨੇ ਈ ਤੁਹਾਡੇ ਬੱਚੇ ਬਚਾਏ ਐ। ਹੁਣ ਘੱਟ ਸਜ਼ਾ ਏਹੋ ਐ ਕਿ ਤਿੰਨ ਹਥਿਆਰ ਜਾਂ 39500 ਰੁਪਏ ਨਾਨਕਸਰ ਦੇ ਗੁਰਦੁਆਰੇ ਕੋਲ ਬਾਬਾ ਨੰਦ ਸਿੰਘ ਮਾਰਗ ਦੇ ਬੋਰਡ ਹੇਠਾਂ ਟੋਆ ਪੁੱਟ ਕੇ, ਪੈਸੇ ਰੱਖ ਕੇ ਉਤੇ ਮਿੱਟੀ ਪਾ ਦਿਓ ਨਹੀਂ ਤਾਂ ਅਕਾਲ ਪੁਰਖ ਦਾ ਸੱਦਾ ਆਇਆ ਸਮਝੋ। ਜੇ ਕੋਈ ਚੁਸਤੀ ਚਲਾਕੀ ਕੀਤੀ ਤਾਂ ਸਾਰੇ ਪਰਿਵਾਰ ਨੂੰ ਸੋਧ ਦਿੱਤਾ ਜਾਊ।

ਪਾਠਕ ਅੰਦਾਜ਼ਾ ਲਾ ਸਕਦੇ ਹਨ ਕਿ ਮੇਰਾ ਕੀ ਹਾਲ ਹੋਇਆ ਹੋਵੇਗਾ? ਸੱਚਮੁੱਚ ਹੀ ਮੈਂ ਬਹੁਤ ਡਰ ਗਿਆ ਸਾਂ। ਖਾਣਾ-ਪੀਣਾ ਵਿਸਰ ਗਿਆ ਸੀ। ਏਨਾ ਸ਼ੁਕਰ ਸੀ ਕਿ ਬੱਚੇ ਬਚ ਗਏ ਸਨ। ਜੇ ਉਸ ਦਿਨ ਉਨ੍ਹਾਂ ਦਾ ਸਕੂਟਰ ਨਾ ਵਿਗੜਦਾ ਤਾਂ...। ਹੈਰਾਨ ਹਾਂ ਕਿ ਬਚਾਅ ਕਿਸ ਬਿਧ ਹੋਇਆ? ਕੀ ਪਤਾ ਉਦੋਂ ਸਾਰੇ ਪਰਿਵਾਰ ਦਾ ਹੀ ਭੋਗ ਪੈ ਜਾਂਦਾ!

ਇਕ ਦਿਨ ਖਾੜਕੂਆਂ ਦੇ ਸੱਦੇ 'ਤੇ ਕਾਲਜ ਬੰਦ ਸੀ। ਮੈਂ ਆਪਣੇ ਸਹੁਰਾ ਸਾਹਿਬ ਦਾ ਫੌਜੀ ਕਾਰਡ ਲੈ ਕੇ ਹਲਵਾਰੇ ਕੰਟੀਨ ਤੋਂ ਰੰਮ ਲੈਣ ਚਲਾ ਗਿਆ। ਬੋਤਲਾਂ ਸਕੂਟਰ ਦੀ ਡਿੱਕੀ 'ਚ ਰੱਖ ਕੇ ਸੁਧਾਰ ਦੇ ਪੁਲ ਤੋਂ ਨਹਿਰ ਦੀ ਪਟੜੀ ਪਿੰਡ ਨੂੰ ਮੁੜ ਪਿਆ। ਜੱਸੋਵਾਲ ਵਿਚ ਦੀ ਚੌਕੀ ਮਾਨ ਹੋ ਕੇ ਢੁੱਡੀਕੇ ਆਉਣਾ ਸੀ। ਉਦੋਂ ਈ ਪਤਾ ਲੱਗਾ ਜਦੋਂ ਕਾਹਾਂ ਦੇ ਬੂਝਿਆਂ ਉਹਲਿਓਂ ਦੋ ਬੰਦੇ ਨਿਕਲੇ ਜਿਨ੍ਹਾਂ ਨੇ ਸਕੂਟਰ ਰੋਕਣ ਲਈ ਹੱਥ ਖੜ੍ਹੇ ਕੀਤੇ। ਮੈਨੂੰ ਜਰਨੈਲ ਸਿੰਘ ਹਲਵਾਰਾ ਯਾਦ ਆ ਗਿਆ ਤੇ ਮੇਰੇ ਭਰਾ ਦੇ ਸਕੂਟਰ ਨੂੰ ਰੋਕਣ ਵਾਲੇ ਵੀ ਯਾਦ ਆ ਗਏ। ਹੁਣ? ਜੇ ਸਕੂਟਰ ਰੋਕਦਾ ਸੀ ਤਾਂ ਵੀ ਮੌਤ ਦਾ ਡਰ ਸੀ, ਜੇ ਨਹੀਂ ਸੀ ਰੋਕਦਾ ਤਾਂ ਵੀ ਪਿੱਛੋਂ ਗੋਲੀ ਆ ਸਕਦੀ ਸੀ।

ਸਹਿਮੇ ਹੋਏ ਨੇ ਮੈਂ ਸਕੂਟਰ ਰੋਕ ਲਿਆ। ਮਨ 'ਚ ਕਿਹਾ ਵੇਖੀ ਜਾਊ ਜੋ ਹੋਊ। ਉਹ ਦੋਵੇਂ ਜਣੇ ਮੇਰੇ ਪਿੱਛੇ ਬਹਿ ਗਏ ਤੇ ਕਹਿਣ ਲੱਗੇ, "ਚੱਲ।" ਮੈਂ ਚੱਲ ਪਿਆ ਤੇ ਸੋਚਣ ਲੱਗਾ, ਗੋਲੀ ਵੱਜੀ ਕਿ ਵੱਜੀ। ਉਹ ਹਿਲਦੇ ਜੁਲਦੇ ਤਾਂ ਐਂ ਲੱਗਦਾ ਜਿਵੇਂ ਹਥਿਆਰ ਕੱਢਦੇ ਹੋਣ। ਸਕੂਟਰ ਚਲਾਉਂਦਾ ਮੈਂ ਸੋਚੀ ਜਾਵਾਂ ਕਿ ਰਿਵਾਲਵਰ ਪਿੱਛੋਂ ਗਿੱਚੀ ਨਾਲ ਲਾਉਣਗੇ। ਇਕ ਵਾਰ ਲੱਗਾ ਵੀ ਜਿਵੇਂ ਉਨ੍ਹਾਂ ਨੇ ਮੇਰੀ ਗਿੱਚੀ ਨਾਲ ਕੁਛ ਲਾਇਆ ਹੋਵੇ। ਇਹ ਅੰਤਲਾ ਸਮਾਂ ਸੀ। ਬੱਸ ਇਕ ਮਿੰਟ ਤੇ ਖੇਡ ਖ਼ਤਮ ਹੋ ਜਾਣੀ ਸੀ। ਰੰਮ ਦੀਆਂ ਖੜਕਦੀਆਂ ਬੋਤਲਾਂ ਮੌਤ ਨੂੰ ਅੱਡ 'ਵਾਜ਼ਾਂ ਮਾਰ ਰਹੀਆਂ ਸਨ!


ਸੁਧਾਰ ਪਹੁੰਚ ਕੇ ਮੇਰੇ ਮੂੰਹੋਂ ਮਸਾਂ ਬੋਲ ਨਿਕਲੇ, "ਬਾਬਿਓ, ਮੈਂ ਤਾਂ ਐਥੇ ਤਕ ਈ ਆਉਣਾ ਸੀ।" ਉਹ ਚੁੱਪ ਚਾਪ ਸਕੂਟਰ ਤੋਂ ਉਤਰੇ ਤੇ ਬਿਨਾਂ ਕੁਝ ਕਹੇ ਪੁਲ ਉਤੋਂ ਦੀ ਦੂਜੇ ਪਾਸੇ ਚਲੇ ਗਏ। ਮੇਰੀ ਜਾਨ 'ਚ ਜਾਨ ਆਈ। ਮੈਂ ਸੋਚਿਆ, ਜੇ ਉਹ ਸੱਚੀਂ ਜਰਨੈਲ ਸਿੰਘ ਹਲਵਾਰਾ ਹੁੰਦਾ ਤੇ ਉਸ ਨੂੰ ਪਤਾ ਲੱਗ ਜਾਂਦਾ ਕਿ ਮੈਂ ਉਹੀ ਪ੍ਰੋਫੈਸਰ ਸਾਂ ਜੀਹਨੇ ਚਿੱਠੀ ਮਿਲਣ ਦੇ ਬਾਵਜੂਦ ਹਥਿਆਰਾਂ ਦੇ ਪੈਸੇ ਨਹੀਂ ਸੀ ਰੱਖੇ, ਫਿਰ ਕੀ ਹੁੰਦਾ? ਮੇਰਾ ਦਾਣਾ ਪਾਣੀ ਏਥੇ ਹੀ ਮੁੱਕ ਜਾਂਦਾ ਤੇ ਮੇਰੀ ਲਾਸ਼ ਨੂੰ ਨਹਿਰ 'ਚ ਰੋੜ੍ਹ ਦਿੱਤਾ ਜਾਂਦਾ!

ਸਵੇਰੇ ਸਵੱਖਤੇ ਹੀ ਕਾਮਰੇਡ ਮਹਿੰਦਰ ਸੈਕਟਰੀ ਦਾ ਲੜਕਾ ਸਾਡੇ ਘਰ ਆਇਆ। ਮੈਂ ਚਕਰ ਹੀ ਸਾਂ। ਉਸ ਨੇ ਰੋਂਦਿਆਂ ਦੱਸਿਆ ਕਿ ਅਤਿਵਾਦੀ ਉਹਦੇ ਪਿਤਾ ਨੂੰ ਮਾਰ ਗਏ। ਦਿਨ ਛਿਪੇ ਜਿਹੜੀਆਂ ਗੋਲੀਆਂ ਚੱਲੀਆਂ ਸਨ, ਉਹ ਉਹਦੇ 'ਤੇ ਈ ਚੱਲੀਆਂ ਸਨ। ਘਰ ਦੇ ਜੀਆਂ ਨੇ ਡਰ ਦੇ ਮਾਰਿਆਂ ਰਾਤ ਘਰੋਂ ਬਾਹਰ ਕੱਟੀ ਸੀ। ਉਹ ਉਹਦਾ ਰਿਵਾਲਵਰ ਮੰਗਦੇ ਸੀ। ਇਕ ਅੱਧ ਗੱਲ ਹੋਈ ਸੀ ਕਿ ਉਹ ਜਾਨ ਬਚਾਉਣ ਲਈ ਭੱਜ ਪਿਆ। ਕੰਧ ਟੱਪਣ ਲੱਗੇ ਦੇ ਉਹ ਏ. ਕੇ. ਸੰਤਾਲੀ ਦਾ ਬ੍ਰੱਸਟ ਮਾਰ ਗਏ। ਲਾਸ਼ ਓਥੇ ਈ ਪਈ ਸੀ।

ਬੰਦੇ ਮਰਨ/ਮਾਰਨ ਦੀਆਂ ਖ਼ਬਰਾਂ ਹਰ ਰੋਜ਼ ਪੜ੍ਹਦੇ ਸੁਣਦੇ ਹੋਣ ਕਾਰਨ ਇਹ ਖ਼ਬਰ ਅਸਚਰਜ ਤਾਂ ਨਹੀਂ ਸੀ ਪਰ ਮੇਰੇ ਲਈ ਅਸਚਰਜ ਸੀ। ਮੈਂ ਸੋਚਣ ਲੱਗਾ, "ਜੇ ਉਦਣ ਮੇਰਾ ਭਰਾ ਭਜਨ ਅਮਰੀਕਾ ਤੋਂ ਪਿੰਡ ਨਾ ਆਇਆ ਹੁੰਦਾ ਤਾਂ ਮੈਂ ਘਰ ਦਿਆਂ ਨੂੰ ਮਿਲ ਕੇ ਸ਼ਾਮ ਨੂੰ ਮਹਿੰਦਰ ਵੱਲ ਚਲੇ ਜਾਣਾ ਸੀ। ਉਥੇ ਉਸ ਨੇ ਮੈਨੂੰ ਖਾਣ ਪੀਣ ਲਾ ਲੈਣਾ ਸੀ। ਗੱਲਾਂ ਕਰਦਿਆਂ ਓਥੇ ਦਿਨ ਛਿਪ ਜਾਣਾ ਸੀ। ਉਹ ਜਿਹੜੇ ਉਹਨੂੰ ਮਾਰਨ ਆਏ ਸਨ, ਉਦੋਂ ਮੈਂ ਵੀ ਓਥੇ ਬੈਠੇ ਹੋਣਾ ਸੀ। ਉਨ੍ਹਾਂ ਨੇ ਮੈਨੂੰ ਕਿਹੜਾ ਬਖਸ਼ਣਾ ਸੀ? ਆਹ ਵੇਖ ਲਓ, ਮਹਿੰਦਰ ਕੱਲ੍ਹ ਚੰਗਾ ਭਲਾ ਸੀ, ਅੱਜ ਖ਼ਤਮ ਐਂ! ਇਹੋ ਕੁਝ ਮੇਰੇ ਨਾਲ ਹੋਣਾ ਸੀ।" ਮੈਂ ਹੈਰਾਨ ਸਾਂ ਕਿ ਇਕ ਵਾਰ ਫਿਰ ਮੌਤ ਦੇ ਅੜਿੱਕੇ ਆਉਣੋਂ ਬਚ ਗਿਆ ਸਾਂ!

ਜੂਨ 1984 ਦੀ 3 ਤਾਰੀਖ ਸੀ। ਉੱਦਣ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਸੀ। ਉਸੇ ਦਿਨ ਚੌਕੀ ਮਾਨ ਮੇਰੀ ਪਤਨੀ ਦੇ ਚਚੇਰੇ ਭਰਾ ਦਾ ਵਿਆਹ ਸੀ। ਜੰਨ ਕਿਲਾ ਰਾਏਪੁਰ ਜਾਣੀ ਸੀ। ਅਨੰਦ ਕਾਰਜ ਹੋ ਗਏ, ਖਾਣ ਪੀਣ ਵੀ ਹੋ ਗਿਆ। ਡੋਲੀ ਲੈ ਕੇ ਮੁੜ ਰਹੇ ਸਾਂ ਕਿ ਨਾਰੰਗਵਾਲ ਲੰਘ ਕੇ ਨਹਿਰ ਦੇ ਪੁਲ ਉਤੇ ਕੁਝ ਜਾਂਞੀ ਪਾਣੀ-ਧਾਣੀ ਪੀਣ ਉਤਰੇ। ਉਥੇ ਹੀ ਕਿਸੇ ਨੇ ਦੱਸਿਆ ਕਿ ਅੱਜ ਰੇਡੀਓ ਤੋਂ ਇੰਦਰਾ ਗਾਂਧੀ ਬੋਲੀ ਸੀ। ਲੱਗਦੈ ਕੁਛ ਹੋਊਗਾ।

ਜੰਨ ਜੋਧਾਂ-ਮਸੂਰਾਂ ਵਿਚ ਦੀ ਚੌਕੀ ਮਾਨ ਪਰਤ ਆਈ। ਸਵੇਰੇ ਜਾਗੇ ਤਾਂ ਪਤਾ ਲੱਗਾ ਕਿ ਸੜਕਾਂ 'ਤੇ ਆਵਾਜਾਈ ਬੰਦ ਹੈ ਤੇ ਕੋਈ ਰੇਲ ਗੱਡੀ ਨਹੀਂ ਚੱਲ ਰਹੀ। ਨਾ ਅਖ਼ਬਾਰ ਆਏ ਸਨ ਤੇ ਨਾ ਰੇਡੀਓ ਤੋਂ ਕੋਈ ਖ਼ਬਰ ਆ ਰਹੀ ਸੀ। ਜਿਹੜਾ ਕੋਈ ਚੌਕੀ ਮਾਨ ਦੇ ਬੱਸ ਅੱਡੇ 'ਤੇ ਜਾਂਦਾ ਉਹ ਖੱਜਲ ਖੁਆਰ ਹੋ ਕੇ ਮੁੜਦਾ। ਜੇ ਕੋਈ ਜ਼ਰੂਰੀ ਕੰਮ ਜਾਣ ਦਾ ਵਾਸਤਾ ਪਾਉਂਦਾ ਤਾਂ ਫੌਜੀ ਕੰਨ ਫੜਾ ਕੇ ਬੈਠਕਾਂ ਕਢਾਉਂਦੇ। ਸਾਈਕਲਾਂ ਵਾਲਿਆਂ ਦੇ ਗਲਾਂ 'ਚ ਸਾਈਕਲ ਪੁਆ ਕੇ ਗੇੜੇ ਕਢਾਏ ਜਾਂਦੇ। ਪਸ਼ੂਆਂ ਲਈ ਪੱਠੇ ਲਿਆਉਣੇ ਔਖੇ ਹੋ ਗਏ। ਇਹੋ ਅਫ਼ਵਾਹਾਂ ਉਡੀ ਗਈਆਂ ਕਿ ਫਲਾਣੇ ਥਾਂ ਗੋਲੀ ਚੱਲੀ ਐ ਤੇ ਫਲਾਣੇ ਥਾਂ ਐਨੇ ਬੰਦੇ ਮਾਰੇ ਗਏ। ਫਿਰ ਰੇਡੀਓ ਤੋਂ ਬੀ. ਬੀ. ਸੀ. ਦੀ ਖ਼ਬਰ ਆਈ ਕਿ ਫੌਜ ਨੇ ਦਰਬਾਰ ਸਾਹਿਬ 'ਤੇ ਹੱਲਾ ਬੋਲ ਦਿੱਤੈ।



ਸਾਨੂੰ ਚੌਕੀ ਮਾਨ ਘਿਰਿਆਂ ਨੂੰ 4 ਤਾਰੀਖ ਵੀ ਲੰਘ ਗਈ ਤੇ 5 ਵੀ ਲੰਘ ਗਈ। ਅਸੀਂ ਰੇਡੀਓ ਨਾਲ ਕੰਨ ਲਾ ਕੇ ਬੀ. ਬੀ. ਸੀ. ਦੀਆਂ ਖ਼ਬਰਾਂ ਸੁਣਦੇ। ਖ਼ਬਰਾਂ ਆ ਰਹੀਆਂ ਸਨ ਕਿ ਦਰਬਾਰ ਸਾਹਿਬ ਉਤੇ ਟੈਂਕ ਚਾੜ੍ਹੇ ਗਏ ਤੇ ਅਕਾਲ ਤਖਤ ਨੂੰ ਤੋਪਾਂ ਨਾਲ ਢਾਹ ਢੇਰੀ ਕਰ ਦਿੱਤਾ! ਅਜਿਹੀਆਂ ਖ਼ਬਰਾਂ ਨਾਲ ਸਿੱਖਾਂ ਦੇ ਹਿਰਦੇ ਛਲਣੀ ਹੋ ਗਏ ਤੇ ਕਈ ਵਾਹੋ ਦਾਹ ਅੰਮ੍ਰਿਤਸਰ ਵੱਲ ਨੂੰ ਵਹੀਰਾਂ ਘੱਤ ਤੁਰੇ। 6 ਜੂਨ ਨੂੰ ਮੈਂ ਤੇ ਮੇਰਾ ਭਰਾ ਪੈਦਲ ਹੀ ਚੌਕੀਮਾਨ ਤੋਂ ਸੋਹੀਆਂ ਦੇ ਖੇਤਾਂ ਵਿਚ ਦੀ ਆਪਣੇ ਪਿੰਡ ਚਕਰ ਨੂੰ ਚੱਲ ਪਏ। ਖੇਤਾਂ ਵਿਚ ਕੋਈ ਟਾਵਾਂ ਟੱਲਾ ਬੰਦਾ ਹੀ ਨਜ਼ਰੀਂ ਪੈ ਰਿਹਾ ਸੀ। ਪਿੰਡਾਂ ਵਿਚ ਵੀ ਸੁੰਨਸਾਨ ਸੀ।

ਸੋਹੀਆਂ, ਗਗੜਾ ਤੇ ਕੋਠੇ ਲੰਘ ਕੇ ਜਗਰਾਓਂ ਤੋਂ ਰਾਏਕੋਟ ਜਾਣ ਵਾਲੀ ਪੱਕੀ ਸੜਕ ਲੰਘਣੀ ਸੀ। ਸਾਨੂੰ ਡਰ ਸੀ ਕਿ ਉਹਦੇ ਉਤੇ ਵੀ ਫੌਜੀਆਂ ਦਾ ਪਹਿਰਾ ਹੋਵੇਗਾ। ਆਸਾ ਪਾਸਾ ਵੇਖ ਕੇ ਅਸੀਂ ਸਾਇੰਸ ਕਾਲਜ ਕੋਲੋਂ ਸੜਕ ਪਾਰ ਕੀਤੀ ਤੇ ਡੱਲੇ ਨੂੰ ਜਾਣ ਵਾਲੀ ਲਿੰਕ ਸੜਕ ਉਤੇ ਜਾ ਚੜ੍ਹੇ। ਭਰਾ ਉਥੋਂ ਚਕਰ ਨੂੰ ਚਲਾ ਗਿਆ ਤੇ ਮੈਂ ਸੂਏ ਪੈ ਕੇ ਢੁੱਡੀਕੇ ਵੱਲ ਤੁਰ ਪਿਆ। ਅਗਾਂਹ ਸੂਏ 'ਤੇ ਫੌਜੀ ਗੱਡੀ ਵੇਖ ਕੇ ਮੈਂ ਰੁਕਿਆ ਤੇ ਵੱਡੇ ਕੌਂਕਿਆਂ ਨੂੰ ਮੁੜਨਾ ਮੁਨਾਸਿਬ ਸਮਝਿਆ। ਕੌਂਕੀਂ ਢੁੱਡੀਕੇ ਕਾਲਜ ਦਾ ਇਕ ਵਿਦਿਆਰਥੀ ਮਿਲ ਗਿਆ, ਜਿਸ ਨੇ ਮੈਨੂੰ ਆਪਣਾ ਸਾਈਕਲ ਦੇ ਦਿੱਤਾ। ਜਦੋਂ ਮੈਂ ਕੌਂਕਿਆਂ ਤੋਂ ਚੂਹੜਚੱਕ ਵੱਲ ਨੂੰ ਚੱਲਿਆ ਤਾਂ ਗੁਰੂਸਰ ਕੌਂਕਿਆਂ ਵੱਲ ਫਾਇਰਿੰਗ ਹੋਈ। ਜੇ ਮੈਂ ਵੱਡੇ ਕੌਂਕਿਆਂ ਵੱਲ ਨਾ ਮੁੜਦਾ ਤਾਂ ਉਸ ਸਮੇਂ ਫਾਇਰਿੰਗ ਵਾਲੀ ਥਾਂ ਹੋਣਾ ਸੀ। ਬਾਅਦ ਵਿਚ ਪਤਾ ਲੱਗਾ ਕਿ ਉਥੇ ਰਾਹ ਜਾਂਦੇ ਤਿੰਨ ਚਾਰ ਬੰਦੇ ਮਾਰੇ ਗਏ। ਇਹ ਓਹੀ ਜਗ੍ਹਾ ਸੀ ਜਿਥੇ ਮੈਂ ਬਚਪਨ ਵਿਚ ਰੇਲ ਗੱਡੀ ਮੂਹਰੇ ਬੋਤੇ ਤੋਂ ਡਿੱਗਣੋ ਬਚਿਆ ਸਾਂ। ਮੈਂ ਸ਼ੁਕਰ ਕੀਤਾ ਕਿ ਓਧਰਲੇ ਰਾਹ ਨਹੀਂ ਸਾਂ ਪਿਆ। ਹੈਰਾਨੀ ਹੈ ਕਿ ਬਚਪਨ ਦਾ ਬਚਿਆ ਓਦਣ ਵੀ ਬਚ ਗਿਆ!

ਰਾਤ ਢੁੱਡੀਕੇ ਕੱਟ ਕੇ ਮੈਂ ਚਕਰ ਚਲਾ ਗਿਆ। ਸਾਡਾ ਘਰ ਗੁਰਦਵਾਰੇ ਦੇ ਨੇੜੇ ਹੀ ਹੈ। ਮੈਂ ਸਾਜਰੇ ਉਠਿਆ ਤਾਂ ਵੇਖਿਆ ਕਿ ਘਰ ਤੋਂ ਗੁਰਦੁਆਰੇ ਦੇ ਵਿਚਕਾਰ ਖਾਲੀ ਪਈ ਥਾਂ 'ਤੇ ਫੌਜੀ ਮੋਰਚੇ ਮੱਲੀ ਬੈਠੇ ਸਨ। ਮੈਂ ਬਾਹਰ ਨੂੰ ਜੰਗਲ ਪਾਣੀ ਜਾਂਦਾ ਰੁਕ ਗਿਆ। ਦਿਨ ਦਾ ਚਾਨਣ ਹੋਇਆ ਤਾਂ ਚਾਰ ਚੁਫੇਰੇ ਫੌਜ ਈ ਫੌਜ ਸੀ। ਏਨੀ ਫੌਜ ਤਾਂ ਮੈਂ ਹਿੰਦ-ਪਾਕਿ ਜੰਗਾਂ ਸਮੇਂ ਵੀ ਨਹੀਂ ਸੀ ਵੇਖੀ। ਰਾਤੋ ਰਾਤ ਟਰੱਕਾਂ ਦੇ ਟਰੱਕ ਪਿੰਡਾਂ 'ਚ ਆਣ ਵੜੇ ਸਨ। ਸਾਡੇ ਪਿੰਡ ਦਾ ਗੁਰਦੁਆਰਾ ਇਤਿਹਾਸਕ ਹੋਣ ਕਾਰਨ ਇਹਨੂੰ ਘੇਰਾ ਪਾਇਆ ਗਿਆ ਸੀ ਪਰ ਉਥੇ ਕੋਈ ਖਾੜਕੂ ਨਹੀਂ ਸੀ।

ਮੈਂ ਅਜੇ ਚਕਰ ਹੀ ਸਾਂ ਕਿ ਵੱਡੇ ਤੜਕੇ ਲਾਊਡ ਸਪੀਕਰ ਤੋਂ ਆਵਾਜ਼ਾਂ ਆਉਣੀਆਂ ਸ਼ੁਰੂ ਹੋਈਆਂ ਪਈ ਕੋਈ ਬੰਦਾ ਘਰੋਂ ਬਾਹਰ ਨਾ ਨਿਕਲੇ। ਬਾਹਰ ਫੌਜ ਨੇ ਪਿੰਡ ਨੂੰ ਘੇਰਾ ਪਾਇਆ ਹੋਇਐ। ਫਿਰ ਚਾਨਣ ਦੇ ਗੋਲੇ ਛੱਡੇ ਗਏ। ਲਾਊਡ ਸਪੀਕਰ ਤੋਂ ਆਵਾਜ਼ਾਂ ਦੇ ਕੇ ਲਸੰਸੀਏ ਬੁਲਾਏ ਗਏ ਤੇ ਉਨ੍ਹਾਂ ਦਾ ਅਸਲਾ ਲੈ ਲਿਆ ਗਿਆ। ਕੁਝ ਇਕਨਾਂ ਨੂੰ ਫੌਜੀ ਗੱਡੀਆਂ 'ਤੇ ਬਿਠਾ ਕੇ ਜਗਰਾਓਂ ਲੈ ਗਏ। ਕਈਆਂ ਦੀ ਕੁੱਟ ਮਾਰ ਵੀ ਹੋਈ। ਲੋਕ ਹੈਰਾਨ ਪ੍ਰੇਸ਼ਾਨ ਸਨ ਕਿ ਇਹ ਜੱਗੋਂ ਤੇਰ੍ਹਵੀਂ ਕਾਹਤੋਂ ਹੋ ਰਹੀ ਹੈ? ਵਿਚੇ ਪੰਚ ਸਨ ਵਿਚੇ ਸਰਪੰਚ। ਭਲੇ ਬੰਦੇ ਜ਼ਲੀਲ ਕੀਤੇ ਜਾ ਰਹੇ ਸਨ। ਮੈਂ ਇਸ ਨੂੰ ਨਾਦਰਸ਼ਾਹੀ ਸਮਝ ਰਿਹਾ ਸਾਂ। ਮੇਰੇ ਮਨ 'ਚ ਰੋਹ ਉਠ ਰਿਹਾ ਸੀ ਕਿ ਫੌਜੀ ਅਫਸਰਾਂ ਤੋਂ ਪੁੱਛਾਂ ਤਾਂ ਸਹੀ ਪਈ ਇਹ ਹਨ੍ਹੇਰਗਰਦੀ ਕਿਉਂ ਕਰਦੇ ਓਂ? ਮੈਂ ਬਾਹਰ ਜਾਣ ਲਈ ਅਹੁਲਦਾ ਰਿਹਾ ਪਰ ਘਰਦਿਆਂ ਮੈਨੂੰ ਰੋਕੀ ਰੱਖਿਆ, ਨਹੀਂ ਤਾਂ ਸੰਭਵ ਸੀ ਮੇਰਾ ਗਰਮ ਖੂਨ ਮੈਨੂੰ ਉਥੇ ਹੀ ਲੈ ਬਹਿੰਦਾ!

ਮੇਰੀ ਸੁਰਤ ਵਿਚ ਪਹਿਲਾਂ 1947 'ਚ ਦੇਸ਼ ਦੀ ਵੰਡ ਸਮੇਂ ਲੱਖਾਂ ਬੇਦੋਸ਼ੇ ਮਾਰੇ ਗਏ। ਫਿਰ 1984 ਦੇ ਦਹਾਕੇ ਵਿਚ ਹਜ਼ਾਰਾਂ ਲੋਕਾਂ ਦੀ ਮਾਰ ਮਰਾਈ ਹੋਈ। ਦੋਸ਼ੀ ਘੱਟ ਮਰੇ, ਬੇਦੋਸ਼ੇ ਵੱਧ। ਧਰਮ ਦੇ ਨਾਂ 'ਤੇ ਜੋ ਹਾਲਾਤ ਹੁਣ ਬਣ ਰਹੇ ਹਨ, ਡਰ ਹੈ ਕਿ ਦਹਿਸ਼ਤੀ ਦੌਰ ਫਿਰ ਨਾ ਸ਼ੁਰੂ ਹੋ ਜਾਵੇ! ਡੱਬੂਆਂ ਨੇ ਤਾਂ ਅੱਗ ਲਾ ਕੇ ਕੰਧ 'ਤੇ ਜਾ ਬਹਿਣਾ ਹੈ। ਅੱਗ ਵਿਚ ਸੜਣਾ ਬੇਦੋਸ਼ਿਆਂ ਨੂੰ ਪੈਣਾ ਹੈ। ਮੇਰੇ ਵਾਂਗ ਜਿਹੜੇ ਪਹਿਲਾਂ ਬਚਦੇ ਰਹੇ ਨਵੇਂ ਦਹਿਸ਼ਤੀ ਦੌਰ ਵਿਚ ਸ਼ਾਇਦ ਨਾ ਹੀ ਬਚ ਸਕਣ!

## ਔਖਾ ਪੈਂਡਾ

ਉਨੀ ਸੌ ਸੰਤਾਲੀ ਤੋਂ ਚੌਰਾਸੀ, ਆਰ ਡੀ ਐਕਸ, ਏ ਕੇ ਸੰਤਾਲੀ ਤੱਕ।
ਮਲਕ ਭਾਗੋ ਦੇ ਵੱਡੇ-ਰੱਜੇ ਢਿੱਡ ਤੋਂ ਭਾਈ ਲਾਲੋ ਦੇ ਪੇਟ ਖਾਲੀ ਤੱਕ।
ਖੇਤਾਂ ਦੀ ਹਰਿਆਲੀ, ਵਪਾਰੀ ਦੀ ਖੁਸ਼ਹਾਲੀ ਤੋਂ ਜੱਟ ਦੀ ਕੰਗਾਲੀ ਤੱਕ।
ਟਕਸਾਲੀ ਅਕਾਲੀਆਂ, ਜਥੇਦਾਰਾਂ, ਨਕਲੀ ਅਕਾਲੀਆਂ ਤੱਕ।
ਸੰਦਲ, ਸਫੈਦੇ, ਬਾਗਾਂ ਤੋਂ ਸੁੱਕੀ ਕਿੱਕਰਾਂ-ਟਾਹਲੀਆਂ ਤੱਕ।
ਗਿੱਲਾਂ, ਗਰੇਵਾਲਾਂ, ਸੈਣੀਆਂ, ਸੰਧੂਆਂ ਤੋਂ ਅਬਦਾਲੀ ਤੱਕ।
ਮਾਂਵਾਂ, ਭੈਣਾਂ, ਪਤਨੀਆਂ ਦੀ ਕੀਤੀ ਕੁੱਖ ਖਾਲੀ ਤੱਕ।
ਮੁੱਖ ਧਾਰਾ, ਨਰਮ ਦਲ ਤੋਂ ਗਰਮ ਖਿਆਲੀ ਤੱਕ।
ਤਾਜ ਦੀ ਕੌਫੀ ਤੋਂ ਢਾਬੇ ਦੀ ਚਾਹ-ਪਿਆਲੀ ਤੱਕ।
ਦਿੱਲੀ 'ਚ ਬਣੀ ਸਿੱਖਾਂ ਦੀ ਸੂਚੀ ਕਾਲੀ ਤੱਕ।
ਪੈਂਡਾ ਬੜਾ ਔਖਾ ਸੀ, ਪੈਂਡਾ ਬੜਾ ਔਖਾ ਹੈ।...

ਖਾਲਸਾ ਰਾਜ ਜਮਰੌਦ, ਦਿੱਲੀ, ਲਾਹੌਰ, ਪਿਸ਼ੌਰ ਤੱਕ।
ਰਣਜੀਤ ਸਿੰਘ ਦੇ ਵਿਸ਼ਾਲ ਰਾਜ ਦਰਬਾਰ ਲਾਹੌਰ ਤੱਕ।
ਸ਼ੇਰੇ ਪੰਜਾਬ ਤੋਂ ਕੰਵਰ ਨੌਨਿਹਾਲ, ਦਿਲੀਪ 'ਕਮਜ਼ੋਰ' ਤੱਕ।
ਮੁਗਲਾਂ, ਗੋਰਿਆਂ, ਕਾਲੇ-ਭੂਰੇ ਬ੍ਰਾਹਮਣੀ ਦੌਰ ਤੱਕ।
ਅਕਾਲੀ ਫੂਲਾ ਸਿੰਘ ਤੋਂ ਲਿਫਾਫੇ ਦੇ ਜਥੇਦਾਰ ਚੋਰ ਤੱਕ।
ਜ਼ੈਲੇ-ਦਰਬਾਰੇ, ਬਾਦਲ-ਟੋਹੜੇ, ਮਨਪ੍ਰੀਤ-ਸੁਖਬੀਰ ਦੇ ਖੌਰ ਤੱਕ।
ਸੈਕਸੀ ਬਾਣੀਏ ਗਾਂਧੀ, ਗੱਦਾਰ ਨਹਿਰੂ ਤੋਂ ਸੋਨੀਆ-ਰਾਹੁਲ ਬੋਰ ਤੱਕ।
ਸੁਭਾਸ਼ ਬੋਸ ਦੇ ਦੁਸ਼ਮਣਾਂ ਸਰਵਪੱਲੀ, ਸਾਸਤਰੀ, ਪ੍ਰਣਯ, ਨਹਿਰੂ ਮੋਰ ਤੱਕ।
ਰੰਗਲੇ ਪੰਜਾਬ ਤੋਂ ਨਸ਼ਈ ਕਰਜਈ, ਆਤਮ ਹੱਤਿਆਈ ਮਾਤਮੀ ਸ਼ੋਰ ਤੱਕ।
ਕੁੜਤੇ ਚਾਦਰੇ, ਪਜਾਮੇ, ਕਮੀਜ-ਸਲਵਾਰ ਲੂੰਗੀ ਤੋਂ ਜੀਨ ਤੇ ਵਲੈਤੀ ਤੋਰ ਤੱਕ।
ਪੈਂਡਾ ਬੜਾ ਔਖਾ ਸੀ, ਪੈਂਡਾ ਬੜਾ ਔਖਾ ਹੈ।...

ਕੰਧਾਂ ਵਿਚ ਚਿਣਨ ਤੋਂ ਚਰਖੜੀਆਂ 'ਤੇ ਚੀਰਦੇ ਆਰੇ ਤੱਕ,
ਗਿਣੇ-ਮਿਥੇ ਬਲੈਕ ਥੰਡਰ ਤੋਂ ਸਾਕੇ ਨੀਲੇ ਤਾਰੇ ਤੱਕ।
ਪਹਿਲੇ, ਦੂਜੇ ਅਤੇ ਫਿਰ ਤੀਜੇ ਵੱਡੇ-ਵੱਡੇ ਘੱਲੂਘਾਰੇ ਤੱਕ।
ਹਿੰਦੂ-ਸਿੱਖ ਏਕਤਾ, ਖਾਲਿਸਤਾਨ ਸਿੱਖ ਸਟੇਟ ਦੇ ਲਾਰੇ ਤੱਕ।
ਨਿਸ਼ਾਨ ਤੁਫਾਨ ਰਾਜੋਆਣਾ, ਭੁੱਲਰ, ਜਗਤਾਰ ਤੋਂ ਤਾਰੇ-ਹਵਾਰੇ ਤੱਕ।
ਹਿੰਦੂ-ਹਿੰਦੀ-ਹਿੰਦੋਸਤਾਨ ਤੋਂ ਖਾਲਿਸਤਾਨ ਦੇ ਨਾਹਰੇ ਤੱਕ।
ਆਸ਼ਾ-ਨਿਰਾਸ਼ਾ ਤੋਂ ਗੁੱਸੇ-ਰੋਹ ਦੇ ਉਬਲਦੇ ਪਾਰੇ ਤੱਕ।
ਪਾਕਿਸਤਾਨ, ਹਿਮਾਚਲ, ਹਰਿਆਣਾ, ਚੰਡੀਗੜ, ਪੰਜਾਬ ਬਟਵਾਰੇ ਤੱਕ।
ਦੁੱਧ, ਦਹੀਂ, ਲੱਸੀ, ਮੱਖਣ, ਕਾਂਜੀ ਤੋਂ ਚਾਹ, ਦਾਰੂ ਤੇ ਖਾਰੇ ਤੱਕ।
ਪੈਂਡਾ ਬੜਾ ਔਖਾ ਸੀ, ਪੈਂਡਾ ਬੜਾ ਔਖਾ ਹੈ।...

ਕਾਲੇ ਪਾਣੀਆਂ, ਫਾਂਸੀਆਂ, ਕੈਦਾਂ ਤੋਂ ਗਲਾਂ 'ਚ ਸਾੜੇ ਟਾਇਰਾਂ ਤੱਕ।
ਚਿੱਟੇ, ਨੀਲੇ, ਭਗਵਿਆਂ, ਕਾਲਿਆਂ-ਗੋਰਿਆਂ ਅਡਵਾਇਰਾਂ ਤੱਕ।
ਬੈਂਤਾਂ, ਕੋੜਿਆਂ, ਕਰੰਟਾਂ ਤੋਂ ਛਾਤੀ 'ਤੇ ਫਾਇਰਾਂ ਤੱਕ।
ਕੁਝ ਕੁ ਅਣਖੀਆਂ ਅਤੇ ਬਾਕੀ ਸਾਰੇ ਕਾਇਰਾਂ ਤੱਕ।
ਅੰਮ੍ਰਿਤ ਤੋਂ ਪੋਸਤ, ਅਫੀਮ, ਕੋਕੀਨ, ਟੀਕੇ, ਸਲਫਾਸ ਜ਼ਹਿਰਾਂ ਤੱਕ।
ਭਾਖੜਾ ਦੇ ਨੀਲੇ ਨਿਰਮਲ ਜਲ ਤੋਂ ਖੂਨੀ-ਜ਼ਹਿਰੀ ਨਹਿਰਾਂ ਤੱਕ।
ਹਰੇ ਖੇਤਾਂ ਤੋਂ ਉਜੜੇ-ਮੱਚਦੇ, ਟਿੱਬੇ ਸਹਿਰਾਆਂ ਤੱਕ।
ਭਾਰਤ ਛੱਡੋ, ਜੈ ਹਿੰਦ, ਮਰਨ ਵਰਤ, ਗਦਰ ਤੋਂ ਖਾੜਕੂ ਲਹਿਰਾਂ ਤੱਕ।
ਆਜ਼ਾਦੀ, ਤੋਰਾ-ਫੇਰਾ, ਅਵਾਰਾਗਰਦੀ ਤੋਂ ਲੁਕਵੀਆਂ ਠਹਿਰਾਂ ਤੱਕ।
ਹੁਸਨ, ਇਸ਼ਕ, ਜਾਮ ਸੁਰਾਹੀ, ਸਾਕੀ ਰੋਮਾਂਸ ਤੋਂ ਬਾਗੀ ਸ਼ਾਇਰਾਂ ਤੱਕ।
ਪੇਂਡੂ ਪੰਜਾਬ ਤੋਂ ਯੂ ਕੇ, ਅਮਰੀਕਾ, ਕੈਨੇਡਾ, ਆਸਟਰੇਲੀਆ ਦੇ ਸ਼ਹਿਰਾਂ ਤੱਕ।
ਪੈਂਡਾ ਬੜਾ ਔਖਾ ਸੀ, ਪੈਂਡਾ ਬੜਾ ਔਖਾ ਹੈ।...

***ਜੁਗਰਾਜ ਗਿੱਲ, ਸ਼ਾਰਲਟ, ਫੋਨ: 704-257-6693***

## ਮੇਰਾ ਦੇਸ਼ਧ੍ਰੋਹੀ ਦਿਲ-3



### ਅੱਜ ਦੇ ਵਕਤ ਦਾ ਅਮੁੱਕ ਰੋਜ਼ਨਾਮਚਾ

ਅਰੁੰਧਤੀ ਰਾਏ
ਤਰਜਮਾ ਬੂਟਾ ਸਿੰਘ

# ਹਿੰਦੂਤਵ-ਵਾਦੀਆਂ ਨੂੰ ਵੰਗਾਰ

***ਅਨਿਆਂ ਖਿਲਾਫ ਆਵਾਜ਼ ਬੁਲੰਦ ਕਰਨ ਵਾਲੀ ਮਸ਼ਹੂਰ ਲਿਖਾਰੀ ਅਰੁੰਧਤੀ ਰਾਏ ਨੇ ਆਪਣੇ ਲੰਮੇ ਲੇਖ 'ਮੇਰਾ ਦੇਸ਼ਧ੍ਰੋਹੀ ਦਿਲ' ਵਿਚ ਹਿੰਦੂ ਰਾਸ਼ਟਰ ਦੀ ਪੀਪਨੀ ਵਜਾਉਣ ਵਾਲਿਆਂ ਨੂੰ ਕਰਾਰੇ ਹੱਥੀਂ ਲਿਆ ਹੈ। ਪਹਿਲਾਂ ਵੀ ਬਹੁਤ ਸਾਰੇ ਮੌਕਿਆਂ 'ਤੇ ਉਸ ਨੇ ਆਪਣੀਆਂ ਜਾਨਦਾਰ ਲਿਖਤਾਂ ਰਾਹੀਂ ਸਥਾਪਤੀ ਨੂੰ ਇੰਜ ਹੀ ਲਲਕਾਰਿਆ ਹੈ। ਇਨ੍ਹਾਂ ਲਿਖਤਾਂ ਦੀ ਖੂਬਸੂਰਤੀ ਇਹੀ ਹੁੰਦੀ ਹੈ ਕਿ ਇਨ੍ਹਾਂ ਵਿਚ ਸਥਾਪਤੀ ਵੱਲੋਂ ਹਰ ਪੱਧਰ ਉਤੇ ਵਰਤਾਏ ਜਾ ਰਹੇ ਕਹਿਰ ਬਾਰੇ ਬਹੁਤ ਗਹਿਰਾਈ ਅਤੇ ਸੂਖਮ ਢੰਗ ਨਾਲ ਪੁਣ-ਛਾਣ ਕੀਤੀ ਹੁੰਦੀ ਹੈ। ਇੰਝ ਕਰਦਿਆਂ ਉਹ ਅਸਲ ਸਮੱਸਿਆ ਉਤੇ ਉਂਗਲ ਰੱਖਦੀ ਹੈ ਅਤੇ ਅਵਾਮ ਨੂੰ ਜਾਗਣ ਦਾ ਸੁਨੇਹਾ ਦਿੰਦੀ ਹੈ। ਇਸ ਲੰਮੇ ਲੇਖ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ 'ਪੰਜਾਬ ਟਾਈਮਜ਼' ਲਈ ਭੇਜਿਆ ਹੈ। ਲੇਖ ਦੀ ਪਹਿਲੀ ਕਿਸ਼ਤ ਵਿਚ ਆਰ.ਐਸ.ਐਸ. ਮਾਰਕਾ ਸਿਆਸਤ ਦਾ ਪਿਛੋਕੜ ਫਰੋਲਿਆ ਗਿਆ ਸੀ, ਦੂਜੀ ਕਿਸ਼ਤ ਵਿਚ ਇਸ ਸਿਆਸਤ ਦੀ ਚੜ੍ਹਤ ਬਾਰੇ ਗੱਲਾਂ ਸਨ ਅਤੇ ਐਤਕੀਂ ਇਸ ਸਿਆਸਤ ਨੂੰ ਪਈ ਵੰਗਾਰ ਦਾ ਖੁਲਾਸਾ ਕੀਤਾ ਗਿਆ ਹੈ। -ਸੰਪਾਦਕ***

ਫਿਰ ਅਚਾਨਕ, ਜਦੋਂ ਕੋਈ ਉਮੀਦ ਨਹੀਂ ਸੀ ਰਹੀ, ਕੁਝ ਅਸਾਧਾਰਨ ਵਾਪਰਨਾ ਸ਼ੁਰੂ ਹੋ ਗਿਆ। ਇਸ ਤੱਥ ਦੇ ਬਾਵਜੂਦ, ਕਿ ਪਾਰਲੀਮੈਂਟ ਵਿਚ ਭਾਜਪਾ ਦੀ ਬਹੁਗਿਣਤੀ ਨੇ ਵਿਰੋਧੀ ਧਿਰ ਨੂੰ ਦਬਾ ਕੇ ਸਦਨ ਨੂੰ ਆਪਣੇ ਤਕ ਸੁੰਗੇੜ ਲਿਆ ਸੀ, ਨਵੀਂ ਤਰ੍ਹਾਂ ਦਾ ਟਾਕਰਾ ਸਾਹਮਣੇ ਆਇਆ। ਜੋ ਕੁਝ ਹੋ ਰਿਹਾ ਸੀ, ਉਸ ਪ੍ਰਤੀ ਸਾਧਾਰਨ ਲੋਕਾਂ ਦੀ ਔਖ ਜ਼ਾਹਰ ਹੋਣੀ ਸ਼ੁਰੂ ਹੋ ਗਈ। ਇਹ ਭਾਵਨਾ ਛੇਤੀ ਹੀ ਦ੍ਰਿੜ ਵਿਰੋਧ ਵਿਚ ਬਦਲ ਗਈ। ਦਾਦਰੀ (ਯੂ.ਪੀ.) ਵਿਚ ਅਖ਼ਲਾਕ ਮੁਹੰਮਦ ਨੂੰ ਕੁੱਟ-ਕੁੱਟ ਮਾਰਨ ਅਤੇ ਕਲਬੁਰਗੀ, ਪਾਨਸਰੇ ਤੇ ਇਸੇ ਤਰ੍ਹਾਂ ਤਰਕਸ਼ੀਲ ਤੇ ਲੇਖਕ ਨਰਿੰਦਰ ਡਭੋਲਕਰ ਜਿਸ ਨੂੰ 2013 ਵਿਚ ਪੁਣੇ ਵਿਚ ਕਤਲ ਕਰ ਦਿੱਤਾ ਗਿਆ ਸੀ, ਦੇ ਕਤਲਾਂ ਖਿਲਾਫ, ਬਹੁਤ ਸਾਰੇ ਜਾਣੇ-ਪਛਾਣੇ ਲੇਖਕਾਂ ਅਤੇ ਫਿਲਮਸਾਜ਼ਾਂ ਨੇ ਇਨਾਮ-ਸਨਮਾਨ ਮੋੜਨੇ ਸ਼ੁਰੂ ਕਰ ਦਿਤੇ। ਇਨਾਮ-ਸਨਮਾਨ ਵਾਪਸੀ ਮੁਹਿੰਮ, ਕਲਾਕਾਰਾਂ ਅਤੇ ਬੁੱਧੀਜੀਵੀਆਂ ਦਾ ਅਣਵਿਉਂਤਿਆ, ਆਪਮੁਹਾਰਾ ਅਤੇ ਡੂੰਘਾ ਸਿਆਸੀ ਸੰਕੇਤ ਸੀ ਜੋ ਕਿਸੇ ਖ਼ਾਸ ਧੜੇ ਨਾਲ ਸਬੰਧਤ ਜਾਂ ਕਿਸੇ ਖ਼ਾਸ ਵਿਚਾਰਧਾਰਾ ਨਾਲ ਜੁੜੇ ਹੋਏ ਨਹੀਂ ਸਨ। ਇਹ ਜ਼ਬਰਦਸਤ ਅਤੇ ਬੇਮਿਸਾਲ ਵਿਰੋਧ ਸੀ, ਸ਼ਾਇਦ ਇਤਿਹਾਸ ਵਿਚ ਇਸ ਦਾ ਕੋਈ ਸਾਨੀ ਨਹੀਂ। ਇਹ ਓਹਲੇ ਵਿਚੋਂ ਆ ਟਪਕੀ ਸਿਆਸਤ ਸੀ।

ਕੌਮਾਂਤਰੀ ਪ੍ਰੈੱਸ ਨੇ ਐਵਾਰਡ ਵਾਪਸੀ ਨੂੰ ਵਿਆਪਕ ਥਾਂ ਦਿੱਤੀ। ਨਿਸ਼ਚੇ ਹੀ ਇਹ ਕਿਉਂਕਿ ਆਪਮੁਹਾਰੀ ਸੀ, ਤੇ ਇਸ ਨੂੰ ਕਿਸੇ ਤਰ੍ਹਾਂ ਦੀ ਸਾਜ਼ਿਸ਼ ਕਹਿ ਕੇ ਗੁੱਠੇ ਨਹੀਂ ਸੀ ਲਾਇਆ ਜਾ ਸਕਦਾ, ਇਸ ਨਾਲ ਸਰਕਾਰ ਭੜਕ ਉਠੀ। ਫਿਰ ਨਵੰਬਰ 2015 ਵਿਚ ਭਾਜਪਾ ਨੂੰ ਚੋਣਾਂ ਵਿਚ ਇਕ ਹੋਰ ਵਿਆਪਕ ਹਾਰ ਦਾ ਮੂੰਹ ਦੇਖਣਾ ਪਿਆ। ਇਸ ਵਾਰ ਬਿਹਾਰ ਅੰਦਰ ਦੋ ਘਾਗ, ਪੁਰਾਣੇ ਸਿਆਸਤਦਾਨਾਂ ਨਿਤੀਸ਼ ਕੁਮਾਰ ਤੇ ਲਾਲੂ ਪ੍ਰਸਾਦ ਯਾਦਵ ਹੱਥੋਂ। ਲਾਲੂ ਸੰਘ ਪਰਿਵਾਰ ਦਾ ਦਲੇਰ ਦੁਸ਼ਮਣ ਹੈ, 1990 ਵਿਚ ਉਹ ਉਨ੍ਹਾਂ ਕੁਝ ਕੁ ਸਿਆਸਤਦਾਨਾਂ ਵਿਚੋਂ ਇਕ ਸੀ ਜਿਨ੍ਹਾਂ ਨੇ ਥੋੜ੍ਹੀ ਦ੍ਰਿੜਤਾ ਦਿਖਾਈ ਸੀ ਅਤੇ ਜਦੋਂ ਰੱਥ ਯਾਤਰਾ ਬਿਹਾਰ ਵਿਚੋਂ ਲੰਘਣ ਲੱਗੀ ਤਾਂ ਅਡਵਾਨੀ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਬਿਹਾਰ ਚੋਣ ਹਾਰਨਾ ਮੋਦੀ ਲਈ ਜ਼ਾਤੀ ਅਤੇ ਸਿਆਸੀ ਨਮੋਸ਼ੀ ਸੀ ਜਿਸ ਨੇ ਉਥੇ ਹਫ਼ਤੇ ਗੁਜ਼ਾਰ ਕੇ ਮੁਹਿੰਮ ਚਲਾਈ ਸੀ।

ਇਕ ਐਸੀ ਪਾਰਟੀ ਦੇ ਤੌਰ 'ਤੇ ਜੋ ਥੋਕ ਤਾਦਾਦ ਵਿਚ ਟਰੌਲ (ਸੋਸ਼ਲ ਮੀਡੀਆ ਟਿੱਪਣੀਕਾਰ) ਤਾਂ ਪੈਦਾ ਕਰ ਸਕਦੀ ਹੈ ਪਰ ਜੋ ਇਕ ਵੀ ਅਸਲੀ ਚਿੰਤਕ ਪੈਦਾ ਨਹੀਂ ਕਰ ਸਕਦੀ, ਇਸ ਨਮੋਸ਼ੀ ਭਰੀ ਪਛਾੜ ਨੇ ਬੌਧਿਕ ਸਰਗਰਮੀ ਪ੍ਰਤੀ ਇਸ ਦੀ ਸਹਿਜ-ਸੁਭਾਅ ਦੁਸ਼ਮਣੀ ਹੋਰ ਪ੍ਰਚੰਡ ਕਰ ਦਿੱਤੀ। ਇਹ ਹਰਗਿਜ਼ ਮਹਿਜ਼ ਵੱਖਰੇ ਵਿਚਾਰ ਨਹੀਂ ਸਨ ਜਿਨ੍ਹਾਂ ਨੂੰ ਸਾਡੇ ਅਜੋਕੇ ਹੁਕਮਰਾਨ ਕੁਚਲਣਾ ਚਾਹੁੰਦੇ ਸਨ। ਉਨ੍ਹਾਂ ਦਾ ਨਿਸ਼ਾਨਾ ਤਾਂ ਖ਼ੁਦ ਸੋਚ/ਬੁੱਧੀ ਸੀ। ਇਹ ਹੈਰਾਨੀਜਨਕ ਨਹੀਂ ਕਿ ਸਾਡੀ ਸਮੂਹਿਕ ਬੁੱਧੀ (ਆਈ.ਕਿਊ.) ਉਪਰ ਹਮਲੇ ਦੇ ਮੁੱਖ ਨਿਸ਼ਾਨੇ ਹਿੰਦੁਸਤਾਨ ਦੀਆਂ ਕੁਝ ਬਿਹਤਰੀਨ ਯੂਨੀਵਰਸਿਟੀਆਂ ਰਹੀਆਂ ਹਨ।

ਗੜਬੜ ਦੇ ਪਹਿਲੇ ਸੰਕੇਤ ਉਦੋਂ ਆਏ, ਜਦੋਂ ਮਈ 2015 ਵਿਚ ਚੇਨਈ ਦੇ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ ਨੇ ਅੰਬੇਡਕਰ-ਪੇਰੀਅਰ ਸਟੱਡੀ ਸਰਕਲ (ਏ.ਪੀ.ਐਸ.ਸੀ.) ਨਾਂ ਦੀ ਵਿਦਿਆਰਥੀ ਜਥੇਬੰਦੀ ਦੀ 'ਮਾਨਤਾ ਰੱਦ ਕਰ ਦਿੱਤੀ'। ਇਸ ਦੇ ਮੈਂਬਰ ਦਲਿਤ ਅੰਬੇਡਕਰਵਾਦੀ ਹਨ ਜੋ ਹਿੰਦੂਤਵੀ ਸਿਆਸਤ ਦੇ ਨਾਲ-ਨਾਲ ਨਵ-ਉਦਾਰਵਾਦੀ ਅਰਥ ਸ਼ਾਸਤਰ ਅਤੇ ਤੇਜ਼ ਰਫ਼ਤਾਰ ਕਾਰਪੋਰੇਟੀਕਰਨ ਤੇ ਨਿੱਜੀਕਰਨ ਦੇ ਵੀ ਤਿੱਖੇ ਆਲੋਚਕ ਹਨ। ਏ.ਪੀ.ਐਸ.ਸੀ. ਉਪਰ ਪਾਬੰਦੀ ਲਗਾਏ ਜਾਣ ਦੇ ਹੁਕਮ ਨੇ ਇਸ ਉਪਰ 'ਕੇਂਦਰ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਕਰਵਾਉਣ' ਲਈ ਅਤੇ 'ਪ੍ਰਧਾਨ ਮੰਤਰੀ ਤੇ ਹਿੰਦੂਆਂ' ਵਿਰੁੱਧ ਨਫ਼ਰਤ ਪੈਦਾ ਕਰਨ ਲਈ ਦਲਿਤਾਂ ਤੇ ਆਦਿਵਾਸੀ ਵਿਦਿਆਰਥੀਆਂ ਨੂੰ 'ਕੁਰਾਹੇ ਪਾਉਣ' ਦੇ ਯਤਨ ਕਰਨ ਦਾ ਇਲਜ਼ਾਮ ਲਾਇਆ। ਦੋ ਕੁ ਦਰਜਨ ਮੈਂਬਰਾਂ ਵਾਲੀ ਨਿੱਕੀ ਜਹੀ ਵਿਦਿਆਰਥੀ ਜਥੇਬੰਦੀ ਨੂੰ ਐਸਾ ਖ਼ਤਰਾ ਕਿਉਂ ਸਮਝਿਆ ਗਿਆ? ਕਿਉਂਕਿ ਜਾਤ, ਸਰਮਾਏਦਾਰੀ ਅਤੇ ਫਿਰਕਾਪ੍ਰਸਤੀ ਦਰਮਿਆਨ ਸਬੰਧ ਜੋੜ ਕੇ, ਏ.ਪੀ.ਐਸ.ਸੀ. ਇਕ ਮਨਾਹੀ ਵਾਲੇ ਖੇਤਰ ਵਿਚ ਵਿਚਰ ਰਹੀ ਸੀ, ਉਹ ਖੇਤਰ ਜਿਸ ਵਿਚ ਦੱਖਣੀ ਅਫ਼ਰੀਕੀ ਰੰਗਭੇਦ ਵਿਰੋਧੀ ਕਾਰਕੁਨ ਸਟੀਵ ਬਾਈਕੋ ਅਤੇ ਅਮਰੀਕੀ ਸ਼ਹਿਰੀ ਆਜ਼ਾਦੀਆਂ ਦਾ ਆਗੂ ਮਾਰਟਿਨ ਲੂਥਰ ਕਿੰਗ ਦਾਖ਼ਲ ਹੋ ਗਏ ਸਨ, ਤੇ ਉਨ੍ਹਾਂ ਨੇ ਇਸ ਦਾ ਮੁੱਲ ਆਪਣੀਆਂ ਜਾਨਾਂ ਦੇ ਕੇ ਤਾਰਿਆ ਸੀ। ਮਾਨਤਾ ਰੱਦ ਕਰਨ ਦੇ ਨਤੀਜੇ ਵਜੋਂ ਵਿਰੋਧ ਪ੍ਰਦਰਸ਼ਨ ਹੋਏ, ਤੇ ਇਹ ਫੌਰਨ ਮਨਸੂਖ਼ ਕਰਨੇ ਪੈ ਗਏ, ਹਾਲਾਂਕਿ ਏ.ਪੀ.ਐਸ.ਸੀ ਨੂੰ ਤੰਗ-ਪ੍ਰੇਸ਼ਾਨ ਕਰਨਾ ਜਾਰੀ ਰਿਹਾ ਅਤੇ ਇਸ ਦੀਆਂ ਸਰਗਰਮੀਆਂ ਵਿਚ ਗੰਭੀਰ ਰੁਕਾਵਟਾਂ ਖੜ੍ਹੀਆਂ ਕੀਤੀਆਂ ਗਈਆਂ।

ਅਗਲਾ ਟਕਰਾਅ ਹਿੰਦੁਸਤਾਨ ਦੇ ਮਸ਼ਹੂਰ ਫਿਲਮ ਸਕੂਲ, ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਆਫ ਇੰਡੀਆ (ਐਫ.ਟੀ.ਆਈ.ਆਈ.) ਪੁਣੇ ਵਿਖੇ ਆਇਆ ਜਿਥੇ ਭਾਜਪਾ ਅਤੇ ਆਰ.ਐਸ.ਐਸ. ਦੇ ਲੰਗੋਟੀਏ ਯਾਰਾਂ ਨੂੰ ਸੰਸਥਾ ਦੇ ਗਵਰਨਿੰਗ ਅਦਾਰੇ ਵਿਚ ਨਿਯੁਕਤ ਕੀਤਾ ਗਿਆ ਸੀ। ਇਨ੍ਹਾਂ 'ਉਘੀਆਂ ਹਸਤੀਆਂ' ਵਿਚੋਂ ਇਕ ਪਿਛੇ ਜਿਹੇ ਤਕ ਭਾਜਪਾ ਦੇ ਵਿਦਿਆਰਥੀ ਵਿੰਗ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ.ਬੀ.ਵੀ.ਪੀ.) ਦਾ ਸੂਬਾ ਪ੍ਰਧਾਨ ਰਿਹਾ ਸੀ। ਦੂਜਾ ਇਕ ਫਿਲਮਸਾਜ਼ ਸੀ ਜਿਸ ਨੇ 'ਨਰਿੰਦਰ ਮੋਦੀ: ਬੇਜੋੜ ਅਗਵਾਈ ਦੀ ਕਥਾ' ਦਸਤਾਵੇਜ਼ੀ ਫਿਲਮ ਬਣਾਈ ਸੀ। ਗਜੇਂਦਰ ਚੌਹਾਨ ਨੂੰ ਕੌਂਸਲ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਸੀ। ਭਾਜਪਾ ਪ੍ਰਤੀ ਉਸ ਦੀ ਵਫ਼ਾਦਾਰੀ ਤੋਂ ਇਲਾਵਾ, ਇਸ ਅਹੁਦੇ ਲਈ ਉਸ ਦਾ ਯੋਗਤਾ ਪੱਤਰ ਮਹਾਭਾਰਤ ਦੇ ਟੈਲੀਵਿਜ਼ਨ ਰੂਪਾਂਤਰ ਵਿਚ ਯੁਧਿਸ਼ਟਰ ਦੇ ਰੂਪ ਵਿਚ ਉਸ ਦੀ ਸਾਧਾਰਨ ਜਿਹੀ ਪੇਸ਼ਕਾਰੀ ਸੀ (ਐਕਟਿੰਗ ਬਾਰੇ ਉਸ ਦੇ ਬਾਕੀ ਕਰੀਅਰ ਬਾਬਤ ਜਿੰਨਾ ਥੋੜ੍ਹਾ ਕਿਹਾ ਜਾਵੇ, ਉਨਾ ਹੀ ਬਿਹਤਰ ਹੈ)।

ਵਿਦਿਆਰਥੀਆਂ ਨੇ ਇਹ ਜਾਣਕਾਰੀ ਮੰਗਦਿਆਂ ਹੜਤਾਲ ਕਰ ਦਿੱਤੀ ਕਿ ਕਾਬਲੀਅਤ ਨਾ ਰੱਖਣ ਵਾਲੇ ਨੂੰ ਚੇਅਰਮੈਨ ਉਨ੍ਹਾਂ ਉਪਰ ਕਿਸ ਆਧਾਰ 'ਤੇ ਥੋਪਿਆ ਜਾ ਸਕਦਾ ਸੀ। ਉਨ੍ਹਾਂ ਦਾ ਅਸਲ ਡਰ ਇਹ ਸੀ ਕਿ ਗਵਰਨਿੰਗ ਕੌਂਸਲ ਵਿਚ ਆਪਣੇ ਬੰਦੇ ਘੁਸੇੜ ਕੇ, ਸਰਕਾਰ ਐਫ.ਟੀ.ਆਈ.ਆਈ. ਦਾ ਨਿੱਜੀਕਰਨ ਕਰਨ ਅਤੇ ਇਸ ਨੂੰ ਸਿਰਫ਼ ਧਨਾਢਾਂ ਤੇ ਸਾਧਨ-ਸੰਪਨ ਲੋਕਾਂ ਦੀ ਸੰਸਥਾ ਬਣਾਉਣ ਦੀ ਤਿਆਰੀ 'ਚ ਚਾਲ ਖੇਡ ਰਹੀ ਸੀ।

ਹੜਤਾਲ 140 ਦਿਨ ਚੱਲਦੀ ਰਹੀ। ਵਿਦਿਆਰਥੀਆਂ ਉਪਰ ਕੈਂਪਸ ਤੋਂ ਬਾਹਰਲੇ ਹਿੰਦੂਤਵੀ ਕਾਰਕੁਨਾਂ ਵਲੋਂ ਹਮਲੇ ਕੀਤੇ ਗਏ, ਪਰ ਪੂਰੇ ਮੁਲਕ ਦੀਆਂ ਟਰੇਡ ਯੂਨੀਅਨਾਂ, ਸਿਵਲ ਸੁਸਾਇਟੀ ਗਰੁੱਪਾਂ, ਫਿਲਮਸਾਜ਼ਾਂ, ਕਲਾਕਾਰਾਂ, ਬੁੱਧੀਜੀਵੀਆਂ ਅਤੇ ਸਾਥੀ ਵਿਦਿਆਰਥੀਆਂ ਵਲੋਂ ਉਨ੍ਹਾਂ ਦੀ ਹਮਾਇਤ ਕੀਤੀ ਗਈ। ਸਰਕਾਰ ਨੇ ਪਿਛੇ ਹਟਣ ਤੋਂ ਇਨਕਾਰ ਕਰ ਦਿੱਤਾ। ਓੜਕ ਹੜਤਾਲ ਵਾਪਸ ਲੈ ਲਈ ਗਈ, ਪਰ ਬੇਚੈਨੀ ਹੋਰ ਵਡੇਰੇ ਖੇਤਰ ਵਿਚ ਜਾ ਫੈਲੀ।

ਕਈ ਸਾਲਾਂ ਤੋਂ ਹੈਦਰਾਬਾਦ ਯੂਨੀਵਰਸਿਟੀ ਚਰਚਾ ਵਿਚ ਹੈ, ਖ਼ਾਸ ਕਰ ਕੇ ਦਲਿਤ ਸਿਆਸਤ ਕਰ ਕੇ। ਕੈਂਪਸ ਉਪਰ ਸਰਗਰਮ ਬਹੁਤ ਸਾਰੇ ਗਰੁੱਪਾਂ ਵਿਚੋਂ ਇਕ, ਅੰਬੇਡਕਰ ਸਟੂਡੈਂਟਸ ਐਸੋਸੀਏਸ਼ਨ (ਏ.ਐਸ.ਏ.) ਹੈ। ਚੇਨਈ ਦੀ ਏ.ਪੀ.ਐਸ.ਸੀ. ਵਾਂਗ ਬਤੌਰ ਅੰਬੇਡਕਰਵਾਦੀ ਜਥੇਬੰਦੀ, ਏ.ਐਸ.ਏ. ਕੁਝ ਡੂੰਘੇ ਅਤੇ ਪ੍ਰੇਸ਼ਾਨ ਕਰਨ ਵਾਲੇ ਸਵਾਲ ਪੁੱਛ ਰਹੀ ਸੀ। ਜ਼ਾਹਰਾ ਕਾਰਨਾਂ ਕਰ ਕੇ, ਕੈਂਪਸ ਉਪਰ ਇਸ ਦੀ ਮੁੱਖ ਵਿਰੋਧੀ ਏ.ਬੀ.ਵੀ.ਪੀ. ਸੀ ਜੋ ਲਗਭਗ ਹਰ ਕੈਂਪਸ ਉਪਰ ਆਰ.ਐਸ.ਐਸ. ਦੀਆਂ ਅੱਖਾਂ ਤੇ ਕੰਨਾਂ ਦੇ ਤੌਰ 'ਤੇ ਅਤੇ ਇਸ ਦੇ ਭੜਕਾਊ ਏਜੰਟ ਦੇ ਤੌਰ 'ਤੇ ਉਭਰ ਰਹੀ ਹੈ। ਜਦੋਂ ਅਗਸਤ ਵਿਚ ਏ.ਐਸ.ਏ. ਨੇ ਮੌਤ ਦੀ ਸਜ਼ਾ ਬਾਰੇ ਅੰਬੇਡਕਰ ਦੇ ਵਿਚਾਰਾਂ ਦਾ ਹਵਾਲਾ ਦਿੰਦਿਆਂ ਯਾਕੂਬ ਮੈਮਨ ਦੀ ਫਾਂਸੀ ਖ਼ਿਲਾਫ਼ ਵਿਰੋਧ ਪ੍ਰਗਟਾਇਆ ਜਿਸ ਨੂੰ ਮੁੰਬਈ ਦੇ 1993 ਦੇ ਲੜੀਵਾਰ ਬੰਬ ਧਮਾਕਿਆਂ ਲਈ ਦੋਸ਼ੀ ਠਹਿਰਾਇਆ ਗਿਆ ਸੀ ਜੋ ਸ਼ਿਵ ਸੈਨਾ ਦੀ ਅਗਵਾਈ 'ਚ ਮੁਸਲਮਾਨਾਂ ਦੀ ਕਤਲੋਗਾਰਤ ਤੋਂ ਬਾਅਦ ਕੀਤੇ ਗਏ, ਤਾਂ ਏ.ਬੀ.ਵੀ.ਪੀ. ਨੇ ਉਨ੍ਹਾਂ ਉਪਰ 'ਰਾਸ਼ਟਰ ਵਿਰੋਧੀ' ਹੋਣ ਦਾ ਠੱਪਾ ਲਾ ਦਿੱਤਾ। 'ਮੁਜ਼ੱਫ਼ਰਨਗਰ ਬਾਕੀ ਹੈ' ਫ਼ਿਲਮ ਜੋ ਏ.ਐਸ.ਏ. ਨੇ ਕੈਂਪਸ ਵਿਚ ਦਿਖਾਈ, ਨੂੰ ਲੈ ਕੇ ਦੋਵਾਂ ਧੜਿਆਂ ਦਰਮਿਆਨ ਸਿੱਧਾ ਟਕਰਾਅ ਹੋਣ 'ਤੇ ਪੰਜ ਵਿਦਿਆਰਥੀਆਂ, ਸਾਰੇ ਦਲਿਤ ਤੇ ਸਾਰੇ ਏ.ਐਸ.ਏ. ਦੇ ਮੈਂਬਰ, ਨੂੰ ਮੁਅੱਤਲ ਕਰ ਦਿੱਤਾ, ਤੇ ਹੋਸਟਲ ਛੱਡ ਜਾਣ ਲਈ ਕਹਿ ਦਿੱਤਾ ਗਿਆ।

ਇਹ ਪਹਿਲੀ ਪੀੜ੍ਹੀ ਦੇ ਵਿਦਿਆਰਥੀ ਸਨ ਜਿਨ੍ਹਾਂ ਦੇ ਮਾਪਿਆਂ ਨੇ ਪੂਰੀ ਜ਼ਿੰਦਗੀ ਮੁਸ਼ੱਕਤ ਕਰ ਕੇ ਆਪਣੇ ਬੱਚਿਆਂ ਨੂੰ ਤਾਲੀਮ ਦਿਵਾਉਣ ਖ਼ਾਤਰ ਪਾਈ-ਪਾਈ ਜੋੜ ਕੇ ਇਥੋਂ ਤਕ ਪਹੁੰਚਾਇਆ ਸੀ। ਮੱਧਵਰਗੀ ਲੋਕਾਂ ਲਈ ਜਿਨ੍ਹਾਂ ਲਈ ਆਪਣੇ ਬੱਚੇ ਪੜ੍ਹਾਉਣਾ, ਮਿਥਿਆ ਗਿਆ ਕੰਮ ਹੁੰਦਾ ਹੈ, ਇਹ ਤਸੱਵਰ ਕਰਨਾ ਹੀ ਮੁਸ਼ਕਲ ਹੈ ਕਿ ਐਨੀ ਘਾਲਣਾ ਘਾਲ ਕੇ ਪਾਲੀ ਉਮੀਦ ਨੂੰ ਐਨੀ ਪੱਥਰਦਿਲੀ ਨਾਲ ਖ਼ਤਮ ਕਰ ਦੇਣ ਦੇ ਮਾਇਨੇ ਕੀ ਹਨ!

ਪੀਐਚ.ਡੀ. ਸਕਾਲਰ ਰੋਹਿਤ ਵੇਮੂਲਾ ਮੁਅੱਤਲ ਕੀਤੇ ਪੰਜ ਵਿਦਿਆਰਥੀਆਂ ਵਿਚੋਂ ਸੀ। ਉਹ ਇਕੱਲੀ ਰਹਿੰਦੀ ਗ਼ਰੀਬ ਮਾਂ ਦਾ ਬੇਟਾ ਸੀ, ਤੇ ਉਸ ਦੇ ਵਜ਼ੀਫ਼ੇ ਤੋਂ ਬਗ਼ੈਰ ਉਸ ਦੀ ਇਮਦਾਦ ਦਾ ਹੋਰ ਕੋਈ ਸਾਧਨ ਨਹੀਂ ਸੀ। ਮਾਯੂਸ ਹੋ ਕੇ 17 ਜਨਵਰੀ 2006 ਨੂੰ ਉਸ ਨੇ ਫਾਹਾ ਲੈ ਲਿਆ। ਆਪਣੇ ਪਿਛੇ ਉਹ ਐਸਾ ਅਸਾਧਾਰਨ ਤੇ ਟੁੰਬਵਾਂ ਖ਼ੁਦਕੁਸ਼ੀ ਨੋਟ ਛੱਡ ਗਿਆ ਕਿ ਉਸ ਦੇ ਸ਼ਬਦਾਂ ਨੇ ਜਮ੍ਹਾਂ ਹੋਏ ਰੋਹ ਦੇ ਬਾਰੂਦ ਨੂੰ ਚੁਆਤੀ ਲਾ ਦਿਤੀ। ਰੋਹਿਤ ਨੇ ਲਿਖਿਆ:

'ਮੈਂ ਲੇਖਕ ਬਣਨਾ ਚਾਹੁੰਦਾ ਸੀ। ਕਾਰਲ ਸਗਾਨ ਵਾਂਗ ਵਿਗਿਆਨ 'ਤੇ ਲਿਖਣ ਵਾਲਾ ਪਰ ਮੈਂ ਸਿਰਫ਼ ਇਹ ਪੱਤਰ ਲਿਖ ਪਾ ਰਿਹਾ ਹਾਂ। ਮੈਨੂੰ ਵਿਗਿਆਨ ਨਾਲ ਪਿਆਰ ਸੀ, ਤਾਰਿਆਂ ਨਾਲ, ਕੁਦਰਤ ਨਾਲ। ਮੈਂ ਲੋਕਾਂ ਨਾਲ ਪਿਆਰ ਕੀਤਾ, ਪਰ ਇਹ ਨਹੀਂ ਜਾਣ ਸਕਿਆ ਕਿ ਲੋਕ ਕਦੋਂ ਤੋਂ ਕੁਦਰਤ ਨੂੰ ਤਲਾਕ ਦੇ ਚੁੱਕੇ ਹਨ। ਸਾਡੀਆਂ ਭਾਵਨਾਵਾਂ ਦੂਜੇ ਦਰਜੇ ਦੀਆਂ ਹੋ ਗਈਆਂ ਹਨ। ਸਾਡਾ ਪਿਆਰ ਬਨਾਉਟੀ ਹੈ।

ਸਾਡੀਆਂ ਮੰਨਤਾਂ ਝੂਠੀਆਂ ਹਨ। ਸਾਡੀਆਂ ਮੌਲਿਕਤਾਵਾਂ ਜਾਇਜ਼ ਹਨ। ਬੱਸ ਨਕਲੀ ਕਲਾ ਦੇ ਜ਼ਰੀਏ ਇਹ ਬੇਹੱਦ ਮੁਸ਼ਕਲ ਹੋ ਗਿਆ ਹੈ ਕਿ ਅਸੀਂ ਪਿਆਰ ਕਰੀਏ ਤੇ ਦੁਖੀ ਨਾ ਹੋਈਏ। ਆਦਮੀ ਦੀ ਕੀਮਤ ਉਸ ਦੀ ਤਤਕਾਲੀ ਪਛਾਣ ਤੇ ਨਜ਼ਦੀਕੀ ਸੰਭਾਵਨਾ ਤਕ ਸੀਮਤ ਕਰ ਦਿੱਤੀ ਗਈ ਹੈ। ਵੋਟ ਤਕ, ਆਦਮੀ ਅੰਕੜਾ ਬਣ ਕੇ ਰਹਿ ਗਿਆ ਹੈ। ਸਿਰਫ਼ ਤੇ ਸਿਰਫ਼ ਵਸਤੂ, ਬੰਦੇ ਨੂੰ ਮਾਪਣ ਦਾ ਪੈਮਾਨਾ ਦਿਮਾਗ਼ ਨਹੀਂ ਬਲਕਿ ਅਜਿਹੀ ਚੀਜ਼ ਜਿਹੜੀ ਸਟਾਰਡਸਟ ਤੋਂ ਬਣੀ ਸੀ। ਮੈਂ ਪਹਿਲੀ ਵਾਰ ਇਸ ਤਰ੍ਹਾਂ ਦਾ ਪੱਤਰ ਲਿਖ ਰਿਹਾ ਹਾਂ। ਪਹਿਲੀ ਵਾਰ ਆਖ਼ਰੀ ਪੱਤਰ ਲਿਖ ਰਿਹਾ ਹਾਂ। ਮੈਨੂੰ ਮੁਆਫ਼ ਕਰਨਾ ਜੇ ਇਸ ਦਾ ਕੋਈ ਮਤਲਬ ਨਾ ਨਿਕਲੇ ਤਾਂ। ਹੋ ਸਕਦਾ ਹੈ ਕਿ ਮੈਂ ਗ਼ਲਤ ਹੋਵਾਂ ਹੁਣ ਤੱਕ ਦੁਨੀਆ ਨੂੰ ਸਮਝਣ ਵਿਚ, ਪ੍ਰੇਮ, ਦਰਦ, ਜੀਵਨ ਤੇ ਮੌਤ ਨੂੰ ਸਮਝਣ ਵਿਚ। ...ਮੇਰਾ ਜਨਮ ਭਿਆਨਕ ਦੁਰਘਟਨਾ ਸੀ। ਮੈਂ ਆਪਣੇ ਬਚਪਨ ਦੇ ਇਕੱਲੇਪਣ ਤੋਂ ਕਦੇ ਉਭਰ ਨਹੀਂ ਸਕਿਆ, ਬਚਪਨ ਵਿਚ ਮੈਨੂੰ ਕਿਸੇ ਦਾ ਪਿਆਰ ਨਹੀਂ ਮਿਲਿਆ।'




***ਅਸੀਂ ਐਸੀ ਸੰਸਕ੍ਰਿਤੀ ਵਿਚ ਰਹਿ ਰਹੇ ਹਾਂ ਜਿਸ ਨੇ ਰੋਹਿਤ ਵੇਮੂਲਾ ਵਰਗੇ ਬੰਦੇ ਨੂੰ ਪਰ੍ਹਾਂ ਧੱਕ ਦਿੱਤਾ ਅਤੇ ਅਛੂਤ ਵਾਂਗ ਸਲੂਕ ਕੀਤਾ। ਸੰਸਕ੍ਰਿਤੀ ਜਿਸ ਨੇ ਉਸ ਦੀ ਜ਼ਿੰਦਗੀ ਦਾ ਚਿਰਾ.ਗ ਬੁਝਾ ਦਿੱਤਾ ਅਤੇ ਉਸ ਦਾ ਮਨ ਇਸ ਤਰ੍ਹਾਂ ਦਾ ਬਣਾ ਦਿੱਤਾ ਕਿ ਉਸ ਨੇ ਇਸ ਨੂੰ ਖ਼ੁਦ ਹੀ ਬੁਝਾ ਲਿਆ। ਰੋਹਿਤ ਦਲਿਤ ਸੀ, ਅੰਬੇਡਕਰਵਾਦੀ, ਮਾਰਕਸਵਾਦੀ (ਜਿਸ ਦਾ ਹਿੰਦੁਸਤਾਨ ਦੀ ਖੱਬੀ ਧਿਰ ਤੋਂ ਮੋਹ-ਭੰਗ ਹੋ ਚੁੱਕਾ ਸੀ), ਸਾਇੰਸ ਦਾ ਵਿਦਿਆਰਥੀ, ਅਭਿਲਾਸ਼ੀ ਲੇਖਕ ਅਤੇ ਤਜਰਬੇਕਾਰ ਸਿਆਸੀ ਕਾਰਕੁਨ ਸੀ; ਪਰ ਇਨ੍ਹਾਂ ਕੁਲ ਪਛਾਣਾਂ ਤੋਂ ਪਾਰ, ਉਹ ਸਾਡੇ ਸਾਰਿਆਂ ਵਾਂਗ ਨਿਆਰੇ ਦੁੱਖਾਂ-ਸੁੱਖਾਂ ਵਾਲਾ ਨਿਆਰਾ ਮਨੁੱਖ ਸੀ। ਅਸੀਂ ਕਦੇ ਵੀ ਜਾਣ ਨਹੀਂ ਸਕਾਂਗੇ ਕਿ ਉਸ ਨੂੰ ਅੰਦਰੋ-ਅੰਦਰ ਖਾ ਜਾਣ ਵਾਲਾ ਆਖ਼ਰੀ .ਗਮ ਕੀ ਸੀ ਜਿਸ ਤੋਂ ਦੁਖੀ ਹੋ ਕੇ ਉਸ ਨੇ ਆਪਣੀ ਜਾਨ ਲੈ ਲਈ।***

ਜ਼ਰਾ ਕਲਪਨਾ ਕਰੋ! ਅਸੀਂ ਐਸੀ ਸੰਸਕ੍ਰਿਤੀ ਵਿਚ ਰਹਿ ਰਹੇ ਹਾਂ ਜਿਸ ਨੇ ਰੋਹਿਤ ਵੇਮੂਲਾ ਵਰਗੇ ਬੰਦੇ ਨੂੰ ਪਰ੍ਹਾਂ ਧੱਕ ਦਿੱਤਾ ਅਤੇ ਅਛੂਤ ਵਾਂਗ ਸਲੂਕ ਕੀਤਾ। ਸੰਸਕ੍ਰਿਤੀ ਜਿਸ ਨੇ ਉਸ ਦੀ ਜ਼ਿੰਦਗੀ ਦਾ ਚਿਰਾਗ਼ ਬੁਝਾ ਦਿੱਤਾ ਅਤੇ ਉਸ ਦਾ ਮਨ ਇਸ ਤਰ੍ਹਾਂ ਦਾ ਬਣਾ ਦਿੱਤਾ ਕਿ ਉਸ ਨੇ ਇਸ ਨੂੰ ਖ਼ੁਦ ਹੀ ਬੁਝਾ ਲਿਆ। ਰੋਹਿਤ ਦਲਿਤ ਸੀ, ਅੰਬੇਡਕਰਵਾਦੀ, ਮਾਰਕਸਵਾਦੀ (ਜਿਸ ਦਾ ਹਿੰਦੁਸਤਾਨ ਦੀ ਖੱਬੀ ਧਿਰ ਤੋਂ ਮੋਹ-ਭੰਗ ਹੋ ਚੁੱਕਾ ਸੀ), ਸਾਇੰਸ ਦਾ ਵਿਦਿਆਰਥੀ, ਅਭਿਲਾਸ਼ੀ ਲੇਖਕ ਅਤੇ ਤਜਰਬੇਕਾਰ ਸਿਆਸੀ ਕਾਰਕੁਨ ਸੀ; ਪਰ ਇਨ੍ਹਾਂ ਕੁਲ ਪਛਾਣਾਂ ਤੋਂ ਪਾਰ, ਉਹ ਸਾਡੇ ਸਾਰਿਆਂ ਵਾਂਗ ਨਿਆਰੇ ਦੁੱਖਾਂ-ਸੁੱਖਾਂ ਵਾਲਾ ਨਿਆਰਾ ਮਨੁੱਖ ਸੀ। ਅਸੀਂ ਕਦੇ ਵੀ ਜਾਣ ਨਹੀਂ ਸਕਾਂਗੇ ਕਿ ਉਸ ਨੂੰ ਅੰਦਰੋ-ਅੰਦਰ ਖਾ ਜਾਣ ਵਾਲਾ ਆਖ਼ਰੀ ਗ਼ਮ ਕੀ ਸੀ ਜਿਸ ਤੋਂ ਦੁਖੀ ਹੋ ਕੇ ਉਸ ਨੇ ਆਪਣੀ ਜਾਨ ਲੈ ਲਈ।

ਰੋਹਿਤ ਉਨ੍ਹਾਂ ਬਹੁਤ ਸਾਰੇ ਵਿਦਿਆਰਥੀਆਂ ਵਿਚੋਂ ਤਾਜ਼ਾ ਮਿਸਾਲ ਸੀ ਜੋ ਹਰ ਸਾਲ ਆਪਣੀਆਂ ਜਾਨਾਂ ਲੈਂਦੇ ਹਨ। ਉਸ ਦੀ ਕਥਾ ਪੂਰੇ ਮੁਲਕ ਦੀਆਂ ਯੂਨੀਵਰਸਿਟੀਆਂ ਦੇ ਹਜ਼ਾਰਾਂ ਦਲਿਤਾਂ ਨੂੰ ਆਪਣੀ ਕਹਾਣੀ ਲੱਗੀ; ਜੋ ਜਾਤਪਾਤੀ ਪ੍ਰਬੰਧ ਦੇ ਮਧਯੁਗੀ ਖ਼ੌਫ਼ ਤੇ ਉਸ ਭੇਦਭਾਵ, ਵਿਤਕਰੇ ਤੇ ਅਨਿਆਂ ਕਾਰਨ ਸਦਮੇ ਵਿਚ ਸਨ; ਜੋ ਅਤਿ ਆਧੁਨਿਕ ਯੂਨੀਵਰਸਿਟੀ ਕੈਂਪਸਾਂ, ਹਿੰਦੁਸਤਾਨ ਦੇ ਮੁੱਖ ਮੈਡੀਕਲ ਤੇ ਇੰਜਨੀਅਰਿੰਗ ਕਾਲਜਾਂ, ਉਥੋਂ ਦੇ ਹੋਸਟਲਾਂ, ਕੈਨਟੀਨਾਂ ਅਤੇ ਲੈਕਚਰ ਰੂਮਾਂ ਵਿਚ ਉਨ੍ਹਾਂ ਦਾ ਪਿੱਛਾ ਕਰਦਾ ਹੈ (ਤਕਰੀਬਨ ਅੱਧੇ ਦਲਿਤ ਵਿਦਿਆਰਥੀ ਮੈਟਰਿਕ ਤੋਂ ਪਹਿਲਾਂ ਹੀ ਸਕੂਲ ਛੱਡ ਜਾਂਦੇ ਹਨ। ਦਲਿਤ ਵਸੋਂ ਦਾ ਸਿਰਫ਼ 3 ਫ਼ੀਸਦੀ ਤੋਂ ਥੱਲੇ ਗਰੈਜੂਏਟ ਹੈ)। ਉਨ੍ਹਾਂ ਨੇ ਰੋਹਿਤ ਵੇਮੂਲਾ ਦੀ ਖ਼ੁਦਕੁਸ਼ੀ ਨੂੰ ਸੰਸਥਾਗਤ ਕਤਲ ਵਜੋਂ ਲਿਆ। ਉਸ ਦੀ ਖ਼ੁਦਕੁਸ਼ੀ... ਨਹੀਂ, ਸਗੋਂ ਇਹ ਕਹਿਣਾ ਚਾਹੀਦਾ ਹੈ ਕਿ ਉਸ ਦੀ ਵਾਰਤਕ ਦੀ ਤਾਕਤ ਨੇ ਆਪਣੇ ਰਾਹਾਂ 'ਤੇ ਤੁਰ ਰਹੇ ਲੋਕਾਂ ਨੂੰ ਖੜ੍ਹ ਕੇ, ਉਸ ਜਾਤੀ ਵਿਵਸਥਾ ਬਾਰੇ ਸੋਚਣ ਤੇ ਰੋਹ ਵਿਚ ਆਉਣ ਲਈ ਮਜਬੂਰ ਕਰ ਦਿੱਤਾ ਜੋ ਆਧੁਨਿਕ ਹਿੰਦੁਸਤਾਨੀ ਸਮਾਜ ਨੂੰ ਚਲਾਉਂਦੀ ਹੈ।

ਰੋਹਿਤ ਵੇਮੂਲਾ ਦੀ ਖ਼ੁਦਕੁਸ਼ੀ ਨੂੰ ਲੈ ਕੇ ਰੋਹ ਏਨਾ ਹਾਸ਼ੀਆਗ੍ਰਸਤ ਹੋ ਚੁੱਕੀ, ਰੈਡੀਕਲ ਸਿਆਸੀ ਦ੍ਰਿਸ਼ਟੀ ਲਈ ਬਾਗ਼ੀ ਹੋਣ ਦਾ ਪਲ ਸੀ, ਤੇ ਹੈ। ਅੰਬੇਡਕਰਵਾਦੀ, ਅੰਬੇਡਕਰਵਾਦੀ-ਮਾਰਕਸਵਾਦੀ ਅਤੇ ਖੱਬੀਆਂ ਪਾਰਟੀਆਂ ਤੇ ਸਮਾਜੀ ਲਹਿਰਾਂ ਦਾ ਗੱਠਜੋੜ ਮਿਲ ਕੇ ਮਾਰਚ ਕਰਦੇ ਦਿਸੇ। ਭਾਜਪਾ ਨੇ ਇਸ ਤੱਥ ਤੋਂ ਖ਼ਬਰਦਾਰ ਹੋ ਕੇ, ਕਿ ਜੇ ਇਸ ਜੁੱਟ ਨੂੰ ਪੱਕੇ ਪੈਰੀਂ ਹੋਣ ਦਿੱਤਾ ਗਿਆ ਤਾਂ ਇਹ ਗੰਭੀਰ ਖ਼ਤਰਾ ਬਣ ਸਕਦਾ ਸੀ, ਇਸ ਨੂੰ ਠੁੱਸ ਕਰਨ ਦੀ ਚਾਲ ਚੱਲੀ। ਇਸ ਦਾ ਕਹਿਰਵਾਨ ਹੁੰਗਾਰਾ, ਕਿ ਰੋਹਿਤ ਵੇਮੂਲਾ ਦਲਿਤ ਨਹੀਂ ਸੀ, ਪੁੱਠਾ ਪੈ ਗਿਆ, ਅਤੇ ਇਸ ਨੇ ਪਾਰਟੀ ਨੂੰ ਖਲਬਲੀ ਵਰਗੀ ਹਾਲਤ ਵਿਚ ਧੱਕ ਦਿੱਤਾ।

ਧਿਆਨ ਭਟਕਾਉਣਾ ਜ਼ਰੂਰੀ ਸੀ। ਇਕ ਹੋਰ ਸੰਕਟ ਸ਼ਿੱਦਤ ਨਾਲ ਦਰਕਾਰ ਸੀ। ਸ਼ਿਸ਼ਤ ਬੰਨ੍ਹ ਲਈ ਗਈ। ਨਿਸ਼ਾਨੇ ਪਹਿਲਾਂ ਹੀ ਟਿੱਕੇ ਹੋਏ ਸਨ।

ਜਵਾਹਰਲਾਲ ਨਹਿਰੂ ਯੂਨੀਵਰਸਿਟੀ ਜੋ ਚਿਰਾਂ ਤੋਂ 'ਖੱਬੀ ਧਿਰ ਦੇ ਗੜ੍ਹ' ਵਜੋਂ ਜਾਣੀ ਜਾਂਦੀ ਸੀ, ਆਰ.ਐਸ.ਐਸ. ਦੇ ਹਫ਼ਤਾਵਾਰ ਰਸਾਲੇ 'ਪਾਂਚਜੰਨਿਆ' ਦੇ ਨਵੰਬਰ 2015 ਅੰਕ ਦੇ ਮੁੱਖ ਸਫ਼ੇ ਉਪਰ ਕੇਂਦਰਤ ਕੀਤੀ ਕਹਾਣੀ ਸੀ। ਇਸ ਨੇ ਜੇ.ਐਨ.ਯੂ. ਨੂੰ ਨਕਸਲੀਆਂ ਦਾ ਅੱਡਾ ਦੱਸਿਆ, 'ਵੱਡਾ ਰਾਸ਼ਟਰ ਵਿਰੋਧੀ ਗੁੱਟ ਜਿਸ ਦਾ ਉਦੇਸ਼ ਹਿੰਦੁਸਤਾਨ ਨੂੰ ਟੁਕੜੇ-ਟੁਕੜੇ ਕਰਨਾ ਹੈ।'

***(ਬਾਕੀ ਅਗਲੇ ਸਫੇ 'ਤੇ)***

ਨਕਸਲੀ, ਸੰਘ ਪਰਿਵਾਰ ਲਈ ਚਿਰੋਕਣਾ ਮਸਲਾ ਬਣੇ ਹੋਏ ਸਨ, ਇਸ ਦੇ ਲਿਖਤੀ ਮਤ ਵਿਚ ਦੁਸ਼ਮਣ ਨੰਬਰ ਤਿੰਨ; ਪਰ ਹੁਣ ਇਹ ਜ਼ਾਹਿਰ ਸੀ, ਇਸ ਨੂੰ ਇਕ ਹੋਰ, ਵਧੇਰੇ ਪ੍ਰੇਸ਼ਾਨ ਕਰਨ ਵਾਲਾ ਕਾਰਨ ਵੀ ਸੀ।

ਪਿਛਲੇ ਕੁਝ ਸਾਲਾਂ ਤੋਂ ਜੇ.ਐਨ.ਯੂ. ਦੀ ਵਿਦਿਆਰਥੀ ਬਣਤਰ ਹੈਰਾਨੀਜਨਕ ਤੌਰ 'ਤੇ ਬਦਲ ਗਈ ਹੈ। ਸਹੂਲਤ ਵਿਹੂਣੇ ਪਿਛੋਕੜ ਵਾਲੇ ਵਿਦਿਆਰਥੀ- ਦਲਿਤ, ਆਦਿਵਾਸੀ ਤੇ ਬਹੁਤ ਸਾਰੀਆਂ ਜਾਤਾਂ ਤੇ ਉਪ-ਜਾਤਾਂ ਜੋ ਹੋਰ ਪਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਵਜੋਂ ਜਾਣੀ ਜਾਂਦੀ ਮੋਕਲੀ ਸ਼੍ਰੇਣੀ ਵਿਚ ਆਉਂਦੀਆਂ ਹਨ, ਨਿੱਕੀ ਜਿਹੀ ਘੱਟਗਿਣਤੀ ਤੋਂ ਹੁਣ ਵਿਦਿਆਰਥੀ ਸੰਸਥਾ ਦਾ ਤਕਰੀਬਨ ਅੱਧ ਬਣ ਗਏ ਹਨ। ਇਸ ਨੇ ਕੈਂਪਸ ਦੀ ਸਿਆਸਤ ਨੂੰ ਤਿੱਖੇ ਰੂਪ 'ਚ ਬਦਲ ਦਿੱਤਾ ਹੈ। ਜੇ.ਐਨ.ਯੂ. ਕੈਂਪਸ ਉਪਰ ਖੱਬੀ ਧਿਰ ਦੀ ਮੌਜੂਦਗੀ ਤੋਂ ਵੀ ਵਧੇਰੇ ਸੰਘ ਪਰਿਵਾਰ ਲਈ ਜੋ ਪ੍ਰੇਸ਼ਾਨੀ ਦਾ ਕਾਰਨ ਹੈ, ਉਹ ਹੈ ਵਿਦਿਆਰਥੀਆਂ ਦੇ ਇਸ ਹਿੱਸੇ ਦੀਆਂ ਉਭਰ ਰਹੀਆਂ ਆਵਾਜ਼ਾਂ। ਇਹ ਜ਼ਿਆਦਾਤਰ ਅੰਬੇਡਕਰ, ਆਦਿਵਾਸੀ ਨਾਇਕ ਬਿਰਸਾ ਮੁੰਡਾ ਜਿਸ ਨੇ ਅੰਗਰੇਜ਼ਾਂ ਨਾਲ ਟੱਕਰ ਲਈ ਤੇ 1900 ਵਿਚ ਜੇਲ੍ਹ ਵਿਚ ਉਸ ਦੀ ਮੌਤ ਹੋ ਗਈ ਸੀ, ਤੇ ਰੈਡੀਕਲ ਚਿੰਤਕ ਤੇ ਸੁਧਾਰਕ ਜੋਤੀਰਾਓ ਫੂਲੇ ਦੇ ਪੈਰੋਕਾਰ ਹਨ। ਫੂਲੇ ਨੇ ਹਿੰਦੂਵਾਦ ਨੂੰ ਤਿਆਗ ਦਿੱਤਾ, ਆਪਣੀ ਮਸ਼ਹੂਰ ਕਿਤਾਬ 'ਗੁਲਾਮਗਿਰੀ' ਵਿਚ ਇਸ ਦਾ ਖੰਡਨ ਕੀਤਾ ਜੋ 1873 'ਚ ਛਪੀ। ਆਪਣੀਆਂ ਜ਼ਿਆਦਾਤਰ ਲਿਖਤਾਂ ਅਤੇ ਕਵਿਤਾ ਵਿਚ, ਫੂਲੇ ਹਿੰਦੂ ਮਿੱਥਾਂ ਦੀ ਢਾਹ-ਭੰਨ ਕਰ ਕੇ ਇਹ ਦਿਖਾਉਣ ਲਈ ਵਿਆਖਿਆ ਕਰਦਾ ਹੈ ਕਿ ਕਿਵੇਂ ਇਹ ਸੱਚੀ ਹੀ ਅਜਿਹੀਆਂ ਕਹਾਣੀਆਂ ਹਨ ਜਿਨ੍ਹਾਂ ਦਾ ਆਧਾਰ ਇਤਿਹਾਸ ਵਿਚ ਹੈ, ਤੇ ਕਿਵੇਂ ਇਹ ਮੂਲ, ਦ੍ਰਾਵਿੜ ਸੰਸਕ੍ਰਿਤੀ ਉਪਰ ਆਰੀਅਨ ਜਿੱਤ ਦੀ ਸੋਚ ਦੀ ਮਹਿਮਾ ਗਾਉਂਦੀਆਂ ਹਨ। ਫੂਲੇ ਲਿਖਦੇ ਹਨ- ਕਿਵੇਂ ਦ੍ਰਾਵਿੜਾਂ ਨੂੰ ਦੈਂਤ ਬਣਾ ਕੇ ਪੇਸ਼ ਕੀਤਾ ਗਿਆ ਤੇ ਅਸੁਰਾਂ ਵਿਚ ਬਦਲ ਦਿੱਤਾ ਗਿਆ, ਜਦਕਿ ਜੇਤੂ ਆਰੀਅਨਾਂ ਦੀ ਮਹਿਮਾ ਗਾਈ ਗਈ ਤੇ ਉਨ੍ਹਾਂ ਨੂੰ ਦੇਵਤੇ ਬਣਾ ਦਿੱਤਾ ਗਿਆ। ਹਕੀਕਤ ਵਿਚ, ਉਹ ਹਿੰਦੂਵਾਦ ਨੂੰ ਬਸਤੀਆਨਾ ਬਿਰਤਾਂਤ ਦੇ ਤੌਰ 'ਤੇ ਘੜਦਾ ਹੈ।

2012 ਵਿਚ ਜੇ.ਐਨ.ਯੂ. ਵਿਚ ਦਲਿਤ ਅਤੇ ਓ.ਬੀ.ਸੀ. ਜਥੇਬੰਦੀ ਨੇ ਉਹ ਦਿਹਾੜਾ ਮਨਾਉਣਾ ਸ਼ੁਰੂ ਕੀਤਾ ਜਿਸ ਨੂੰ ਇਹ ਮਹਿਖਾਸੁਰ ਸ਼ਹਾਦਤ ਦਿਹਾੜਾ ਕਹਿੰਦੀ ਹੈ। ਹਿੰਦੂਆਂ ਦਾ ਵਿਸ਼ਵਾਸ ਹੈ ਕਿ ਮਹਿਖਾਸੁਰ ਦਾ ਕਲਪਿਤ ਅੱਧਾ ਮਾਨਵੀ, ਅੱਧਾ ਦਾਨਵੀ ਵਜੂਦ ਹੈ ਤੇ ਉਸ ਨੂੰ ਦੇਵੀ ਦੁਰਗਾ ਨੇ ਲੜਾਈ ਵਿਚ ਚਿੱਤ ਕੀਤਾ, ਇਸ ਜਿੱਤ ਦੇ ਹਰ ਸਾਲ ਦੁਰਗਾ ਪੂਜਾ ਦੌਰਾਨ ਜਸ਼ਨ ਮਨਾਏ ਜਾਂਦੇ ਹਨ। ਇਨ੍ਹਾਂ ਨੌਜਵਾਨ ਬੁੱਧੀਜੀਵੀਆਂ ਨੇ ਕਿਹਾ ਕਿ ਦਰਅਸਲ ਮਹਿਖਾਸੁਰ ਦ੍ਰਾਵਿੜ ਰਾਜਾ ਸੀ ਜੋ ਪੱਛਮੀ ਬੰਗਾਲ ਤੇ ਝਾਰਖੰਡ ਦੇ ਅਸੁਰ, ਸੰਥਾਲ, ਗੋਂਡ ਤੇ ਭੀਲ, ਤੇ ਹੋਰ ਕਬੀਲਿਆਂ ਨੂੰ ਬਹੁਤ ਪਿਆਰਾ ਸੀ। ਵਿਦਿਆਰਥੀਆਂ ਨੇ ਐਲਾਨ ਕੀਤਾ ਕਿ ਜਿਸ ਦਿਨ ਮਹਿਖਾਸੁਰ ਨੂੰ ਸ਼ਹੀਦ ਕੀਤਾ ਗਿਆ, ਉਹ ਉਸ ਦਿਨ ਜਸ਼ਨ ਨਹੀਂ, ਸਗੋਂ ਸੋਗ ਮਨਾਉਣਗੇ। ਇਕ ਹੋਰ ਟੋਲਾ ਜੋ 'ਨਵ-ਪਦਾਰਥਵਾਦੀ' ਕਹਾਉਂਦਾ ਸੀ, ਨੇ ਮਹਿਖਾਸੁਰ ਸ਼ਹਾਦਤ ਦਿਹਾੜੇ ਉਪਰ 'ਖੁੱਲ੍ਹੇ ਲੰਗਰ ਦਾ ਤਿਓਹਾਰ' ਮਨਾਉਣਾ ਸ਼ੁਰੂ ਕਰ ਦਿਤਾ ਜਿਸ ਉਪਰ ਇਹ ਕਹਿ ਕੇ ਗਊ ਤੇ ਸੂਰ ਦਾ ਮਾਸ ਵਰਤਾਇਆ ਜਾਂਦਾ ਕਿ ਇਹ ਹਿੰਦੁਸਤਾਨ ਦੀਆਂ ਦੱਬੀਆਂ-ਕੁਚਲੀਆਂ ਜਾਤਾਂ ਤੇ ਕਬੀਲਿਆਂ ਦੇ ਰਵਾਇਤੀ ਭੋਜਨ ਹਨ।

ਓ.ਬੀ.ਸੀ. ਹਿੰਦੁਸਤਾਨ ਦੀ ਵਸੋਂ ਦੀ ਬਹੁਗਿਣਤੀ ਹਨ, ਤੇ ਹਰ ਵੱਡੀ ਸਿਆਸੀ ਪਾਰਟੀ ਲਈ ਬਹੁਤ ਅਹਿਮ ਹਨ। ਇਸੇ ਵਜ੍ਹਾ ਨਾਲ ਆਪਣੀ 2014 ਦੀ ਚੋਣ ਮੁਹਿੰਮ ਵਿਚ ਮੋਦੀ ਨੇ ਆਪਣੀ ਲੀਹ ਤੋਂ ਹਟ ਕੇ ਇਹ ਤੱਥ ਸਾਹਮਣੇ ਲਿਆਂਦਾ ਸੀ ਕਿ ਉਹ ਓ.ਬੀ.ਸੀ. ਹੈ (ਜ਼ਿਆਦਾਤਰ ਲੋਕ 'ਮੋਦੀ' ਨੂੰ ਬਾਣੀਆ ਉਪਨਾਮ ਸਮਝਦੇ ਹਨ)। ਭਾਰੂ ਜਾਤਾਂ ਰਵਾਇਤੀ ਤੌਰ 'ਤੇ ਓ.ਬੀ.ਸੀ. ਨੂੰ ਪਾੜਾ ਬਣਾਈ ਰੱਖਣ ਲਈ ਦਲਿਤਾਂ ਵਿਰੁਧ ਆਪਣੇ ਪਿਠੂਆਂ ਵਜੋਂ ਇਸਤੇਮਾਲ ਕਰਦੀਆਂ ਆ ਰਹੀਆਂ ਹਨ (ਜਿਵੇਂ ਦਲਿਤਾਂ ਨੂੰ ਮੁਸਲਮਾਨਾਂ ਉਪਰ ਹਮਲੇ ਕਰਨ ਲਈ, ਤੇ ਆਦਿਵਾਸੀਆਂ ਨੂੰ ਦਲਿਤਾਂ ਵਿਰੁਧ ਭਾੜੇ ਦੇ ਟੱਟੂਆਂ ਵਜੋਂ ਇਸਤੇਮਾਲ ਕੀਤਾ ਗਿਆ ਹੈ, ਜਿਵੇਂ 2008 'ਚ ਉਨ੍ਹਾਂ ਨੂੰ ਕੰਧਮਾਲ ਵਿਚ ਇਸਤੇਮਾਲ ਕੀਤਾ ਗਿਆ)। ਓ.ਬੀ.ਸੀ. ਦੇ ਇਕ ਹਿੱਸੇ ਦੇ ਹਿੰਦੂਵਾਦ ਨਾਲੋਂ ਤੋੜ-ਵਿਛੋੜਾ ਕਰਨ ਦੇ ਇਨ੍ਹਾਂ ਚਿੰਨ੍ਹਾਂ ਨਾਲ ਆਰ.ਐਸ.ਐਸ. ਦੀ ਬੇਹੱਦ ਚੌਕਸ ਪ੍ਰਣਾਲੀ ਹਰਕਤ ਵਿਚ ਆ ਗਈ।

ਇਸ ਦੇ ਨਾਲ ਹੀ ਕੁਝ ਨੌਜਵਾਨ ਕਮਿਊਨਿਸਟਾਂ (ਲਗਦਾ ਹੈ ਜਿਨ੍ਹਾਂ ਨੇ ਹਿੰਦੁਸਤਾਨ ਦੀਆਂ ਵੱਡੀਆਂ ਕਮਿਊਨਿਸਟ ਪਾਰਟੀਆਂ ਦੀਆਂ ਗ਼ਲਤੀਆਂ ਨੂੰ ਸਮਝਣਾ ਸ਼ੁਰੂ ਕਰ ਦਿੱਤਾ ਹੈ) ਤੇ ਬਿਰਸਾ ਮੁੰਡਾ, ਅੰਬੇਡਕਰ ਅਤੇ ਫੂਲੇ ਦੇ ਪੈਰੋਕਾਰਾਂ ਦਰਮਿਆਨ ਆਰਜ਼ੀ ਗੱਲਬਾਤ ਸ਼ੁਰੂ ਹੋ ਗਈ। ਇਨ੍ਹਾਂ ਗਰੁੱਪਾਂ ਦਾ ਟੇਢਾ ਇਤਿਹਾਸ ਹੈ। ਜਦੋਂ ਤਕ ਇਹ ਹਰ ਢਿੱਲਾ ਹਿੱਸਾ ਇਕ ਦੂਜੇ ਦਾ ਵਿਰੋਧੀ ਬਣਿਆ ਹੋਇਆ ਸੀ, ਉਹ ਸੰਘ ਪਰਿਵਾਰ ਲਈ ਹਕੀਕੀ ਖ਼ਤਰਾ ਨਹੀਂ ਸਨ।

*ਪਿਛਲੇ ਕੁਝ ਸਾਲਾਂ ਤੋਂ ਜੇ.ਐਨ.ਯੂ. ਦੀ ਵਿਦਿਆਰਥੀ ਬਣਤਰ ਹੈਰਾਨੀਜਨਕ ਤੌਰ 'ਤੇ ਬਦਲ ਗਈ ਹੈ। ਸਹੂਲਤ ਵਿਹੂਣੇ ਪਿਛੋਕੜ ਵਾਲੇ ਵਿਦਿਆਰਥੀ- ਦਲਿਤ, ਆਦਿਵਾਸੀ ਤੇ ਬਹੁਤ ਸਾਰੀਆਂ ਜਾਤਾਂ ਤੇ ਉਪ-ਜਾਤਾਂ ਜੋ ਹੋਰ ਪਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਵਜੋਂ ਜਾਣੀ ਜਾਂਦੀ ਮੋਕਲੀ ਸ਼੍ਰੇਣੀ ਵਿਚ ਆਉਂਦੀਆਂ ਹਨ, ਨਿੱਕੀ ਜਿਹੀ ਘੱਟਗਿਣਤੀ ਤੋਂ ਹੁਣ ਵਿਦਿਆਰਥੀ ਸੰਸਥਾ ਦਾ ਤਕਰੀਬਨ ਅੱਧ ਬਣ ਗਏ ਹਨ। ਇਸ ਨੇ ਕੈਂਪਸ ਦੀ ਸਿਆਸਤ ਨੂੰ ਤਿੱਖੇ ਰੂਪ 'ਚ ਬਦਲ ਦਿੱਤਾ ਹੈ। ਜੇ.ਐਨ.ਯੂ. ਕੈਂਪਸ ਉਪਰ ਖੱਬੀ ਧਿਰ ਦੀ ਮੌਜੂਦਗੀ ਤੋਂ ਵੀ ਵਧੇਰੇ ਸੰਘ ਪਰਿਵਾਰ ਲਈ ਜੋ ਪ੍ਰੇਸ਼ਾਨੀ ਦਾ ਕਾਰਨ ਹੈ, ਉਹ ਹੈ ਵਿਦਿਆਰਥੀਆਂ ਦੇ ਇਸ ਹਿੱਸੇ ਦੀਆਂ ਉਭਰ ਰਹੀਆਂ ਆਵਾਜ਼ਾਂ। ਇਹ ਜ਼ਿਆਦਾਤਰ ਅੰਬੇਡਕਰ, ਆਦਿਵਾਸੀ ਨਾਇਕ ਬਿਰਸਾ ਮੁੰਡਾ ਜਿਸ ਨੇ ਅੰਗਰੇਜ਼ਾਂ ਨਾਲ ਟੱਕਰ ਲਈ ਤੇ 1900 ਵਿਚ ਜੇਲ੍ਹ ਵਿਚ ਉਸ ਦੀ ਮੌਤ ਹੋ ਗਈ ਸੀ, ਤੇ ਰੈਡੀਕਲ ਚਿੰਤਕ ਤੇ ਸੁਧਾਰਕ ਜੋਤੀਰਾਓ ਫੂਲੇ ਦੇ ਪੈਰੋਕਾਰ ਹਨ। ਫੂਲੇ ਨੇ ਹਿੰਦੂਵਾਦ ਨੂੰ ਤਿਆਗ ਦਿੱਤਾ, ਆਪਣੀ ਮਸ਼ਹੂਰ ਕਿਤਾਬ 'ਗੁਲਾਮਗਿਰੀ' ਵਿਚ ਇਸ ਦਾ ਖੰਡਨ ਕੀਤਾ ਜੋ 1873 'ਚ ਛਪੀ।*

ਆਰ.ਐਸ.ਐਸ. ਨੇ ਬੁਝ ਲਿਆ ਕਿ ਜੋ ਕੁਝ ਜੇ.ਐਨ.ਯੂ. ਵਿਚ ਹੋ ਰਿਹਾ, ਜੇ ਇਸ ਨੂੰ ਰੋਕਿਆ ਨਾ ਗਿਆ, ਇਕ ਦਿਨ ਇਹ ਹਿੰਦੂਤਵ ਦੇ ਬੁਨਿਆਦੀ ਅਸੂਲਾਂ ਅਤੇ ਸਿਆਸਤ ਲਈ ਬੌਧਿਕ ਤੇ ਹੋਂਦ ਲਈ ਖ਼ਤਰਾ ਬਣ ਸਕਦਾ ਸੀ। ਕਿਉਂ? ਕਿਉਂਕਿ ਅਜਿਹਾ ਇਤਿਹਾਦ ਮੋੜਵੀਂ ਲਾਮਬੰਦੀ ਦੀ, ਹਿੰਦੂਤਵ ਪ੍ਰੋਜੈਕਟ ਦੀ ਇਕ ਤਰ੍ਹਾਂ ਦੀ ਉਲਟੀ ਇੰਜਨੀਅਰਿੰਗ ਦੀ ਸੰਭਾਵਨਾ ਪੇਸ਼ ਕਰਦਾ ਹੈ। ਇਹ ਜਾਤਾਂ ਦਾ ਵੱਖਰਾ ਤਸੱਵਰ ਕਰਦਾ ਹੈ ਜੋ ਉਪਰੋਂ ਜਥੇਬੰਦ ਕੀਤਾ ਅਤੇ ਉਪਰੋਂ ਸੰਚਾਲਤ ਕੀਤੇ ਜਾਣ ਦੀ ਥਾਂ ਹੇਠੋਂ ਉਸਰਦਾ ਹੈ- ਬ੍ਰਾਹਮਣਵਾਦ ਦੀ ਥਾਂ ਦਲਿਤ-ਬਹੁਜਨਵਾਦ। ਤਾਕਤਵਰ, ਸਮਕਾਲੀ ਅਤੇ ਫਿਰ ਵੀ ਹਿੰਦੁਸਤਾਨ ਦੇ ਨਿਆਰੇ ਸਮਾਜੀ ਅਤੇ ਸੰਸਕ੍ਰਿਤ ਪ੍ਰਸੰਗ ਵਿਚ ਮਜ਼ਬੂਤੀ ਜੜ੍ਹਾਂ ਵਾਲੀ ਲਹਿਰ ਜਿਸ ਕੋਲ ਆਪਣੇ ਤਾਰਾ-ਮੰਡਲ ਵਿਚ ਅੰਬੇਡਕਰ, ਜੋਤੀਰਾਓ ਫੂਲੇ, ਸਵਿਤਰੀਬਾਈ ਫੂਲੇ, ਪੇਰੀਆਰ, ਅਯਾਨਕਾਲੀ, ਬਿਰਸਾ ਮੁੰਡਾ, ਭਗਤ ਸਿੰਘ, ਮਾਰਕਸ ਅਤੇ ਲੈਨਿਨ ਵਰਗੇ ਤਾਰੇ ਹਨ। ਇਕ ਲਹਿਰ ਜੋ ਮਰਦ-ਸੱਤਾ, ਸਰਮਾਏਦਾਰੀ ਅਤੇ ਸਾਮਰਾਜਵਾਦ ਨੂੰ ਚੁਣੌਤੀ ਦਿੰਦੀ ਹੈ ਜੋ ਜਾਤ ਰਹਿਤ, ਜਮਾਤ ਰਹਿਤ ਸਮਾਜ ਦੇ ਖ਼ਵਾਬ ਲੈਂਦੀ ਹੈ, ਜਿਸ ਦੇ ਕਵੀ ਲੋਕਾਂ ਦੇ ਕਵੀ ਹੋਣਗੇ, ਤੇ ਉਨ੍ਹਾਂ ਵਿਚ ਕਬੀਰ, ਤੁਕਾ ਰਾਮ, ਰਵਿਦਾਸ, ਪਾਸ਼, ਗ਼ਦਰ, ਲਾਲ ਸਿੰਘ ਦਿਲ, (ਸੰਤ ਰਾਮ ਉਦਾਸੀ) ਅਤੇ ਫ਼ੈਜ਼ ਸ਼ਾਮਲ ਹੋਣਗੇ। ਇਸ ਲਿਹਾਜ਼ ਨਾਲ ਆਦਿਵਾਸੀਆਂ-ਦਲਿਤਾਂ-ਬਹੁਜਨਾਂ ਦੀ ਲਹਿਰ ਜਿਸ ਦੇ ਚੈਂਪੀਅਨ ਦਲਿਤ ਪੈਂਥਰ ਸਨ (ਜਿਨ੍ਹਾਂ ਨੇ 1970ਵਿਆਂ ਵਿਚ 'ਦਲਿਤ' ਦਾ ਭਾਵ-ਅਰਥ ਲਿਆ 'ਸੂਚੀਦਰਜ ਜਾਤਾਂ ਤੇ ਕਬੀਲਿਆਂ ਦੇ ਮੈਂਬਰ, ਨਵ-ਬੋਧੀ, ਮਜ਼ਦੂਰ ਲੋਕ, ਬੇਜ਼ਮੀਨੇ ਅਤੇ ਗ਼ਰੀਬ ਕਿਸਾਨ, ਔਰਤਾਂ ਅਤੇ ਉਹ ਸਾਰੇ ਜਿਨ੍ਹਾਂ ਦੀ ਸਿਆਸੀ ਤੌਰ 'ਤੇ, ਆਰਥਿਕ ਤੌਰ 'ਤੇ ਅਤੇ ਧਰਮ ਦੇ ਨਾਂ ਹੇਠ ਲੁੱਟ-ਖਸੁੱਟ ਕੀਤੀ ਜਾ ਰਹੀ ਹੈ')।

ਫਿਰ 'ਪਾਂਚਜਨਿਆ' ਦੀ ਕਥਾ ਇਥੋਂ ਤਕ ਕਹਿ ਗਈ ਕਿ ਜੇ.ਐਨ.ਯੂ.ਅਜਿਹੀ ਸੰਸਥਾ ਸੀ ਜਿਥੇ 'ਹਿੰਦੂ ਨੌਜਵਾਨਾਂ ਨੂੰ ਵਰਣ ਵਿਵਸਥਾ ਬਾਰੇ ਤੱਥਾਂ ਦੀ ਗਲਤ ਬਿਆਨੀ ਨਾਲ ਵਰਗਲਾਇਆ ਜਾਂਦਾ ਹੈ ਜੋ ਹਿੰਦੂ ਸਮਾਜ ਦਾ ਅਨਿੱਖੜ ਅੰਗ ਹੈ'। ਇਹ ਦਰਅਸਲ ਹਿੰਦੁਸਤਾਨ ਦਾ 'ਖੇਰੂੰ-ਖੇਰੂੰ ਹੋਣਾ' ਨਹੀਂ ਸੀ ਜਿਸ ਤੋਂ ਆਰ.ਐਸ.ਐਸ. ਫ਼ਿਕਰਮੰਦ ਸੀ, ਇਹ ਤਾਂ ਹਿੰਦੂਤਵ ਦਾ ਖੇਰੂੰ-ਖੇਰੂੰ ਹੋਣਾ ਸੀ। ਕਿਸੇ ਨਵੀਂ ਸਿਆਸੀ ਪਾਰਟੀ ਦੁਆਰਾ ਨਹੀਂ, ਸਗੋਂ ਨਵੀਂ ਸੋਚ ਨਾਲ। ਜੇ ਇਹ ਸਭ ਕੁਝ ਰਸਮੀ ਸਿਆਸੀ ਇਤਿਹਾਦ ਉਪਰ ਘੁੰਮ ਰਿਹਾ ਹੁੰਦਾ, ਇਸ ਦੇ ਆਗੂਆਂ ਦੀ ਹੇੜਿਆ ਕੀਤੀ ਜਾ ਸਕਦੀ ਸੀ ਜਾਂ ਉਨ੍ਹਾਂ ਨੂੰ ਜੇਲ੍ਹ ਵਿਚ ਸੁੱਟਿਆ ਜਾ ਸਕਦਾ ਸੀ; ਜਾਂ ਬੱਸ ਬੇਸ਼ੁਮਾਰ ਸਵਾਮੀਆਂ, ਸੂਫ਼ੀਆਂ, ਮੌਲਾਣਿਆਂ ਅਤੇ ਹੋਰ ਪਾਖੰਡੀਆਂ ਵਾਂਗ ਉਨ੍ਹਾਂ ਨੂੰ ਖ਼ਰੀਦ ਲਿਆ ਜਾਂਦਾ, ਪਰ ਤੁਸੀਂ ਉਸ ਖ਼ਿਆਲ ਦਾ ਕੀ ਕਰੋਗੇ ਜੋ ਅੜਬਪਲੇ ਹੀ ਧੂੰਏਂ ਵਾਂਗ ਫੈਲਦਾ ਜਾਂਦਾ ਹੈ? ਤੁਸੀਂ ਇਸ ਨੂੰ ਇਸ ਦੇ ਸੋਮੇ ਤੋਂ ਬੁਝਾਉਣ ਦਾ ਟਿਲ ਲਾਉਂਦੇ ਹੋ।

ਲੜਾਈ ਦੀਆਂ ਲਕੀਰਾਂ ਇਸ ਤੋਂ ਵਧੇਰੇ ਉਘੜਵੀਆਂ ਨਹੀਂ ਸੀ ਹੋ ਸਕਦੀਆਂ। ਇਹ ਉਨ੍ਹਾਂ ਦਰਮਿਆਨ ਲੜਾਈ ਸੀ ਜੋ ਬਰਾਬਰੀ ਦਾ ਖ਼ਵਾਬ ਲੈਂਦੇ ਹਨ ਅਤੇ ਜੋ ਨਾਬਰਾਬਰੀ ਦੇ ਸੰਸਥਾਕਰਨ ਵਿਚ ਵਿਸ਼ਵਾਸ ਰੱਖਦੇ ਹਨ। ਜੋ ਸੰਵਾਦ ਜੇ.ਐਨ.ਯੂ. ਵਿਚ ਸ਼ੁਰੂ ਹੋਇਆ ਸੀ, ਰੋਹਿਤ ਵੇਮੂਲਾ ਦੀ ਖ਼ੁਦਕੁਸ਼ੀ ਨੇ ਉਸ ਨੂੰ ਹੋਰ ਅਹਿਮ, ਜ਼ਰੂਰੀ ਅਤੇ ਹਕੀਕੀ ਬਣਾ ਦਿੱਤਾ; ਤੇ ਸੰਭਵ ਹੈ, ਇਸ ਨੇ ਹਮਲੇ ਦੀ ਤਾਰੀਕ ਸਾਹਮਣੇ ਲੈ ਆਂਦੀ ਜੋ ਪਹਿਲਾਂ ਹੀ ਸੰਭਵ ਸੀ।

*(ਚਲਦਾ)*

# ਕਾਵਿ-ਜਗਤ

## ਗਜ਼ਲ

ਗੀਤ ਮੇਰੇ ਜਦ ਲੋਕਾਂ ਦੇ ਵਿਚ ਜਾਣਗੇ।
ਕਈ ਤੂਫ਼ਾਨ ਜ਼ਲ ਜ਼ਲੇ ਉਸ ਦਿਨ ਆਉਣਗੇ।
ਪਹਿਲਾਂ ਪਹਿਲਾਂ ਲੋਕੀ ਥੋੜ੍ਹੇ ਡਰਨਗੇ,
ਇਕ ਦੂਜੇ ਨੂੰ ਫਿਰ ਉਹ ਕੁਝ ਸਮਝਾਣਗੇ।

ਸੱਚ ਦਾ ਬੁਰਕਾ ਪਾ ਕੇ ਝੂਠ ਨਾ ਫਿਰੇਗਾ,
ਚੋਰ ਉਚੱਕੇ ਧਰਮੀ ਨਾ ਬਣ ਪਾਣਗੇ।
ਕਫ਼ਨ ਬੰਨ੍ਹ ਕੇ ਸਿਰਾਂ ਦੇ ਉਤੇ ਮੌਤ ਦੇ,
ਤਲੀਆਂ ਉਤੇ ਆਪਣੇ ਸੀਸ ਟਿਕਾਣਗੇ।

ਝੁੱਗੀਆਂ ਵਾਲੇ ਝੁੱਗੀਆਂ ਵਿਚੋਂ ਨਿਕਲ ਕੇ,
ਇਨਕਲਾਬ ਦੇ ਨਾਅਰੇ ਹਰ ਥਾਂ ਲਾਣਗੇ।
ਫਿਰ ਨਾ ਕਦੀ ਪੰਜਾਬ ਨੂੰ ਲੁੱਟਿਆ ਜਾਏਗਾ,
ਫਿਰ ਕਦੀ ਨਾ ਅਫ਼ਸਰ ਰਿਸ਼ਵਤ ਖਾਣਗੇ।

ਫਿਰ ਨਾ ਵੋਟਾਂ ਵਿਕਣਗੀਆਂ ਪੰਜਾਬ ਵਿਚ,
ਫਿਰ ਨਾ ਲੀਡਰ ਲੋਕਾਂ ਨੂੰ ਧਮਕਾਣਗੇ।
ਬੇ-ਈਮਾਨ ਗੱਦਾਰ ਨਾ ਲੀਡਰ ਬਣਨਗੇ,
ਗੁਰਬਤ ਉਤੇ ਨੇਤਾ ਜੁਲਮ ਨਾ ਢਾਣਗੇ।

ਕੁਤੀ ਮਾਰ ਤੇ ਨਤੀ ਮਾਰ ਸਭ ਸਾਧ ਜੋ,
ਜੇਲ੍ਹਾਂ ਦੇ ਵਿਚ ਬਹਿ ਕੇ ਹੁਣ ਕੁਰਲਾਣਗੇ।
ਬੀਬੀਆਂ ਸ਼ਕਲਾਂ ਵਾਲੇ ਕਾਲੇ ਨਾਗ ਜੋ,
ਆਪਣੇ ਕੀਤੇ ਕਰਮਾਂ 'ਤੇ ਪਛਤਾਣਗੇ।

ਧੀਆਂ ਦੀ ਬੇ-ਕਦਰੀ ਫਿਰ ਨਾ ਹੋਏਗੀ,
ਫਿਰ ਨਾ ਸਹੁਰੇ ਨੂੰਹਾਂ ਨੂੰ ਮਰਵਾਣਗੇ।
ਸਮਾਂ ਬਹਾਰਾਂ ਲੈ ਕੇ ਤੁਰਿਆ ਆ ਰਿਹੈ,
ਲੋਕ ਨਾਲ 'ਸੁਰਜੀਤ' ਦੇ ਜਸ਼ਨ ਮਨਾਣਗੇ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

---

## ਵਿਚਾਰ ਅਤੇ ਤਲਵਾਰ

ਜਦ ਬੰਦੇ ਦੀ ਸੋਚ ਦਲੀਲੋਂ ਹਾਰੀ ਹੈ।
ਮੂਰਖਤਾ ਨਾਲ ਕੱਢੀ ਉਸ ਕਟਾਰੀ ਹੈ।
ਤਰਕ-ਸੂਝ ਜਦ ਉਸ ਦੇ ਵਸ 'ਚ ਆਈ ਨਾ,
'ਮਿੱਠਤ ਨੀਵੀਂ' ਵੀ ਉਸ ਨੇ ਦੁਰਕਾਰੀ ਹੈ।
ਉਚਾ ਬੋਲਣ ਦੀ ਵੀ ਪੈਂਦੀ ਲੋੜ ਨਹੀਂ,
ਜੇਕਰ ਆਖੀ ਗੱਲ ਬਜ਼ਨ ਦੀ ਭਾਰੀ ਹੈ।
ਸੱਚ ਨਾਲ ਤਲਵਾਰ ਜਦੋਂ ਟਕਰਾਈ ਹੈ,
ਸੱਚ ਨੇ ਸਾਹਵੇਂ ਬਹਿ ਕੇ ਬਾਜ਼ੀ ਮਾਰੀ ਹੈ।
ਸ਼ਬਦ ਨਾਲੋਂ ਹਥਿਆਰ ਨੂੰ ਉਚਾ ਰੱਖਣ ਦੀ,
ਗਿਆਨ-ਯੁੱਗ ਨੇ ਨੀਤੀ ਸਦਾ ਨਕਾਰੀ ਹੈ।
ਉਸ ਨੇ ਕਿਸੇ ਬਿਬੇਕ ਅਕਲ ਤੋਂ ਕੀ ਲੈਣਾ,
ਜਿਸ ਪੂਜਾ, ਹਵਨਾਂ ਨਾਲ ਜਿੰਦ ਗੁਜਾਰੀ ਹੈ।
ਜਿਸ ਦਾ ਪੱਲਾ ਸੱਚ ਵਿਚਾਰੋਂ ਖਾਲੀ ਹੈ,
ਬਿਰਤੀ ਹੁੰਦੀ ਉਸ ਦੀ ਹੀ ਹੰਕਾਰੀ ਹੈ।
ਸੱਚ ਝੂਠ ਦਾ ਜਦ ਵੀ ਪੰਗਾ ਪੈਂਦਾ ਹੈ,
ਝੂਠੇ ਨੂੰ ਹੀ ਸ਼ਹਿ ਮਿਲਦੀ ਸਰਕਾਰੀ ਹੈ।
ਜੈਸਾ ਸੇਵੇ ਬੰਦਾ ਤੈਸਾ ਹੋ ਜਾਂਦਾ,
ਗੁਰੂਆਂ ਬਾਣੀ ਵਿਚ ਇਹ ਗੱਲ ਉਚਾਰੀ ਹੈ।
ਬਾਣੀ ਆਖੇ ਗਿਆਨ ਬਿਨਾ ਤੇ ਧਰਮ ਨਹੀਂ,
ਰੱਖੀ ਭਾਵੇਂ ਝੂਠ-ਤਸੱਲੀ ਭਾਰੀ ਹੈ।
ਬਾਹਰੋਂ ਭਾਵੇਂ ਲੱਖ ਅਡੰਬਰ ਕਰ ਦੇਖੋ,
ਅਮਲਾਂ ਬਾਝੋਂ ਹੁੰਦੀ ਸਦਾ ਖੁਆਰੀ ਹੈ।

*-ਗੁਰਮੀਤ ਸਿੰਘ ਬਰਸਾਲ*
*ਕੈਲੀਫੋਰਨੀਆ।*

## ਕਦੋਂ ਜਾਗੂ ਪੰਜਾਬ?

ਅੰਗਰੇਜ਼ ਵੀ ਸਭ ਲੁੱਟ ਕੇ ਲੈ ਗਏ
ਹੱਕੇ-ਬੱਕੇ ਸਾਰੇ ਰਹਿ ਗਏ
ਸ਼ਹੀਦਾਂ ਦੇ ਲਹੂ ਦਾ ਦੇਊ ਕੌਣ ਹਿਸਾਬ
ਪਤਾ ਨਹੀਂ ਕਦੋਂ ਜਾਗੂ ਪੰਜਾਬ?

ਦੇਸੀਆਂ ਨੇ ਵੀ ਅੱਜ ਖੂਬ ਲੁੱਟਿਆ
ਹਰ ਗੱਭਰੂ ਪਿਆ ਅੱਜ ਟੁੱਟਿਆ।
ਨਸ਼ਿਆਂ ਦੇ ਵਗ ਪਏ ਨੇ ਵਹਿਣ
ਰਿਸ਼ਤੇ ਵਹੇ ਨਸ਼ਿਆਂ ਦੇ ਵਹਿਣ।
ਕਿਵੇਂ ਹੋਊ ਸਭ ਦਾ ਸਤਿਕਾਰ
ਪਤਾ ਨਹੀਂ ਕਦੋਂ ਜਾਗੂ ਪੰਜਾਬ?

ਹਵਾ, ਪਾਣੀ ਹੋਏ ਜ਼ਹਿਰੀਲੇ
ਬਿਮਾਰੀਆਂ ਨੇ ਸਭ ਕੀਲੇ।
ਹੋਏ ਬੇਅਰਥ ਸਭ ਹੀਲੇ
ਸਭ ਸੁੱਕ ਕੇ ਹੋਏ ਨੇ ਪੀਲੇ।
ਲੱਭਦਾ ਨਾ ਕੋਈ ਚਿਨਾਬ।

ਆਪਣੇ ਧਰਮਾਂ ਨੂੰ ਸਭ ਭੁੱਲੇ
ਅਖੌਤੀ ਸਾਧਾਂ ਦੇ ਬਣੇ ਸਭ ਚੇਲੇ।
ਜਾਤ-ਪਾਤ ਵਿਚ ਰੁੱਲਿਆ ਸਮਾਜ
ਖੌਰੇ ਕਦੋਂ ਸੁਧਰੂ ਇਹ ਸਮਾਜ?
ਵਹਿਮਾਂ-ਭਰਮਾਂ 'ਚ ਨਾ ਜਾਉ ਜਨਾਬ
ਪਤਾ ਨਹੀਂ ਕਦੋਂ ਜਾਗੂ ਪੰਜਾਬ?

ਕਰਜ਼ਿਆਂ ਥੱਲੇ ਕਿਸਾਨੀ ਦੱਬੀ
ਸਰਕਾਰਾਂ ਗੱਲ ਵੀ ਵਿਚੇ ਦੱਬੀ।
ਕੋਈ ਲੱਭਦਾ ਦਿਖਦਾ ਨਾ ਹੱਲ
ਮਜਬੂਰੀਆਂ 'ਚ ਲੰਘੇ ਪਲ-ਪਲ।
ਧਰਨਿਆਂ ਦਾ ਹਰ ਪਾਸੇ ਸੈਲਾਬ।

ਸੱਭਿਆਚਾਰ ਤੇ ਹੋਇਆ ਹਮਲਾ
ਗਾਇਕਾਂ ਕੀਤਾ ਗਾ ਕੇ ਕਮਲਾ।
ਰਿਸ਼ਤੇ-ਨਾਤੇ ਸਭ ਵਿਗਾੜੇ
ਨੰਗ-ਤੜੰਗੇ ਕਰ ਸਟੇਜੀਂ ਚਾੜ੍ਹੇ।
ਕਿਵੇਂ ਸੋਹਣਾ ਹੋਊ ਇਹ ਪੰਜਾਬ?

ਤਕੜਾ ਮਾੜੇ ਨੂੰ ਘੇਰੀ ਜਾਵੇ
ਦਿਲ ਅੰਦਰ ਕੁਝ ਸਮੋਈ ਜਾਵੇ।
ਲੋਕਾਂ ਦਾ ਕਦੋਂ ਹੋਊ ਦਿਲ ਸਾਫ
ਸਾਲਾਂ ਬੱਧੀ ਨਾ ਮਿਲੇ ਇਨਸਾਫ।
ਕੌਣ ਦੇਊ ਕੋਈ ਹਿਸਾਬ?

ਘਰ ਲੋਕਾਂ ਦੇ ਵਿਚੇ ਖੜ੍ਹ ਗਏ
ਰੇਤ, ਬਜਰੀ ਅੰਬਰੀਂ ਚੜ੍ਹ ਗਏ।
ਪਾਪਾ ਤੋਂ ਬੱਚੇ ਰੱਖਦੇ ਨੇ ਆਸ
ਖਾਲੀ ਝੋਲਾ ਵੇਖ ਹੁੰਦੇ ਨਿਰਾਸ।
ਘਰ ਵਾਲੀ ਪੁੱਛਦੀ ਨਿੱਤ ਹਿਸਾਬ
ਪਤਾ ਨਹੀਂ ਕਦੋਂ ਜਾਗੂ ਪੰਜਾਬ?

*-ਜਸਦੀਪ ਸਿੰਘ ਖੰਨਾ*
*ਫੋਨ: 91-94630-57786*

## ਗੈਸ ਸਟੇਸ਼ਨ

ਉਨੀ ਸੌ ਅੱਸੀ ਦੀ ਗੱਲ ਹੈ, ਜਦੋਂ ਲਈ ਮੈਂ ਇਮੀਗ੍ਰੇਸ਼ਨ।
ਨਾ ਕੋਈ ਹਿੰਗ ਫਟਕੜੀ ਲੱਗੀ, ਨਾ ਏਨੀ ਕੋਈ ਐਗਰੇਵੇਸ਼ਨ।

ਅਮਰੀਕਾ ਵਿਚ ਆ ਕੇ ਲੱਭੀ, ਹਰ ਇਕ ਤਰ੍ਹਾਂ ਦੀ ਇਨਫਰਮੇਸ਼ਨ,
ਤਾਂ ਕਿ ਨਵੀਂ ਜ਼ਿੰਦਗੀ ਦੇ ਲਈ, ਹੋਵੇ ਤਿਆਰ ਨਵੀਂ ਫ਼ਾਊਂਡੇਸ਼ਨ।

ਸਭ ਤੋਂ ਪਹਿਲਾਂ ਦੋਹਾਂ ਜੀਆਂ ਨੇ, ਡਿਸਕਸ ਕਰ ਸਾਰੀ ਸਿੱਚੂਏਸ਼ਨ,
ਕਿਸ ਨੇ ਕਿੰਨਾ ਕੀ ਕੁਝ ਕਰਨਾ, ਸਾਰੀ ਕਰ ਕੇ ਕੈਲਕੂਲੇਸ਼ਨ।

ਕੁਝ ਪ੍ਰੋਫ਼ੈਸ਼ਨਲ ਲਾਈਸੈਂਸਾਂ ਲਈ, ਕੀਤੇ ਪਾਸ ਐਗਜ਼ਾਮੀਨੇਸ਼ਨ,
ਪੂਰੀ ਪਲਾਨਿੰਗ ਪਿੱਛੋਂ ਆਖਿਰ, ਕੀਤੀ ਸ਼ੁਰੂ ਆਰਗੇਨਾਈਜ਼ੇਸ਼ਨ।

ਮੈਂ ਫ਼ਾਈਨੈਂਸਿੰਗ ਸਾਂਭ ਲਈ ਤੇ ਵਹੁਟੀ ਹੱਥ ਪਬਲਿਕ ਰੀਲੇਸ਼ਨ,
ਟੈਲੀਫ਼ੋਨ ਤੇ ਸਾਰਾ ਦਿਨ ਹੀ, ਕਰਦੀ ਰਹੇ ਕਮਿਊਨੀਕੇਸ਼ਨ।

ਕੰਪਨੀ ਦਾ ਨਾਂ ਸੋਚ ਸਮਝ ਕੇ, ਰੱਖਿਆ ਸਿੱਧੂ ਕਾਰਪੋਰੇਸ਼ਨ,
ਕਰਜ਼ਾ ਚੁੱਕ ਕੇ ਮੁੱਲ ਲੈ ਲਿਆ, ਮੋਬਿਲ ਦਾ ਇਕ ਗੈਸ ਸਟੇਸ਼ਨ।

ਸੈਟ ਅਕਾਊਂਟੈਂਟ ਨੇ ਫਿਰ ਕੀਤਾ, ਐਜ ਕੰਪਿਊਟਰ ਦਾ ਆਪ੍ਰੇਸ਼ਨ,
ਇਕ ਇਕ ਚੈਕ ਤਨਖਾਹ ਦਾ ਕੱਢੀਏ, ਕੰਮ ਕਰਨ ਦਾ ਕੰਪੈਨਸੇਸ਼ਨ।

ਸਿੱਖੇ ਬਿਜਨੈਸ ਦੇ ਹੱਥ ਕੰਡੇ, ਪੜ੍ਹ ਕੇ ਰੂਲ ਐਂਡ ਰੈਗੂਲੇਸ਼ਨ,
ਕਿਧਰੇ ਕੋਈ ਅਫ਼ਸਰ ਨਾ ਆ ਕੇ, ਲਾ ਜਾਵੇ ਕੋਈ ਵਾਇਓਲੇਸ਼ਨ।

ਕੋਈ ਨੌਕਰ ਚੋਰੀ ਨਾ ਕਰ ਲਏ, ਰੱਖੀਏ ਪੂਰੀ ਔਬਜ਼ਰਵੇਸ਼ਨ,
ਦਿਨਾਂ 'ਚ ਵਾਰੇ ਨਿਆਰੇ ਹੋ ਗਏ, ਐਸਾ ਸੀ ਸਾਡਾ ਆਪ੍ਰੇਸ਼ਨ।

ਰਿਸ਼ਤੇਦਾਰ ਹੁਣ ਕਈ ਜੰਮ ਪਏ, ਸੁਣ ਸਾਡੇ ਕੰਮ ਦੀ ਸੈਨਸੇਸ਼ਨ,
ਆਖਣ ਸਾਡੀ ਮਦਦ ਕਰੋ, ਜੇ ਰੱਖਣਾ ਸਾਡੇ ਨਾਲ ਰੀਲੇਸ਼ਨ।

ਇਕ ਸੰਡੇ ਹਰੇ ਕ੍ਰਿਸ਼ਨਾ ਦੇ, ਟੈਂਪਲ ਦੀ ਜੋ ਕਾਂਗਰੀਗੇਸ਼ਨ,
ਦੇ ਗਈ ਮੰਦਿਰ ਆਉਣ ਵਾਸਤੇ, ਸਾਨੂੰ ਆਪਣਾ ਇਨਵੀਟੇਸ਼ਨ।

ਮੈਂ ਵੀ ਸਮਝ ਗਿਆ ਕਿ ਚਾਹੁੰਦੇ, ਬਿਲਡਿੰਗ ਫ਼ੰਡ ਲਈ ਡੋਨੇਸ਼ਨ,
ਪੈਸੇ ਚਾਰ ਕੀ ਆਏ ਉਸ ਤੋਂ, ਕਿੰਨੀ ਵਧਗੀ ਐਗਰੇਵੇਸ਼ਨ।

ਕੰਮਾਂ ਵਿਚ ਕੁਝ ਐਸੇ ਫਸ ਗਏ, ਜ਼ਰਾ ਨਾ ਮਿਲਦੀ ਰੀਲੈਕਸੇਸ਼ਨ,
ਕਿਧਰੇ ਵੀ ਆ ਜਾ ਨਾ ਸਕੀਏ, ਨਾ ਪਾਰਟੀ ਨਾ ਕੋਈ ਵੈਕੇਸ਼ਨ।

ਦੋਹ ਸਾਲੀਂ ਇਕ ਜੀ ਵਧ ਜਾਂਦਾ, ਏਹੋ ਸੀ ਬੱਸ ਰੈਕਰੀਏਸ਼ਨ,
ਵਹੁਟੀ ਵੀ ਹੁਣ ਰੁੱਸੀ ਰਹਿੰਦੀ, ਐਜ ਹੋਈ ਘਰ ਦੀ ਸਿਚੂਏਸ਼ਨ।

ਕਈ ਦਿਨ ਤੋਂ ਕੋਈ ਗੱਲ ਨਾ ਕਰਦੀ, ਖ਼ਤਮ ਹੋਈ ਕਮਿਊਨੀਕੇਸ਼ਨ,
ਇਕ ਦਿਨ ਮੈਰਿਜ ਕੌਂਸਲਰ ਵਲੋਂ ਆਈ ਮੈਨੂੰ ਇੰਟੀਮੇਸ਼ਨ।

'ਡੂ. ਯੂ. ਵੈਲਯੂ ਮੋਰ ਮਨੀ,' ਜਾਂ ਅਪਨਾ 'ਮੈਰੀਟਲ ਰੀਲੇਸ਼ਨ?'
ਵਹੁਟੀ ਬੋਡੇ ਬੱਚੇ ਸਾਂਭੇ, ਨਾਲੇ ਸਾਂਭੇ ਮਿੰਨੀ ਸਟੇਸ਼ਨ।

ਸਾਰੇ ਕੰਮ ਲਈ ਦੇਣਾ ਪਵੇਗਾ, ਦੂਣਾ ਉਸ ਨੂੰ ਕੰਪਨਸੇਸ਼ਨ,
ਸੋਚਾਂ, ਇਹ ਕੀ ਹੋ ਗਿਆ ਰੱਬਾ? ਕਿਸ ਦਾ ਸੀ ਇਹ ਮੋਟੀਵੇਸ਼ਨ।

ਮੇਰੀ ਲਾਈਫ਼ ਵਿਚ ਕਿੱਥੋਂ ਆਈ, ਐਸੀ ਲੀਗਲ ਇੰਪਲੀਕੇਸ਼ਨ?
ਮੇਰੀ ਤਾਂ ਉਹ ਜਿੰਦ ਜਾਨ ਹੈ, ਇਹ ਝੂਠਾ ਕੀ ਐਕੁਈਜ਼ੇਸ਼ਨ?

ਹੋਰਾਂ ਕੋਲ ਕਿਉਂ ਢਿੱਡ ਫੋਲਿਆ, ਕਾਹਦੇ ਲਈ ਆਰਬਿਟ੍ਰੇਸ਼ਨ?
ਡਾਲਰ ਨੇ ਸਭ ਪਾਏ ਪੁਆੜੇ, ਆਖਿਰ ਹੋਈ ਰੀਅਲਾਈਜ਼ੇਸ਼ਨ।


ਸੋਚ ਸੋਚ ਕੇ ਇਕ ਦਿਨ ਕੀਤੀ, ਲਿਕੁਈਡੇਟ ਉਹ ਕਾਰਪੋਰੇਸ਼ਨ।
ਨਾ ਰਹੇ ਬਾਂਸ ਨਾ ਵੱਜੇ ਬੰਸਰੀ, ਵੇਚ ਦਿੱਤਾ ਉਹ ਗੈਸ ਸਟੇਸ਼ਨ।

*-ਕਰਨੈਲ ਸਿੰਘ ਗਿਆਨੀ*
*ਵਰਜੀਨੀਆ ਬੀਚ।*

## ਜੰਗਲਨਾਮਾ-5

### ਬਸਤਰ ਦੇ ਜੰਗਲਾਂ ਵਿਚ

ਸਤਨਾਮ



**ਤੁਸੀਂ ਪੜ੍ਹ ਚੁੱਕੇ ਹੋ...**

*ਗਾਈਡ ਦੀ ਮਦਦ ਨਾਲ ਲੇਖਕ ਤੇ ਉਸ ਦੇ ਸਾਥੀ ਜੰਗਲ ਵੱਲ ਵਧਣਾ ਆਰੰਭ ਕਰਦੇ ਹਨ। ਸਫਰ ਰਾਤ ਦਾ ਹੈ, ਗੁਆਚਣ ਦਾ ਖਦਸ਼ਾ ਵੀ ਹੈ, ਪਰ ਉਹ ਸਾਰੀ ਰਾਤ ਪੈਰਾਂ ਥਾਣੀਂ ਲੰਘਾ ਕੇ ਆਪਣੇ ਪਹਿਲੇ ਪੜਾਅ 'ਤੇ ਅੱਪੜ ਜਾਂਦੇ ਹਨ। ਐਤਕੀਂ ਕੈਂਪ ਦੇ ਅੰਦਰ ਦਾ ਬਿਰਤਾਂਤ ਖਿੱਚਣ ਦੌਰਾਨ, ਗੁਰੀਲਾ ਜੀਵਨ ਬਾਰੇ ਭਰਪੂਰ ਚਰਚਾ ਕੀਤੀ ਗਈ ਹੈ। ...*

# ਗੁਰੀਲਾ ਜੀਵਨ ਦੀ ਝਾਕੀ

*'ਜੰਗਲਨਾਮਾ' ਉਨ੍ਹਾਂ ਜੰਗਲਾਂ ਦਾ ਬਿਰਤਾਂਤ ਦੱਸਦਾ ਹੈ ਜਿਥੇ ਮਾਓਵਾਦੀ ਆਪਣਾ ਸਿੱਕਾ ਚਲਾ ਰਹੇ ਹਨ। ਸਤਨਾਮ (ਅਸਲ ਨਾਂ ਗੁਰਮੀਤ) ਨੇ ਇਸ ਯਾਤਰਾ ਰਾਹੀਂ ਉਨ੍ਹਾਂ ਲੋਕਾਂ, ਉਨ੍ਹਾਂ ਦੇ ਫਿਕਰਾਂ ਅਤੇ ਉਨ੍ਹਾਂ ਦੇ ਜੁਝਾਰੂ ਜੀਵਨ ਬਾਰੇ ਲੰਮੀ ਬਾਤ ਸੁਣਾਈ ਹੈ। ਇਹ ਬਾਤ ਇਸ ਕਰ ਕੇ ਵਧੇਰੇ ਦਿਲਚਸਪ ਹੋ ਨਿਬੜੀ ਹੈ ਕਿਉਂਕਿ ਪਾਠਕ ਨੂੰ ਇਸ ਵਿਚੋਂ ਵਾਰ-ਵਾਰ ਆਪਣੇ ਹੀ ਜੀਵਨ ਦੇ ਝਲਕਾਰੇ ਦਿਸਦੇ ਹਨ। ਇਹ ਬਾਤ ਸੁਣਾਉਂਦਿਆਂ ਸਤਨਾਮ ਦੀ ਬਿਰਤਾਂਤ-ਜੁਗਤ ਕਮਾਲ ਦੀ ਹੈ। ਇਸ ਬਿਰਤਾਂਤ ਵਿਚੋਂ ਮਾਓਵਾਦੀਆਂ ਦੇ ਘੋਲ ਦੀ ਝਲਕ ਤਾਂ ਮਿਲਦੀ ਹੀ ਹੈ, ਸਾਹਿਤਕ ਪੱਖ ਤੋਂ ਬਹੁਤ ਥਾਂਈਂ ਰੂਸੀ ਕਲਾਸਿਕ ਰਚਨਾਵਾਂ ਦੇ ਝਉਲੇ ਵੀ ਪੈਂਦੇ ਹਨ। ਪੰਜਾਬੀ ਵਿਚ ਅਜਿਹੀ ਅਨੂਠੀ ਰਚਨਾ ਘੱਟ ਹੀ ਨਜ਼ਰੀਂ ਪੈਂਦੀ ਹੈ। -ਸੰਪਾਦਕ*

ਤਿੰਨੋਂ ਡੰਗ ਚੌਲ!

ਗੁਰੀਲਿਆਂ ਦਾ ਖਾਣਾ ਇਹੀ ਹੈ (ਇਹੀ ਖਾਣਾ ਬਸਤਰ ਦੇ ਹਰ ਬਾਸ਼ਿੰਦੇ ਦਾ ਹੈ)। ਸਬਜ਼ੀ ਜੇ ਰੋਜ਼ ਹੀ ਕੱਦੂ ਅਤੇ ਹਲਵਾ-ਕੱਦੂ ਨਹੀਂ ਤਾਂ ਬਾਂਸ ਦੀਆਂ ਨਰਮ ਗੁੱਲੀਆਂ ਦੀ ਹੈ। ਦਾਲ ਅੱਯਾਸ਼ੀ ਵਾਲੀ ਚੀਜ਼ ਹੈ। ਜਿਸ ਦਿਨ ਮਿਲ ਜਾਵੇ, ਤੁਸੀਂ ਬੱਲੇ ਬੱਲੇ ਕਰਨ ਲੱਗੋਗੇ ਅਤੇ ਲਗਦੀ ਵਾਹ ਕੱਦੂ ਨੂੰ ਪਤੀਲੇ ਵਿਚ ਹੀ ਸਿਮਟਿਆ ਰਹਿਣ ਦੇਣਾ ਚਾਹੋਗੇ। ਕੱਦੂ ਵੈਸੇ ਹੈ ਬਹੁਤ ਲਜ਼ੀਜ਼ ਚੀਜ਼! ਕਿਉਂਕਿ ਇਕ ਕਿੱਲੋ ਕੱਦੂ ਵਿਚ ਚਾਰ ਕਿੱਲੋ ਪਾਣੀ ਪਾ ਕੇ ਇਸ ਨੂੰ ਪੂਰੀ ਤਰ੍ਹਾਂ ਤਰੀਦਾਰ ਕਰ ਲਿਆ ਜਾਂਦਾ ਹੈ ਤੇ ਫਿਰ ਇਹ ਤੁਹਾਡੇ ਚੌਲਾਂ ਨੂੰ ਪੂਰੀ ਤਰ੍ਹਾਂ ਤਰ ਕਰ ਦੇਂਦਾ ਹੈ। ਚੌਲ ਵੈਸੇ ਹੀ ਬਹੁਤ ਨਰਮ ਹੁੰਦੇ ਹਨ, ਪਰ ਕੱਦੂਆਂ ਦੀ ਖੁੱਲ੍ਹੀ ਤਰੀ ਵਿਚ ਇਹ ਹੋਰ ਵੀ ਨਰਮ ਤੇ ਕੂਲੇ ਹੋ ਜਾਂਦੇ ਹਨ। ਸੋ ਗੁਰੀਲਾ ਜ਼ਿੰਦਗੀ ਬਹੁਤ ਹੀ ਨਰਮ ਅਤੇ ਮੁਲਾਇਮ ਭੋਜਨ ਦਾ ਨਾਮ ਵੀ ਹੈ। ਯਕੀਨਨ ਭੋਜਨ ਬਹੁਤ ਹੀ ਨਰਮ ਹੈ। ਇਹ ਕਬਾਇਲੀਆਂ ਦੇ ਜੀਵਨ ਜਿਹਾ ਹੀ ਸਾਦਾ ਹੈ। ਉਹ ਬਹੁਤੀਆਂ ਸਬਜ਼ੀਆਂ ਨਹੀਂ ਬੀਜਦੇ। ਸਿੰਜਾਈ ਦਾ ਕੋਈ ਸਾਧਨ ਹੈ ਹੀ ਨਹੀਂ। ਚੌਲਾਂ ਵਾਂਗ ਕੱਦੂਆਂ ਦੇ ਬੀਜਾਂ ਨੂੰ ਵੀ ਉਹ ਜ਼ਮੀਨ ਉਤੇ ਸੁੱਟ ਦੇਂਦੇ ਹਨ ਅਤੇ ਫਿਰ ਭੁੱਲ ਜਾਂਦੇ ਹਨ। ਨਾ ਗੋਡੀ, ਨਾ ਪਾਣੀ, ਨਾ ਖਾਦ ਤੇ ਨਾ ਹੀ ਮਲੇਰਕੋਟਲੇ ਦੇ ਸਬਜ਼ੀ ਕਾਸ਼ਤਕਾਰਾਂ ਵਾਂਗ ਕੋਈ ਹੋਰ ਖਲਜਗਣ। ਜੋ ਪੈਦਾ ਹੋ ਗਿਆ, ਉਹ ਜੀ ਆਇਆਂ; ਜੋ ਨਹੀਂ ਹੋਇਆ, ਉਹ ਧਰਤੀ ਹਿੱਸੇ। ਇਹੀ ਭੋਜਨ ਗੁਰੀਲਿਆਂ ਦਾ ਚਾਅ ਹੈ, ਇਹੀ ਹਾਸਲ। ਜੇ ਤੁਸੀਂ ਰੋਜ਼ ਦੇ ਨੇਮ ਤੋਂ ਤੰਗ ਆ ਗਏ ਹੋ ਅਤੇ ਤਬਦੀਲੀ ਚਾਹੁੰਦੇ ਹੋ ਤਾਂ ਤੁਸੀਂ ਚੌਲਾਂ ਦੀ ਥਾਂ ਚੌਲਾਂ ਦੀ ਗਾੜ੍ਹੀ ਪਿੱਛ ਨੂੰ ਆਪਣੇ ਨਾਸ਼ਤੇ ਵਿਚ ਥਾਂ ਦੇ ਸਕਦੇ ਹੋ। ਕਬਾਇਲੀ ਇਸ ਨੂੰ ਜਾਵਾ ਕਹਿੰਦੇ ਹਨ। ਉਹ ਇਸ ਨੂੰ ਬਗ਼ੈਰ ਲੂਣ ਮਿਰਚ ਤੋਂ ਪੀਂਦੇ ਹਨ। ਨਾਸ਼ਤੇ ਵਿਚ ਵੰਨਗੀ ਤੁਸੀਂ ਇਕ ਹੋਰ ਤਰੀਕੇ ਨਾਲ ਵੀ ਲਿਆ ਸਕਦੇ ਹੋ, ਸ਼ਰਤ ਇਹ ਹੈ ਕਿ ਤੁਸੀਂ ਇਹ ਨਾ ਜਾਣਦੇ ਹੋਵੋ ਕਿ ਚਿੜਵੇ ਵੀ ਚੌਲਾਂ ਨੂੰ ਹੀ ਕੁੱਟ ਕੇ ਬਣਾਏ ਜਾਂਦੇ ਹਨ। ਕਬਾਇਲੀ ਇਸ ਅੱਯਾਸ਼ੀ ਨੂੰ ਚਿਉੜਾ ਕਹਿੰਦੇ ਹਨ।

"ਤੁਹਾਨੂੰ ਚੌਲ ਪਸੰਦ ਨਹੀਂ? ਰੋਟੀ ਵੀ ਬਣ ਸਕਦੀ ਹੈ।" ਕਿਸੇ ਨੇ ਕਿਤਿਓਂ ਠੰਢੀ ਮਿੱਠੀ ਰੁਮਕਦੀ ਹਵਾ ਦਾ ਬੁੱਲਾ ਭੇਜ ਕੇ ਸਰਾਬੋਰ ਕਰ ਦਿੱਤਾ। ਇਸ ਤੋਂ ਚੰਗੀ ਚੀਜ਼ ਮੇਰੇ ਵਾਸਤੇ ਹੋਰ ਕੀ ਹੋ ਸਕਦੀ ਸੀ। ਅਗਲੇ ਦਿਨ ਦੁਪਹਿਰ ਵੇਲੇ ਪੂੜੀਆਂ ਤਿਆਰ ਸਨ। ਉਹ ਪੂੜੀ ਨੂੰ ਹੀ ਰੋਟੀ ਕਹਿੰਦੇ ਹਨ। ਸ਼ਾਮ ਵੇਲੇ ਰੋਟੀ ਬਣਾਉਣ ਦਾ ਹੀਲਾ ਮੈਂ ਖ਼ੁਦ ਕੀਤਾ। ਤਵਾ ਨਹੀਂ, ਚਕਲਾ ਨਹੀਂ, ਵੇਲਣਾ ਨਹੀਂ। ਤਵੇ ਦੀ ਥਾਂ ਪਤੀਲੇ ਦਾ ਜਿਸਤ ਦਾ ਢੱਕਣ, ਚਕਲੇ ਦੀ ਥਾਂ ਸਟੀਲ ਦੀ ਮੂਧੀ ਮਾਰੀ ਹੋਈ ਥਾਲੀ ਅਤੇ ਵੇਲਣੇ ਦੀ ਥਾਂ ਗਿਲਾਸ। ਪੱਥਰ ਦੇ ਚੁੱਲ੍ਹੇ ਵਿਚ, ਲੱਕੜ ਦੇ ਕੋਲਿਆਂ ਦੀ ਅੱਗ 'ਤੇ, ਜਿਸਤ ਦੇ ਤਵੇ ਉਤੇ ਪੱਕੀ ਰੋਟੀ ਉਨ੍ਹਾਂ ਪਹਿਲੀ ਵਾਰ ਦੇਖੀ, ਮੈਂ ਵੀ। ਮਜ਼ਾ ਆ ਗਿਆ ਤੇ ਪੂੜੀਆਂ ਉਨ੍ਹਾਂ ਨੂੰ ਵੀ ਭਾਰੀ ਮਹਿਸੂਸ ਹੋਣ ਲੱਗ ਪਈਆਂ। ਰੋਟੀ ਪੂੜੀ ਵਾਂਗ ਤੇਲ ਨਹੀਂ ਪੀਵੇਗੀ। ਸਸਤੀ ਵੀ ਪਊ, ਪਚਣ 'ਚ ਵੀ ਸੌਖੀ!

ਪਰ ਕਣਕ ਦਾ ਆਟਾ ਜੰਗਲ ਵਿਚ ਦੁਰਲੱਭ ਵਸਤੂ ਹੈ। ਕਬਾਇਲੀਆਂ ਨੇ ਨਾ ਕਣਕ ਕਦੇ ਦੇਖੀ ਹੈ, ਨਾ ਸੁਣੀ ਹੈ, ਰੋਟੀ ਤਾਂ ਉਂਝ ਹੀ ਅਚੰਭਾ ਸੀ। ਕੈਂਪ ਵਿਚ ਕਦੀ ਪੂੜੀਆਂ ਦੀ ਅੱਯਾਸ਼ੀ ਲਈ ਕਿਸੇ ਸ਼ਹਿਰ ਤੋਂ ਸਿਰ ਉਤੇ ਆਟਾ ਢੋ ਕੇ ਲਿਆਂਦਾ ਗਿਆ ਸੀ, ਸੋ ਰੋਟੀ 'ਈਜਾਦ' ਹੋ ਗਈ।

ਅਗਲੀ ਸ਼ਾਮ ਵੀ ਦਾਅਵਤ ਦੀ ਸ਼ਾਮ ਰਹੀ। ਭੁੰਨ ਕੇ ਸੁਕਾਇਆ ਗਾਂ ਦਾ ਮਾਸ ਤਰੀ ਵਾਲੇ ਸਵਾਦੀ ਖਾਣੇ 'ਚ ਬਦਲ ਦਿੱਤਾ ਗਿਆ। ਕਬਾਇਲੀ ਹਿੰਦੂ ਨਹੀਂ ਹਨ, ਸੋ ਪਾਪ ਤੋਂ ਮੁਕਤ ਹਨ। ਉਹ ਮੁਸਲਿਮ ਵੀ ਨਹੀਂ ਹਨ, ਇਸ ਲਈ ਹਲਾਲ ਹਰਾਮ ਕੁਝ ਨਹੀਂ ਜਾਣਦੇ। ਸਿਵਾਏ ਇਨਸਾਨ ਤੋਂ ਉਹ ਕੁਝ ਵੀ ਖਾ ਸਕਦੇ ਹਨ। ਇਨਸਾਨਾਂ ਨੂੰ ਖਾਣ ਦਾ ਧੰਦਾ ਸਭਿਅਕ ਸਮਾਜ ਵਿਚ ਕੀਤਾ ਜਾਂਦਾ ਹੈ। ਅਨੇਕਾਂ ਰੂਪਾਂ ਵਿਚ, ਅਨੇਕਾਂ ਢੰਗਾਂ ਨਾਲ। ਕਬਾਇਲੀ ਲੋਕ ਨਾ ਤਾਂ ਇਨਸਾਨਾਂ ਨੂੰ ਦੇਵਤਿਆਂ ਵਾਂਗ ਪੂਜਦੇ ਹਨ, ਨਾ ਹੀ ਜ਼ਲੀਲ ਕਰਦੇ ਹਨ। ਕਿਸੇ ਤੋਂ ਦੁਖੀ ਹੋਏ ਤਾਂ ਇਕ ਪਲ ਵਿਚ ਸਿਰ ਨੂੰ ਧੜ ਨਾਲੋਂ ਅਲੱਗ ਕਰ ਦਿੱਤਾ। ਬਹੁਤੀ ਪ੍ਰੇਸ਼ਾਨੀ ਵਿਚ ਨਾ ਪੈਂਦੇ ਹਨ, ਨਾ ਪਾਉਂਦੇ ਹਨ। ਕਤਲ ਕਰ ਦੇਣਾ ਉਨ੍ਹਾਂ ਵਾਸਤੇ ਬਹੁਤ ਹੀ ਸੁਭਾਵਕ ਜਿਹੀ ਗੱਲ ਹੈ ਭਾਵੇਂ ਇਸ ਦੀ ਨੌਬਤ ਬਹੁਤ ਘੱਟ ਆਉਂਦੀ ਹੈ। ਸੱਠ ਲੱਖ ਦੀ ਆਬਾਦੀ ਵਿਚ ਅਜਿਹੀਆਂ ਕੋਈ ਦੋ ਜਾਂ ਤਿੰਨ ਘਟਨਾਵਾਂ ਇਕ ਸਾਲ ਦੇ ਅਰਸੇ ਵਿਚ ਵਾਪਰਦੀਆਂ ਹਨ। ਸਭਿਅਕ ਸਮਾਜ ਦਾ ਇਕੱਲਾ ਦਿੱਲੀ ਸ਼ਹਿਰ ਹੀ ਕਤਲਾਂ, ਡਕੈਤੀਆਂ, ਛੁਰੇਬਾਜ਼ੀ, ਜਬਰ-ਜਨਾਹ, ਵਗੈਰਾ-ਵਗੈਰਾ ਦੀਆਂ ਖ਼ਬਰਾਂ ਨਾਲ ਰੋਜ਼ ਹੀ ਅਖ਼ਬਾਰ ਦੇ ਤੀਸਰੇ ਸਫ਼ੇ ਨੂੰ ਭਰ ਦੇਂਦਾ ਹੈ। ਕਬਾਇਲੀ ਜਦ ਕਤਲ ਕਰਦਾ ਹੈ ਤਾਂ ਉਸੇ ਸਮੇਂ ਹਰ ਕਿਸੇ ਕੋਲ ਜੁਰਮ ਦਾ ਇਕਬਾਲ ਕਰ ਲੈਂਦਾ ਹੈ ਅਤੇ ਆਪਣੇ ਆਪ ਨੂੰ ਸਜ਼ਾ ਵਾਸਤੇ ਪੇਸ਼ ਕਰ ਦੇਂਦਾ ਹੈ। ਸਭਿਅਕ ਕਾਤਲ ਕਦੇ ਫੜਿਆ ਹੀ ਨਹੀਂ ਜਾਂਦਾ, ਪਾਰਲੀਮੈਂਟ ਜਾਂ ਅਸੈਂਬਲੀ ਵਿਚ ਜਾ ਬਿਰਾਜਮਾਨ ਹੁੰਦਾ ਹੈ ਅਤੇ ਦੂਸਰਿਆਂ ਨੂੰ ਇਨਸਾਫ਼ ਦੇਣ ਵਾਸਤੇ ਕਾਨੂੰਨ ਘੜਨ ਬੈਠ ਜਾਂਦਾ ਹੈ। ਖ਼ੈਰ!

ਉਸ ਸ਼ਾਮ ਦੇ ਖਾਣੇ ਬਾਰੇ ਏਨਾ ਕੁ ਹੀ ਹੋਰ ਹੈ ਕਿ ਸਬਜ਼ੀਆਂ ਦੀ ਪੈਦਾਵਾਰ ਨੂੰ ਬਹੁ-ਭਾਂਤੀ ਬਣਾਉਣ ਸਬੰਧੀ ਵਾਹਵਾ ਚਰਚਾ ਚੱਲੀ। ਮੂਲੀ, ਗਾਜਰ, ਮਟਰ, ਫਲੀਦਾਰ ਸਬਜ਼ੀਆਂ, ਟਮਾਟਰ, ਭਿੰਡੀ, ਬੈਂਗਣ, ਮਿਰਚਾਂ ਆਦਿ ਦੇ ਬੀਜ ਵੱਡੇ ਪੱਧਰ ਉਤੇ ਕਬਾਇਲੀ ਕਿਸਾਨਾਂ ਵਿਚ ਵੰਡਣ ਦਾ ਮਾਮਲਾ ਵਿਚਾਰਿਆ ਗਿਆ। ਕੁਝ ਥਾਂਵੀਂ ਪਹਿਲਾਂ ਹੀ ਅਜਿਹੇ ਤਜਰਬੇ ਸ਼ੁਰੂ ਕੀਤੇ ਜਾ ਚੁੱਕੇ ਸਨ ਪਰ ਮਹਿਸੂਸ ਕੀਤਾ ਜਾ ਰਿਹਾ ਸੀ ਕਿ ਉਹ ਨਾ-ਕਾਫ਼ੀ ਹਨ। ਪਾਣੀ ਦੀ ਘਾਟ ਅਤੇ ਜ਼ਮੀਨ ਵਿਚ ਪੱਥਰਾਂ ਗੀਟਿਆਂ ਦੀ ਭਰਮਾਰ ਨਿਸਚੇ ਹੀ ਸਬਜ਼ੀਆਂ ਲਈ ਅਨੁਕੂਲ ਨਹੀਂ ਹਨ। ਸਿੰਜਾਈ ਦਾ ਪ੍ਰਬੰਧ ਤੇ ਪੱਥਰ ਹਟਾਉਣ ਦੇ ਦੋਵੇਂ ਕੰਮ ਭਾਰੀ ਤਰੱਦਦ ਅਤੇ ਸਮੂਹਕ ਮਿਹਨਤ ਦੀ ਮੰਗ ਕਰਦੇ ਹਨ ਜਿਸ ਵਾਸਤੇ ਵਿਆਪਕ ਤੇ ਜ਼ੋਰਦਾਰ ਮੁਹਿੰਮ ਦੀ ਜ਼ਰੂਰਤ ਮਹਿਸੂਸ ਕੀਤੀ ਗਈ।

ਰਸੋਈ ਘਰ ਤੋਂ ਵਾਪਸ ਆਉਂਦਿਆਂ ਐਤੂ ਮੇਰੇ ਨਾਲ ਹੋ ਲਿਆ। ਐਤੂ ਪੰਜਾਬੀ ਨਾਮ ਵੀ ਹੈ। ਐਤਵਾਰ ਪੈਦਾ ਹੋਇਆ ਹੋਵੇਗਾ ਐਤੂ, ਤਾਂ ਹੀ ਮਾਪਿਆਂ ਨੇ ਇਹ ਨਾਮ ਰੱਖਿਆ ਹੋਵੇਗਾ; ਪਰ ਨਹੀਂ, ਉਹ ਐਤਵਾਰ ਪੈਦਾ ਨਹੀਂ ਸੀ ਹੋਇਆ। ਉਸ ਨੇ ਇਹ ਨਾਂ ਆਪਣੇ ਲਈ ਖ਼ੁਦ ਚੁਣਿਆ ਸੀ। ਉਸ ਦੇ ਬਹੁਤ ਪਿਆਰੇ ਮਿੱਤਰ ਦਾ ਨਾਮ ਸੀ ਐਤੂ। ਉਸ ਸ਼ਹੀਦ ਹੋ ਚੁੱਕੇ ਮਿੱਤਰ ਦਾ ਕਾਜ਼ ਅੱਗੇ ਤੋਰਨ ਲਈ ਉਸ ਨੇ ਇਹ ਨਾਂ ਅਪਨਾ ਲਿਆ। ਐਤੂ ਬਹੁਤ ਪੜ੍ਹਿਆ ਹੋਇਆ ਹੈ। ਸਾਇੰਸ ਦੇ ਇਕ ਵਿਸ਼ੇ ਵਿਚ ਉਹ ਮਾਹਰ ਹੈ ਪਰ ਸਾਇੰਸਦਾਨਾਂ ਵਾਂਗ ਠੰਢਾ, ਇਕੋ ਲੀਕੇ ਤੁਰੇ ਜਾਣ ਵਾਲਾ ਅਤੇ ਆਪਣੇ ਆਲੇ ਦੁਆਲੇ ਦੇ ਸਮਾਜ ਤੋਂ ਨਿਰਲੇਪ ਰਹਿਣ ਵਾਲਾ ਨਹੀਂ ਹੈ। ਜਦ ਬੋਲੇਗਾ ਤਾਂ ਹਰ ਗੱਲ ਦਿਲੋਂ ਬੋਲੇਗਾ। ਗੁੱਸਾ ਵੀ ਅਸਲੀ, ਪਿਆਰ ਵੀ ਅਸਲੀ। ਉਹ ਹੈਰਾਨ ਹੁੰਦਾ ਹੈ ਕਿ ਇਨਸਾਨ ਅਜਿਹਾ ਢੰਗ ਕਿਵੇਂ ਸਿੱਖ ਜਾਂਦੇ ਹਨ। ਜਦ ਕੋਈ ਅਸਲੀਅਤ ਨੂੰ ਛੁਪਾਉਂਦਾ ਹੈ ਤਾਂ ਉਸ ਨੂੰ ਗੁੱਸਾ ਚੜ੍ਹ ਜਾਂਦਾ ਹੈ। ਜਦ ਤੁਹਾਨੂੰ ਪਹਿਲੀ ਵਾਰ ਵੀ ਮਿਲੇਗਾ ਤਾਂ ਪੂਰੀ ਬੇਬਾਕੀ ਨਾਲ, ਆਪਣਾ ਬਣ ਕੇ, ਮੁਸਕਰਾਹਟਾਂ ਖਿਲਾਰਦਾ ਹੋਇਆ। ਤੁਸੀਂ ਚੱਕਰ 'ਚ ਪੈ ਜਾਵੋਗੇ ਕਿ ਉਹ ਤੁਹਾਨੂੰ ਸ਼ਾਇਦ ਪਹਿਲਾਂ ਜਾਣਦਾ ਹੈ, ਇਸ ਲਈ ਐਨੀ ਖ਼ੁਸ਼ੀ ਜ਼ਾਹਰ ਕਰ ਰਿਹਾ ਹੈ; ਪਰ ਇਹ ਉਸ ਦਾ ਤਰੀਕਾ ਹੈ, ਜ਼ਿੰਦਗੀ ਦਾ ਤੌਰ ਹੈ। ਉਹ ਤੁਹਾਡੇ ਉਤੇ ਵਿਸ਼ਵਾਸ ਕਰਦਿਆਂ ਤੁਹਾਨੂੰ ਮਿਲ ਸਕਦਾ ਹੈ। ਇਸ ਲਈ ਉਸ ਦੇ ਚਿਹਰੇ ਉਤੇ ਤੁਸੀਂ ਅਪਣੱਤ ਫੈਲੀ ਹੋਈ ਦੇਖਦੇ ਹੋ। ਪੁਰਾਣੀ ਕਹਾਵਤ ਹੈ ਕਿ ਆਦਮੀ ਦਾ ਚਿਹਰਾ ਉਸ ਦਾ ਸ਼ੀਸ਼ਾ ਹੁੰਦਾ ਹੈ ਜਿਹੜਾ ਉਸ ਦੇ ਅੰਦਰ ਦਾ ਹਾਲ ਬਾਹਰ ਪ੍ਰਤੀਬਿੰਬਤ ਕਰ ਦੇਂਦਾ ਹੈ। ਅੱਜ ਇਹ ਕਹਾਵਤ ਬੇਸ਼ੱਕ ਪਹਿਲਾਂ ਵਾਂਗ ਸੱਚੀ ਨਹੀਂ ਰਹੀ! ਚਿਹਰਿਆਂ ਨੂੰ ਅਕਸਰ ਹੀ ਧੋਖਾ ਦੇਣ ਵਾਸਤੇ ਵਰਤਿਆ ਜਾਣ ਲੱਗਾ ਹੈ। ਕਈ ਤਰ੍ਹਾਂ ਦੇ ਲੇਪ ਈਜਾਦ ਹੋ ਗਏ ਹਨ ਜਿਨ੍ਹਾਂ ਨੂੰ ਮਲ ਕੇ ਆਦਮੀ ਬਾਹਰ ਨਿਕਲਦਾ ਹੈ, ਜਾਂ ਇਹ ਜੇਬ ਵਿਚ ਰੱਖਦਾ ਹੈ ਅਤੇ ਜਦ ਕਿਸੇ ਨੂੰ ਮਿਲਣ ਲੱਗੇ ਤਾਂ ਮੂੰਹ 'ਤੇ ਮਲ ਲੈਂਦਾ ਹੈ। ਅੰਦਰੋਂ ਹੋਰ, ਬਾਹਰੋਂ ਹੋਰ! ਅਮਰੀਕਾ ਤੱਕ ਦਾ ਪ੍ਰਧਾਨ ਟੀ.ਵੀ. 'ਤੇ ਜਾਣ ਤੋਂ ਪਹਿਲਾਂ ਕਈ ਵਾਰ ਮੁਦਰਾਵਾਂ ਰਾਹੀਂ ਇਨ੍ਹਾਂ ਲੇਪਾਂ ਦੀ ਰਿਹਰਸਲ ਕਰਦਾ ਹੈ ਤਾਂ ਕਿ ਉਨ੍ਹਾਂ ਨੂੰ ਪ੍ਰਭਾਵਤ ਕਰ ਸਕੇ; ਪਰ, ਐਤੂ ਉਸ ਪੁਰਾਤਨ ਕਹਾਵਤ ਦਾ ਅੱਜ ਦਾ ਮੁਜੱਸਮਾ ਹੈ।

"ਐਤੂ ਭਾਈ, ਤੂੰ ਤਾਂ ਬੰਦਾ ਨਹੀਂ ਮਾਰ ਸਕਦਾ।" ਤੰਬੂ ਵੱਲ ਤੁਰੇ ਜਾਂਦਿਆਂ ਮੈਂ ਕਿਹਾ।

"ਏ.. ਏ!" ਐਨਕ ਨੂੰ ਉਂਗਲ ਨਾਲ ਰੁਖ਼ ਸਿਰ ਕਰਦਿਆਂ ਉਸ ਨੇ ਮੇਰੇ ਵੱਲ ਦੇਖਿਆ। "ਇਹ ਨਾ ਸਮਝੋ ਕਿ ਮੈਂ ਅਜਿਹਾ ਨਹੀਂ ਕਰ ਸਕਦਾ। ਜਦ ਮੌਕਾ ਆਇਆ ਤਾਂ ਮੈਂ ਚੰਗਾ ਨਿਸ਼ਾਨਚੀ ਸਾਬਤ ਹੋਵਾਂਗਾ। ਦੇਖ ਲੈਣਾ, ਕਈਆਂ ਨੂੰ ਫੁੰਡਾਂਗਾ।" ਉਸ ਅੰਦਰ ਜਿੰਨਾ ਪਿਆਰ ਭਰਿਆ ਹੋਇਆ ਹੈ, ਓਨੀ ਹੀ ਨਫ਼ਰਤ ਵੀ ਹੈ। ਗੁੱਸੇ ਵਿਚ ਜਦ ਉਹ ਸੂਹਾ ਹੋ ਜਾਂਦਾ ਹੈ ਤਾਂ ਉਸ ਦਾ ਹੇਠਲਾ ਬੁੱਲ੍ਹ ਅਜੀਬ ਤਰ੍ਹਾਂ ਦਾ ਮਰੋੜਾ ਖਾ ਜਾਂਦਾ ਹੈ। ਪਰ ਹੁਣ ਉਹ ਖ਼ੁਸ਼ੀ ਦੇ ਰੌਂਅ ਵਿਚ ਸੀ, ਇਸ ਲਈ ਇਹ ਯਕੀਨ ਕਰਨਾ ਮੁਸ਼ਕਲ ਸੀ ਕਿ ਉਹ ਵਾਕਈ ਚੰਗਾ ਨਿਸ਼ਾਨਚੀ ਸਾਬਤ ਹੋਵੇਗਾ। ਬੇਸ਼ੱਕ, ਉਸ ਦੇ ਲੱਕ ਉਤੇ ਬੱਝੀ ਕਾਰਤੂਸਾਂ ਦੀ ਪੇਟੀ ਪੂਰੀ ਤਰ੍ਹਾਂ ਕੱਸੀ ਹੋਈ ਸੀ, ਰਾਈਫ਼ਲ ਵਿਚ ਮੈਗਜ਼ੀਨ ਫਿੱਟ ਸੀ ਅਤੇ ਮਾਓ ਕੈਪ ਨੇ ਉਸ ਦੇ ਵੱਡੇ ਸਾਰੇ ਸਿਰ ਨੂੰ ਕੱਸ ਕੇ ਫੜਿਆ ਹੋਇਆ ਸੀ। ਤੁਸੀਂ ਪੇਟੀ ਤੇ ਰਾਈਫ਼ਲ ਉਸ ਕੋਲੋਂ ਲੈ ਲਵੋ ਤਾਂ ਤੁਹਾਨੂੰ ਉਹ ਆਰਕਿਆਲੋਜੀ ਦਾ ਜਨੂੰਨੀ ਖੋਜਕਾਰ ਪ੍ਰਤੀਤ ਹੋਣ ਲੱਗੇਗਾ ਜਿਹੜਾ ਪੱਥਰਾਂ ਹੇਠ ਲੁਕੀ ਕਿਸੇ ਪੁਰਾਣੀ ਸਭਿਅਤਾ ਦੀ ਤਲਾਸ਼ ਵਿਚ ਗਵਾਚਿਆ ਜੰਗਲਾਂ ਵਿਚ ਘੁੰਮ ਰਿਹਾ ਹੋਵੇ। ਉਚ-ਵਿਦਿਆ ਹਾਸਲ ਕਰਨ ਪਿਛੋਂ ਉਸ ਨੇ ਸੋਚ ਲਿਆ ਸੀ ਕਿ ਉਸ ਦੇ ਨੌਕਰੀ ਕਰਨ ਨਾਲ ਉਸ ਅੰਦਰਲੇ ਸਾਇੰਸ-ਗਿਆਨ ਦਾ ਫ਼ਾਇਦਾ ਉਨ੍ਹਾਂ ਲੋਕਾਂ ਤੱਕ ਨਹੀਂ ਪਹੁੰਚੇਗਾ ਜਿਨ੍ਹਾਂ ਨੂੰ ਇਸ ਦੀ ਲੋੜ ਹੈ। ਸੋ ਉਸ ਨੇ ਸਿੱਧਾ ਲੋਕਾਂ ਤੱਕ ਪਹੁੰਚਣ ਦਾ ਰਾਹ ਲਿਆ ਅਤੇ ਏਥੇ ਜੰਗਲ ਵਿਚ ਆ ਬਿਰਾਜਮਾਨ ਹੋਇਆ। ਇਕ ਮੁਰਗੀ ਤੋਂ ਪੋਲਟਰੀ ਫਾਰਮ ਖੜ੍ਹਾ ਕਰਨ ਨੂੰ ਕੋਈ ਸ਼ੇਖ-ਚਿੱਲੀ ਦਾ ਸੁਪਨਾ ਕਹਿ ਸਕਦਾ ਹੈ, ਪਰ ਐਤੂ ਸ਼ੇਖ-ਚਿੱਲੀ ਨਹੀਂ ਹੈ, ਉਹ ਸੁਪਨ-ਸਾਜ਼ ਹੈ। ਉਹ ਇਨ੍ਹਾਂ ਸੁਪਨਿਆਂ ਨੂੰ ਹਕੀਕਤ 'ਚ ਢਾਲਣ ਦੀਆਂ ਯੋਜਨਾਵਾਂ ਘੜ ਰਿਹਾ ਹੈ। ਮਸਲਨ, ਜੰਗਲ ਦੀ ਉਪਜ ਦੀ ਖਪਤ ਜੰਗਲ ਵਿਚ ਹੀ ਕਿਵੇਂ ਯਕੀਨੀ ਬਣਾਈ ਜਾਵੇ। ਇਹ ਮਹਾਨ ਸੁਪਨਾ ਹੈ, ਆਤਮ-ਨਿਰਭਰਤਾ ਅਤੇ ਸਵੈ-ਵਸੀਲਿਆਂ ਉਤੇ ਆਧਾਰਤ ਵਿਕਾਸ ਦਾ ਸੁਪਨਾ, ਜਿਵੇਂ ਇਹ ਮਾਓ ਦੇ ਚੀਨ ਵਿਚ ਵਾਪਰਿਆ।

ਐਤੂ ਦੇ ਤੰਬੂ ਵੱਲ ਜਾਂਦੀ ਲੀਹ ਜਿਥੇ ਪਾਟਦੀ ਸੀ, ਉਥੋਂ ਉਸ ਦੇ ਕਦਮ ਉਧਰ ਨੂੰ ਨਹੀਂ ਮੁੜੇ। ਉਹ ਮੇਰੇ ਨਾਲ ਹੀ ਸਾਡੇ ਤੰਬੂ ਵੱਲ ਚਲਾ ਆਇਆ। ਤੰਬੂ ਅੰਦਰ ਲੱਕੜ ਸੁਲਘਦੀ ਵੇਖ ਉਹ ਹੱਸਿਆ, "ਸੋ ਤੁਸੀਂ ਅੰਦਰ ਹੀ ਅੱਗ ਬਾਲ ਰੱਖੀ ਹੈ; ਬਹੁਤ ਸਾਰੇ ਲੋਕ ਜਦ ਜੰਗਲ ਵਿਚ ਆਉਂਦੇ ਹਨ ਤਾਂ ਉਹ ਅਜਿਹਾ ਹੀ ਕਰਦੇ ਹਨ। ਅੱਗ ਬਾਲਣ ਤੋਂ ਪ੍ਰਹੇਜ਼ ਕਰਦੇ ਹਨ ਕਿ ਦੁਸ਼ਮਣ ਧੂੰਆਂ ਦੇਖ ਲਵੇਗਾ ਤੇ ਹਮਲਾ ਕਰ ਦੇਵੇਗਾ। ਏਥੇ ਅਜਿਹਾ ਕੁਝ ਨਹੀਂ ਹੋਵੇਗਾ। ਦੂਰ ਦੂਰ ਤੱਕ ਚਾਰੇ ਪਾਸੇ ਆਪਣੇ ਹੀ ਪਿੰਡ ਹਨ ਤੇ ਆਪਣੇ ਹੀ ਲੋਕ। ਹਰ ਪਿੰਡ ਵਿਚ ਮਿਲੀਸ਼ੀਆ ਹੈ ਤੇ ਥਾਂ ਥਾਂ ਗੁਰੀਲਾ ਟੁਕੜੀਆਂ ਮੌਜੂਦ ਹਨ। ਅਸੀਂ ਸੁਰੱਖਿਆ ਦਾ ਖਿਆਲ ਰੱਖਦੇ ਹਾਂ, ਪਰ ਇਹ ਨਹੀਂ ਕਿ ਅੱਗ ਨੂੰ ਵੀ ਤੰਬੂ ਦੇ ਅੰਦਰ ਹੀ ਬਾਲ ਲਈਏ। ਜਿਸ ਜਗ੍ਹਾ ਇਹ ਨਹੀਂ ਬਲ ਸਕਦੀ ਹੋਵੇਗੀ, ਉਥੇ ਨਾ ਇਹ ਤੰਬੂ ਦੇ ਬਾਹਰ ਬਲੇਗੀ, ਨਾ ਅੰਦਰ। ਦੇਖਿਆ ਨਹੀਂ ਜੇ ਰਸੋਈ ਉਪਰ ਸਿੱਧਾ ਆਕਾਸ਼ ਹੈ ਤੇ ਕਿਵੇਂ ਲਾਂਬੂ ਉਠਦੇ ਨੇ? ਧੂੰਏਂ ਨਾਲ ਅੱਖਾਂ ਖ਼ਰਾਬ ਨਾ ਕਰੋ, ਮਜ਼ੇ ਨਾਲ ਖੁੱਲ੍ਹੇ ਵਿਚ ਬਾਲੋ ਤੇ ਸੇਕਣ ਦਾ ਆਨੰਦ ਲਓ!"

ਬਸਤਰ ਦੇ ਜੰਗਲਾਂ ਵਿਚ ਅੱਗ ਥਾਂ ਥਾਂ ਉਤੇ ਬਲਦੀ ਹੈ। ਚੁੱਲ੍ਹੇ ਅਕਸਰ ਖੁੱਲ੍ਹੇ ਆਕਾਸ਼ ਹੇਠ ਹੁੰਦੇ ਹਨ। ਸੌਣ ਦਾ ਰਿਵਾਜ ਵੀ ਅਜਿਹਾ ਹੈ ਕਿ ਲੋਕ ਝੌਂਪੜੀ ਦੇ ਅੰਦਰ ਨਹੀਂ ਸੌਂਦੇ। ਉਹ ਵਿਹੜੇ ਵਿਚ ਹੀ ਅੱਗ ਬਾਲ ਲੈਂਦੇ ਹਨ ਤੇ ਉਸ ਦੇ ਚਾਰੇ ਪਾਸੇ ਸਫ਼ਾਂ ਵਿਛਾ ਕੇ ਉਨ੍ਹਾਂ ਉਤੇ ਸੌਂ ਜਾਂਦੇ ਹਨ। ਭਾਵੇਂ ਕਿੰਨੀ ਵੀ ਠੰਢ ਹੋਵੇ, ਉਹ ਅੰਦਰ ਨਹੀਂ ਸੌਣਗੇ। ਅੱਗ ਜੰਗਲ ਦੀ ਜ਼ਿੰਦਗੀ ਦਾ ਹਿੱਸਾ ਹੈ। ਜਦ ਇਕ ਵਾਰ ਲੱਕੜ ਦੀ ਕਿਸੇ ਗੇਲੀ ਜਾਂ ਮੁੱਢ ਨੂੰ ਅੱਗ ਲਾ ਦਿੱਤੀ ਤਾਂ ਭਾਵੇਂ ਬੰਦਾ ਨੇੜੇ ਹੋਵੇ ਜਾਂ ਨਾ, ਉਸ ਨੇ ਧੁਖਦੇ ਹੀ ਰਹਿਣਾ ਹੈ। ਦੁਸ਼ਮਣ ਅੱਗ ਪਿਛੇ ਭਟਕਣ ਲੱਗੇਗਾ ਤਾਂ ਕਿਤੇ ਨਹੀਂ ਪਹੁੰਚ ਸਕੇਗਾ। ਅੱਗ ਤਾਂ ਚਾਰੇ ਪਾਸੇ ਹੈ। ਗੁਰੀਲੇ ਕਿੱਥੇ ਹਨ ਤੇ ਕਿੱਥੇ ਨਹੀਂ ਹਨ, ਇਹ ਅੱਗ ਦੀਆਂ ਲਾਟਾਂ ਨਹੀਂ ਦੱਸ ਸਕਦੀਆਂ। ਐਤੂ ਨੇ ਸਹੀ ਕਿਹਾ ਕਿ ਇਹ ਸਮੇਂ ਤੇ ਸਥਾਨ ਅਨੁਸਾਰ ਤੈਅ ਹੋਵੇਗਾ ਕਿ ਕਿਸ ਥਾਂ ਅੱਗ ਬਲੇਗੀ ਤੇ ਕਿਸ ਥਾਂ ਨਹੀਂ।

ਅੱਗ ਨੂੰ ਖੁੱਲ੍ਹੇ ਆਸਮਾਨ ਹੇਠ ਸਰਕਾ ਲਿਆ ਗਿਆ। ਸੁੱਕੀਆਂ ਪਤਲੀਆਂ ਟਾਹਣੀਆਂ ਅਤੇ ਕੁਝ ਪੱਤੇ ਸੁੱਟ ਕੇ ਐਤੂ ਨੇ ਦੋ ਫੂਕਾਂ ਨਾਲ ਲਾਟਾਂ ਖੜ੍ਹੀਆਂ ਕਰ ਦਿੱਤੀਆਂ। ਬਸਤਰ ਵਿਚ ਕਈ ਤਰ੍ਹਾਂ ਦੀ ਅੱਗ ਬਲਦੀ ਹੈ। ਢਿੱਡ ਦੀ, ਜੰਗਲ ਦੀ, ਇਨਕਲਾਬ ਦੀ। ਐਤੂ ਚਾਹੁੰਦਾ ਹੈ ਕਿ ਸਾਰੀ ਦੁਨੀਆਂ ਇਸ ਨੂੰ ਦੇਖੇ, ਇਸ ਦੀਆਂ ਲਾਟਾਂ ਜਿੰਨੀਆਂ ਵੀ ਉਚੀਆਂ ਜਾਣ, ਓਨਾ ਹੀ ਚੰਗਾ ਹੈ। ਢਿੱਡ ਦੀ ਅੱਗ ਉਸ ਚਿਖ਼ਾ ਵਰਗੀ ਹੈ ਜਿਸ ਅੰਦਰ ਜਿਉਂਦਾ ਇਨਸਾਨ ਸੜਦਾ ਹੈ।

ਸਾਗਵਾਨ, ਬਾਂਸ ਤੇ ਦੂਸਰੀ ਹਰ ਤਰ੍ਹਾਂ ਦੀ ਵਣ-ਉਪਜ ਦੀ ਅੱਗ ਠੇਕੇਦਾਰਾਂ ਤੇ ਵਪਾਰੀਆਂ ਦੇ ਘਰਾਂ ਨੂੰ ਨਿੱਘਾ ਰੱਖਦੀ ਹੈ ਤੇ ਬਸਤਰ ਨੂੰ ਉਜਾੜ ਦੇਂਦੀ ਹੈ। ਤੀਸਰੀ ਅੱਗ ਦੀ ਗਰਮਾਇਸ਼ ਵਿਚੋਂ ਅਸੀਂ ਗੁਜ਼ਰਦੇ ਜਾਵਾਂਗੇ ਜਿਉਂ ਜਿਉਂ ਸਫ਼ੇ ਪਲਟਦੇ ਜਾਵਾਂਗੇ। ਤਿੰਨਾਂ ਅੱਗਾਂ ਨੇ ਅਜੀਬ ਤਰ੍ਹਾਂ ਦੇ ਰੂਪ ਤੇ ਆਕਾਰ ਗ੍ਰਹਿਣ ਕੀਤੇ ਹੋਏ ਹਨ। ਕਿਤੇ ਇਹੀ ਉਦਾਸੀ, ਬੇਵਸੀ ਤੇ ਅੱਖਾਂ ਦੇ ਸੁੰਨੇਪਨ ਵਿਚ ਨਮੂਦਾਰ ਹੁੰਦੀ ਹੈ, ਕਿਤੇ ਸੱਪਾਂ ਦੀਆਂ ਅੱਗ ਉਗਲਦੀਆਂ ਜੀਭਾਂ ਵਰਗੀ ਡਰਾਉਣੀ ਸ਼ਕਲ ਬਣਾ ਲੈਂਦੀ ਹੈ ਤੇ ਕਿਤੇ ਮਸ਼ਾਲ ਦੀ ਰੌਸ਼ਨੀ ਵਾਂਗ ਜਲਵਾਗਰ ਹੁੰਦੀ ਹੈ। ਇਸ ਵਿਰਾਟ ਦਾਵਾਨਲ ਨੇ ਸਮੁੱਚੇ ਬਸਤਰ ਦੇ ਕਬਾਇਲੀ ਜੀਵਨ ਨੂੰ ਵਗਲ ਲਿਆ ਹੈ। ਸਿੱਟਾ ਕੀ ਨਿਕਲੇਗਾ? ਗੌਂਡ ਗੁਰੀਲਿਆਂ ਨੂੰ ਕਤੱਈ ਪ੍ਰਵਾਹ ਨਹੀਂ। ਉਹ ਸਿਰਫ਼ ਆਪਣੀਆਂ ਅੱਖਾਂ ਦੇ ਸੁੰਨੇਪਨ ਨੂੰ ਦੂਰ ਹੋਇਆ ਦੇਖਣਾ ਚਾਹੁੰਦੇ ਹਨ।

ਐਤੂ ਭਾਈ ਬਲ ਰਹੀ ਲੱਕੜ ਤੋਂ ਛਤਰੀਨੁਮਾ ਖੁੰਭ ਤੋੜਦਾ ਹੈ ਅਤੇ ਮੇਰੇ ਅੱਗੇ ਕਰ ਦੇਂਦਾ ਹੈ। ਮੈਂ ਉਸ ਨੂੰ ਲੈ ਕੇ ਇਹਤਿਆਤ ਨਾਲ ਉਸ ਉਤੇ ਉਂਗਲ ਫੇਰਦਾ ਹਾਂ, ਮਤਾਂ ਇਹ ਭੁਰ ਜਾਏ ਤੇ ਬਰਬਾਦ ਹੋ ਜਾਏ, ਪਰ ਮੈਂ ਦੇਖਦਾ ਹਾਂ ਕਿ ਇਹ ਤਾਂ ਸਖ਼ਤ ਹੈ, ਲੱਕੜ ਵਾਂਗ ਹੀ ਸਖ਼ਤ। ਅਜਿਹੀ ਖੁੰਭ ਮੈਂ ਪਹਿਲਾਂ ਕਦੇ ਨਹੀਂ ਵੇਖੀ।

"ਇਹ ਅਮਰੀਕਾ ਤੇ ਯੂਰਪ ਨੂੰ ਬਰਾਮਦ ਕੀਤੀ ਜਾਂਦੀ ਹੈ।" ਐਤੂ ਕਹਿੰਦਾ ਹੈ।

"ਦਵਾਈ ਬਣਦੀ ਹੋਵੇਗੀ?"

"ਨਹੀਂ। ਸਜਾਵਟ ਲਈ। ਗੈਸਟ ਰੂਮ ਤੇ ਦਫ਼ਤਰ ਸਜਾਉਣ ਲਈ। ਇਹ ਗਲਸੜ ਰਹੀ ਬਾਂਸ ਅਤੇ ਹੋਰ ਕਈ ਤਰ੍ਹਾਂ ਦੀ ਲੱਕੜ 'ਤੇ ਢੇਰਾਂ ਦੇ ਢੇਰ ਉਗਦੀ ਹੈ, ਉੱਲੀ ਵਾਂਗ। ਸਾਲਾਂ ਬੱਧੀ ਖ਼ਰਾਬ ਨਹੀਂ ਹੁੰਦੀ। ਇਹੀ ਚੀਜ਼ ਗਲਦੀ ਸੜਦੀ ਹੈ ਅਤੇ ਦੂਜੀ ਉਸ 'ਚੋਂ ਨਵੀਂ ਪੈਦਾ ਹੁੰਦੀ ਹੈ। ਇਹ ਕੁਦਰਤ ਦਾ ਅਸੂਲ ਹੈ। ਦੇਖੋ ਕਿੰਨੀ ਖ਼ੂਬਸੂਰਤ ਹੈ!"

"ਵਾਕੱਈ!" ਉਸ ਨੂੰ ਉਲਟ ਪਲਟ ਕੇ ਦੇਖਦਿਆਂ ਮੈਂ ਹੈਰਾਨ ਹੁੰਦਾ ਹਾਂ। ਸੋਚਦਾ ਹਾਂ ਕਿ ਕਬਾਇਲੀ ਲੋਕਾਂ ਨੂੰ ਇਸ ਦੀ ਕਾਫ਼ੀ ਕੀਮਤ ਮਿਲਦੀ ਹੋਵੇਗੀ ਜਿਹੜੀ ਸਾਡੇ ਸ਼ਹਿਰਾਂ ਵਿਚ ਤਾਂ ਦਿਖਾਈ ਨਹੀਂ ਦੇਂਦੀ, ਪਰ ਸਿੱਧੀ ਯੂਰਪ ਤੇ ਅਮਰੀਕਾ ਨੂੰ ਜਾਂਦੀ ਹੈ।

"ਨਹੀਂ। ਇਸ ਇਲਾਕੇ ਵਿਚੋਂ ਇਹ ਬਾਹਰ ਨਹੀਂ ਜਾਂਦੀ। ਨਾ ਹੀ ਕੋਈ ਜਾਣਦਾ ਹੈ ਕਿ ਇਸ ਦੀ ਕੀਮਤ ਮਿਲਦੀ ਹੈ। ਇਹ ਜੰਗਲ ਵਿਚ ਪਈ

(ਬਾਕੀ ਅਗਲੇ ਸਫੇ 'ਤੇ)



*ਬਸਤਰ ਵਿਚ ਕਈ ਤਰ੍ਹਾਂ ਦੀ ਅੱਗ ਬਲਦੀ ਹੈ। ਢਿੱਡ ਦੀ, ਜੰਗਲ ਦੀ, ਇਨਕਲਾਬ ਦੀ। ਐਤੂ ਚਾਹੁੰਦਾ ਹੈ ਕਿ ਸਾਰੀ ਦੁਨੀਆਂ ਇਸ ਨੂੰ ਦੇਖੇ, ਇਸ ਦੀਆਂ ਲਾਟਾਂ ਜਿੰਨੀਆਂ ਵੀ ਉੱਚੀਆਂ ਜਾਣ, ਓਨਾ ਹੀ ਚੰਗਾ ਹੈ। ਢਿੱਡ ਦੀ ਅੱਗ ਉਸ ਚਿਖ਼ਾ ਵਰਗੀ ਹੈ ਜਿਸ ਅੰਦਰ ਜਿਉਂਦਾ ਇਨਸਾਨ ਸੜਦਾ ਹੈ। ਸਾਗਵਾਨ, ਬਾਂਸ ਤੇ ਦੂਸਰੀ ਹਰ ਤਰ੍ਹਾਂ ਦੀ ਵਣ-ਉਪਜ ਦੀ ਅੱਗ ਠੇਕੇਦਾਰਾਂ ਤੇ ਵਪਾਰੀਆਂ ਦੇ ਘਰਾਂ ਨੂੰ ਨਿੱਘਾ ਰੱਖਦੀ ਹੈ ਤੇ ਬਸਤਰ ਨੂੰ ਉਜਾੜ ਦੇਂਦੀ ਹੈ। ਤੀਸਰੀ ਅੱਗ ਦੀ ਗਰਮਾਇਸ਼ ਵਿਚੋਂ ਅਸੀਂ ਗੁਜ਼ਰਦੇ ਜਾਵਾਂਗੇ ਜਿਉਂ ਜਿਉਂ ਸਫ਼ੇ ਪਲਟਦੇ ਜਾਵਾਂਗੇ। ਤਿੰਨਾਂ ਅੱਗਾਂ ਨੇ ਅਜੀਬ ਤਰ੍ਹਾਂ ਦੇ ਰੂਪ ਤੇ ਆਕਾਰ ਗ੍ਰਹਿਣ ਕੀਤੇ ਹੋਏ ਹਨ।*

# ਮੌਸਮ ਦਾ ਹਾਲ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਕੋਈ ਵੇਲਾ ਸੀ, ਆਕਾਸ਼ਵਾਣੀ ਜਲੰਧਰ ਦੇ ਦਿਹਾਤੀ ਪ੍ਰੋਗਰਾਮ ਦੇ ਖਾਤਮੇ ਤੇ ਮੁਣਸ਼ੀ ਜੀ ਮੌਸਮ ਦਾ ਹਾਲ ਸੁਣਾਇਆ ਕਰਦੇ। ਬੀਤੇ ਦਿਨ ਦੇ ਮੌਸਮ ਦਾ ਸਹੀ ਹਾਲ ਸੁਣਾ ਕੇ ਆਉਣ ਵਾਲੇ ਦਿਨ ਬਾਰੇ ਆਮ ਤੌਰ 'ਤੇ ਇਸ ਤਰ੍ਹਾਂ ਦੇ ਘਸੇ ਪਿਟੇ ਅਟਕਲ ਲਾਏ ਜਾਂਦੇ, "ਮੌਸਮ ਦੱਸਣ ਵਾਲੇ ਮਹਿਕਮੇ ਨੇ ਸੂਚਨਾ ਘੱਲੀ ਹੈ ਕਿ ਆਉਣ ਵਾਲੇ ਚੌਵੀ ਘੰਟਿਆਂ ਵਿਚ ਗਰਜ ਨਾਲ ਕਿਤੇ ਕਿਤੇ ਛਿੱਟੇ ਪੈਣ ਦੀ ਸੰਭਾਵਨਾ ਹੈ; ਆਮ ਤੌਰ 'ਤੇ ਮੌਸਮ ਖੁਸ਼ਕ ਹੀ ਰਹੇਗਾ।" ਆਕਾਸ਼ਵਾਣੀ ਵਿਚਾਰੀ ਕੀ ਕਰਦੀ, ਉਦੋਂ ਮੌਸਮ ਵਿਭਾਗ ਕੋਲ ਹੀ ਮੌਸਮ ਜਾਣਨ ਬਾਰੇ ਕੋਈ ਭਰੋਸੇਯੋਗ ਵਸੀਲੇ ਨਹੀਂ ਸਨ। ਹੈਰਾਨੀ ਹੁੰਦੀ ਹੈ ਕਿ ਅੱਜ ਇਸ ਵਿਭਾਗ ਦੇ ਵਸੀਲੇ ਕਿੰਨੇ ਵਿਗਿਆਨਕ ਹੋ ਗਏ ਹਨ ਤੇ ਮੌਸਮ ਦੀ ਭਵਿੱਖਵਾਣੀ ਕਾਫੀ ਹੱਦ ਤੱਕ ਸਹੀ ਹੁੰਦੀ ਹੈ।

ਅੱਜ ਮੈਂ ਮੌਸਮ ਸ਼ਬਦ ਦਾ ਹਾਲ ਸੁਣਾਉਣ ਲੱਗਾ ਹਾਂ। ਮੁਖ ਤੌਰ 'ਤੇ ਮੌਸਮ ਦੇ ਦੋ ਅਰਥ ਹਨ। ਪਹਿਲਾ, ਰੁੱਤ ਜਿਨ੍ਹਾਂ ਦੀ ਭਾਰਤ ਵਿਚ ਗਿਣਤੀ ਛੇ ਹੈ। ਇਸ ਅਰਥ ਵਿਚ ਮੌਸਮ ਨੇ ਰੁੱਤ ਨੂੰ ਕਾਫੀ ਹੱਦ ਤੱਕ ਵਰਤੋਂ ਤੋਂ ਬਾਹਰ ਕਰ ਦਿੱਤਾ ਹੈ। ਇਹ ਮੌਸਮ ਧਰਤੀ ਦੇ ਸੂਰਜ ਦੁਆਲੇ ਘੁੰਮਣ ਦੀ ਪਰਿਧੀ ਨਾਲ ਸਬੰਧਤ ਹੈ। ਗਰਮੀਆਂ ਵਿਚ ਸੂਰਜ ਧਰਤੀ ਦੇ ਨੇੜੇ ਹੁੰਦਾ ਹੈ ਤੇ ਸਰਦੀਆਂ ਵਿਚ ਦੂਰ। ਦੂਸਰਾ ਅਰਥ ਹੈ, ਨਿੱਤ ਦਾ ਵਾਤਾਵਰਣ ਜਿਸ ਨੂੰ ਅੰਗਰੇਜ਼ੀ ਵਿਚ ਵੈਦਰ ਆਖਦੇ ਹਨ, ਗੀਤ ਹੈ, 'ਆਜ ਮੌਸਮ ਬੜਾ ਬੇਈਮਾਨ ਹੈ।' ਇਹ ਸੀਮਾ ਦੇ ਅੰਦਰ ਰੋਜ਼ ਥੋੜਾ ਬਾਹਲਾ ਬਦਲਦਾ ਰਹਿੰਦਾ ਹੈ। ਪਹਿਲੇ ਅਰਥ ਲਈ ਸਾਡੇ ਕੋਲ ਰੁੱਤ ਸ਼ਬਦ ਵੀ ਮੌਜੂਦ ਹੋਣ ਕਾਰਨ ਮੌਸਮ ਸ਼ਬਦ ਆਮ ਤੌਰ 'ਤੇ ਦੂਜੇ ਅਰਥਾਂ ਵਿਚ ਵਧੇਰੇ ਵਰਤਿਆ ਜਾਣ ਲੱਗਾ। ਮੌਸਮ ਦਾ ਤੀਜਾ ਅਰਥ ਹੈ, ਅਨੁਕੂਲ ਸਮਾਂ। ਮੌਸਮ ਤੋਂ ਵਿਸ਼ੇਸ਼ਣ ਬਣਿਆ ਮੌਸਮੀ ਜਿਸ ਦਾ ਅਰਥ ਹੈ, ਮੌਸਮ ਜਾਂ ਸਮੇਂ ਦੇ ਅਨੁਕੂਲ, ਕਿਸੇ ਖਾਸ ਮੌਸਮ 'ਤੇ ਹੋਣ ਵਾਲਾ, ਰੁੱਤ ਸਬੰਧੀ ਜਿਵੇਂ ਮੌਸਮੀ ਫਲ, ਮੌਸਮੀ ਬੁਖਾਰ, ਮੌਸਮੀ ਬੀਮਾਰੀ, ਮੌਸਮੀ ਤਿਉਹਾਰ। ਸੂਰਜੀ ਸਾਲ ਨੂੰ ਮੌਸਮੀ ਸਾਲ ਵੀ ਕਿਹਾ ਜਾਂਦਾ ਹੈ। ਮੌਸਮੀ ਸ਼ਬਦ ਵਿਚ ਮੌਕਾਪ੍ਰਸਤ ਦੇ ਭਾਵ ਵੀ ਹਨ ਜਿਵੇਂ ਮੌਸਮੀ ਬਟੇਰੇ ਜਾਂ ਡੱਡੂ ਜੋ ਸਾਜ਼ਗਾਰ ਮੌਕੇ ਜਾਂ ਮੌਸਮ ਸਮੇਂ ਹੀ ਪ੍ਰਗਟ ਹੁੰਦੇ ਹਨ। ਦੱਸਣਾ ਬਣਦਾ ਹੈ ਕਿ ਮੁਸੰਮੀ ਜਾਂ ਮੌਸਮੀ ਦੇ ਨਾਂ ਨਾਲ ਜਾਣੇ ਜਾਂਦੇ ਮਿੱਠੇ ਨਿੰਬੂ ਜਿਹੇ ਫਲ ਦੇ ਇਸ ਨਾਂ ਦਾ ਮੌਸਮ ਨਾਲ ਕੋਈ ਸਬੰਧ ਨਹੀਂ। ਇਹ ਫਲ ਮੋਜ਼ੰਬੀਕ ਦੇਸ਼ ਤੋਂ ਆਇਆ ਸੀ ਇਸ ਲਈ ਇਸ ਦਾ ਇਹ ਨਾਂ ਪਿਆ। ਹਿੰਦੀ ਤੇ ਕੁਝ ਹੋਰ ਭਾਸ਼ਾਵਾਂ ਵਿਚ ਇਸ ਨੂੰ ਮਸੰਬੀ ਕਿਹਾ ਜਾਂਦਾ ਹੈ: ਮੋਜ਼ੰਬੀਕ >ਮੁਸੰਬੀ>ਮੁਸੰਮੀ>ਮੌਸਮੀ। ਮਜ਼ੇ ਦੀ ਗੱਲ ਹੈ ਕਿ ਮੌਸਮ ਤੋਂ ਮੌਸਮਾ ਵਿਸ਼ੇਸ਼ਣ ਨਹੀਂ ਚੱਲਦਾ ਜਦ ਕਿ ਮੌਸਮੀ ਦਾ ਉਲਟ ਬੇਮੌਸਮਾ ਵੀ ਹੈ, ਬੇਮੌਸਮੀ ਵੀ ਜਿਵੇਂ ਬੇਮੌਸਮਾ ਮੀਂਹ ਤੇ ਬੇਮੌਸਮੀ ਵਰਖਾ।

ਮੌਸਮ ਅਰਬੀ ਦਾ ਸ਼ਬਦ ਹੈ ਜਿਸ ਵਿਚ ਇਸ ਦਾ ਉਚਾਰਣ ਮੌਸਿਮ ਹੈ। ਇਹ ਫਾਰਸੀ ਵਿਚ ਹੁੰਦਾ ਹੋਇਆ ਭਾਰਤੀ ਭਾਸ਼ਾਵਾਂ ਵਿਚ ਦਾਖਲ ਹੋਇਆ। ਮੌਸਮ ਸ਼ਬਦ ਥੋੜੇ ਬਹੁਤੇ ਫਰਕ ਨਾਲ ਦੁਨੀਆਂ ਦੀਆਂ ਕਈ ਹੋਰ ਭਾਸ਼ਾਵਾਂ ਜਿਵੇਂ ਮਲੇਸ਼ਿਆਈ, ਇੰਡੋਨੇਸ਼ਿਆਈ, ਉਜ਼ਬੇਕ, ਕਜ਼ਾਖ, ਸਵਾਹਲੀ ਆਦਿ ਵਿਚ ਵੀ ਬੋਲਿਆ ਜਾਂਦਾ ਹੈ। ਭਾਵੇਂ ਅਰਬੀ ਵਿਚ ਮੌਸਿਮ ਦਾ ਮੁੱਖ ਅਰਥ ਰੁੱਤ ਹੈ ਪਰ ਇਸ ਸ਼ਬਦ ਦੀ ਵਿਆਪਕ ਅਰਥਾਂ



ਵਿਚ ਵਰਤੋਂ ਹੁੰਦੀ ਹੈ। ਇਸ ਵਿਚ ਤਿਉਹਾਰ ਦੇ ਭਾਵ ਹਨ, ਖਾਸ ਤੌਰ 'ਤੇ ਹੱਜ ਦੇ। ਇਸ ਤੋਂ ਬਿਨਾਂ ਇਸ ਦਾ ਅਰਥ ਮਿਥਿਆ ਸਮਾਂ ਅਤੇ ਵਾਢੀ ਵੀ ਹੈ। ਦਰਅਸਲ ਕਿਸੇ ਵੀ ਤੀਬਰ ਸਰਗਰਮੀ ਦੇ ਸਮੇਂ ਨੂੰ ਮੌਸਿਮ ਕਹਿ ਲਿਆ ਜਾਂਦਾ ਹੈ ਜਿਵੇਂ ਖੇਡਾਂ ਦਾ ਮੌਸਮ। ਲੈਬਨਾਨ ਵਿਚ ਮੌਸਿਮ ਦਾ ਅਰਥ ਰੇਸ਼ਮ ਦਾ ਕੰਮ ਵਿੱਢਣ ਦਾ ਸੀਜ਼ਨ ਹੈ। ਇਹ ਸ਼ਬਦ ਅਰਬੀ ਵਸਾਮਾ ਤੋਂ ਬਣਿਆ ਹੈ ਜਿਸ ਵਿਚ ਨਿਸ਼ਾਨ, ਚਿੰਨ੍ਹ, ਦਾਗ, ਵਿਸ਼ੇਸ਼ਤਾ, ਨਕਸ਼, ਲੱਛਣ, ਸੰਕੇਤ, ਭਾਂਪਣ, ਤਾੜਨ ਆਦਿ ਦੇ ਭਾਵ ਹਨ। ਜ਼ਰਾ ਧਿਆਨ ਨਾਲ ਸੋਚੋ ਮੌਸਮ ਕਈ ਇਕ ਚਿੰਨ੍ਹਾਂ ਜਾ ਲੱਛਣਾਂ ਨਾਲ ਜਾਣਿਆ ਜਾਂਦਾ ਹੈ ਜਿਵੇਂ ਬੱਦਲਵਾਈ, ਨਿੰਬਲ, ਹਵਾ ਦਾ ਚੱਲਣਾ ਤੇ ਇਸ ਦਾ ਰੁੱਖ, ਤਾਪਮਾਨ ਆਦਿ। ਅਸੀਂ ਇਹ ਨਿਸ਼ਾਨੀਆਂ ਸ਼ਗਨ ਦੀ ਤਰ੍ਹਾਂ ਸਾਜ਼ਗਾਰ ਮੌਸਮ ਦੀ ਤਾਕ ਵਿਚ ਭਾਂਪਦੇ ਜਾਂ ਤਾੜਦੇ ਰਹਿੰਦੇ ਹਾਂ ਤੇ ਇਸ ਤਰ੍ਹਾਂ ਥੋੜੀ ਬਹੁਤੀ ਭਵਿੱਖਵਾਣੀ ਵੀ ਹੋ ਜਾਂਦੀ ਹੈ ਜਿਵੇਂ ਹੁੱਟ ਹੋਵੇ ਤਾਂ ਮੀਂਹ ਆ ਸਕਦਾ ਹੈ। ਵਿਗਿਆਨਕ ਉਪਕਰਣਾਂ ਨਾਲ ਬਹੁਤ ਸਾਰੀਆਂ ਪਲ ਪਲ ਬਦਲਦੀਆਂ ਸਥਿਤੀਆਂ ਭਾਂਪ ਕੇ ਅਤੇ ਇਸ ਦਾ ਵਿਸ਼ਲੇਸ਼ਣ ਕਰ ਕੇ ਮੌਸਮ ਦੀ ਪੇਸ਼ੀਨਗੋਈ ਕੀਤੀ ਜਾਂਦੀ ਹੈ। ਇਸ ਤਰ੍ਹਾਂ ਵਸਾਮਾ ਸ਼ਬਦ ਦੇ ਚਿੰਨ੍ਹ ਅਤੇ ਭਾਂਪਣ ਦੇ ਭਾਵ ਇਕਮਿੱਕ ਹੋ ਕੇ ਮੌਸਮ ਬਣ ਜਾਂਦਾ ਹੈ। ਇਸ ਸ਼ਬਦ ਦਾ ਸਬੰਧ ਸਾਮੀ ਧਾਤੂ ਵ-ਸ-ਮ (ਵਾ-ਸੀਨ-ਮੀਮ) ਨਾਲ ਹੈ ਜਿਸ ਵਿਚ ਅਨੁਕੂਲ ਹੋਣਾ, ਢੁਕਵਾਂ ਹੋਣਾ, ਆਦਿ ਦੇ ਭਾਵ ਹਨ। ਇਸ ਮੂਲ ਤੋਂ ਹੋਰ ਸਾਮੀ ਭਾਸ਼ਾਵਾਂ ਵਿਚ ਵੀ ਕਈ ਸ਼ਬਦ ਬਣੇ ਹਨ ਜਿਵੇਂ ਮਈ-ਜੂਨ ਦੇ ਬਰਾਬਰ ਯਹੂਦੀ ਮਹੀਨੇ ਲਈ ਹਿਬਰੂ ਸ਼ਬਦ ਦਾ ਨਾਂ 'ਸਿਵਾਨ' ਅਤੇ ਸਮੇਂ ਦੇ ਅਰਥਾਂ ਵਾਲਾ 'ਜ਼ਮਾਨਾ' ਲਫਜ਼। ਪਰ ਇਨ੍ਹਾਂ ਦੀ ਵਿਸਤਾਰ ਵਿਚ ਚਰਚਾ ਦੀ ਅਜੇ ਗੁੰਜਾਇਸ਼ ਨਹੀਂ। ਵਸਾਮਾ ਤੋਂ ਬਣੇ ਵਸੀਮ ਦਾ ਅਰਥ ਹੈ ਸੁੰਦਰ, ਸੋਹਣਾ, ਮਿਸਾਲ ਵਜੋਂ ਵਸੀਮ ਅਕਰਮ। ਇਹ ਧਾਤੂ ਦੇ ਅਨੁਕੂਲ ਹੋਣਾ, ਢੁਕਵਾਂ, ਸੁਖਾਵਾਂ ਹੋਣਾ ਤੋਂ ਵਿਕਸਿਤ ਹੋਇਆ ਹੈ।

ਭਾਰਤ ਅਤੇ ਹੋਰ ਦੱਖਣ ਪੂਰਬੀ ਏਸ਼ੀਆਈ ਦੇਸ਼ਾਂ ਵਿਚ ਮੌਨਸੂਨ ਦੀ ਮਹੱਤਤਾ ਕਿਸੇ ਤੋਂ ਗੁਝੀ ਨਹੀਂ। ਇਨ੍ਹਾਂ ਖੇਤੀ ਪ੍ਰਧਾਨ ਦੇਸ਼ਾਂ ਵਿਚ ਮੌਨਸੂਨ ਨਾਲ ਹੁੰਦੀਆਂ ਬਰਸਾਤਾਂ ਇਕ ਤਰ੍ਹਾਂ ਜੀਵਨ ਦਾਤਾ ਹੀ ਤਾਂ ਹਨ। 'ਨੇਚਰ' ਰਿਸਾਲੇ ਵਿਚ ਸਾਹਮਣੇ ਆਈ ਨਵੀਂ ਖੋਜ ਅਨੁਸਾਰ ਸਿੰਧ ਘਾਟੀ ਦੀ ਸਭਿਅਤਾ ਦਾ ਇਤਿਹਾਸ 8 ਹਜ਼ਾਰ ਸਾਲ ਪੁਰਾਣਾ ਹੈ ਤੇ ਇਸ ਤਰ੍ਹਾਂ ਦੁਨੀਆਂ ਦੀ ਪ੍ਰਾਚੀਨਤਮ ਸਭਿਅਤਾ ਬਣ ਗਈ ਹੈ। ਖੋਜ ਅਨੁਮਾਨਾਂ ਅਨੁਸਾਰ ਇਸ ਦਾ ਨਿਘਾਰ ਮੌਨਸੂਨ ਹਵਾਵਾਂ ਦੇ ਮੱਧਮ ਪੈਣ ਨਾਲ ਹੋਇਆ ਸੀ। ਮੌਨਸੂਨ ਇਕ ਹਵਾਵਾਂ ਦਾ ਸਿਲਸਿਲਾ ਹੈ ਜੋ ਬਹੁਤ ਵੱਡੇ ਖੇਤਰ ਦੇ ਵਾਤਾਵਰਣ ਨੂੰ ਬਦਲ ਕੇ ਰੱਖ ਦਿੰਦਾ ਹੈ। ਇਹ ਹਵਾਵਾਂ ਆਪਣੀ ਦਿਸ਼ਾ ਵੀ ਉਲਟਾ ਲੈਂਦੀਆ ਹਨ ਜਿਨ੍ਹਾਂ ਦੇ ਦੂਰਰਸ ਨਤੀਜੇ ਨਿਕਲਦੇ ਹਨ। ਮੌਨਸੂਨ ਹਵਾਵਾਂ ਦਾ ਕਾਰਨ ਹੈ, ਸਮੁੰਦਰ ਦੇ ਆਸ-ਪਾਸ ਦੇ ਖੇਤਰ ਤੇ ਸਮੁੰਦਰ 'ਚ ਤਾਪਮਾਨ ਦਾ ਜ਼ਬਰਦਸਤ ਫਰਕ ਹੋ ਜਾਣਾ। ਗਰਮੀਆਂ ਵਿਚ ਧਰਤੀ ਉਤੇ ਤਾਪਮਾਨ ਵੱਧ ਹੁੰਦਾ ਹੈ ਜਿਸ ਕਾਰਨ ਵਾਤਾਵਰਣ ਦਾ ਦਬਾਅ ਘਟ ਜਾਂਦਾ ਹੈ। ਪਰ ਸਮੁੰਦਰ ਠੰਡਾ ਹੋਣ ਕਾਰਨ ਉਥੇ ਦਬਾਅ ਵਧ ਹੁੰਦਾ ਹੈ। ਸਿੱਟੇ ਵਜੋਂ ਸਮੁੰਦਰ ਤੋਂ ਜਲ-ਵਾਸ਼ਪ ਨਾਲ ਭਰੀਆਂ ਹਵਾਵਾਂ ਘਟ ਦਬਾਅ ਵਾਲੇ ਧਰਤ-ਖੇਤਰ ਵੱਲ ਵਧਦੀਆਂ ਹਨ ਤੇ ਗਰਮੀਆਂ ਵਿਚ ਬਰਸਾਤ ਹੁੰਦੀ ਹੈ। ਸਰਦੀਆਂ ਵਿਚ ਤਾਪਮਾਨ ਉਲਟ ਹੁੰਦਾ ਹੈ ਇਸ ਲਈ ਮੌਨਸੂਨ ਹਵਾਵਾਂ ਦਾ ਰੁੱਖ ਧਰਤੀ ਤੋਂ ਸਮੁੰਦਰ ਵੱਲ ਹੁੰਦਾ ਹੈ। ਹਕੀਕਤ ਵਿਚ ਮੌਸਮ ਸ਼ਬਦ ਤੋਂ ਹੀ ਮੌਨਸੂਨ ਸ਼ਬਦ ਬਣਿਆ ਹੈ। ਪਰ ਇਸ ਵਿਕਾਸ ਦੀ ਕਹਾਣੀ ਸਮਝਣ ਲਈ ਸਾਨੂੰ ਥੋੜਾ ਲਾਂਭੇ ਜਾਣਾ ਪਵੇਗਾ।

ਨੌਵੀਂ-ਦਸਵੀਂ ਸਦੀ ਵਿਚ, ਖਾਸ ਤੌਰ 'ਤੇ ਹਾਰੂੰ ਰਸ਼ੀਦ ਖਲੀਫੇ ਦੀ ਹਕੂਮਤ ਸਮੇਂ ਹਿੰਦ ਮਹਾਂਸਾਗਰ ਤੇ ਮੱਧ ਸਾਗਰ ਅਤੇ ਇਨ੍ਹਾਂ ਦੀਆਂ ਖਾੜੀਆਂ ਤੇ ਅਰਬੀਆਂ ਦਾ ਬੋਲਬਾਲਾ ਸੀ। ਉਨ੍ਹਾਂ ਨੇ ਇਸ ਸਮੇਂ ਦੌਰਾਨ ਸਮੁੰਦਰੀ ਜਹਾਜ਼ਰਾਨੀ ਵਿਚ ਬਹੁਤ ਤਰੱਕੀ ਕੀਤੀ। ਉਨ੍ਹਾਂ ਸਮੁੰਦਰੀ ਪਾਣੀਆਂ ਅਤੇ ਹਵਾਵਾਂ ਦਾ ਖੂਬ ਮੁਤਾਲਿਆ ਕੀਤਾ ਤੇ ਨਤੀਜੇ ਵਜੋਂ ਯੂਰਪ ਤੇ ਏਸ਼ੀਆ ਦੇ ਆਸ-ਪਾਸ ਦੇ ਦੇਸ਼ਾਂ ਵਿਚ ਸਮੁੰਦਰ ਰਾਹੀਂ ਵਪਾਰਕ ਤੇ ਰਾਜਸੀ ਗ਼ਲਬਾ ਪਾ ਲਿਆ। ਇਨ੍ਹਾਂ ਵਿਚੋਂ ਇਕ ਖੋਜ ਸੀ, ਮੌਨਸੂਨ ਹਵਾਵਾਂ ਦੀ। ਅਸੀਂ ਵਪਾਰਕ ਪੌਣਾਂ ਬਾਰੇ ਜਾਣ ਚੁੱਕੇ ਹਾਂ ਕਿ ਕਿਵੇਂ ਉਨ੍ਹਾਂ ਦੀ ਖੋਜਬੀਨ ਨੇ ਯੂਰਪੀਆਂ ਦੇ ਵਪਾਰ ਵਿਚ ਵਾਧਾ ਕੀਤਾ ਅਤੇ ਉਨ੍ਹਾਂ ਨੂੰ ਸਾਮਰਾਜੀ ਬਣਾਇਆ। ਇਹੋ ਕੰਮ ਇਸ ਖੇਤਰ ਵਿਚ ਮੌਨਸੂਨ ਹਵਾਵਾਂ ਕਰ ਰਹੀਆਂ ਸਨ। ਗਰਮੀਆਂ 'ਚ ਬਾਦਬਾਨੀ ਜਹਾਜ਼ ਗਰਮੀਆਂ ਦੀਆਂ ਮੌਨਸੂਨ ਹਵਾਵਾਂ ਦੀ ਠੇਲ੍ਹਣ ਸ਼ਕਤੀ ਨਾਲ ਅਰਬ ਤੋਂ ਭਾਰਤ ਤੇ ਹੋਰ ਦੇਸ਼ਾਂ ਵੱਲ ਦੌੜਦੇ ਜਾਂਦੇ ਸਨ ਤੇ ਸਰਦੀਆਂ 'ਚ ਉਹੋ ਸਰਦੀਆਂ ਦੀਆਂ ਮੌਨਸੂਨਾਂ ਦੇ ਬਲਬੂਤੇ ਵਾਪਸ ਆ ਜਾਂਦੇ ਸਨ। ਇਸ ਤਰ੍ਹਾਂ ਜਹਾਜ਼ ਸਮੁੰਦਰ ਦੇ ਕੰਢੇ ਕੰਢੇ ਜਾਣ ਨਾਲੋਂ ਮੌਨਸੂਨ ਹਵਾਵਾਂ ਦੀ ਮਦਦ ਨਾਲ ਡੂੰਘੇ ਸਮੁੰਦਰ ਵਿਚ ਉਤਰ ਜਾਂਦੇ ਸਨ ਅਤੇ ਟਿਕਾਣੇ 'ਤੇ ਬਹੁਤ ਛੇਤੀ ਪਹੁੰਚ ਜਾਦੇ ਸਨ। ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਪ੍ਰਾਚੀਨ ਕਾਲਿੰਗਾ ਦੇ ਵਪਾਰੀ ਉਤਰ-ਪੂਰਬੀ ਮੌਨਸੂਨ ਦੌਰਾਨ ਆਪਣੇ ਬੇੜੇ ਦੱਖਣ-ਪੱਛਮੀ ਦੇਸ਼ਾਂ ਵੱਲ ਠੇਲ੍ਹ ਦਿੰਦੇ ਸਨ। ਕਿਹਾ ਜਾਂਦਾ ਹੈ ਕਿ ਪ੍ਰਾਚੀਨ ਵਿਚ ਇਕ ਗਰੀਕ ਨਾਵਕ ਹਿੱਪੋਲਸ (Hippolous) ਨੇ ਮੌਨਸੂਨ ਹਵਾਵਾਂ ਦੀ ਓਟ ਲੈਂਦਿਆਂ ਲਾਲ ਸਾਗਰ ਤੋਂ ਹਿੰਦ ਮਹਾਂਸਾਗਰ ਦਾ ਸਿੱਧਾ ਰਾਹ ਲੱਭਿਆ ਸੀ। ਇਸ ਦੇ ਨਾਂ 'ਤੇ ਇਨ੍ਹਾਂ ਹਵਾਵਾਂ ਦਾ ਇਕ ਪੁਰਾਤਨ ਨਾਂ ਹਿੱਪੋਲਸ ਹਵਾਵਾਂ ਵੀ ਹੈ। ਕੁਝ ਲੋਕਾਂ ਦੀ ਗਲਤ ਧਾਰਨਾ ਹੈ ਕਿ ਮੌਨਸੂਨ ਅਰਬੀ ਸ਼ਬਦ ਮਾਅ-ਅਨ-ਚੀਨ (ਚੀਨ ਤੋਂ ਆਇਆ ਪਾਣੀ) ਤੋਂ ਬਣਿਆ ਹੈ।

ਛੇਤੀਂ ਹੀ ਡੱਚਾਂ ਅਤੇ ਪੁਰਤਗੀਜ਼ਾਂ ਨੇ ਇਸ ਖੇਤਰ ਵਿਚ ਆਪਣੇ ਪੈਰ ਜਮਾਉਣੇ ਸ਼ੁਰੂ ਕੀਤੇ ਤਾਂ ਉਨ੍ਹਾਂ ਦੀਆਂ ਲੜਾਈਆਂ ਵੀ ਬਹੁਤ ਹੋਈਆਂ ਪਰ ਉਨ੍ਹਾਂ ਅਰਬੀਆਂ ਦੇ ਸਮੁੰਦਰੀ ਅਨੁਭਵਾਂ ਤੋਂ ਬਹੁਤ ਕੁਝ ਸਿਖਿਆ। ਇਸੇ ਦੌਰਾਨ ਉਨ੍ਹਾਂ ਰੁੱਤ ਦੇ ਅਰਥਾਂ ਵਾਲਾ ਅਰਬੀ ਦਾ ਮੌਸਮ ਸ਼ਬਦ ਅਪਨਾਇਆ। ਗਰਮੀਆਂ ਵਿਚ ਦੱਖਣ-ਪੂਰਬੀ ਮੌਨਸੂਨਾਂ ਅਫਰੀਕਾ ਤੋਂ ਭਾਰਤ ਵੱਲ ਚਲਦੀਆਂ ਅਤੇ ਝੱਟ ਪਿਛੋਂ ਉਲਟ ਦਿਸ਼ਾ ਅਰਥਾਤ ਉਤਰ-ਪੂਰਬ ਵੱਲ ਰੁੱਖ ਕਰ ਲੈਂਦੀਆਂ। ਪੁਰਤਗੀਜ਼ਾਂ ਦੇ ਮਾਲ ਨਾਲ ਲੱਦੇ ਬੇੜੇ ਇਨ੍ਹਾਂ ਹਵਾਵਾਂ ਦਾ ਦੁਵੱਲਾ ਲਾਹਾ ਲੈਂਦੇ। ਸਮਝੋ ਦੋਵੇਂ ਹੱਥ ਲੱਡੂ ਸਨ। ਪਰ ਉਨ੍ਹਾਂ ਦੀ ਭਾਸ਼ਾ ਵਿਚ ਇਸ ਸ਼ਬਦ ਦਾ ਅਰਥ ਸੁੰਗੜ ਗਿਆ ਜੋ ਉਸ ਸਮੇਂ ਸਮੁੰਦਰ ਦੇ ਅਨੁਭਵ ਵਿਚੋਂ ਨਿਕਲਿਆ ਸੀ। ਇਹ ਅਰਥ ਸੀ, ਸਮੁੰਦਰ ਅਤੇ ਧਰਤੀ ਵਿਚਾਲੇ ਚੱਲਣ ਵਾਲੀਆਂ ਸੁਖਾਵੀਆਂ ਹਵਾਵਾਂ। ਡੱਚਾਂ ਨੇ ਇਸ ਸ਼ਬਦ ਨੂੰ ਆਪਣੀ ਧੁਨੀ ਅਨੁਸਾਰ ਮੌਨਸੋਇਨ ਬਣਾ ਲਿਆ ਤੇ ਪੁਰਤਗੀਜ਼ਾਂ ਨੇ ਮੋਨਚਾਓ ਜਿਹਾ। ਕੁਝ ਭਾਸ਼ਾ-ਵਿਗਿਆਨੀਆਂ ਅਨੁਸਾਰ ਮੌਸਮ ਸ਼ਬਦ 'ਚ 'ਨ' ਧੁਨੀ ਦਾ ਘੁਸੇੜਾ ਇਕ ਗਲਤੀ ਨਾਲ ਹੋਇਆ। ਕਿਸੇ ਲਿਖਤ ਵਿਚ ਇਕੋ ਜਿਹੀ ਸ਼ਕਲ ਹੋਣ ਕਾਰਨ ਮੌਸਮ ਵਿਚਲਾ ਯੂ (u) ਗਲਤੀ ਨਾਲ ਐਨ (n) ਲਿਖਿਆ ਜਾਂ ਪੜ੍ਹਿਆ ਗਿਆ ਤੇ ਫਿਰ ਇਹੋ ਚੱਲ ਪਿਆ। ਅੰਗਰੇਜ਼ੀ 'ਚ ਇਹ ਸ਼ਬਦ ਮੌਨਸੂਨ ਦੇ ਰੂਪ ਵਿਚ ਸੋਲ੍ਹਵੀਂ ਸਦੀ ਦੇ ਸ਼ੁਰੂ ਵਿਚ ਦਾਖਲ ਹੋਇਆ ਤੇ ਅੰਗਰੇਜ਼ਾਂ ਦੇ ਰਾਜ ਅਧੀਨ ਦੇਸ਼ਾਂ ਵਿਚ ਏਹੀ ਸ਼ਬਦ ਪ੍ਰਚਲਿਤ ਹੋਇਆ। ਜ਼ਿਕਰਯੋਗ ਹੈ ਕਿ ਅਰਬੀ ਮੌਸਮ ਤੋਂ ਬਣਿਆ ਮੌਨਸੂਨ ਸ਼ਬਦ ਅਰਬੀ ਵਿਚ ਨਹੀਂ ਹੈ। ਅਰਬੀ ਵਿਚ ਇਸ ਮਨਸ਼ੇ ਲਈ ਸ਼ਬਦ ਹੈ 'ਅਲ-ਰੀਹ ਅਲ-ਮੌਸਿਮ', ਅਲ ਸ਼ਬਦ ਤਾਂ ਅੰਗਰੇਜ਼ੀ The ਵਾਂਗ ਇਕ ਆਰਟੀਕਲ ਹੈ ਤੇ ਅਰਬੀ ਰੀਹ ਦਾ ਅਰਥ ਹੁੰਦਾ ਹੈ ਹਵਾ।

---

# ਜੰਗਲਨਾਮਾ-5

*(ਪਿਛਲੇ ਸਫੇ ਦੀ ਬਾਕੀ)*

ਪਈ ਹੀ ਗਲ ਸੜ ਜਾਂਦੀ ਹੈ ਜਾਂ ਲੱਕੜ ਦੇ ਨਾਲ ਹੀ ਅੱਗ ਵਿਚ ਸੁਆਹ ਹੋ ਜਾਂਦੀ ਹੈ।"

ਐਤੂ ਅਨੇਕਾਂ ਤਰ੍ਹਾਂ ਦੇ ਪੌਦਿਆਂ ਬਾਰੇ ਦੱਸਦਾ ਹੈ ਜਿਨ੍ਹਾਂ ਦੀ ਦਵਾਈਆਂ ਵਿਚ ਵਰਤੋਂ ਹੁੰਦੀ ਹੈ ਅਤੇ ਜਿਨ੍ਹਾਂ ਦੀ ਜੰਗਲ ਵਿਚ ਭਰਮਾਰ ਹੈ। ਉਸ ਨੂੰ ਦੁੱਖ ਹੈ ਕਿ ਐਨਾ ਅਮੀਰ ਖ਼ਜ਼ਾਨਾ ਹੋਣ ਦੇ ਬਾਵਜੂਦ ਕਬਾਇਲੀ ਦਵਾ ਖੁਣੋਂ ਮਰ ਜਾਂਦੇ ਹਨ।

"ਅਸੀਂ ਲਾਜ਼ਮੀ ਹੀ ਇਸ ਦਾ ਕੁਝ ਕਰਾਂਗੇ, ਇਥੋਂ ਹੀ ਰਾਹ ਬਣਾਵਾਂਗੇ।" ਉਹ ਕਹਿੰਦਾ ਹੈ।

---

ਸੁਬਹ ਦੀ ਸੀਟੀ ਵੱਜਣ ਤੋਂ ਪਹਿਲਾਂ ਹੀ ਤੰਬੂ ਵਿਚਲੀ ਹਿਲਜੁਲ ਤੇ ਸਰਸਰਾਹਟ ਨੇ ਮੇਰੀ ਨੀਂਦ ਖੋਲ੍ਹ ਦਿੱਤੀ। ਰੰਗੰਨਾ (ਮੇਰਾ ਗਾਰਡ) ਤਿਆਰ ਹੋ ਰਿਹਾ ਸੀ। ਕਾਫ਼ੀ ਹਨੇਰਾ ਸੀ, ਸੋ ਮੈਂ ਇਸ਼ਾਰੇ ਨਾਲ ਉਸ ਨੂੰ ਪੁੱਛਿਆ ਕਿ ਕਿੱਧਰ ਦੀ ਤਿਆਰੀ ਹੈ। ਉਸ ਨੇ 'ਸੈਂਟਰੀ' ਕਿਹਾ ਤੇ ਪਹਿਰੇਦਾਰ ਚੌਕੀ ਵੱਲ ਇਸ਼ਾਰਾ ਕਰ ਦਿੱਤਾ। 'ਸੋ ਅੱਜ ਮੇਰਾ ਗਾਰਡ ਕੋਈ ਹੋਰ ਹੋਵੇਗਾ', ਮੈਂ ਸੋਚਿਆ। ਡਿਊਟੀ ਬਦਲ ਗਈ ਸੀ, ਪਰ ਮੈਨੂੰ ਕੋਈ ਇਲਮ ਨਹੀਂ ਸੀ।

ਰੰਗੰਨਾ ਚਲਾ ਗਿਆ। ਮੈਂ ਫਿਰ ਸੌਣ ਦੀ ਕੋਸ਼ਿਸ਼ ਕੀਤੀ ਪਰ ਨੀਂਦ ਨਾ ਆਈ। ਇਹ ਫ਼ੈਸਲਾ ਕਰ ਕੇ ਕਿ ਖ਼ੇਮੇ ਦਾ ਚੱਕਰ ਲਾਇਆ ਜਾਵੇ, ਮੈਂ ਉਠ ਪਿਆ। ਚਾਦਰ ਦੀ ਬੁੱਕਲ ਮਾਰ ਕੇ ਮੈਂ ਟਾਰਚ ਉਠਾਈ ਤੇ ਖੱਬੇ ਹੱਥ ਵੱਲ ਨਿਵਾਣ ਦੇ ਰਾਹ ਵਿਚ ਪੈਂਦੇ ਤੰਬੂ ਦਾ ਰੁਖ਼ ਕਰ ਲਿਆ ਜਿਸ ਦੇ ਬਾਹਰ ਅੱਗ ਬਲ ਰਹੀ ਸੀ। ਅੱਗ! ਜ਼ਾਹਰ ਹੈ ਕਿ ਕੋਈ ਨਾ ਕੋਈ ਉਥੇ ਬੈਠਾ ਸੇਕ ਰਿਹਾ ਹੋਵੇਗਾ। ਟਾਰਚ ਦੀ ਰੌਸ਼ਨੀ ਜ਼ਮੀਨ ਉਤੇ ਸੁੱਟਦਾ ਹੋਇਆ ਮੈਂ ਉਸ ਵੱਲ ਵਧਿਆ। ਉਥੇ ਦੋ ਜਣੇ ਬੈਠੇ ਨਜ਼ਰੀਂ ਪਏ।

"ਐਨੀ ਜਲਦੀ! ਅਜੇ ਤਾਂ ਤਿੰਨ ਵਜੇ ਹਨ। ਚਲੋ ਮੈਂ ਨਾਲ ਚੱਲਦਾ ਹਾਂ।" ਕਹਿੰਦਿਆਂ ਇਕ ਨੇ ਰਾਈਫ਼ਲ ਉਠਾਈ ਤੇ ਖੜ੍ਹਾ ਹੋ ਗਿਆ।

"ਨਹੀਂ, ਮੈਂ ਬਾਹਰ ਨਹੀਂ ਜਾ ਰਿਹਾ। ਰੰਗੰਨਾ ਜਾ ਰਿਹਾ ਸੀ ਤੇ ਮੇਰੀ ਨੀਂਦ ਖੁੱਲ੍ਹ ਗਈ। ਸੋਚਿਆ, ਖ਼ੇਮੇ ਦਾ ਚੱਕਰ ਕੱਟਦਾਂ ਤੇ ਦੇਖਦਾ ਹਾਂ ਕਿ ਕੌਣ ਜਾਗ ਰਿਹੈ ਤੇ ਕੌਣ ਸੌਂ ਰਿਹੈ।"

"ਦੋ ਤਾਂ ਅਸੀਂ ਹੀ ਜਾਗ ਰਹੇ ਹਾਂ।" ਉਹ ਮੁਸਕਰਾਇਆ ਤੇ ਦੂਸਰੇ ਵੱਲ ਇਸ਼ਾਰਾ ਕੀਤਾ। ਉਹ ਗੁਰੀਲਾ ਕੁੜੀ ਸੀ ਤੇ ਅੱਗ ਦੀਆਂ ਲਾਟਾਂ ਨਿਹਾਰ ਰਹੀ ਸੀ। ਸਾਡੀ ਗੱਲਬਾਤ ਵੱਲ ਉਸ ਨੇ ਉਕਾ ਹੀ ਧਿਆਨ ਨਾ ਦਿੱਤਾ।

"ਕਿਸੇ ਡੂੰਘੀ ਵਿਚਾਰ ਵਿਚ ਸੋ?" ਮੈਂ ਕਹਿੰਦਾ ਹਾਂ।

"ਨਹੀਂ। ਕੈਂਪ ਦਾ ਚੱਕਰ ਲਾਉਂਦੇ ਲਾਉਂਦੇ ਏਥੇ ਅੱਗ ਕੋਲ ਆ ਕੇ ਬੈਠ ਗਏ।"

"ਪਰ ਇਹ ਤਾਂ ਕਿਸੇ ਡੂੰਘੀ ਸੋਚ ਵਿਚ ਉਤਰੀ ਲਗਦੀ ਹੈ।"

"ਹਿੰਦੀ ਨਹੀਂ ਜਾਣਦੀ।"

"ਗੌਂਡ ਹੈ?"

"ਨਹੀਂ, ਤੈਲਗੂ।"

ਖ਼ੁਦ ਉਹ ਉੜੀਆ ਸੀ। ਉੜੀਸਾ ਦੇ ਕਿਸੇ ਪਿੰਡ ਦਾ ਜੰਮਪਲ। ਅੱਧ ਵਿਚਾਲੇ ਕਾਲਜ ਛੱਡ ਗੁਰੀਲਿਆਂ ਨਾਲ ਆ ਮਿਲਿਆ। ਹੁਣ ਉਹ ਇਕ ਦਸਤੇ ਦਾ ਡਿਪਟੀ ਕਮਾਂਡਰ ਹੈ। ਉਸ ਦਾ ਕਮਾਂਡਰ ਉਹੀ ਗੌਂਡ ਨੌਜਵਾਨ ਸੀ ਜਿਹੜਾ ਕੱਲ੍ਹ ਪਹਿਰੇਦਾਰ ਚੌਕੀ ਨੰਬਰ ਦੋ ਉਤੇ ਸਾਨੂੰ ਮਿਲਿਆ ਸੀ। ਉਹ ਰਾਤ ਦੀ ਗਸ਼ਤ ਉਪਰ ਸਨ। ਉਨ੍ਹਾਂ ਦੇ ਤਿੰਨ ਸਾਥੀ ਖ਼ੇਮੇ ਵਿਚ ਕਿਸੇ ਹੋਰ ਪਾਸੇ ਘੁੰਮ ਰਹੇ ਸਨ।

"ਰਾਤ ਦੀ ਡਿਊਟੀ ਔਖੀ ਹੁੰਦੀ ਹੋਵੇਗੀ?"

"ਨਹੀਂ।" ਉਹ ਜਵਾਬ ਦੇਂਦਾ ਹੈ।

ਮੁਸ਼ਕਲ ਸਿਰਫ਼ ਉਦੋਂ ਹੁੰਦੀ ਹੈ ਜਦ ਬੰਦਾ ਇਕੱਲਾ ਸੈਂਟਰੀ ਡਿਊਟੀ ਉਤੇ ਹੁੰਦਾ ਹੈ। ਜਦ ਕੋਈ ਹੋਰ ਨਜ਼ਦੀਕ ਨਹੀਂ ਹੁੰਦਾ, ਉਦੋਂ ਉਸ ਦੇ ਖਿਆਲ ਦੂਰ ਦੂਰ ਤੱਕ ਦੀਆਂ ਉਡਾਰੀਆਂ ਲਾਉਂਦੇ ਹਨ। ਕਦੇ ਪਿੰਡ ਦੇ ਯਾਰਾਂ ਦੀ ਢਾਣੀ ਵਿਚ ਜਾ ਪਹੁੰਚਦੇ ਹਨ, ਕਦੇ ਕਾਲਜ ਦੇ ਅਹਾਤੇ ਵਿਚ ਤੇ ਕਦੇ ਛੋਟੇ ਬੱਚੇ ਬਣ ਆਪਣੇ ਭੈਣਾਂ-ਭਰਾਵਾਂ ਕੋਲ। ਕਦੇ ਉਹ ਮਾਂ ਦੀ ਆਵਾਜ਼ ਸੁਣ ਕੇ ਚੌਂਕ ਪੈਂਦਾ ਹੈ। ਤਦ ਪਤਾ ਲੱਗਦਾ ਹੈ ਕਿ ਉਹ ਤਾਂ ਕਿਸੇ ਦਰੱਖ਼ਤ ਉਹਲੇ ਪਹਿਰੇਦਾਰ ਦੀ ਜ਼ਿੰਮੇਵਾਰੀ ਨਿਭਾ ਰਿਹਾ ਹੈ ਅਤੇ ਆਵਾਜ਼ ਦੇਣ ਵਾਲੀ ਮਾਂ ਦੂਰ, ਬਹੁਤ ਦੂਰ, ਪਿੱਛੇ ਪਿੰਡ ਵਿਚ ਹੈ। ਏਥੇ ਤਾਂ ਕੋਈ ਵੀ ਨਹੀਂ। ਆਦਮੀ ਚੁੱਪ-ਚਾਪ ਖੜ੍ਹਾ ਸੰਨਾਟੇ ਵਿਚੋਂ ਜਾਂ ਜੰਗਲ ਵਿਚੋਂ ਗੁਜ਼ਰਦੀ ਹਵਾ ਦੀ ਸਾਂ ਸਾਂ ਵਿਚੋਂ ਓਪਰੀਆਂ ਆਵਾਜ਼ਾਂ ਪਛਾਨਣ ਦੀ ਕੋਸ਼ਿਸ਼ ਕਰਦਾ ਹੈ। ਉਸ ਵਕਤ ਦਸ ਫੁੱਟ 'ਤੇ ਖੜ੍ਹਾ ਦੂਸਰਾ ਸਾਥੀ ਵੀ ਕੋਹਾਂ ਦੂਰ ਲਗਦਾ ਹੈ। ਜੰਗਲ ਬੀਆਬਾਨ ਦੀ ਭਿਆਨਕ ਖ਼ਾਮੋਸ਼ੀ ਨਾ ਸਿਰਫ਼ ਉਸ ਦੇ ਚੁਫ਼ੇਰੇ ਹੀ ਫੈਲੀ ਹੁੰਦੀ ਹੈ, ਸਗੋਂ ਇਹ ਉਸ ਦੇ ਅੰਦਰ ਵੀ ਪਸਰ ਜਾਂਦੀ ਹੈ। ਉਹ ਹਿਲਦਾ ਨਹੀਂ, ਗੁਣ-ਗੁਣਾਉਂਦਾ ਨਹੀਂ, ਬੀੜੀ ਨਹੀਂ ਪੀਂਦਾ, ਬੈਠਣ ਦੀ ਗ਼ਲਤੀ ਵੀ ਨਹੀਂ ਕਰਦਾ। ਲੱਤਾਂ ਜਾਂ ਬਾਂਹਾਂ ਹਿਲਾਉਣ ਵੇਲੇ ਵੀ ਉਹ ਐਨਾ ਚੌਕਸ ਰਹਿੰਦਾ ਹੈ ਕਿ ਸਰਸਰ ਦੀ ਆਵਾਜ਼ ਵੀ ਪੈਦਾ ਨਾ ਹੋਵੇ।

> ***ਖਿਆਲਾਂ ਵਿਚ ਗੁਆਚਣਾ ਭਾਵੇਂ ਸੰਤਰੀ ਦਾ ਕੰਮ ਨਿਭਾਅ ਰਹੇ ਕਿਸੇ ਵੀ ਵਿਅਕਤੀ ਵਾਸਤੇ ਖ਼ਤਰਨਾਕ ਹੋ ਸਕਦਾ ਹੈ, ਫਿਰ ਵੀ ਚੌਕਸ ਤੋਂ ਚੌਕਸ ਵਿਅਕਤੀ ਵੀ ਉਸ ਆਲਮ ਵਿਚ ਚਲਾ ਜਾਂਦਾ ਹੈ। ਉਹ ਕੋਸ਼ਿਸ਼ ਕਰਦਾ ਹੈ ਕਿ ਸੁਪਨਿਆਂ ਦੀ ਦੁਨੀਆਂ ਵਿਚ ਨਾ ਉਤਰੇ, ਇਸ ਲਈ ਉਹ ਆਪਣੇ ਵਿਰੁਧ ਸੰਘਰਸ਼ ਕਰਦਾ ਹੈ। ਗੁਰੀਲਾ ਲਗਾਤਾਰ ਚੱਲਣ ਵਾਲੀ ਜੰਗ ਦਾ ਸਿਪਾਹੀ ਹੈ ਜਿਥੇ ਉਹ ਛਾਪਾਮਾਰ ਤਰੀਕਾ ਵਰਤਦਾ ਹੈ, ਪਰ ਏਥੇ ਉਹ ਛਾਪਾ ਵੱਜਣ ਤੋਂ ਰੋਕਣ ਦੀ ਜ਼ਿੰਮੇਵਾਰੀ ਉਤੇ ਹੈ। ਉਸ ਨੇ ਇਸ ਵਿਚ ਵੀ ਓਨੀ ਹੀ ਮੁਹਾਰਤ ਨਾਲ ਨਿਭਣਾ ਹੈ।***

ਸੰਤਰੀ ਦੀ ਡਿਊਟੀ ਜੰਗ ਵਿਚ ਸਿੱਧਾ ਲੜਨ ਨਾਲੋਂ ਕਿਤੇ ਮੁਸ਼ਕਲ ਹੈ। ਇਹ ਜੰਗ ਦੀ ਅਸਪਸ਼ਟ ਉਡੀਕ ਹੈ ਜੋ ਅਨੰਤਤਾ ਨਾਲ ਇਕਮਿਕ ਹੋਈ ਹੋਈ ਮਹਿਸੂਸ ਹੁੰਦੀ ਹੈ। ਪਹਿਰਾ ਦੇਣ ਵਾਲਾ ਅਕਸਰ ਹੀ ਆਪਣੀ ਜ਼ਿੰਦਗੀ ਦੀ ਸਾਰੀ ਰੀਲ ਫਿਰ ਘੁਮਾ ਦੇਂਦਾ ਹੈ। ਬਚਪਨ ਤੋਂ ਲੈ ਕੇ ਹੁਣ ਤਕ ਦੀ ਹਰ ਘੜੀ ਨੂੰ ਮੁੜ ਜੀਂਦਾ ਹੈ। ਤੁਸੀਂ ਕਈ ਵਾਰ ਬੀਤੇ ਨੂੰ ਯਾਦ ਕਰ ਕੇ ਮੁਸਕਰਾਉਂਦੇ ਹੋ, ਹੱਸਦੇ ਹੋ, ਗੁੱਸੇ ਵਿਚ ਆਉਂਦੇ ਹੋ ਅਤੇ ਹੱਥਾਂ ਪੈਰਾਂ ਨੂੰ ਅਜੀਬ ਤਰੀਕੇ ਨਾਲ ਝਟਕਦੇ ਹੋ, ਪਰ ਸੰਤਰੀ ਅਜਿਹਾ ਨਹੀਂ ਕਰ ਸਕਦਾ। ਉਹ ਭਾਵੇਂ ਆਪਣੇ ਅੰਦਰੋਂ ਸਮੁੰਦਰ ਦੀ ਤਰ੍ਹਾਂ ਖੌਲ ਰਿਹਾ ਹੋਵੇ, ਪਰ ਬਾਹਰੋਂ ਉਹ ਬੁੱਤ ਵਾਂਗ ਦਿਖਾਈ ਦੇਵੇਗਾ। ਸੰਤਰੀ ਦਾ ਸੰਸਾਰ ਕਾਲਪਨਿਕ ਅਤੇ ਅਸਲੀ, ਦੋਵੇਂ ਤਰ੍ਹਾਂ ਦਾ ਹੁੰਦਾ ਹੈ। ਹਕੀਕਤ ਤੇ ਅਫ਼ਸਾਨੇ ਦਾ ਸਾਂਝਾ ਮੁਜੱਸਮ।

ਖਿਆਲਾਂ ਵਿਚ ਗੁਆਚਣਾ ਭਾਵੇਂ ਸੰਤਰੀ ਦੀ ਡਿਊਟੀ ਨਿਭਾ ਰਹੇ ਕਿਸੇ ਵੀ ਵਿਅਕਤੀ ਵਾਸਤੇ ਖ਼ਤਰਨਾਕ ਹੋ ਸਕਦਾ ਹੈ, ਫਿਰ ਵੀ ਚੌਕਸ ਤੋਂ ਚੌਕਸ ਵਿਅਕਤੀ ਵੀ ਉਸ ਆਲਮ ਵਿਚ ਚਲਾ ਜਾਂਦਾ ਹੈ। ਉਹ ਕੋਸ਼ਿਸ਼ ਕਰਦਾ ਹੈ ਕਿ ਸੁਪਨਿਆਂ ਦੀ ਦੁਨੀਆਂ ਵਿਚ ਨਾ ਉਤਰੇ, ਇਸ ਲਈ ਉਹ ਆਪਣੇ ਵਿਰੁਧ ਸੰਘਰਸ਼ ਕਰਦਾ ਹੈ। ਗੁਰੀਲਾ ਲਗਾਤਾਰ ਚੱਲਣ ਵਾਲੀ ਜੰਗ ਦਾ ਸਿਪਾਹੀ ਹੈ ਜਿਥੇ ਉਹ ਛਾਪਾਮਾਰ ਤਰੀਕਾ ਵਰਤਦਾ ਹੈ, ਪਰ ਏਥੇ ਉਹ ਛਾਪਾ ਵੱਜਣ ਤੋਂ ਰੋਕਣ ਦੀ ਜ਼ਿੰਮੇਵਾਰੀ ਉਤੇ ਹੈ। ਉਸ ਨੇ ਇਸ ਵਿਚ ਵੀ ਓਨੀ ਹੀ ਮੁਹਾਰਤ ਨਾਲ ਨਿਭਣਾ ਹੈ। ਕਈ ਵਾਰ ਇੰਜ ਹੋਇਆ ਹੈ ਕਿ ਸੰਤਰੀ ਦੇ ਅਵੇਸਲੇ ਹੋਣ ਨਾਲ ਉਹ ਤੇ ਉਸ ਦੇ ਸਾਥੀ ਦਬੋਚ ਲਏ ਗਏ। ਕਈ ਵਾਰ ਇੰਜ ਹੋਇਆ ਕਿ ਉਸ ਦੀ ਚੌਕਸੀ ਨੇ ਵੱਡੇ ਵੱਡੇ ਹਾਦਸਿਆਂ ਨੂੰ ਟਾਲ ਦਿੱਤਾ। ਖ਼ੇਮੇ ਵਿਚਲੇ ਕਮਾਂਡਰ, ਸੰਤਰੀ ਦੀ ਜ਼ਿੰਮੇਦਾਰੀ ਨਿਭਾ ਰਹੇ ਗੁਰੀਲਿਆਂ ਨਾਲ ਲਗਾਤਾਰ ਰਾਬਤਾ ਰੱਖਦੇ ਹਨ। ਇਸ ਨਾਲ ਸੰਤਰੀ ਨੂੰ ਆਪਣੇ ਆਪ ਉਤੇ ਕਾਬੂ ਰੱਖਣ ਵਿਚ ਵੱਡੀ ਮਦਦ ਮਿਲਦੀ ਹੈ। ਸੰਤਰੀ ਦੀ ਡਿਊਟੀ ਤਕਰੀਬਨ ਰੋਜ਼ ਬਦਲਦੀ ਹੈ ਅਤੇ ਇਸ ਦਾ ਅਰਸਾ ਇਕ ਤੋਂ ਦੋ ਘੰਟੇ ਦੇ ਦਰਮਿਆਨ ਰਹਿੰਦਾ ਹੈ।

ਗੁਰੀਲਾ ਜਦ ਔਖੇ ਕੰਮ ਗਿਣਾਉਣ ਲਗਦਾ ਹੈ ਤਾਂ ਉਨ੍ਹਾਂ ਵਿਚ ਇਕ, ਸੰਤਰੀ ਦੀ ਡਿਊਟੀ ਵੀ ਸ਼ਾਮਲ ਹੈ; ਪਰ ਉਸ ਨੇ ਮੇਰੇ ਸਵਾਲ ਦੇ ਜਵਾਬ ਵਿਚ 'ਨਹੀਂ' ਕਿਹਾ ਸੀ। ਮੁਸ਼ਕਲ ਕੰਮ ਨੂੰ ਵੀ ਮੁਸ਼ਕਲ ਨਾ ਕਹਿਣਾ ਗੁਰੀਲਾ ਮਾਨਸਿਕਤਾ ਦਾ ਹਿੱਸਾ ਹੈ।

ਸਵੇਰ ਹੋਣ ਤੋਂ ਪਹਿਲਾਂ ਅਸੀਂ ਸਾਰੇ ਖ਼ੇਮੇ ਵਿਚ ਘੁੰਮੇ। ਸਭ ਤੰਬੂਆਂ ਦੇ ਆਲੇ-ਦੁਆਲੇ ਚੱਕਰ ਲਾਇਆ। ਤਕਰੀਬਨ ਹਰ ਤੰਬੂ ਦੇ ਬਾਹਰ ਇਕ ਜਾਂ ਦੋ ਜਣਿਆਂ ਨੂੰ ਬੈਠੇ ਹੋਏ ਜਾਂ ਤੁਰੇ-ਫਿਰਦੇ ਦੇਖਿਆ। ਰਾਤ ਨੂੰ ਵੀ ਖ਼ੇਮੇ ਵਿਚ ਇਕ ਤਰ੍ਹਾਂ ਨਾਲ ਚਹਿਲ-ਪਹਿਲ ਰਹਿੰਦੀ ਹੈ।

**(ਚਲਦਾ)**

ਉਰਦੂ ਕਹਾਣੀ

# ਬੇ-ਬਸੀ

**ਉਰਦੂ ਲੇਖਕ ਤਸਕੀਨ ਜੈਦੀ ਕਾਨ੍ਹਪੁਰ ਦੀ ਕਹਾਣੀ 'ਬੇ-ਬਸੀ' ਉਸ ਬੇਬਸੀ ਦੀ ਬਾਤ ਪਾਉਂਦੀ ਹੈ ਜਿਹੜੀ ਕਦੀ ਮੁੱਕਦੀ ਨਹੀਂ। ਇਹ ਬੇਬਸੀ ਪੀੜ੍ਹੀ-ਦਰ-ਪੀੜ੍ਹੀ ਪਿੱਛਾ ਕਰਦੀ ਹੈ ਅਤੇ ਜ਼ਿੰਦਗੀ ਨਾਲ ਜੂਝ ਰਹੇ ਜਿਊੜਿਆਂ ਨੂੰ ਲਗਾਤਾਰ ਪੱਛੀ ਜਾਂਦੀ ਹੈ। ਕਹਾਣੀ ਦੇ ਪਾਤਰਾਂ ਨਾਲ ਹਰ ਕਿਸੇ ਦੀ ਹਮਦਰਦੀ ਤਾਂ ਜਾਗਦੀ ਹੈ, ਪਰ ਇਨ੍ਹਾਂ ਜਿਊੜਿਆਂ ਨੂੰ ਬੇ-ਬਸੀ ਦੀ ਇਸ ਦਲਦਲ ਵਿਚੋਂ ਕੱਢਣ ਦੀ ਕੋਈ ਸਬੀਲ ਨਹੀਂ; ਇਹ ਪਾਤਰ ਸਗੋਂ ਇਸ ਦਲਦਲ ਵਿਚ ਹੋਰ ਡੂੰਘੇ ਧਸਦੇ ਚਲੇ ਜਾਂਦੇ ਹਨ। ਇਸ ਕਹਾਣੀ ਦਾ ਤਰਜਮਾ ਸੁਰਜੀਤ ਸਿੰਘ ਪੰਛੀ ਨੇ ਕੀਤਾ ਹੈ। -ਸੰਪਾਦਕ**

ਤਸਕੀਨ ਜੈਦੀ ਕਾਨ੍ਹਪੁਰ
ਤਰਜ਼ਮਾ: ਸੁਰਜੀਤ ਸਿੰਘ ਪੰਛੀ

"ਹਾਏ ਰਾਮ! ਮੈਂ ਲੁੱਟ ਗਈ, ਬਰਬਾਦ ਹੋ ਗਈ... ਇਕੱਲੀ ਰਹਿ ਗਈ...!"

ਗੁਆਂਢ ਵਿਚ ਕਿਸੇ ਇਸਤਰੀ ਦੀਆਂ ਦਰਦੀਲੀਆਂ, ਅਸਮਾਨ ਪਾੜ ਦੇਣ ਵਾਲੀਆਂ ਚੀਕਾਂ ਨਾਲ ਵਾਯੂਮੰਡਲ ਵਿਚ ਕੋਈ ਗੂੰਜ, ਗੂੰਜ ਰਹੀ ਸੀ। ਮੈਂ ਆਪਣੀ ਕਲਾਸ ਦੇ ਲੈਕਚਰ ਦੀ ਤਿਆਰੀ ਵਿਚ ਮਗਨ ਸੀ, ਤਦੇ ਹੀ ਪਤਨੀ ਨੇ ਦੱਸਿਆ ਕਿ ਘਰ ਦੀ ਨੌਕਰਾਣੀ 'ਮੁੰਨੀ ਦੀ ਮਾਂ' ਦਾ ਪਤੀ ਕੱਲੂ ਗੁਜ਼ਰ ਗਿਆ ਹੈ।

"ਚੱਲੋ, ਚੰਗਾ ਹੋਇਆ, ਮਰ ਗਿਆ। ਭੜੂਆ ਮੋਇਆ, ਚੰਗਾ ਹੋਇਆ। ਮੁੰਨੀ ਦੀ ਮਾਂ ਲਈ ਬੋਝ ਹੀ ਸੀ।" ਪਤਨੀ ਨੇ ਵਿਅੰਗ ਕੱਸਦਿਆਂ ਕਿਹਾ। ਮੈਂ ਬਾਹਰ ਸੜਕ 'ਤੇ ਆ ਗਿਆ। ਉਸ ਦੇ ਘਰ ਅੱਗੇ ਆਦਮੀਆਂ ਦਾ ਇਕੱਠ ਸੀ। ਥੋੜ੍ਹੇ ਸਮੇਂ ਵਿਚ ਹੀ ਸੈਂਕੜੇ ਲੋਕ ਇਕੱਠੇ ਹੋ ਗਏ। ਸਾਹਮਣੇ ਕੱਲੂ ਦੀ ਲਾਸ਼ ਪਈ ਸੀ। ਚਿੱਟੇ ਕਫ਼ਨ ਵਿਚ ਉਹ ਚੁੱਪ-ਚਾਪ ਜਿਹਾ ਪਲੰਘ 'ਤੇ ਪਿਆ ਮੁਸਕਰਾ ਰਿਹਾ ਸੀ... ਕਿਸ 'ਤੇ...,ਦਿਖਾਵੇ ਵਾਲੀ ਇਸ ਦੁਨੀਆ 'ਤੇ, ਜਾਂ ਆਪਣੇ ਆਪ 'ਤੇ? ਉਸ ਦੀ ਪਤਨੀ ਪਲੰਘ ਤੇ ਇਸ ਦੇ ਪੈਂਦੀ ਸਿਰ ਢਕੀ ਰੋ ਰਹੀ ਸੀ। ਮੈਂ ਸੋਚਣ ਲੱਗਿਆ- 'ਕੱਲੂ ਸ਼ਰਾਬੀ ਸੀ, ਬਦਚਲਨ ਤੇ ਜੁਆਰੀ ਸੀ; ਫਿਰ ਵੀ ਮੁੰਨੀ ਦੀ ਮਾਂ ਇਸ ਨੂੰ ਕਿਉਂ ਚਾਹੁੰਦੀ ਸੀ। ਉਹ ਵੀ ਨਸ਼ੇ ਵਿਚ ਇਸ ਨੂੰ ਲੋਹੜੇ ਦਾ ਮਾਰਦਾ ਸੀ ਤੇ ਪਹਿਲੀ ਤਾਰੀਖ ਨੂੰ ਇਸ ਤੋਂ ਤਨਖਾਹ ਦੇ ਰੁਪਈਏ ਵੀ ਖੋਹ ਲੈਂਦਾ ਸੀ।'

ਮੇਰੇ ਸਾਹਮਣੇ ਕੱਲੂ ਦੀ ਸਾਰੀ ਸ਼ਖ਼ਸੀਅਤ ਪਸਰ ਗਈ। ਉਹ ਸੱਠ ਸਾਲ ਦਾ ਮੋਟਾ, ਚੌੜਾ ਤੇ ਬਦਸੂਰਤ ਆਦਮੀ ਸੀ। ਹਰ ਸਮੇਂ ਨਸ਼ੇ ਵਿਚ ਧੁੱਤ ਹੋ ਕੇ ਪਿਆ ਰਹਿੰਦਾ ਸੀ। ਇਹਨੇ ਆਪਣੇ ਸਾਰੇ ਸ਼ੌਕ ਪੂਰੇ ਕਰ ਲਏ ਸੀ, ਪਰ ਜਦੋਂ ਉਹ ਨਸ਼ੇ ਵਿਚ ਨਾ ਹੁੰਦਾ ਤਾਂ ਉਹ ਹਰ ਇਕ ਨਾਲ ਪਿਆਰ ਤੇ ਹਮਦਰਦੀ ਨਾਲ ਮਿਲਦਾ। ਹਰ ਇਕ ਦੇ ਦੁੱਖ-ਸੁੱਖ ਵਿਚ ਹਿੱਸਾ ਲੈਂਦਾ ਅਤੇ ਆਪਣੀ ਪਤਨੀ ਨਾਲ ਬੜਾ ਨਰਮ ਹੋ ਕੇ ਗੱਲ ਕਰਦਾ। ਸਭ ਤੋਂ ਵੱਡੀ ਖਾਮੀ ਇਹ ਸੀ ਕਿ ਇਸ ਨੇ ਕਿਤੇ ਵੀ ਦਿਲ ਲਾ ਕੇ ਕੰਮ ਨਹੀਂ ਕੀਤਾ। ਚਪੜਾਸੀ ਬਣਿਆ, ਡਰਾਈਵਰ, ਰਿਕਸ਼ਾ ਚਾਲਕ ਬਣਿਆ ਪਰ ਕੁਝ ਹੀ ਦਿਨਾਂ ਵਿਚ ਸਾਰੇ ਕੰਮ ਛੱਡ ਦਿੱਤੇ। ਜਦੋਂ ਤੋਂ ਇਸ ਦੀ ਪਤਨੀ ਘਰਾਂ ਵਿਚ ਨੌਕਰਾਣੀ ਦਾ ਕੰਮ ਕਰਨ ਲੱਗੀ, ਇਸ ਨੂੰ ਘਰ ਦੇ ਹੋਰ ਖਰਚਿਆਂ ਦੀ ਬਿਲਕੁਲ ਪ੍ਰਵਾਹ ਨਹੀਂ ਸੀ। ਹੁਣ ਕੁਝ ਕਰਨ ਦੀ ਕੀ ਲੋੜ ਸੀ!

ਇਕ ਦਿਨ ਇਸ ਨੇ ਦੱਸਿਆ ਸੀ ਕਿ ਇਹ ਇਸ ਦੀ ਦੂਸਰੀ ਪਤਨੀ ਹੈ। ਪਹਿਲੀ ਪਤਨੀ ਦਸ ਸਾਲ ਪਹਿਲਾਂ ਚਾਰ ਬੱਚੇ ਛੱਡ ਕੇ ਮਰ ਗਈ ਸੀ। ਮੁੰਨੀ ਦੀ ਮਾਂ ਦਾ ਪਹਿਲਾ ਪਤੀ ਕਿਸੇ ਦੁਰਘਟਨਾ ਵਿਚ ਮਾਰਿਆ ਗਿਆ ਸੀ। ਕੱਲੂ ਦਾ ਇਹ ਦੂਜਾ ਵਿਆਹ ਸੀ। ਇਹ ਸੇਠ ਦੇ ਘਰ ਨੌਕਰਾਣੀ ਸੀ। ਕੱਲੂ ਸੇਠ ਦੀ ਕਾਰ ਚਲਾਉਂਦਾ ਸੀ। ਦੋਵਾਂ ਨੇ ਇਕ ਦੂਜੇ ਨੂੰ ਪਸੰਦ ਕੀਤਾ ਤੇ ਚਾਹੁਣ ਲੱਗੇ। ਫਿਰ ਇਕ ਦਿਨ ਸ਼ੀਲਾ ਨੇ ਇਸ ਦੇ ਘਰ ਆ ਕੇ ਘਰ ਅਤੇ ਬੱਚਿਆਂ ਨੂੰ ਸੰਭਾਲ ਲਿਆ। ਉਹ ਇਕੱਲਾਪਣੇ ਕਰ ਕੇ ਅੱਕ ਚੁੱਕੀ ਸੀ। ਕੱਲੂ ਦੀ ਛਾਂ ਵਿਚ ਇਸ ਨੂੰ ਰੱਖਿਆ ਤੇ ਸ਼ਰਨ ਮਿਲ ਗਈ ਅਤੇ ਉਹ ਬਿਨਾਂ ਫੇਰਿਆਂ ਦੇ ਹੀ ਉਸ ਦੇ ਘਰ ਆ ਗਈ, ਉਸ ਦੀ ਬਣ ਗਈ। ਉਸ ਦੇ ਨਾਂ ਦੀ ਚੂੜੀ ਪਹਿਨ ਲਈ। ਬੱਚਿਆਂ ਨੂੰ ਸੀਨੇ ਨਾਲ ਲਾਇਆ ਅਤੇ ਮਾਂ ਦਾ ਪਿਆਰ ਦਿੱਤਾ।

ਕੱਲੂ ਦੀ ਸੁਸਤੀ ਅਤੇ ਬੇਕਾਰੀ ਤੋਂ ਤੰਗ ਆ ਕੇ ਉਸ ਨੇ ਘਰ-ਘਰ ਜਾ ਕੇ ਕੰਮ ਕਰਨਾ ਸ਼ੁਰੂ ਕੀਤਾ। ਘਰ ਚਲਾਉਣ ਨਾਲ ਕੱਲੂ ਦੇ ਨਸ਼ੇ ਦਾ ਪ੍ਰਬੰਧ ਵੀ ਕਰਦੀ। ਕੱਲੂ ਦੇ ਹਰ ਜ਼ੁਲਮ ਅਤੇ ਵਧੀਕੀ ਨੂੰ ਹੱਸ ਕੇ ਸਹਿ ਲੈਂਦੀ, ਪਰ ਹੌਲੀ ਹੌਲੀ ਕੱਲੂ ਚਿੜਚਿੜਾ ਹੋ ਗਿਆ। ਜਦੋਂ ਤਕ ਉਹ ਘਰੇ ਰਹਿੰਦੀ, ਗੱਲ ਗੱਲ 'ਤੇ ਉਸ ਨੂੰ ਡਾਂਟਦਾ ਰਹਿੰਦਾ ਤੇ ਉਹ ਗਾਲ੍ਹਾਂ ਸੁਣਦੀ ਰਹਿੰਦੀ। ਮੈਂ ਸੋਚਦਾ ਰਹਿ ਜਾਂਦਾ ਕਿ ਇਹ ਇਸਤਰੀ ਕਿਸ ਖਮੀਰ ਦੀ ਬਣੀ ਹੋਈ ਹੈ! ਕਿੰਨੀ ਸਹਿਣਸ਼ੀਲਤਾ ਹੈ। ਆਪਣੀ ਫਿਕਰ ਹੀ ਨਹੀਂ। ਪਤੀ ਅਤੇ ਇਸ ਦੇ ਬੱਚਿਆਂ ਦੇ ਫਿਕਰ ਵਿਚ ਦਿਨ ਭਰ ਕਮਾਉਂਦੀ ਹੈ। ਮੈਂ ਇਸ ਦਾ ਟਾਕਰਾ ਆਪਣੀ ਪਤਨੀ ਨਾਲ ਕਰਦਾ ਜੋ ਹਰ ਸਮੇਂ ਫੈਸ਼ਨ 'ਤੇ ਜਾਨ ਦਿੰਦੀ ਹੈ ਅਤੇ ਨਿਗ੍ਹਾ ਸਦਾ ਮੇਰੇ ਬਟੂਏ 'ਤੇ ਲੱਗੀ ਰਹਿੰਦੀ ਹੈ। ਪਤਾ ਨਹੀਂ ਕਿਉਂ ਮੈਂ ਇਸ ਤੋਂ ਡਰਿਆ ਰਹਿੰਦਾ ਹਾਂ।

"ਅਜੀ, ਚੱਲੋ ਰੋਟੀ ਖਾਓ, ਕਾਲਜ ਜਾਣ ਦਾ ਸਮਾਂ ਹੋ ਰਿਹਾ ਹੈ।" ਅੰਦਰੋਂ ਪਤਨੀ ਦੀ ਗਰਜਵੀਂ ਆਵਾਜ਼ ਨੇ ਮੈਨੂੰ ਚੌਂਕਾ ਦਿਤਾ, ਮੈਨੂੰ ਅੰਦਰ ਜਾਣਾ ਪਿਆ। ਖਾਣੇ ਦੇ ਮੇਜ਼ 'ਤੇ ਵੀ ਮੇਰਾ ਦਿਮਾਗ ਕੱਲੂ ਅਤੇ ਉਸ ਦੀ ਪਤਨੀ ਵੱਲੋਂ ਨਹੀਂ ਹਟ ਰਿਹਾ ਸੀ। ਮੈਂ ਬੇਦਿਲੀ ਨਾਲ ਦੋ ਤਿੰਨ ਬੁਰਕੀਆਂ ਛੇਤੀ ਛੇਤੀ ਖਾ ਕੇ ਆਪਣਾ ਬੈਗ ਸੰਭਾਲਦਿਆਂ ਕਾਲਜ ਜਾਣ ਲਈ ਘਰੋਂ ਬਾਹਰ ਚਲਿਆ ਗਿਆ।

"ਅੱਜ ਛੇਤੀ ਆਉਣਾ, ਸ਼ਬਨਮ ਦੇ ਘਰ ਜਾਣਾ ਹੈ। ਉਸ ਦਾ ਬਰਥ ਡੇਅ ਹੈ। ਕੋਈ ਨਾ ਕੋਈ ਤੋਹਫਾ ਲੈਂਦੇ ਆਉਣਾ। ਕੈਨੀਕੋ ਤੋਂ ਮੇਰੀ ਸਾੜੀ ਵੀ ਲੈਂਦੇ ਆਇਓ, ਡਾਈ ਕਰਵਾਇਆ ਹੈ। ਦੇਖਦੇ ਆਂ ਕਿਹਾ ਰੰਗ ਚੜ੍ਹਿਆ ਹੈ। ਹਾਂ, ਲੈਕਮੇ ਫੇਸ ਪਾਊਡਰ ਵੀ।" ਚਲਦਿਆਂ ਚਲਦਿਆਂ ਉਸ ਦੀ ਆਵਾਜ਼ ਮੇਰੇ ਕੰਨਾਂ ਵਿਚ ਪਈ। ਮੈਂ ਸੋਚਣ ਲੱਗਿਆ ਕਿ ਇਸ ਨੂੰ ਗੁਆਂਢ ਵਿਚ ਹੋਈ ਮੌਤ ਦਾ ਰਤਾ ਭਰ ਵੀ ਅਹਿਸਾਸ ਨਹੀਂ। ਆਪਣੇ ਐਸ਼ੋ-ਆਰਾਮ ਅਤੇ ਘੁੰਮਣ ਦਾ ਫਿਕਰ ਹਰ ਸਮੇਂ ਲੱਗਿਆ ਰਹਿੰਦਾ ਹੈ।

ਅੱਜ ਕਾਲਜ ਵਿਚ ਦਿਲ ਨਹੀਂ ਲੱਗਿਆ। ਕਈ ਪੀਰੀਅਡਾਂ ਵਿਚ ਜਾ ਨਹੀਂ ਹੋਇਆ। ਕੱਲੂ ਅਤੇ ਉਸ ਦੀ ਪਤਨੀ ਦਾ ਖਿਆਲ ਦਿਮਾਗ ਵਿਚੋਂ ਨਾ ਨਿਕਲ ਸਕਿਆ। ਕਾਲਜ ਤੋਂ ਮੁੜ ਕੇ ਘਰ ਅੰਦਰ ਜਾਣ ਤੋਂ ਪਹਿਲਾਂ ਮੁੰਨੀ ਦੀ ਮਾਂ ਨੂੰ ਮੈਂ ਉਸ ਦੇ ਬੂਹੇ 'ਤੇ ਗਮਗੀਨ ਅਤੇ ਉਦਾਸ ਖੜ੍ਹੀ ਦੇਖਿਆ। ਲਾਸ਼ ਸ਼ਮਸ਼ਾਨਘਾਟ ਜਾ ਚੁੱਕੀ ਸੀ। ਬਾਹਰ ਗਲੀ ਸੁੰਨਸਾਨ ਸੀ। ਉਦਾਸੀ ਦੀ ਲਹਿਰ ਮੇਰੇ 'ਤੇ ਵੀ ਛਾ ਗਈ।

ਫਿਰ ਕਈ ਦਿਨਾਂ ਪਿਛੋਂ ਉਹ ਕੰਮ 'ਤੇ ਆਈ। ਮੈਂ ਉਸ ਨੂੰ ਆਪਣੇ ਕਮਰੇ ਵਿਚੋਂ ਰਸੋਈ ਵਿਚ ਕੰਮ ਕਰਦਿਆਂ ਦੇਖਿਆ। ਨਿਢਾਲ ਸੀ। ਹਫਤਾ ਪਹਿਲਾਂ ਵਾਲੀ ਤਾਜ਼ਗੀ ਅਤੇ ਚਮਕ ਗਾਇਬ ਸੀ। ਖੰਘ ਵੀ ਰਹੀ ਸੀ। ਮੈਨੂੰ ਤਰਸ ਆਇਆ। ਮੈਂ ਉਸ ਦੀ ਸਹਾਇਤਾ ਕਰਨਾ ਚਾਹੁੰਦਾ ਸੀ। ਪਤਨੀ ਤੋਂ ਡਰਦਾ ਸੀ ਕਿ ਉਹ ਆਦਤ ਅਨੁਸਾਰ ਕੋਈ ਸ਼ੱਕ ਨਾ ਕਰ ਲਵੇ।

ਕੱਲੂ ਦੀ ਬਿਮਾਰੀ ਦੇ ਦਿਨਾਂ ਵਿਚ ਪਤਨੀ ਨੇ ਉਸ ਨੂੰ ਡਾਂਟਿਆ ਵੀ ਸੀ, "ਜਦੋਂ ਮੈਂ ਘਰ ਨਾ ਹੋਵਾਂ, ਤੂੰ ਸਾਹਬ ਦੇ ਕਮਰੇ ਵਿਚ ਨਹੀਂ ਜਾਣਾ।" ਤੇ ਮੈਨੂੰ ਸਮਝਾਉਂਦੀ, "ਤੁਸੀਂ ਇਹਨੂੰ ਨਹੀਂ ਜਾਣਦੇ, ਬੜੀ ਚਾਲੂ ਹੋ ਗਈ ਹੈ। ਸੁਣਿਆ, ਮੁਹੱਲੇ ਦੇ ਪਾਨਵਾਲੇ ਅਤੇ ਪੰਸਾਰੀ ਨਾਲ ਇਹਦੀ ਯਾਰੀ ਹੈ। ਪਹਿਲੇ ਪਤੀ ਨੂੰ ਤਾਂ ਖਾ ਹੀ ਗਈ ਸੀ, ਹੁਣ ਕੱਲੂ ਨੂੰ ਵੀ ਇਹਨੇ ਖਤਮ ਕਰ ਦਿੱਤਾ, ਕਿ ਏਕਾਂਤ ਵਿਚ ਐਸ਼ ਕਰੇ। ਅਜੀ, ਮੈਂ ਕਹਿੰਦੀ ਹਾਂ... ਇਹਨੂੰ ਕੰਮ ਤੋਂ ਹਟਾ ਦੇਵੋ, ਇਹਨੂੰ ਰੱਖ ਕੇ ਅਸੀਂ ਵੀ ਕਿਤੇ ਬਦਨਾਮ ਨਾ ਹੋ ਜਾਈਏ। ਮੈਂ ਤਾਂ ਕੱਲੂ ਨੂੰ ਹੀ ਦੂਜੀ ਨੌਕਰਾਣੀ ਦੀ ਭਾਲ ਕਰਦੀ ਹਾਂ।"

ਮੈਂ ਪਤਨੀ ਦੇ ਕੁਸੈਲੇ ਵਾਕਾਂ ਦੀ ਸਚਾਈ ਨੂੰ ਪਰਖਦਿਆਂ ਸੋਚਣ ਲੱਗਿਆ ਸੀ, ਕੀ ਅਸਲ ਵਿਚ ਇਸ ਨੇ ਆਪਣਾ ਸਰੀਰ ਵੇਚਣਾ ਸ਼ੁਰੂ ਕਰ ਦਿੱਤਾ ਹੈ। ਯਾਦ ਆਇਆ, ਇਕ ਰਾਤ ਸੁੱਤੇ ਪਿਆਂ ਮੇਰੀ ਅੱਖ ਖੁੱਲ੍ਹ ਗਈ। ਗੁਆਂਢ ਵਿਚ ਮੁੰਨੀ ਦੀ ਮਾਂ ਦੀਆਂ ਹਿਚਕੀਆਂ ਵਾਲੇ ਰੋਣ ਦੀ ਆਵਾਜ਼ ਆ ਰਹੀ ਹੈ। ਕਿਸੇ ਗੱਲ 'ਤੇ ਕੱਲੂ ਉਸ ਦੀ ਮਾਰ-ਕੁੱਟ ਕਰ ਰਿਹਾ ਸੀ।

ਕੱਲੂ ਇਹ ਨਹੀਂ ਭੁੱਲਦਾ ਸੀ ਕਿ ਉਹ ਪਤੀ ਹੈ ਤੇ ਉਸ ਦੀ ਪਤਨੀ ਨੂੰ ਉਸ ਤੋਂ ਬਿਨਾਂ ਕਿਸੇ ਨੂੰ ਨਹੀਂ ਮਿਲਣਾ ਚਾਹੀਦਾ। ਮੁੰਨੀ ਦੀ ਮਾਂ ਰੋ-ਰੋ ਕੇ ਉਸ ਨੂੰ ਕਹਿ ਰਹੀ ਸੀ, "ਮੈਂ ਘਰ ਕਿਵੇਂ ਚਲਾ ਰਹੀ ਹਾਂ, ਤੈਨੂੰ ਨਸ਼ਾ ਕਿਵੇਂ ਕਰਵਾਉਂਦੀ ਹਾਂ, ਤੇਰੇ ਬੱਚਿਆਂ ਨੂੰ ਕਿਵੇਂ ਪਾਲ ਰਹੀ ਹਾਂ। ਕੀ ਘਰਾਂ ਦੇ ਜੂਠੇ ਭਾਂਡੇ ਮਾਂਜ ਮਾਂਜ ਕੇ, ਤੇ ਲਾਹੀਆਂ ਸਾੜੀਆਂ ਤੇ ਕੱਪੜੇ ਪਹਿਨ ਕੇ ਹੀ ਸਾਡਾ ਗੁਜ਼ਾਰਾ ਹੋ ਜਾਵੇਗਾ। ਤੂੰ ਤਾਂ ਨਕਾਰਾ ਹੋ ਗਿਆ ਏਂ। ਨਸ਼ੇ ਵਿਚ ਧੁੱਤ ਰਹਿੰਨਾ ਏਂ, ਤੈਨੂੰ ਤਾਂ ਵੇਲੇ ਸਿਰ ਭੋਜਨ ਤੇ ਸ਼ਰਾਬ ਮਿਲਣੀ ਚਾਹੀਦੀ ਐ। ਕਦੇ ਸੋਚਿਆ, ਕਦੇ ਪੁੱਛਿਐ, ਇਹ ਸਭ ਕਿਥੋਂ ਆਉਂਦਾ। ਪਤਾ ਈ ਸਾਲ ਭਰ ਵਿਚ ਲੋਕਾਂ ਦਾ ਜਿਹੜਾ ਪੰਜ ਸੌ ਰੁਪਏ ਬਕਾਇਆ ਹੋ ਗਿਆ ਹੈ, ਇਹ ਕਿਵੇਂ ਉਤਰੇਗਾ। ਇਹ ਤਾਂ ਮੇਰਾ ਹੀ ਹੌਸਲਾ ਜਾ ਹੈ ਕਿ ਮੈਂ ਕਿਸੇ ਨਾ ਕਿਸੇ ਤਰ੍ਹਾਂ ਸਭ ਲੋੜਾਂ ਪੂਰੀਆਂ ਕਰ ਰਹੀ ਹਾਂ। ਕੱਲੂ ਅਜੇ ਵੀ ਉਸ ਨੂੰ ਮਾਰੀ-ਕੁੱਟੀ ਜਾ ਰਿਹਾ ਸੀ, "ਹਰਾਮਜ਼ਾਦੀ, ਆਵਾਰਾ, ਬਦਚਲਨ। ਮੇਰਾ



ਨਾਂ ਡਬੋ ਰਹੀ ਏਂ।"

ਉਹ ਮਾਰ ਖਾ ਰਹੀ ਸੀ। ਚੋਟਾਂ ਨਾਲ ਉਸ ਦਾ ਅੰਦਰਲਾ ਦਰਦ ਵਧਦਾ ਜਾ ਰਿਹਾ ਸੀ।

ਸਵੇਰ ਸਮੇਂ ਘੁੰਮਦਿਆਂ ਮੈਂ ਉਸ ਨੂੰ ਕੰਮ 'ਤੇ ਜਾਂਦਿਆਂ ਦੇਖਿਆ। ਸ਼ਾਇਦ ਉਹ ਸੇਠ ਜੀ ਦੇ ਘਰ ਜਾ ਰਹੀ ਸੀ। ਉਹੀ ਪੂਰੀ ਤਰ੍ਹਾਂ ਸ਼ਾਂਤ ਚਿਹਰਾ, ਰਾਤ ਦੇ ਝਗੜੇ ਦੀ ਕੋਈ ਵੀ ਝਲਕ ਚਿਹਰੇ 'ਤੇ ਦਿਖਾਈ ਨਹੀਂ ਸੀ ਦਿੰਦੀ। ਉਸ ਨੇ ਮੈਨੂੰ ਦੇਖ ਕੇ ਸਲਾਮ ਕਰਦਿਆਂ ਸਿਰ ਝੁਕਾਇਆ। ਉਸ ਪਿਛੋਂ ਫਿਰ ਕੱਲੂ ਨੇ ਉਸ 'ਤੇ ਹੱਥ ਨਹੀਂ ਚੁੱਕਿਆ ਅਤੇ ਹੁਣ ਉਹ ਹੱਥ ਚੁੱਕਣ ਦੇ ਕਾਬਲ ਹੀ ਨਹੀਂ ਸੀ ਰਿਹਾ।

ਕੱਲੂ ਨੂੰ ਟੀ.ਬੀ. ਹੋ ਗਈ ਸੀ। ਸਾਰੀ ਰਾਤ ਖੰਘਦਿਆਂ ਲੰਘ ਜਾਂਦੀ। ਮੁੰਨੀ ਦੀ ਮਾਂ ਨੇ ਬਿਮਾਰੀ ਵਿਚ ਉਸ ਦੀ ਪੂਰੀ ਸੇਵਾ ਕੀਤੀ। ਪੂਰਾ-ਪੂਰਾ ਧਿਆਨ ਰੱਖਿਆ। ਸਿਵਲ ਹਸਪਤਾਲ ਵਿਚ ਆਰਾਮ ਨਾ ਆਇਆ ਤਾਂ ਚੈਸਟ ਹਸਪਤਾਲ ਵਿਚ ਦਾਖਲ ਕਰਵਾ ਦਿੱਤਾ, ਪਰ ਕੱਲੂ ਉਥੇ ਹੋਰ ਪ੍ਰੇਸ਼ਾਨ ਕਰਨ ਲੱਗਿਆ, ਸ਼ਰਾਬ ਜੋ ਬੰਦ ਕਰ ਦਿੱਤੀ ਗਈ ਸੀ। ਉਹ ਆਪਣਾ ਕੰਮ ਛੱਡ ਕੇ ਦਿਨ ਭਰ ਉਸ ਕੋਲ ਬੈਠ ਨਹੀਂ ਸੀ ਸਕਦੀ ਅਤੇ ਉਹ ਇਕੱਲਾ ਉਥੇ ਰਹਿ ਨਹੀਂ ਸੀ ਸਕਦਾ। ਆਖਣ ਨੂੰ ਉਹ ਆਪ ਹੀ ਬਿਨਾ ਡਿਸਚਾਰਜ ਕੀਤਿਆਂ ਚੁੱਪ-ਚਾਪ ਘਰ ਆ ਗਿਆ।

ਮਰਦੇ ਦਮ ਤੱਕ ਉਸ ਦੀ ਨਸ਼ੇ ਦੀ ਲਤ ਨਾ ਗਈ। ਉਹ ਕਿਤਿਓਂ ਨਾ ਕਿਤਿਓਂ ਉਸ ਦੇ ਨਸ਼ੇ ਦਾ ਪ੍ਰਬੰਧ ਕਰਦੀ ਜਿਵੇਂ ਇਹ ਉਸ ਦਾ ਫਰਜ਼ ਹੋਵੇ। ਹੁਣ ਨਸ਼ਾ ਉਸ ਵਾਸਤੇ ਲਾਜ਼ਮੀ ਹੋ ਗਿਆ ਸੀ। ਨਸ਼ਾ ਕੁਝ ਸਮੇਂ ਲਈ ਉਸ ਦੀ ਪੀੜ ਬੰਦ ਕਰ ਦਿੰਦਾ ਸੀ। ਇਹੀ ਇਸ ਦੀ ਦਵਾਈ ਸੀ ਅਤੇ ਇਹੀ ਭੋਜਨ, ਤੇ ਇਹੀ ਉਸ ਦੀ ਮੌਤ ਦਾ ਕਾਰਨ ਬਣਿਆ। ਸ਼ੀਲਾ ਦੀ ਗੈਰਹਾਜ਼ਰੀ ਵਿਚ ਕਿਸੇ ਆਉਣ ਜਾਣ ਵਾਲੇ ਤੋਂ ਨਵੇਂ ਠੇਕੇ ਤੋਂ ਦੇਸੀ ਸ਼ਰਾਬ ਦਾ ਅਧੀਆ ਮੰਗਵਾ ਲਿਆ, ਪਰ ਗਲਾਸ ਪੀਦਿਆਂ ਹੀ ਉਸ ਦੇ ਸਰੀਰ ਨੂੰ ਅੱਗ ਲੱਗ ਗਈ, ਅੱਖਾਂ ਬਾਹਰ ਆਉਣ ਲੱਗੀਆਂ, ਜ਼ਬਾਨ ਬੰਦ ਹੋ ਗਈ। ਇਉਂ ਲੱਗਿਆ ਜਿਵੇਂ ਕੋਈ ਜ਼ਹਿਰ ਸਾਰੇ ਸਰੀਰ ਵਿਚ ਫੈਲ ਗਈ ਹੋਵੇ। ਸ਼ੀਲਾ ਜਦੋਂ ਘਰ ਆਈ ਤਾਂ ਮਰਿਆ ਹੀ ਦੇਖਿਆ। ਇਸ ਦਿਨ ਸੇਠ ਜੀ ਨੇ ਪੰਜਾਹ ਦਾ ਨੋਟ ਕੱਲੂ ਦੇ ਇਲਾਜ ਲਈ ਪੇਸ਼ਗੀ ਦਿੱਤਾ ਸੀ। ਇਸ ਇਸ਼ਾਰੇ ਨੂੰ ਉਹ ਚੰਗੀ ਤਰ੍ਹਾਂ ਸਮਝਦੀ ਸੀ। ਇਹੀ ਇਸ ਦੇ ਕਿਰਿਆ-ਕਰਮ ਦੇ ਕੰਮ ਆਇਆ। ਬਾਕੀ ਮੁਹੱਲੇ ਵਾਲਿਆਂ ਨੇ ਤਰਸ ਖਾ ਕੇ ਕਫ਼ਨ ਦਾ ਪ੍ਰਬੰਧ ਕਰ ਦਿਤਾ। ਮੈਂ ਵੀ ਕੁਝ ਰੁਪਏ ਪਤਨੀ ਤੋਂ ਚੋਰੀ ਉਸ ਨੂੰ ਭੇਜ ਦਿੱਤੇ। ਹੁਣ ਉਹ ਆਪਣੇ ਆਪ ਨੂੰ ਅਸੁਰੱਖਿਅਤ ਸਮਝਣ ਲੱਗ ਪਈ ਸੀ। ਫਿਰ ਉਸ ਦੀ ਸਿਹਤ ਡਿੱਗਣ ਲੱਗੀ। ਬੱਚਿਆਂ ਦੀ ਦੇਖ-ਭਾਲ ਕਰਦਿਆਂ ਆਪਣਾ-ਆਪ ਭੁੱਲ ਗਈ। ਉਹ ਇਸ ਤਰ੍ਹਾਂ ਦੀ ਮਸ਼ੀਨ ਬਣ ਗਈ ਜਿਸ ਨੂੰ ਕਦੇ ਵੀ ਤੇਲ ਨਾ ਦਿੱਤਾ ਗਿਆ ਹੋਵੇ, ਬਸ ਚਲਣਾ ਹੀ ਉਸ ਦਾ ਕੰਮ ਹੋਵੇ। ਬੱਚਿਆਂ ਨੂੰ ਖੁਆ-ਪਿਆ ਕੇ ਆਪ ਭੁੱਖੀ ਸੌਂ ਜਾਂਦੀ। ਭੁੱਖ ਅਤੇ ਬਹੁਤੇ ਕੰਮ ਕਰ ਕੇ ਉਸ ਨੂੰ ਬੁਖਾਰ ਰਹਿਣ ਲੱਗਿਆ। ਪਤੀ ਵਾਲੀ ਖੰਘ ਵੀ ਲੱਗ ਗਈ। ਉਹ ਬੁੱਢੀ ਲੱਗਣ ਲੱਗੀ। ਵਾਲ ਚਿੱਟੇ ਹੋ ਗਏ ਤੇ ਮੂੰਹ ਬੇ-ਰੌਣਕ। ਇਸਤਰੀ ਲਈ ਮਰਦ ਹੀ ਸ਼ਰਨ ਵਾਲੀ ਥਾਂ ਰੱਖਦਾ ਹੈ। ਚਾਹੇ ਉਹ ਬੇਕਾਰ ਹੀ ਹੋਵੇ, ਜ਼ਾਲਮ ਹੋਵੇ। ਮਰਦ ਮਰਦ ਹੀ ਹੈ। ਉਹ ਦਿਨੋ-ਦਿਨ ਕਮਜ਼ੋਰ ਦਿਸਣ ਲੱਗੀ, ਟੁੱਟਣ ਲੱਗੀ। ਹੁਣ ਇਸ ਨੂੰ ਚਾਹੁਣ ਵਾਲੇ ਵੀ ਇਸ ਕੋਲੋਂ ਦੂਰ ਰਹਿਣ ਲੱਗੇ। ਜ਼ਿੰਮੇਵਾਰੀ ਦਾ ਅਨੁਭਵ ਵਧਦਾ ਗਿਆ। ਬੱਚਿਆਂ ਦੇ ਭਵਿੱਖ ਦਾ ਧਿਆਨ ਵੱਧ ਰਹਿਣ ਲੱਗਿਆ। ਬਿਮਾਰੀ ਨੇ ਸਰੀਰ ਪਿਘਲਾ ਦਿੱਤਾ। ਹੱਡੀਆਂ ਦਾ ਢਾਂਚਾ ਬਣ ਗਈ। ਲੋਕਾਂ ਨੇ ਘਰ ਦਾ ਕੰਮ ਦੇਣਾ ਬੰਦ ਕਰ ਦਿੱਤਾ। ਟੀ.ਬੀ. ਦੇ ਮਰੀਜ਼ ਨੂੰ ਘਰ ਸੱਦ ਕੇ ਕਿਹੜਾ ਬਿਮਾਰੀ ਮੁੱਲ ਲੈਂਦੈ! ਘਰ ਦਾ ਸਾਮਾਨ ਵਿਕ ਗਿਆ, ਬੱਚੇ ਅਵਾਰਾ ਹੋ ਗਏ, ਚੋਰ ਬਣ ਗਏ।

ਕੱਲੂ ਦੀ ਬਰਸੀ ਦਾ ਪ੍ਰਬੰਧ ਇਸ ਨੇ ਕਿਸੇ ਤੋਂ ਕਰਜ਼ ਲੈ ਕੇ ਕੀਤਾ, ਕੇਵਲ ਉਸ ਦੀ ਰੂਹ ਖੁਸ਼ ਕਰਨ ਲਈ। ਇਸ ਦਿਨ ਸਭ ਇਕੱਠੇ ਹੋਏ, ਖਾ-ਪੀ ਕੇ ਤੁਰਦੇ ਬਣੇ। ਉਹ ਫਿਰ ਇਕੱਲੀ ਰਹਿ ਗਈ। ਕੱਲੂ ਦੀ ਥਾਂ ਖਾਲੀ ਸੀ। ਉਹ ਸੋਚਣ ਲੱਗੀ, ਹੁਣ ਉਹੀ ਦੁਨੀਆ ਤੇ ਪੈਸਾ ਤੇ ਉਹ ਇਕੱਲੀ! ਕੋਈ ਹਮਦਰਦ ਨਹੀਂ, ਦੁੱਖ-ਸੁੱਖ ਦਾ ਕੋਈ ਸਾਂਝੀ ਨਹੀਂ। ਸਿਰ ਦੀ ਛਾਂ ਚਲੀ ਗਈ, ਮਰਦ ਚਲਿਆ ਗਿਆ। ਸਮੇਂ ਦੀਆਂ ਠੋਕਰਾਂ ਖਾਣ ਲਈ ਛੱਡ ਗਿਆ। ਵਿਧਵਾ ਇਸਤਰੀ ਦੀ ਸਮਾਜ ਵਿਚ ਕੀ ਇੱਜ਼ਤ ਹੈ? ਫਿਰ ਵਿਧਵਾ ਦੀ ਜਵਾਨ ਧੀ, ਇਸ ਲਈ ਜਾਨ ਦਾ ਜੰਜਾਲ ਹੀ ਤਾਂ ਹੈ। ਹੁਣ ਉਹ ਅਤੇ ਉਸ ਦੀ ਮੁੰਨੀ ਸਮਾਜੀ ਬਘਿਆੜਾਂ ਦੇ ਵਿਚਕਾਰ ਇਕੱਲੀਆਂ ਸਨ। ਇਨ੍ਹਾਂ ਨੇ ਜ਼ਿੰਦਗੀ ਦਾ ਲੰਬਾ ਅਤੇ ਕਠਨ ਰਾਹ ਸਰ ਕਰਨਾ ਹੈ। ਉਹ ਥੱਕ ਕੇ ਪਲੰਘ 'ਤੇ ਲੇਟ ਗਈ ਅਤੇ ਸੋਚਣ ਲੱਗੀ। ਸਰੀਰ ਤਾਂ ਕਮਜ਼ੋਰ ਹੋ ਗਿਆ ਹੈ। ਕੇਵਲ ਹਿੰਮਤ ਬਚੀ ਹੈ। ਜ਼ਿੰਮੇਵਾਰੀ ਦਾ ਅਹਿਸਾਸ ਹੀ ਇਸ ਨੂੰ ਜਿਉਂਦਾ ਰੱਖ ਰਿਹਾ ਸੀ।

"ਮੁੰਨੀ ਅਜੇ ਤੱਕ ਕਿਉਂ ਨਹੀਂ ਆਈ?" ਇਕ ਸਵਾਲ ਉਸ ਨੇ ਆਪਣੇ ਆਪ ਨੂੰ ਕੀਤਾ। ਹੁਣ ਉਸ ਨੂੰ ਇਕੱਲਿਆਂ ਨਹੀਂ ਭੇਜੇਗੀ। ਪੱਪੂ ਨੂੰ ਵੀ ਨਾਲ ਭੇਜਿਆ ਕਰੂੰਗੀ। ਫਿਰ ਤ੍ਰੇਹ ਨਾਲ ਉਸ ਦਾ ਗਲ ਸੁੱਕਣ ਲੱਗਿਆ। ਉਸ ਨੇ ਪਾਣੀ ਮੰਗਿਆ। ਉਥੇ ਕੋਈ ਨਹੀਂ ਸੀ। ਕੁਝ ਪਲਾਂ ਪਿਛੋਂ ਮੁੰਨੀ ਬਾਹਰੋਂ ਆਉਂਦੀ ਦਿਖਾਈ ਦਿੱਤੀ। ਉਸ ਦੇ ਹੱਥਾਂ ਵਿਚ ਖਾਣੇ ਦਾ ਸਾਮਾਨ ਅਤੇ ਦਵਾਈ ਦੀ ਸ਼ੀਸ਼ੀ ਸੀ। 'ਪਾਣੀ-ਪਾਣੀ' ਦੀ ਆਵਾਜ਼ ਉਸ ਨੇ ਸੁਣੀ, ਫਿਰ ਸਾਮਾਨ ਮੇਜ਼ 'ਤੇ ਰੱਖ ਕੇ ਉਸ ਨੇ ਪਾਣੀ ਲਿਆ ਅਤੇ ਮਾਂ ਵੱਲ ਡਰਦੀ-ਡਰਦੀ ਵਧੀ। ਪਤਾ ਨਹੀਂ ਅੱਜ ਉਹ ਮਾਂ ਦੀਆਂ ਅੱਖਾਂ ਤੋਂ ਕਿਉਂ ਬਚ ਰਹੀ ਸੀ। ਮਾਂ ਨੇ ਵੀ ਉਸ ਨੂੰ ਧਿਆਨ ਨਾਲ ਦੇਖਿਆ ਅਤੇ ਉਹ ਕੰਬ ਗਈ।

ਉਸ ਨੇ ਪੁੱਛਿਆ, "ਇਹ ਸਭ ਕੁਝ ਅੱਜ ਕਿਥੋਂ ਲਿਆਈ ਏਂ। ਦੁਪੱਟੇ ਦੇ ਲੜ ਕੀ ਬੰਨ੍ਹਿਆ?"

ਮੁੰਨੀ ਨੇ ਝਿਜਕਦਿਆਂ ਹੌਲੀ ਜਿਹੀ ਕਿਹਾ, "ਸੇਠ ਜੀ ਨੇ ਪੰਜਾਹ ਰੁਪਏ ਦਾ ਨੋਟ ਤੇਰੇ ਇਲਾਜ ਲਈ ਦਿੱਤਾ ਸੀ। ਇਸ ਵਿਚੋਂ ਇਹ ਸਭ ਕੁਝ ਲਿਆਈ ਹਾਂ ਅਤੇ ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਤੂੰ ਹੁਣ ਕੰਮ 'ਤੇ ਨਹੀਂ ਆਉਣਾ, ਹੁਣ ਆਰਾਮ ਕਰੇਂ, ਤੇ ਹਾਂ, ਅੱਜ ਉਨ੍ਹਾਂ ਦੇ ਘਰ ਕਿਸੇ ਲਈ ਡਿਨਰ ਹੈ, ਮੈਂ ਹੁਣੇ ਜਾਣਾ ਹੈ।"

ਪੰਜਾਹ ਦਾ ਨੋਟ, ਸੇਠ ਜੀ ਅਤੇ ਮੁੰਨੀ... ਸੋਚਦਿਆਂ ਸੋਚਦਿਆਂ ਸਿਰ ਨੂੰ ਚੱਕਰ ਆ ਗਿਆ। ਪਾਣੀ ਦਾ ਗਲਾਸ ਫੜਦਿਆਂ ਫੜਦਿਆਂ ਹੱਥ ਕੰਬ ਗਿਆ। ਗਲਾਸ ਡਿੱਗ ਕੇ ਚੂਰ ਚੂਰ ਹੋ ਗਿਆ ਅਤੇ ਉਹ ਤਿਹਾਈ ਰਹਿ ਗਈ।

ਮੁੰਨੀ, ਮਾਂ ਦੀ ਇਹ ਹਾਲਤ ਦੇਖ ਕੇ ਸੁੰਨ ਹੋ ਕੇ ਖੜ੍ਹ ਗਈ। ਫਿਰ ਉਹ ਵੀ ਉਸ ਨੂੰ ਲਿਪਟ ਕੇ ਰੋ ਪਈ। ਅੱਜ ਉਹ ਵੀ ਮਾਂ ਵਾਂਗ ਬੇਬਸ ਸੀ।

## ਪੰਜਾਬ ਟਾਈਮਜ਼ ਦੇ ਮਿਆਰ

## ਸੰਪਾਦਕ ਦੀ ਡਾਕ

**ਸੰਪਾਦਕ ਜੀ,**

ਮੈਂ ਬੁਨਿਆਦੀ ਤੌਰ 'ਤੇ ਲੁਧਿਆਣੇ ਦਾ ਵਾਸੀ ਹਾਂ ਅਤੇ ਪਿਛਲੇ ਦੋ ਮਹੀਨਿਆਂ ਤੋਂ ਇਥੇ ਆਪਣੇ ਬੱਚਿਆਂ ਪਾਸ ਆਇਆ ਹੋਇਆ ਹਾਂ। ਜਦੋਂ ਬੱਚਿਆਂ ਨਾਲ ਪਹਿਲੀ ਵਾਰ ਗੁਰਦੁਆਰੇ ਗਿਆ ਤਾਂ ਉਥੇ ਇੰਨੇ ਸਾਰੇ ਪੰਜਾਬੀ ਅਖਬਾਰ ਵੇਖ ਕੇ ਖੁਸ਼ੀ ਹੋਈ ਅਤੇ ਹੈਰਾਨੀ ਵੀ ਕਿ ਇਥੇ ਪਰਦੇਸ ਵਿਚ ਵੀ ਪੰਜਾਬੀ ਪੱਤਰਕਾਰੀ ਆਪਣਾ ਵਡਾ ਥਾਂ ਬਣਾਈ ਬੈਠੀ ਹੈ।

ਜਦੋਂ ਘਰ ਆ ਕੇ ਅਖਬਾਰ ਖੋਲ੍ਹ ਕੇ ਦੇਖੇ ਤਾਂ ਇਕ-ਦੋ ਨੂੰ ਛੱਡ ਕੇ ਬਾਕੀ ਸਭ ਦਤੇ ਦਾ ਮਾਲ ਹੀ ਲਗੇ। 'ਪੰਜਾਬ ਟਾਈਮਜ਼' ਬਾਰੇ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਇਹ ਨੰਬਰ ਇਕ ਹੈ। ਇਸ ਵਿਚਲੀ ਪੜ੍ਹਨ ਸਮਗਰੀ ਦਾ ਮਿਆਰ ਅਤੇ ਵੰਨਗੀ ਸੱਚਮੁਚ ਹੀ ਕਾਬਲੇ-ਤਾਰੀਫ ਹੈ। ਪੰਜਾਬ ਟਾਈਮਜ਼ ਦੇ ਸਟਾਫ ਅਤੇ ਇਸ ਦੀਆਂ ਕਲਮਾਂ ਨੂੰ ਸਲਾਮ। ਸੱਚ ਜਾਣੋ ਤਾਂ ਮੈਨੂੰ ਉਥੇ ਪੰਜਾਬ ਵਿਚ ਵੀ ਇਸ ਤਰ੍ਹਾਂ ਦਾ ਕੋਈ ਮਿਆਰੀ ਪਰਚਾ ਨਹੀਂ ਲਭਿਆ। ਉਥੋਂ ਦੀ ਪੱਤਰਕਾਰੀ ਅਜਕਲ੍ਹ ਕੁਝ ਜਿਆਦਾ ਹੀ ਸਿਆਸਤ ਦੀ ਪਿਛਲਗ ਅਤੇ ਬਾਜ਼ਾਰੂ ਹੋ ਗਈ ਹੈ।

ਇਕ ਗੱਲ 'ਤੇ ਹੈਰਾਨੀ ਵੀ ਹੋਈ ਕਿ ਤੁਸੀਂ ਇੰਨੇ ਘੱਟ ਇਸ਼ਤਿਹਾਰਾਂ ਨਾਲ ਪਰਚਾ ਚਲਾਈ ਕਿਵੇਂ ਜਾ ਰਹੇ ਹੋ? ਜਦੋਂਕਿ ਇਥੇ ਅਖਬਾਰਾਂ ਲਈ ਆਮਦਨ ਦਾ ਇਕੋ-ਇਕ ਸਾਧਨ ਇਸ਼ਤਿਹਾਰ ਹੀ ਤਾਂ ਹਨ। ਮੈਂ ਨੋਟ ਕੀਤਾ ਹੈ ਕਿ ਸਭ ਤੋਂ ਘੱਟ ਇਸ਼ਤਿਹਾਰ ਪੰਜਾਬ ਟਾਈਮਜ਼ ਵਿਚ ਹੁੰਦਾ ਹੈ ਜਦੋਂਕਿ ਕਈ ਅਖਬਾਰ ਤਾਂ ਬਸ ਇਸ਼ਤਿਹਾਰਾਂ ਨਾਲ ਹੀ ਭਰੇ ਹੋਏ ਹੁੰਦੇ ਹਨ। ਰੱਬ ਕਰੇ ਪੰਜਾਬ ਟਾਈਮਜ਼ ਇਸੇ ਤਰ੍ਹਾਂ ਮਿਆਰੀ ਪੱਤਰਕਾਰੀ 'ਤੇ ਪਹਿਰਾ ਦਿੰਦਾ ਰਹੇ।

*-ਗੁਰਮੀਤ ਸਿੰਘ*
*ਸੈਨ ਹੋਜ਼ੇ, ਕੈਲੀਫੋਰਨੀਆ।*

# ਪੰਜਾਬੀ ਸਾਹਿਤ ਦਾ ਬਾਬਾ ਬੋਹੜ ਸੰਤ ਸਿੰਘ ਸੇਖੋਂ

*ਪੰਜਾਬੀ ਸਾਹਿਤ ਜਗਤ ਵਿਚ 'ਬਾਬਾ ਬੋਹੜ' ਦੇ ਨਾਂ ਨਾਲ ਜਾਣੇ ਜਾਂਦੇ ਸੰਤ ਸਿੰਘ ਸੇਖੋਂ ਨੇ ਨਾ ਸਿਰਫ ਪਾਏਦਾਰ ਸਾਹਿਤ ਦੀ ਰਚਨਾ ਕੀਤੀ, ਸਗੋਂ ਪੰਜਾਬੀ ਵਿਚ ਪਹਿਲੀ ਵਾਰ ਮਾਰਕਸਵਾਦੀ ਨਜ਼ਰੀਏ ਤੋਂ ਸਾਹਿਤਕ ਆਲੋਚਨਾ ਦਾ ਵੀ ਮੁੱਢ ਬੰਨ੍ਹਿਆ। ਗੁਲਜ਼ਾਰ ਸਿੰਘ ਸੰਧੂ ਨੇ ਹਥਲੀ ਲਿਖਤ ਵਿਚ ਇਸ ਮਹਾਨ ਹਸਤੀ ਦੇ ਅਨੇਕਾਂ ਅਣਦੱਸੇ ਪਹਿਲੂਆਂ ਉਤੇ ਰੋਸ਼ਨੀ ਪਾਈ ਹੈ। ਇਹ ਲਿਖਤ ਪੰਜਾਬ ਟਾਈਮਜ਼ ਦੇ ਪਾਠਕਾਂ ਦੀ ਨਜ਼ਰ ਹੈ। -ਸੰਪਾਦਕ*

ਕਿਸੇ ਸਮੇਂ ਪੰਜਾਬੀ ਸਾਹਿਤਕਾਰਾਂ ਦਾ ਮੱਕਾ ਰਹੇ ਖਾਲਸਾ ਕਾਲਜ, ਅੰਮ੍ਰਿਤਸਰ ਨੂੰ ਉਜਾੜਨ ਵਾਲਿਆਂ ਨੇ ਮੁੜ ਖਬਰਾਂ 'ਚ ਲਿਆਂਦਾ ਹੈ। ਪਿਛਲੀ ਸਦੀ ਦੇ ਤੀਜੇ ਤੇ ਚੌਥੇ ਦਹਾਕੇ ਵਿਚ ਸਾਹਿਤ ਮਹਾਂਰਥੀ ਤੇਜਾ ਸਿੰਘ, ਮੋਹਨ ਸਿੰਘ, ਸੰਤ ਸਿੰਘ ਸੇਖੋਂ ਤੇ ਗੁਰਬਚਨ ਸਿੰਘ ਤਾਲਿਬ ਇੱਥੇ ਪੜ੍ਹਾਉਂਦੇ ਸਨ ਅਤੇ ਪ੍ਰੀਤਮ ਸਿੰਘ ਸਫੀਰ ਤੇ ਗੋਪਾਲ ਸਿੰਘ ਦਰਦੀ ਉਨ੍ਹਾਂ ਕੋਲੋਂ ਪੜ੍ਹਦੇ ਸਨ। ਇਨ੍ਹਾਂ ਵਿਚੋਂ ਜੋ ਸਥਾਨ ਤੇਜਾ ਸਿੰਘ ਤੇ ਸੰਤ ਸਿੰਘ ਸੇਖੋਂ ਨੂੰ ਮਿਲਿਆ, ਉਸ ਦਾ ਕੋਈ ਸਾਨੀ ਨਹੀਂ ਹੈ। ਮੋਹਨ ਸਿੰਘ ਦੀ 'ਸਾਵੇ ਪੱਤਰ' ਦਾ ਛਪਣ ਤੋਂ ਪਹਿਲਾਂ ਇੱਕ-ਇੱਕ ਸ਼ਬਦ ਤੇਜਾ ਸਿੰਘ ਨੇ ਉਸ ਦੇ ਮੂੰਹੋਂ ਸੁਣ ਕੇ ਸਲਾਹਿਆ ਹੀ ਨਹੀਂ, ਸੋਧਿਆ ਵੀ ਸੀ। ਸੰਤ ਸਿੰਘ ਸੇਖੋਂ ਦਾ ਪਹਿਲਾ ਇਕਾਂਗੀ ਸੰਗ੍ਰਿਹ 'ਛੇ ਘਰ' ਤੇ ਕਹਾਣੀ ਸੰਗ੍ਰਿਹ 'ਸਮਾਚਾਰ' ਵੀ ਇਨ੍ਹਾਂ ਦਿਨਾਂ ਵਿਚ ਹੀ ਛਪੇ। 'ਪੇਮੀ ਦੇ ਨਿਆਣੇ' ਨਾਂ ਦੀ ਕਹਾਣੀ ਨੇ ਪੰਜਾਬੀ ਕਹਾਣੀ ਨੂੰ ਨਵੀਆਂ ਲੀਹਾਂ ਉਤੇ ਪਾਇਆ। ਕਰਤਾਰ ਸਿੰਘ ਦੁੱਗਲ ਦੇ ਕਹਿਣ ਅਨੁਸਾਰ ਸੇਖੋਂ ਦੀ ਵਡਿਤਣ ਤੋਂ ਪ੍ਰਭਾਵਿਤ ਹੋ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਕੇ ਉਸ ਨੇ ਆਪਣੇ ਪਹਿਲੇ ਕਹਾਣੀ ਸੰਗ੍ਰਿਹ ਦੀ ਸਾਰੀ ਸਮੱਗਰੀ ਸੇਖੋਂ ਸਾਹਿਬ ਦੇ ਚਰਨਾਂ ਵਿਚ ਬਹਿ ਸੁਣਾਈ ਤੇ ਉਨ੍ਹਾਂ ਤੋਂ ਸ਼ਾਬਾਸ਼ ਪ੍ਰਾਪਤ ਕੀਤੀ।

ਸੰਤ ਸਿੰਘ ਸੇਖੋਂ ਨਾਲ ਮੇਰੀ ਪਹਿਲੀ ਮੁਲਾਕਾਤ 1956 ਦੇ ਅੰਤਲੇ ਦਿਨਾਂ ਵਿਚ ਹੋਈ। ਨਵੀਂ ਦਿੱਲੀ ਦੇ ਵਿਗਿਆਨ ਭਵਨ ਵਿਚ ਏਸ਼ਿਆਈ ਲੇਖਕਾਂ ਦੀ ਇਕ ਬਹੁਤ ਵੱਡੀ ਕਾਨਫਰੰਸ ਸੀ ਜਿਸ ਦਾ ਉਦਘਾਟਨ ਤਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਕੀਤਾ। ਮੁਲਕ ਰਾਜ ਆਨੰਦ ਦਾ ਮੁੱਖ ਭਾਸ਼ਣ ਸੀ। ਮੁਲਕ ਰਾਜ ਆਨੰਦ ਤੇ ਪੰਡਿਤ ਜਵਾਹਰ ਲਾਲ ਨਹਿਰੂ ਮੰਚ ਉਤੇ ਬੈਠੇ ਇੱਕ-ਦੂਜੇ ਨਾਲ ਮਖੌਲ ਕਰਦੇ ਮੈਂ ਪਹਿਲੀ ਵਾਰ ਤੱਕੇ ਸਨ। ਮੇਰੇ ਮਨ ਵਿਚ ਲੇਖਕ ਦੀ ਪਦਵੀ ਦੇਸ਼ ਦੇ ਪ੍ਰਧਾਨ ਮੰਤਰੀ ਦੇ ਬਰਾਬਰ ਹੋ ਗਈ। ਮੈਂ 22 ਕੁ ਸਾਲਾਂ ਦਾ ਨੌਜਵਾਨ ਸਾਂ, ਪਰ ਡਾ. ਮਹਿੰਦਰ ਸਿੰਘ ਰੰਧਾਵਾ ਦੇ ਦਫਤਰ ਵਿਚ ਸਬ-ਐਡੀਟਰ ਲੱਗਿਆ ਹੋਣ ਕਾਰਨ ਮੈਨੂੰ ਸਾਰੇ ਵੱਡੇ ਲੇਖਕ ਜਾਣਨ ਲੱਗ ਪਏ ਸਨ। ਗੁਰਬਖਸ਼ ਸਿੰਘ ਪ੍ਰੀਤਲੜੀ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਹਰਿਭਜਨ ਸਿੰਘ ਤੇ ਜਗਜੀਤ ਸਿੰਘ ਆਨੰਦ।

ਸੇਖੋਂ ਨੇ ਕੋਟ ਪਤਲੂਨ ਤੇ ਟਾਈ ਤੋਂ ਬਿਨਾਂ ਬਣਾ ਸੰਵਾਰ ਕੇ ਬੰਨ੍ਹੀ ਪੱਗ ਵਾਲੇ ਚਿਹਰੇ ਉਤਲੀ ਦਾੜ੍ਹੀ ਨੂੰ ਸੱਜਰੀ ਕਲਫ ਲਾ ਰੱਖੀ ਸੀ। ਉਹ ਮਿੱਤਰਾਂ ਦੀ ਮਹਿਫਿਲ ਵਿਚੋਂ ਬਾਹਰ ਨਿਕਲਿਆ ਤਾਂ ਮੈਂ ਉਸ ਨੂੰ ਆਪਣੇ ਕੰਮ ਦੇ ਸਾਥੀਆਂ ਡੀ. ਮੁਤੂਸਵਾਮੀ ਤੇ ਟੀ. ਰਾਮਚੰਦਰਾ ਰਾਓ ਨਾਲ ਮਿਲਾ ਕੇ ਆਪਣਾ ਨਾਂ ਵੀ ਦੱਸਿਆ। ਅਸੀਂ ਚਾਹ ਵਾਲੇ ਮੇਜ਼ ਵੱਲ ਹੋ ਤੁਰੇ। "ਤੂੰ ਮੇਰਾ ਵਿਦਿਆਰਥੀ ਸੀ?" ਉਸ ਨੇ ਉਨ੍ਹਾਂ ਤੋਂ ਹਟ ਕੇ ਮੈਨੂੰ ਪੁਛਿਆ। "ਵਿਦਿਆਰਥੀ ਨਹੀਂ ਪਾਠਕ," ਕਹਿ ਕੇ ਮੈਂ ਉਹਦੇ ਸਾਹਮਣੇ ਕੁਰਸੀ ਉਤੇ ਬੈਠ ਗਿਆ। ਗੁਰੂ ਤੋਂ ਸਬਕ ਲੈਣ ਵਾਲੇ ਸ਼ਿਸ਼ਾਂ ਵਾਂਗ। ਮੇਰੀ ਉਮਰ ਸਬਕ ਸਿੱਖਣ ਦੀ ਸੀ। ਮੇਰੇ ਸਾਥੀਆਂ ਲਈ ਇਹ ਮਾਣ ਦੀ ਗੱਲ ਸੀ ਕਿ ਪੰਜਾਬੀ ਦੇ ਇੱਕ ਵੱਡੇ ਲੇਖਕ ਨੇ ਉਨ੍ਹਾਂ ਨਾਲ ਬੈਠਣਾ ਮੰਨ ਲਿਆ ਸੀ। ਮੇਰੇ ਸਾਥੀ ਸੇਖੋਂ ਦੀਆਂ ਸੰਖੇਪ ਤੇ ਭਾਵਪੂਰਤ ਟਿੱਪਣੀਆਂ ਤੋਂ ਬੜੇ ਪ੍ਰਭਾਵਿਤ ਹੋਏ। ਉਹ ਦੋਵੇਂ ਮੇਰੇ ਨਾਲੋਂ ਦੁੱਗਣੀ ਤੇ ਡਿਉਢੀ ਉਮਰ ਦੇ ਸਨ। ਪਰ ਸੇਖੋਂ ਦੀ ਸੰਗਤ ਨੇ ਮੈਨੂੰ ਉਨ੍ਹਾਂ ਦਾ ਹਾਣੀ ਬਣਾ ਦਿੱਤਾ। ਸਾਥੋਂ ਜੁਦਾ ਹੋਣ ਤਕ ਸੇਖੋਂ ਮੇਰਾ ਕੱਦ ਉਨ੍ਹਾਂ ਨਾਲੋਂ ਉਚਾ ਕਰ ਗਿਆ ਸੀ।

ਸੇਖੋਂ ਨਾਲ ਸਾਹਿਤਕ ਰਿਸ਼ਤਾ ਗੂੜ੍ਹਾ ਹੁੰਦਿਆਂ ਦੇਰ ਨਹੀਂ ਲੱਗੀ। ਉਹ ਦਿੱਲੀ ਆਉਂਦਾ ਤਾਂ ਆਪਣੇ ਨਾਟਕਕਾਰ ਮਿੱਤਰਾਂ ਹਰਚਰਨ ਸਿੰਘ ਤੇ ਬਲਵੰਤ ਗਾਰਗੀ ਦੇ ਘਰ ਠਹਿਰਦਾ। ਉਸ ਨੇ ਛੇਤੀ ਹੀ ਇਨ੍ਹਾਂ ਠਾਹਰਾਂ ਵਿਚ ਮੇਰਾ ਘਰ ਵੀ ਸ਼ਾਮਲ ਕਰ ਲਿਆ। ਮੇਰੇ ਕੋਲ 3 ਕਮਰੇ ਦਾ ਵੱਡਾ ਘਰ ਸੀ ਤੇ ਆਉਣ ਜਾਣ ਲਈ ਛੋਟਾ ਮੋਟਰ ਸਾਈਕਲ। ਇਸ 'ਤੇ ਬੈਠ ਕੇ ਮਜਨੂੰ ਟਿੱਲਾ ਦੇ ਗੁਰਦੁਆਰੇ ਰਾਹੀਂ ਰਾਸ਼ਟਰਪਤੀ ਭਵਨ ਜਾਂਦੇ। ਮੇਰੀ ਰਿਹਾਇਸ਼ ਦਿੱਲੀ ਯੂਨੀਵਰਸਿਟੀ ਨੇੜੇ ਮਾਡਲ ਟਾਊਨ ਵਿਚ ਸੀ। ਰਾਸ਼ਟਰਪਤੀ ਭਵਨ ਵਿਚ ਪ੍ਰਭਜੋਤ ਕੌਰ ਦਾ ਪਤੀ ਕਰਨਲ ਨਰਿੰਦਰਪਾਲ ਸਿੰਘ ਕੰਪਟਰੋਲਰ ਤੇ ਡਿਪਟੀ ਮਿਲਟਰੀ ਸੈਕਰੇਟਰੀ ਦੇ ਤੌਰ 'ਤੇ ਤਾਇਨਾਤ ਸੀ। ਇੱਕ ਵਾਰ ਉਰਦੂ ਲੇਖਕ ਕ੍ਰਿਸ਼ਨ ਚੰਦਰ ਵੀ ਸੰਤ ਸਿੰਘ ਸੇਖੋਂ ਨੂੰ ਮਿਲਣ ਮੇਰੇ ਘਰ ਚੱਲ ਕੇ ਆਇਆ ਸੀ। ਉਹ ਮਾਡਲ ਟਾਊਨ ਹੀ ਰਹਿੰਦਾ ਸੀ। ਉਸ ਸਮੇਂ ਦੇ ਲੇਖਕਾਂ ਦੇ ਵਡੱਪਣ ਦਾ ਇੱਕ ਕਾਰਨ ਪਿੰਡਾਂ ਦੇ ਜੰਮਪਲ ਤੇ ਅੰਗਰੇਜ਼ੀ ਸਾਹਿਤ ਦੇ ਵਿਦਿਆਰਥੀ ਹੋਣਾ ਸੀ। ਤੇਜਾ ਸਿੰਘ, ਸੇਖੋਂ, ਤਾਲਿਬ, ਦਰਦੀ ਤੇ ਦੁੱਗਲ ਅੰਗਰੇਜ਼ੀ ਦੀ ਐਮ.ਏ. ਸਨ ਤੇ ਪਿੰਡ ਦੀ ਤ੍ਰੇਲ ਧੋਤੀ ਤੇ ਸੱਜਰੀ ਜ਼ਿੰਦਗੀ ਤੋਂ ਜਾਣੂ। ਇਨ੍ਹਾਂ ਦੀਆਂ ਦੁੱਧ-ਧੋਤੀਆਂ ਰਚਨਾਵਾਂ ਨੇ ਵਰਤਮਾਨ ਪੰਜਾਬੀ ਸਾਹਿਤ ਨੂੰ ਉਸਾਰਨ ਵਿਚ ਕਮਾਲ ਦਾ ਹਿੱਸਾ ਪਾਇਆ।

ਜੇ ਤੇਜਾ ਸਿੰਘ ਦਾ ਨਾਂ ਰਾਹ-ਦਸੇਰਿਆਂ ਦੀ ਸੂਚੀ 'ਚ ਸਭ ਤੋਂ ਉਤੇ ਹੈ ਤਾਂ ਉਸ ਦੇ ਤੁਰ ਜਾਣ ਪਿੱਛੋਂ ਇਹ ਮਾਣ ਸੇਖੋਂ ਨੂੰ ਮਿਲਿਆ। ਅੱਧੀ ਸਦੀ ਪੰਜਾਬੀ ਦਾ ਸ਼ਾਇਦ ਹੀ ਕੋਈ ਲੇਖਕ ਹੋਵੇ ਜਿਸ ਨੇ ਆਪਣੀ ਪਹਿਲੀ ਕਿਤਾਬ ਸੰਤ ਸਿੰਘ ਸੇਖੋਂ ਦੀ ਸ਼ਾਬਾਸ਼ੀ ਤੋਂ ਬਿਨਾਂ ਮਾਰਕੀਟ 'ਚ ਠੇਲ੍ਹੀ ਹੋਵੇ। ਨਾਮੀ ਪੰਜਾਬੀ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਨੇ ਤੇਜਾ ਸਿੰਘ ਤੇ ਸੰਤ ਸਿੰਘ ਸੇਖੋਂ ਨੂੰ ਆਧੁਨਿਕ ਪੰਜਾਬੀ ਸਾਹਿਤ ਦੇ ਉਸਰੱਈਏ ਗਰਦਾਨਿਆ ਸੀ। ਸੇਖੋਂ ਦੇ ਚਲਾਣੇ ਪਿੱਛੋਂ ਨਵੇਂ ਲੇਖਕਾਂ ਨੂੰ ਕੋਈ ਵੀ ਅਜਿਹਾ ਮਾਰਗਦਰਸ਼ਕ ਨਹੀਂ ਮਿਲਿਆ ਜਿਹੜਾ ਉਨ੍ਹਾਂ ਦੀ ਰਚਨਾ ਦੇ ਕੂਲੇਪਣ ਨੂੰ ਪਛਾਣ ਕੇ ਉਨ੍ਹਾਂ ਦੇ ਵਡੱਪਣ ਨੂੰ ਖੁੱਲ੍ਹੇ ਦਿਲ ਨਾਲ ਉਭਾਰਦਾ ਹੋਵੇ। ਤੇਜਾ ਸਿੰਘ ਪਾਕਿਸਤਾਨ ਵਿਚ ਰਹਿ ਗਏ ਜ਼ਿਲ੍ਹਾ ਰਾਵਲਪਿੰਡੀ ਦੇ ਨਿੱਕੇ ਜਿਹੇ ਪਿੰਡ ਅਡਿਆਲ ਵਿਚ ਜੰਮਿਆ ਸੀ ਤੇ ਸੇਖੋਂ ਲਾਇਲਪੁਰ ਜ਼ਿਲ੍ਹੇ ਦੀ ਝੰਗ ਬ੍ਰਾਂਚ ਦੇ ਚੱਕ ਨੰਬਰ 70 ਵਿਚ।

ਸੰਤ ਸਿੰਘ ਸੇਖੋਂ ਦੀ ਕਲਗੀ ਵਿਚ ਸਿਰਜਣਾ ਦਾ ਖੰਭ ਹੋਣ ਕਾਰਨ ਉਹ ਨਵੀਨ ਪੰਜਾਬੀ ਸਾਹਿਤ ਦੀ ਉਸਾਰੀ ਵਿਚ ਤੇਜਾ ਸਿੰਘ ਨੂੰ ਵੀ ਮਾਤ ਪਾ ਗਿਆ। ਉਸ ਨੂੰ ਪੰਜਾਬੀ ਸਾਹਿਤ ਦੇ ਬਾਬਾ ਬੋਹੜ ਦਾ ਲਕਬ ਮਿਲਣ ਵਿਚ ਉਸ ਦੇ ਬਹੁ-ਵਿਧਾਈ ਲੇਖਕ ਹੋਣ ਦਾ ਹੱਥ ਹੈ, ਪਰ ਉਸ ਦੀ ਪ੍ਰਮੁੱਖ ਪ੍ਰਾਪਤੀ ਉਸ ਦੀ ਕਹਾਣੀ ਕਲਾ ਮੰਨੀ ਜਾਂਦੀ ਹੈ। ਉਸ ਦੀਆਂ ਕਹਾਣੀਆਂ ਵਿਚ ਉਚ ਸ਼੍ਰੇਣੀ ਦੇ ਪਾਤਰਾਂ ਪ੍ਰਤੀ ਵਿਅੰਗ ਹੈ ਤੇ ਨੀਵੀਂ ਵਾਲਿਆਂ ਲਈ ਹਮਦਰਦੀ ਤੇ ਉਦਾਰਤਾ। ਜਿੱਥੋਂ ਤਕ ਵਹਿਮਾਂ-ਭਰਮਾਂ ਤੇ ਧਾਰਮਿਕ ਵਖਰੇਵਿਆਂ ਦਾ ਸਬੰਧ ਹੈ, ਸੇਖੋਂ ਕਿਸੇ ਵੀ ਸ਼੍ਰੇਣੀ ਦੇ ਲੋਕਾਂ ਨੂੰ ਖਿਮਾ ਨਹੀਂ ਕਰਦਾ। ਉਸ ਦੇ ਬਹੁਤੇ ਪਾਤਰ ਖੱਬੇ ਪੱਖੀ ਵਿਚਾਰਾਂ ਨੂੰ ਪ੍ਰਣਾਏ ਹੋਏ ਹਨ। 'ਜੱਗ 'ਤੇ ਜਿਊਣਾ ਕੂੜ ਉਨ੍ਹਾਂ ਦਾ' ਕਹਾਣੀ ਵਿਚ ਇੱਕ ਗ਼ਰੀਬ ਜੱਟ ਦਾ ਛੜਾ ਪੁੱਤ ਆਪਣੇ ਭਰਾ ਤੇ ਭਰਜਾਈ ਉਤੇ ਬੋਝ ਬਣਨ ਦੀ ਥਾਂ ਸਾਧੂ ਬਣ ਕੇ ਗੰਗਾ ਕੰਢੇ ਰਹਿਣ ਲੱਗਦਾ ਹੈ ਤਾਂ ਸੇਖੋਂ ਉਸ ਦਾ ਪੱਖ ਪੂਰਦਾ ਹੈ।

'ਲਹੂ ਮਿੱਟੀ' ਪੰਜਾਬੀ ਦਾ ਪਹਿਲਾ ਨਾਵਲ ਹੈ ਜਿਹੜਾ ਗ਼ਰੀਬ ਕਿਸਾਨ ਵੱਲੋਂ ਆਪਣਾ ਘਰ-ਘਾਟ ਛੱਡ ਕੇ ਵਧੇਰੇ ਜ਼ਮੀਨ ਦੀ ਹੋੜ ਵਿਚ ਗੋਰੀ ਸਰਕਾਰ ਵੱਲੋਂ ਵਸਾਈਆਂ ਬਾਰਾਂ ਵਿਚ ਰਹਿਣ ਤੁਰ ਜਾਂਦਾ ਹੈ। ਨਾਇਕ ਦੇ ਮਾਤਾ-ਪਿਤਾ ਖੁਦ ਅਨਪੜ੍ਹ ਤੇ ਗ਼ਰੀਬ ਹੋਣ ਕਾਰਨ ਆਪਣੇ ਪੁੱਤ ਨੂੰ ਸਕੂਲ ਕਾਲਜ ਤੋਂ ਵੀ ਉਚੇਰੀ ਵਿੱਦਿਆ ਦਿਵਾਉਂਦੇ ਆਪਣੀ ਜੱਦੀ ਭੋਂ ਤੋਂ ਵਾਂਝੇ ਹੋ ਜਾਂਦੇ ਹਨ ਤੇ ਨਹਿਰੀ ਬਸਤੀਆਂ ਦੇ ਵਸਨੀਕ ਹੋ ਕੇ ਇਹ ਧੋਣਾ ਧੋਣ ਦੀ ਓਹੜ-ਪੋਹੜ ਵਿਚ ਸੰਘਰਸ਼ ਕਰਦੇ ਵਿਖਾਏ ਗਏ ਹਨ। ਨਾਵਲੀ ਅੰਸ਼ ਘੱਟ ਹੋਣ ਦੇ ਬਾਵਜੂਦ ਪਾਤਰਾਂ ਦੇ ਤਨਾਂ-ਮਨਾਂ ਵਿਚੋਂ ਲੰਘਦੀ ਖਿੱਚੋਤਾਣ ਦਾ ਨਕਸ਼ਾ ਪਾਠਕ ਨੂੰ ਝੰਜੋੜ ਕੇ ਰੱਖ ਦਿੰਦਾ ਹੈ।

ਉਸ ਦੇ ਦੂਜੇ ਨਾਵਲ 'ਬਾਬਾ ਆਸਮਾਨ' ਦਾ ਨਾਇਕ ਸੇਵਾ ਸਿੰਘ ਵੀ ਨਵੀਆਂ ਚਰਾਂਦਾਂ ਦੀ ਭਾਲ 'ਚ ਸ਼ੰਘਈ ਰਾਹੀਂ ਅਮਰੀਕਾ ਜਾ ਕੇ ਮਜ਼ਦੂਰੀ ਕਰਨ ਲੱਗਦਾ ਹੈ ਤਾਂ ਗ਼ਦਰ ਪਾਰਟੀ ਦਾ ਮੈਂਬਰ ਬਣ ਕੇ ਵਾਪਸ ਲੁਦੇਹਾਣਾ ਵਾਲੇ ਜੱਦੀ ਪਿੰਡ ਰਹਿਣ ਲੱਗਦਾ ਹੈ। ਉਹ ਇੱਥੇ ਆ ਕੇ ਖੁਸ਼ ਤਾਂ ਨਹੀਂ, ਪਰ ਹੋਰ ਚਾਰਾ ਵੀ ਕੋਈ ਨਹੀਂ। ਲੇਖਕ ਦੀ ਸਵੈ-ਜੀਵਨੀ ਦੀ ਝਲਕ ਵਾਲੇ ਇਹ ਨਾਵਲ ਇੰਨੇ ਮਕਬੂਲ ਨਹੀਂ ਹੋਏ, ਜਿੰਨੀ ਉਸ ਦੀ ਚਾਹਨਾ ਸੀ।


ਸੰਤ ਸਿੰਘ ਸੇਖੋਂ ਨੇ ਨਿੱਕੇ ਤੇ ਵੱਡੇ ਨਾਟਕ ਵੀ ਲਿਖੇ। 'ਛੇ ਘਰ' ਵਿਚਲੇ ਕਾਵਿ ਨਾਟਕ 'ਬਾਬਾ ਬੋਹੜ' ਵਿਚ ਸੇਖੋਂ ਨੇ ਇੱਕ ਪੁਰਾਣੇ ਤੇ ਲੰਮੀ ਉਮਰ ਵਾਲੇ ਬੋਹੜ ਦੀ ਜ਼ਬਾਨੀ ਗੁਰੂ ਗੋਬਿੰਦ ਸਿੰਘ ਤੋਂ ਲੈ ਕੇ ਸੁਤੰਤਰਤਾ ਸੰਗਰਾਮ ਦੇ ਸਿੱਖਾਂ ਤਕ ਦਾ ਇਤਿਹਾਸ ਪੇਸ਼ ਕੀਤਾ। ਇਸ ਨੇ ਲੇਖਕ ਨੂੰ ਪੰਜਾਬੀ ਸਾਹਿਤ ਦੇ ਬਾਬਾ ਬੋਹੜ ਦਾ ਦਰਜਾ ਵੀ ਦਿਵਾਇਆ। ਦੇਸ਼ ਦੇ ਇਤਿਹਾਸ ਤੇ ਮਿਥਿਹਾਸ ਦੀਆਂ ਪੈੜਾਂ ਨੱਪਦੇ ਇਹ ਇਕਾਂਗੀ ਤੇ ਨਾਟਕ ਸੇਖੋਂ ਨਾਲ ਅੰਤ ਤਕ ਨਿਭੇ। ਉਸ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਉਚਤਮ ਸਨਮਾਨ ਦਿਵਾਉਣ ਵਾਲਾ ਵੀ ਉਸ ਦਾ ਨਾਟਕ 'ਮਿੱਤਰ ਪਿਆਰਾ' ਸੀ ਜਿਸ ਵਿਚ ਹਿਟਲਰੀ ਨਾਜ਼ੀਵਾਦ ਦੇ ਝੰਬਿਆਂ ਨੂੰ ਰਾਹਤ ਦਿਵਾਉਣ ਵਾਲਾ ਸਿਰਫ ਤੇ ਸਿਰਫ ਲੈਨਿਨ ਹੀ ਦਿਖਾਇਆ ਗਿਆ ਹੈ। ਸੰਤ ਸਿੰਘ ਸੇਖੋਂ ਦੇ ਸਮੁੱਚੇ ਪਾਤਰ ਅਰਸ਼ੀ ਭਾਵਨਾਵਾਂ ਵਾਲੇ ਹਨ। ਕਿਧਰੇ-ਕਿਧਰੇ ਦੇਵੀ-ਦੇਵਤਿਆਂ ਦੀ ਪਾਤਰ ਉਸਾਰੀ ਵਿਚ ਲੇਖਕ ਦੇ ਨਿਜੀ ਵਿਸ਼ਲੇਸ਼ਣ ਕਾਰਨ ਉਸ ਦੀ ਰਚਨਾਕਾਰੀ ਵਾਦ-ਵਿਵਾਦ ਦਾ ਵਿਸ਼ਾ ਵੀ ਬਣੀ, ਪਰ ਇਸ ਸਭ ਦੇ ਬਾਵਜੂਦ ਸੰਤ ਸਿੰਘ ਸੇਖੋਂ ਦਾ ਕੱਦ ਨਹੀਂ ਘਟਿਆ। ਕਾਰਨ ਇਹ ਕਿ ਸੇਖੋਂ ਨੇ ਜੋ ਕੁਝ ਵੀ ਲਿਖਿਆ ਉਸ ਨੇ ਪ੍ਰਗਤੀਵਾਦੀ ਉਤਮਤਾਈ ਦਾ ਪੱਲਾ ਨਹੀਂ ਛੱਡਿਆ।

ਮੈਂ ਉਸ ਦੇ ਜੀਵਨ ਦੀਆਂ ਹੋਰ ਗੱਲਾਂ ਦਾ ਵੀ ਚਸ਼ਮਦੀਦ ਗਵਾਹ ਹਾਂ। ਉਹ ਰੂਸ ਤੇ ਚੀਨ ਦੀ ਕ੍ਰਾਂਤੀ ਦੇ ਹਵਾਲੇ ਨਾਲ ਕਿਸਾਨਾਂ-ਮਜ਼ਦੂਰਾਂ ਦੇ ਹੱਕਾਂ ਦੀ ਗੱਲ ਕਰਦਾ ਆਪ ਅੰਗਰੇਜ਼ੀ ਸਾਹਿਬਾਂ ਦੀ ਤਰਜ਼-ਏ-ਜ਼ਿੰਦਗੀ ਜਿਊਣ ਦਾ ਚਾਹਵਾਨ ਸੀ। ਮੈਂ ਉਸ ਨੂੰ ਇੰਗਲੈਂਡ ਦੇ ਪ੍ਰਗਤੀਸ਼ੀਲ ਲੇਖਕਾਂ ਵੱਲੋਂ ਸੱਦੀ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਇੱਕ ਪਾਸੇ ਮਾਰਕਸ ਦੀ ਕਬਰ ਤੇ ਦੂਜੇ ਪਾਸੇ ਅੰਗਰੇਜ਼ੀ ਕਵੀਆਂ ਦੀਆਂ ਯਾਦਗਾਰਾਂ ਦੇਖਦਿਆਂ ਇੱਕੋ ਜਿੰਨੇ ਉਤਸ਼ਾਹ ਤੇ ਸ਼ਰਧਾ ਨਾਲ ਤੁਰਦਿਆਂ ਤੱਕਿਆ ਹੈ।

ਉਸ ਦੇ ਧਰਮ ਦੀ ਪੌੜੀ ਵੀ ਪਿਤਾ-ਪੁਰਖੀ ਤੇ ਡੰਡਿਆਂ ਵਾਲੀ ਸੀ। ਉਹਦੇ ਲਈ ਉਹਦੇ ਪੁਰਖੇ ਮਹਾਨ ਯੋਧੇ ਸਨ। ਉਹ ਆਪਣੇ ਮਾਪਿਆਂ ਦੀ ਚਾਹਨਾ ਉਤੇ ਕਿੰਨਾ ਕੁ ਪੂਰਾ ਉਤਰਿਆ, ਇਹ ਤਾਂ ਉਸ ਦਾ ਪਰਿਵਾਰ ਹੀ ਦੱਸ ਸਕਦਾ ਹੈ, ਪਰ ਉਸ ਦੇ ਮਨ ਵਿਚ ਮਾਪਿਆਂ ਦਾ ਆਦਰ ਬੜਾ ਸੀ। ਉਸ ਲਈ ਪਿਤਾ ਹੁਕਮ ਸਿੰਘ ਇੱਕ ਯੋਧਾ ਸੀ ਤੇ ਮਾਤਾ ਪ੍ਰੇਮੀ ਵਾਹਿਗੁਰੂ ਦੀ ਸ਼ਕਤੀ ਦੇ ਹਾਣ ਦੀ। ਦਾਦੇ-ਪੜਦਾਦੇ ਉਨ੍ਹਾਂ ਤੋਂ ਉਚੇਰੇ। ਉਨ੍ਹਾਂ ਦੇ ਸਮਿਆਂ ਦਾ ਮਹਾਰਾਜਾ ਰਣਜੀਤ ਸਿੰਘ ਹੋਰ ਵੀ ਉਤੇ। ਬੰਦਾ ਬਹਾਦਰ ਤੇ ਗੁਰੂ ਸਾਹਿਬਾਨ ਤਾਂ ਅਰਸ਼ਾਂ ਦੇ ਵਾਲੀ ਹੋ ਨਿੱਬੜੇ ਸਨ। ਸੇਖੋਂ ਦੇ ਨਾਟਕ, ਨਾਵਲ ਤੇ ਕਹਾਣੀਆਂ ਇਸ ਧਾਰਨਾ ਉਤੇ ਮੋਹਰ ਲਾਉਂਦੇ ਹਨ। ਮਹਾਰਾਜਾ ਰਣਜੀਤ ਸਿੰਘ, ਬੰਦਾ ਬਹਾਦਰ, ਕਾਰਲ ਮਾਰਕਸ ਤੇ ਅਬਰਾਹਮ ਲਿੰਕਨ ਇਨ੍ਹਾਂ ਪੁਰਖਿਆਂ ਦਾ ਸੁਪਨਈ ਸਰੂਪ ਸਨ। ਸ਼ਾਇਦ ਇਹੀ ਕਾਰਨ ਹੈ ਕਿ ਉਹ ਕਾਬਲ ਕੰਧਾਰ ਵਿਚ ਠੇਕੇਦਾਰੀ ਕਰਕੇ ਅਤੇ ਇੰਗਲੈਂਡ, ਅਮਰੀਕਾ ਤੇ ਰੂਸ ਵਿਚ ਵਿਚਰਦਾ ਲਾਹੌਰ, ਅੰਮ੍ਰਿਤਸਰ ਤੇ ਫਤਿਹਗੜ੍ਹ ਸਾਹਿਬ ਰਾਹੀਂ ਆਪਣੇ ਪਿੰਡ ਵੱਲ ਵਧਦਾ ਰਿਹਾ ਸੀ।

ਸੰਤ ਸਿੰਘ ਸੇਖੋਂ ਦਾ ਮਿਜਾਜ਼ ਮੁੱਢ ਤੋਂ ਆਸ਼ਿਕਾਨਾ ਸੀ। ਜਵਾਨੀ ਦੀ ਉਮਰੇ ਹੈਲਮੀ ਨਾਂ ਦੀ ਇੱਕ ਅੰਗਰੇਜ਼ ਮਹਿਲਾ ਨਾਲ ਉਸ ਦੀ ਨੇੜਤਾ ਦੇ ਕਿੱਸੇ ਉਸ ਦੇ ਸਮਕਾਲੀਆਂ ਦੀ ਜ਼ੁਬਾਨ 'ਤੇ ਸਨ। ਉਸ ਨੂੰ ਆਪਣੀ ਆਸ਼ਕੀ ਦੇ ਜੱਗ-ਜ਼ਾਹਿਰ ਹੋਣ ਦੀ ਖੁਸ਼ੀ ਹੁੰਦੀ ਸੀ। ਉਹ ਆਪਣੀ ਮੁਹੱਬਤ ਦੀਆਂ ਗੱਲਾਂ ਆਪਣੇ ਤੋਂ ਉਮਰ ਵਿਚ ਬਹੁਤ ਛੋਟੇ ਸਾਥੀਆਂ ਨਾਲ ਵੀ ਕਰ ਲੈਂਦਾ ਸੀ। ਮਾਤਾ ਗੁਜਰੀ ਕਾਲਜ, ਫਤਿਹਗੜ੍ਹ ਸਾਹਿਬ ਦਾ ਪ੍ਰਿੰਸੀਪਲ ਹੁੰਦਿਆਂ ਉਹ ਕਾਲਜ ਦੀ ਇੱਕ ਅਧਿਆਪਕਾ ਉਤੇ ਇੰਨਾ ਫਿਦਾ ਸੀ ਕਿ ਆਪਣੀ ਆਸ਼ਕੀ ਨੂੰ ਜ਼ੁਬਾਨ ਦੇਣ ਵਾਸਤੇ ਉਸ ਨੇ ਹੀਰ-ਰਾਂਝੇ ਦੇ ਵੱਡੇ ਕਿੱਸੇ ਨੂੰ ਅੰਗਰੇਜ਼ੀ ਕਵਿਤਾ ਵਿਚ ਉਲਥਾਉਣ ਦਾ ਕੰਮ ਸੰਭਾਲ ਲਿਆ ਸੀ। ਵਾਰਿਸ ਦੇ ਕੁਝ ਬੰਦ ਸੇਖੋਂ ਨੇ ਅੰਗਰੇਜ਼ੀ ਵਿਚ ਇੰਨੇ ਸੁਭਾਵਿਕ ਬਣਾ ਦਿੱਤੇ ਸਨ ਕਿ ਉਨ੍ਹਾਂ ਵਿਚੋਂ ਮੂਲ ਅੰਗਰੇਜ਼ੀ ਰਚਨਾ ਦਾ ਭੁਲੇਖਾ ਪੈਂਦਾ ਹੈ।

ਸੇਖੋਂ ਨੂੰ ਸੂਬਾਈ ਤੇ ਰਾਸ਼ਟਰੀ ਸਨਮਾਨ ਵੀ ਮਿਲੇ। ਭਾਵੇਂ ਆਖਰੀ ਉਮਰੇ ਹੀ ਸਹੀ, ਉਸ ਨੂੰ ਸਾਹਿਤ ਅਕਾਦਮੀ ਦਾ ਉਹ ਪੁਰਸਕਾਰ ਮਿਲਿਆ ਜਿਸ ਤੋਂ ਕਿਸੇ ਕਾਰਨ ਗੁਰਬਖਸ਼ ਸਿੰਘ ਪ੍ਰੀਤਲੜੀ ਵੀ ਵਾਂਝਾ ਰਹਿ ਗਿਆ ਸੀ। ਗੁਰਬਖਸ਼ ਸਿੰਘ ਤੋਂ ਪਿੱਛੋਂ ਉਹ ਦੂਜਾ ਮਹਾਂਰਥੀ ਸੀ ਜਿਸ ਨੂੰ ਇਸ ਅਕਾਦਮੀ ਦੀ ਆਦਰਯੋਗ ਫੈਲੋਸ਼ਿਪ ਪ੍ਰਦਾਨ ਕੀਤੀ ਗਈ। ਫਿਰ ਵੀ ਉਸ ਦੀ ਆਪਣੇ ਅੱਧੀ ਦਰਜਨ ਨਾਟਕਾਂ ਤੇ ਇਕਾਂਗੀਆਂ, ਦੋ ਨਾਵਲਾਂ ਤੇ ਸੱਠ-ਸੱਤਰ ਕਹਾਣੀਆਂ ਨਾਲ ਸੰਤੁਸ਼ਟੀ ਨਹੀਂ ਹੋਈ ਸੀ। ਉਹ ਸੌ ਸਾਲ ਦੀ ਉਮਰ ਭੋਗਣ ਅਤੇ ਇੱਕ ਹਜ਼ਾਰ ਸਫੇ ਦੀ ਵੱਡ-ਅਕਾਰੀ ਰਚਨਾ ਕਰਨ ਦਾ ਚਾਹਵਾਨ ਸੀ। ਉਹ ਇਸ ਰਚਨਾ ਵਿਚ ਬਰਤਾਨਵੀ ਰਾਜ ਦੀਆਂ ਸੇਂਜੂ ਬਾਰਾਂ ਦੀ ਆਬਾਦੀ ਤੋਂ ਲੈ ਕੇ ਸੰਤਾਲੀ ਸਮੇਂ ਦੀ ਬਰਬਾਦੀ ਦੇ ਹਾਲਾਤ



*ਸੰਤ ਸਿੰਘ ਸੇਖੋਂ*

ਕਲਮਬੰਦ ਕਰਨਾ ਚਾਹੁੰਦਾ ਸੀ। ਉਸ ਦੀ ਇਹ ਇੱਛਾ ਪੂਰੀ ਨਹੀਂ ਹੋ ਸਕੀ। ਇੱਕ ਤਰ੍ਹਾਂ ਨਾਲ ਇਹ ਭਾਣਾ ਵੀ ਠੀਕ ਹੀ ਵਰਤਿਆ। ਅੱਜ ਦੇ ਦਿਨ ਮੌਲਿਕ ਲੇਖਕਾਂ ਨੇ ਉਸ ਦੇ ਪੱਲੇ ਉਹ ਕੁਝ ਨਹੀਂ ਸੀ ਪਾਉਣਾ, ਜਿਸ ਦਾ ਉਹ ਆਦੀ ਹੋ ਚੁਕਾ ਸੀ। ਸ਼ਾਇਦ ਉਪਰ ਵਾਲਾ ਉਸ ਦੇ ਸੁਪਨੇ ਤੋਂ ਪ੍ਰਭਾਵਿਤ ਹੋ ਕੇ ਉਸ ਨੂੰ ਉਹ ਆਦਰਯੋਗ ਸਥਾਨ ਦੇ ਬੈਠਾ ਹੋਵੇ, ਜਿਸ ਲਈ ਇੱਥੋਂ ਵਾਲੇ ਜੀਵਨ ਦਿਨ ਰਾਤ ਜੂਝਦੇ ਰਹਿੰਦੇ ਹਨ।

ਸੇਖੋਂ ਦੀ ਆਧੁਨਿਕ ਪੰਜਾਬੀ ਸਾਹਿਤ ਨੂੰ ਵੱਡੀ ਦੇਣ ਵਾਸਨਾ ਵਰਗੇ ਵਰਜਿਤ ਵਿਸ਼ਿਆਂ ਉਤੇ ਲਿਖਣਾ ਸੀ। ਉਸ ਦੀ ਸੋਚ ਪੱਛਮੀ ਤੇ ਉਦਾਰ ਸੀ। ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਉਸ ਨੇ ਖਾਲਸਾ ਕਾਲਜ ਵਿਚ ਪੜ੍ਹਾਉਂਦਿਆਂ ਅੰਗਰੇਜ਼ੀ ਵਿਚ ਕਵਿਤਾਵਾਂ ਵੀ ਲਿਖੀਆਂ ਜਿਹੜੀਆਂ ਇੰਗਲੈਂਡ ਦੇ ਰਸਾਲਿਆਂ ਵਿਚ ਛਪੀਆਂ। 1937 'ਚ ਉਸ ਨੇ 'ਨਾਰਦਰਨ ਰੀਵਿਊ' ਨਾਂ ਦਾ ਇੱਕ ਰਸਾਲਾ ਵੀ ਕੱਢਿਆ ਸੀ ਜਿਸ ਵਿਚ ਆਪਣੀਆਂ ਅੰਗਰੇਜ਼ੀ ਰਚਨਾਵਾਂ ਛਾਪੀਆਂ। ਉਸ ਨੂੰ ਅਮਰੀਕਾ, ਕੈਨੇਡਾ ਤੇ ਇੰਗਲੈਂਡ ਦੀਆਂ ਸਾਹਿਤਕ ਸੰਸਥਾਵਾਂ ਨੇ ਆਪਣੇ ਖਰਚ ਉਤੇ ਸੱਦਿਆ ਤੇ ਨਿਵਾਜਿਆ। 1958 ਵਿਚ ਉਹ ਐਫਰੋ-ਏਸ਼ੀਅਨ ਰਾਈਟਰਜ਼ ਵੱਲੋਂ ਸੋਵੀਅਤ ਯੂਨੀਅਨ ਵੀ ਗਿਆ। ਆਪਣੇ ਸਮੇਂ ਦੇ ਦੂਜੇ ਲੇਖਕਾਂ ਵਾਂਗ ਉਸ ਨੇ ਟਕਸਾਲੀ ਸਾਹਿਤਕ ਰਚਨਾਵਾਂ ਦਾ ਅੰਗਰੇਜ਼ੀ ਤੋਂ ਪੰਜਾਬੀ ਤੇ ਪੰਜਾਬੀ ਤੋਂ ਅੰਗਰੇਜ਼ੀ ਵਿਚ ਅਨੁਵਾਦ ਵੀ ਕੀਤਾ। ਗੁਰੂ ਗੋਬਿੰਦ ਸਿੰਘ ਦੇ 'ਬਚਿੱਤਰ ਨਾਟਕ' ਹੀ ਨਹੀਂ, ਵਾਰਿਸ ਦੀ ਹੀਰ ਦਾ ਕਾਵਿਕ ਅਨੁਵਾਦ ਵੀ ਕੀਤਾ। ਉਸ ਨੇ ਅੰਤਲੇ ਦਮ ਤਕ ਪੰਜਾਬੀ ਦੇ ਵਿਕਾਸ ਲਈ ਅੰਗਰੇਜ਼ੀ ਰਚਨਾਵਾਂ ਨੂੰ ਆਪਣੇ ਗਲ ਲਾਈ ਰੱਖਿਆ। ਇਨ੍ਹਾਂ ਵਿਚ ਆਲਡੂਅਸ ਹਕਸਲੇ, ਈ.ਐਮ. ਫੌਸਟਰ ਤੇ ਥੌਮਸ ਮਾਨ ਵਰਗੇ ਮਾਰਕਸਵਾਦੀ ਚਿੰਤਨ ਵਾਲੇ ਹੀ ਨਹੀਂ ਸਗੋਂ ਜਾਰਜ ਬਰਨਾਰਡ ਸ਼ਾਅ ਤੇ ਐਚ.ਜੀ. ਵੈਲਜ਼ ਵਰਗੇ ਉਦਾਰਵਾਦੀ ਵੀ ਸ਼ਾਮਲ ਸਨ।

ਨਵੀਨ ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ ਲਈ ਇੰਨਾ ਕੁਝ ਕਰਨ ਵਾਲੇ ਸੇਖੋਂ ਨੂੰ ਜੀਵਨ ਭਰ ਨਿੱਕੇ-ਵੱਡੇ ਕਾਲਜਾਂ ਵਿਚ ਪੜ੍ਹਾਉਣਾ ਪਿਆ। ਲੁਧਿਆਣੇ ਆਪਣੇ ਜੱਦੀ ਪਿੰਡ ਨੇੜੇ ਰਹਿਣ ਲਈ ਉਹ ਗੁਰੂਸਰ ਸਧਾਰ ਵਰਗੇ ਆਮ ਕਾਲਜ ਵਿਚ ਪੜ੍ਹਾਉਣ ਵਾਸਤੇ ਹਰ ਰੋਜ਼ ਬਸ ਵਿਚ ਸਫਰ ਕਰਦਾ ਰਿਹਾ। ਇਹ ਗੱਲ ਨੋਟ ਕਰਨ ਵਾਲੀ ਹੈ ਕਿ ਛੋਟੇ ਤੋਂ ਛੋਟੇ ਕਾਲਜ ਵਿਚ ਪੜ੍ਹਾਉਂਦੇ ਸਮੇਂ ਵੀ ਉਹ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਜਾਂ ਆਕਸਫੋਰਡ ਦੇ ਪ੍ਰੋਫੈਸਰਾਂ ਵਾਂਗ ਵਿਚਰਦਾ। ਅਧਿਆਪਕੀ ਜੀਵਨ ਦੇ ਅੰਤਲੇ ਸਾਲਾਂ ਵਿਚ ਉਸ ਨੇ ਫਤਿਹਗੜ੍ਹ ਸਾਹਿਬ, ਜੰਡਿਆਲਾ ਤੇ ਪਟਿਆਲਾ ਦੇ ਕਾਲਜਾਂ ਵਿਚ ਪ੍ਰਿੰਸੀਪਲੀ ਵੀ ਕੀਤੀ, ਪਰ ਉਸ ਦਾ ਸਮੁੱਚਾ ਵਰਤ-ਵਰਤਾਰਾ ਅਜਿਹਾ ਸੀ ਜਿਵੇਂ ਉਹ ਵਿਸ਼ਵਵਿਦਿਆਲੇ ਦਾ ਮੁਖੀ ਹੋਵੇ। ਬਲਵੰਤ ਗਾਰਗੀ ਨੇ ਮਿੱਤਰਾਂ ਦੇ ਰੇਖਾ ਚਿੱਤਰ ਲਿਖਦਿਆਂ ਸੇਖੋਂ ਵਾਲੇ ਲੇਖ ਨੂੰ 'ਕਾਲਜ ਦਾ ਵਾਈਸ ਚਾਂਸਲਰ' ਨਾਂ ਦਿੱਤਾ ਸੀ।

ਸੰਤ ਸਿੰਘ ਸੇਖੋਂ ਨੂੰ ਆਪਣੇ ਅੰਦਰਲੇ ਗੁਣਾਂ ਉਤੇ ਇੰਨਾ ਮਾਣ ਸੀ ਕਿ ਉਸ ਨੂੰ ਗੰਢ-ਤੁੱਪ ਕਰਨੀ ਉਕਾ ਹੀ ਨਹੀਂ ਸੀ ਆਉਂਦੀ। ਜੇ ਕਿਸੇ ਕਾਲਜ ਵਿਚ ਪ੍ਰਿੰਸੀਪਲ ਦੀ ਨੌਕਰੀ ਖਾਲੀ ਹੁੰਦੀ ਤਾਂ ਉਹ ਕਾਲਜ ਦੀ ਗਵਰਨਿੰਗ ਬਾਡੀ ਦੇ ਮੈਂਬਰ ਤਕ ਰਸਾਈ ਕਰਨ ਦੀ ਥਾਂ ਕਿਸੇ ਰਹਿ ਚੁੱਕੇ ਵਿਦਿਆਰਥੀ ਨੂੰ ਕਹਿੰਦਾ ਕਿ ਉਹ ਉਸ ਦੀ ਮਦਦ ਕਰੇ। ਇਸੇ ਵਿਧਾ ਵਿਧਾਵਲੀ ਕਾਰਨ ਉਸ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ 1972 ਵਿਚ ਉਦੋਂ ਮਿਲਿਆ ਜਦੋਂ ਉਸ ਤੋਂ ਪਿੱਛੋਂ ਵਾਲੇ ਲੇਖਕ ਇਸ ਸੂਚੀ ਵਿਚ ਸ਼ਾਮਲ ਹੋ ਚੁੱਕੇ ਸਨ। ਇਹੋ ਕਾਰਨ ਹੈ ਕਿ ਜਦੋਂ ਵੀ ਅਜਿਹਾ ਐਲਾਨ ਹੁੰਦਾ ਤਾਂ ਉਸ ਦੇ ਮਿੱਤਰ ਪਿਆਰੇ ਅਫਸੋਸ ਕਰਨ ਉਸ ਦੇ ਘਰ ਪਹੁੰਚ ਜਾਂਦੇ ਜਾਂ ਚਿੱਠੀ ਪੱਤਰ ਦੁਆਰਾ ਆਪਣੀ ਹਮਦਰਦੀ ਜਤਾਉਂਦੇ। ਜਦੋਂ ਉਸ ਨੂੰ ਪੁਰਸਕਾਰ ਮਿਲ ਗਿਆ ਤਾਂ ਉਸ ਦੇ ਹਮਦਰਦਾਂ ਤੋਂ ਇਹ ਪੁੱਛੇ ਬਿਨਾਂ ਨਾ ਰਿਹਾ ਗਿਆ ਕਿ ਉਸ ਨੂੰ ਕਿਵੇਂ ਲੱਗ ਰਿਹਾ ਹੈ। ਉਸ ਦਾ ਇੱਕ ਸਤਰਾ ਉਤਰ ਸੀ, "ਇਸ ਵਿਚ ਪੈਸਾ ਵੀ ਹੈ ਜਿਸ ਦੀ ਮੈਨੂੰ ਸਦਾ ਹੀ ਲੋੜ ਰਹਿੰਦੀ ਹੈ। ਪਰ ਵੱਡੀ ਗੱਲ ਇਹ ਕਿ ਅੱਗੇ ਤੋਂ ਮੇਰੇ ਘਰ ਉਹ ਫੂਹੜੀ ਨਹੀਂ ਵਿਛੇਗੀ ਜਿਹੜੀ ਹਰ ਵਾਰੀ ਮੇਰੇ ਚਾਹੁਣ ਵਾਲੇ ਮੇਰੇ ਵਿਹੜੇ ਵਿਛਾ ਲੈਂਦੇ ਸਨ।"

ਸੰਤ ਸਿੰਘ ਸੇਖੋਂ ਸੱਚਮੁੱਚ ਹੀ ਵੱਡਾ ਸਾਹਿਤਕਾਰ ਸੀ। ਗੋਪਾਲ ਸਿੰਘ ਦਰਦੀ ਉਸ ਦੀ ਗੱਲ ਕਰਦੇ ਸਮੇਂ ਉਸ ਲਈ 'ਟਾਲ ਮੈਨ' ਭਾਵ ਕੱਦ ਬੁੱਤ ਵਾਲਾ ਇਨਸਾਨ ਸ਼ਬਦਾਂ ਦੀ ਵਰਤੋਂ ਕਰਦਾ। ਪਰ ਵਿਡੰਬਣਾ ਇਹ ਹੈ ਕਿ ਉਹ ਸਾਹਿਤਕਾਰੀ ਨਾਲੋਂ ਰਾਜਨੀਤੀ ਨੂੰ ਵੱਡੀ ਮੰਨਦਾ ਸੀ। ਲੈਨਿਨ ਨੂੰ ਟਾਲਸਟਾਏ ਨਾਲੋਂ ਵੱਡਾ ਮੰਨਣ ਵਾਂਗ। ਉਸ ਨੇ ਦੋ ਵਾਰ ਵਿਧਾਨ ਸਭਾ ਤੇ ਇੱਕ ਵਾਰ ਲੋਕ ਸਭਾ ਚੋਣ ਲੜੀ, ਪਰ ਤਿੰਨੋਂ ਵਾਰ ਜ਼ਮਾਨਤ ਜ਼ਬਤ ਹੋਈ।

ਦੁੱਖ ਦੀ ਗੱਲ ਹੈ ਕਿ ਪੰਜਾਬੀ ਦੇ ਇੰਨੇ ਵੱਡੇ ਬੁੱਧੀਜੀਵੀ ਨੂੰ ਅਕਾਲ ਚਲਾਣੇ ਤੋਂ ਪਹਿਲਾਂ ਚੇਤੇ ਦੇ ਖੋਰੇ ਨੇ ਮਾਰ ਲਿਆ। ਦੇਹਾਂਤ ਤੋਂ ਮਹੀਨਾ ਕੁ ਪਹਿਲਾਂ ਮੈਂ ਉਸ ਨੂੰ ਹਸਪਤਾਲ ਮਿਲਣ ਗਿਆ ਤਾਂ ਮੇਰੇ ਪ੍ਰਵੇਸ਼ ਕਰਨ 'ਤੇ ਕੋਲ ਬੈਠੇ ਸੱਜਣ ਨੇ ਉਸ ਨੂੰ ਪੁੱਛਿਆ ਕਿ ਦੱਸੋ ਕੌਣ ਹੈ ਤਾਂ ਉਸ ਨੇ ਫਟਾਕ ਉਤਰ ਦਿੱਤਾ ਕਿ 'ਗੁਲਜ਼ਾਰ ਹੈ' ਪਰ ਜਦੋਂ 15 ਕੁ ਮਿੰਟ ਪਿੱਛੋਂ ਉਸ ਦਾ ਪੁੱਤ ਦਾਖਲ ਹੋਇਆ ਤਾਂ ਉਸ ਨੇ ਉਸੇ ਪ੍ਰਸ਼ਨ ਦੇ ਉਤਰ ਵਿਚ ਕਿਹਾ 'ਮੇਰਾ ਪੁੱਤ ਹੈ'। ਜਦੋਂ ਪੁੱਛਣ ਵਾਲੇ ਨੇ ਕਿਹਾ ਕਿ ਇਸ ਦਾ ਨਾਂ ਦੱਸੋ ਤਾਂ ਸੇਖੋਂ ਨੇ ਥੋੜ੍ਹਾ ਸਿਰ ਹਿਲਾ ਕੇ ਬੇਵਸੀ ਜਤਾਈ 'ਬਈ ਨਾ ਨਹੀਂ ਮੈਨੂੰ ਅਹੁੜ ਰਿਹਾ।' ਪੂਰਾ ਨਾਂ ਕਰਨਬੀਰ ਤਾਂ ਕੀ ਚੇਤੇ ਹੋਣਾ ਸੀ ਉਸ ਨੂੰ ਕਾਕੂ ਵੀ ਨਹੀਂ ਸੀ ਅਹੁੜਿਆ। ਆਪਣੇ ਸੀਨੀਅਰ ਮਿੱਤਰ ਸੰਤ ਸਿੰਘ ਸੇਖੋਂ ਨਾਲ ਮੇਰੀ ਇਹ ਅੰਤਲੀ ਮਿਲਣੀ ਸੀ ਜਿਸ ਨੇ ਮੈਨੂੰ ਪਹਿਲਾਂ ਨਾਲੋਂ ਵੱਧ ਨਾਸਤਕ ਬਣਾ ਕੇ ਤੋਰਿਆ।

ਸੰਤ ਸਿੰਘ ਸੇਖੋਂ ਦੇ ਦੇਹਾਂਤ ਦੀ ਖਬਰ ਮੈਨੂੰ ਰੋਜ਼ਾਨਾ 'ਦੇਸ਼ ਸੇਵਕ' ਦੇ ਦਫਤਰ ਵਿਚ ਮਿਲੀ। ਮੈਂ ਇਸ ਪਰਚੇ ਦਾ ਸੰਪਾਦਕ ਸਾਂ। ਅਸਲ ਵਿਚ ਉਹਦੇ ਨਾਲ ਅੰਤਲੀ ਮਿਲਣੀ ਪਿੱਛੋਂ ਮੈਨੂੰ ਜਾਪਦਾ ਸੀ ਕਿ ਇਹ ਖਬਰ ਕਦੇ ਵੀ ਆ ਸਕਦੀ ਸੀ। ਦਫਤਰ ਵਾਲਿਆਂ ਨੂੰ ਤੁਰ ਗਏ ਦਾ ਮਹੱਤਵ ਜਤਾ ਕੇ ਚੰਡੀਗੜ੍ਹ ਤੋਂ ਸੇਖੋਂ ਦੇ ਜੱਦੀ ਪਿੰਡ ਦਾਖਾ ਲਈ ਰਵਾਨਾ ਹੋ ਗਿਆ। ਵਾਰ-ਵਾਰ ਨੌਕਰੀਆਂ ਤੋਂ ਕੱਢਿਆ ਜਾਣ ਵਾਲਾ ਸੰਤ ਸਿੰਘ ਸੇਖੋਂ ਸਰਕਾਰੀ ਮਾਣ-ਸਨਮਾਨ ਨਾਲ ਵਿਦਾ ਹੋਇਆ।

ਉਸ ਦੇ ਚਲਾਣੇ ਪਿੱਛੋਂ ਕਿਸੇ ਨੇ ਉਸ ਨੂੰ 'ਪੇਮੀ ਦਾ ਨਿਆਣਾ' ਕਹਿ ਕੇ ਚੇਤੇ ਕੀਤਾ ਤੇ ਕਿਸੇ ਨੇ ਯੋਧੇ ਦਾ ਚਲਾਣਾ ਮੰਨ ਕੇ। ਪੰਜਾਬੀ ਦੇ ਹੱਸਾਸ ਸ਼ਾਇਰ ਸੁਰਜੀਤ ਪਾਤਰ ਨੇ ਉਸ ਦੇ ਤੁਰ ਜਾਣ ਨੂੰ ਇੱਕ ਭਰੇ ਭੁਕੰਨੇ ਸਮੁੰਦਰ ਦੇ ਸੁੱਕ ਜਾਣ ਦੀ ਉਪਮਾ ਦਿੱਤੀ।



# ਦਿੱਲੀ ਦੀ ਰਕੁਲ ਪ੍ਰੀਤ ਸਿੰਘ ਦੀ ਉਡਾਣ


ਦਿੱਲੀ ਵਿਚ ਜੰਮੀ-ਪਲੀ ਅਤੇ ਤੈਲਗੂ ਫਿਲਮਾਂ ਵਿਚ ਪੈਰ ਜਮਾਉਣ ਵਾਲੀ ਪੰਜਾਬਣ ਅਦਾਕਾਰਾ ਰਕੁਲ ਪ੍ਰੀਤ ਸਿੰਘ ਇਕ ਵਾਰ ਫਿਰ ਹਿੰਦੀ ਫਿਲਮਾਂ ਵਿਚ ਪੈਂਠ ਬਣਾਉਣ ਲਈ ਯਤਨ ਕਰ ਰਹੀ ਹੈ। ਉਸ ਦੀ ਫਿਲਮ 'ਸ਼ਿਮਲਾ ਮਿਰਚੀ' ਤਿਆਰ ਹੈ, ਪਰ ਅਜੇ ਕੁਝ ਕਾਰਨਾਂ ਕਰ ਕੇ ਇਹ ਫਿਲਮ ਰਿਲੀਜ਼ ਹੋਣ ਵਿਚ ਦੇਰ ਹੋ ਰਹੀ ਹੈ। ਇਹ ਫਿਲਮ 'ਸ਼ੋਅਲੇ' ਵਾਲੇ ਮਸ਼ਹੂਰ ਫਿਲਮਸਾਜ਼ ਰਮੇਸ਼ ਸਿੱਪੀ ਨੇ 20 ਵਰ੍ਹਿਆਂ ਦੇ ਵਕਫ਼ੇ ਬਾਅਦ ਬਣਾਈ ਹੈ ਅਤੇ ਇਸ ਵਿਚ ਮੁੱਖ ਕਿਰਦਾਰ ਹੇਮਾ ਮਾਲਿਨੀ ਅਤੇ ਰਾਜ ਕੁਮਾਰ ਰਾਓ ਦਾ ਹੈ। ਫਿਲਮ ਵਿਚ ਇਕ ਨੌਜਵਾਨ ਆਪਣੀ ਉਮਰ ਤੋਂ ਕਿਤੇ ਵਡੇਰੀ ਉਮਰ ਦੀ ਔਰਤ ਨਾਲ ਪਿਆਰ ਕਰਦਾ ਹੈ। ਫਿਲਮ ਵਿਚ ਤੀਜਾ ਅਹਿਮ ਕਿਰਦਾਰ ਰਕੁਲ ਪ੍ਰੀਤ ਸਿੰਘ ਦਾ ਹੈ।



ਉਂਝ, ਸੁਣਿਆ ਇਹ ਵੀ ਹੈ ਕਿ ਫਿਲਹਾਲ ਇਸ ਫਿਲਮ ਨੂੰ ਖਰੀਦਣ ਲਈ ਕੋਈ ਤਿਆਰ ਨਹੀਂ। ਇਸ ਤਰ੍ਹਾਂ ਇਕ ਵਾਰ ਫਿਰ ਰਕੁਲ ਪ੍ਰੀਤ ਸਿੰਘ ਲਈ ਹਿੰਦੀ ਫਿਲਮਾਂ ਦੇ ਰਸਤੇ ਵਿਚ ਅੜਿੱਕਾ ਪੈ ਗਿਆ ਹੈ। ਇਸ ਤੋਂ ਪਹਿਲਾਂ ਉਸ ਦੀ ਹਿੰਦੀ ਫਿਲਮ 'ਯਾਰੀਆਂ' ਆਈ ਸੀ, ਪਰ ਗੱਲ ਨਹੀਂ ਸੀ ਬਣੀ। ਉਂਝ ਤੈਲਗੂ ਤੇ ਤਮਿਲ ਫਿਲਮ ਸਨਅਤ ਵਿਚ ਰਕੁਲ ਪ੍ਰੀਤ ਸਿੰਘ ਦੀ ਵਾਹਵਾ ਗੁੱਡੀ ਚੜ੍ਹੀ ਹੋਈ ਹੈ। ਦੋ ਵਾਰ ਤਾਂ ਉਸ ਦਾ ਨਾਂ ਤੈਲਗੂ ਫਿਲਮਾਂ (ਵੈਂਕਟਾਦਰੀ ਐਕਸਪ੍ਰੈਸ ਅਤੇ ਲੋਕਯਾਮ) ਲਈ ਫਿਲਮਫੇਅਰ ਦੇ ਸਰਵੋਤਮ ਅਦਾਕਾਰਾ ਇਨਾਮ ਲਈ ਨਾਮਜ਼ਦਗੀ ਹੋ ਚੁੱਕੀ ਹੈ।

ਰਕੁਲ ਪ੍ਰੀਤ ਸਿੰਘ ਉਸ ਦੀ ਪਹਿਲੀ ਫਿਲਮ 'ਗਿਲੀ' ਜੋ ਕੰਨੜ ਵਿਚ ਸੀ, 2009 ਵਿਚ ਆਈ ਸੀ। ਇਸ ਤੋਂ ਬਾਅਦ 2011 ਵਿਚ ਉਸ ਨੂੰ ਤੈਲਗੂ ਫਿਲਮ 'ਕਰਤਮ' ਮਿਲ ਗਈ। ਉਸ ਤੋਂ ਬਾਅਦ ਉਸ ਦੀਆਂ ਕਈ ਤੈਲਗੂ ਅਤੇ ਤਮਿਲ ਫਿਲਮਾਂ ਆਈਆਂ ਅਤੇ ਹਿੱਟ ਹੋਈਆਂ, ਪਰ ਉਹਦਾ ਦਿਲ ਹਿੰਦੀ ਫਿਲਮ ਜਗਤ ਲਈ ਧੜਕਦਾ ਸੀ। ਉਹ ਚਾਹੁੰਦੀ ਹੈ ਕਿ ਉਸ ਦਾ ਨਾਂ ਹਿੰਦੀ ਫਿਲਮਾਂ ਵਿਚ ਵੀ ਬਣੇ। ਉਹ ਇਸ ਪਾਸੇ ਲਗਾਤਾਰ ਲੱਗੀ ਹੋਈ ਹੈ। ਉਹ ਅਜੇ ਕਾਲਜ ਵਿਚ ਪੜ੍ਹਦੀ ਹੀ ਸੀ ਜਦੋਂ ਉਹਨੂੰ ਪਹਿਲੀ ਕੰਨੜ ਫਿਲਮ ਮਿਲ ਗਈ ਸੀ।

# 'ਚਾਰ ਸਾਹਿਬਜ਼ਾਦੇ' ਤੋਂ ਬਾਅਦ ਹੁਣ 'ਬੰਦਾ ਸਿੰਘ ਬਹਾਦਰ'




ਇਤਿਹਾਸਕ ਅਤੇ ਧਾਰਮਿਕ ਐਨੀਮੇਸ਼ਨ ਫਿਲਮ 'ਚਾਰ ਸਾਹਿਬਜ਼ਾਦੇ' ਦੀ ਸਫ਼ਲਤਾ ਤੋਂ ਬਾਅਦ ਫਿਲਮ ਦੇ ਨਿਰਦੇਸ਼ਕ ਹੈਰੀ ਬਵੇਜਾ ਵੱਲੋਂ 'ਚਾਰ ਸਾਹਿਬਜ਼ਾਦੇ-2: ਰਾਈਜ਼ ਆਫ਼ ਬੰਦਾ ਸਿੰਘ ਬਹਾਦਰ' ਬਣਾਈ ਜਾ ਰਹੀ ਹੈ। ਇਹ ਫਿਲਮ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਹੋਵੇਗੀ। ਇਸ ਨਵੀਂ ਫਿਲਮ ਦਾ ਪੋਸਟਰ ਅਤੇ ਮੋਸ਼ਨ ਟ੍ਰੇਲਰ ਪਿਛਲੇ ਦਿਨੀਂ ਚੰਡੀਗੜ੍ਹ ਦੇ ਸੈਕਟਰ 31 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਅਤੇ ਹੋਰ ਕਮੇਟੀ ਮੈਂਬਰਾਂ ਵੱਲੋਂ ਰਿਲੀਜ਼ ਕੀਤਾ ਗਿਆ। ਇਸ ਮੌਕੇ ਫਿਲਮ ਦੇ ਨਿਰਦੇਸ਼ਕ ਹੈਰੀ ਬਵੇਜਾ, ਨਿਰਮਾਤਾ ਪੰਮੀ ਬਵੇਜਾ ਅਤੇ ਹੋਰ ਹਾਜ਼ਰ ਸਨ।

ਹੈਰੀ ਬਵੇਜਾ ਨੇ ਦੱਸਿਆ ਕਿ ਨਵੀਂ ਫਿਲਮ ਉਥੋਂ ਸ਼ੁਰੂ ਹੁੰਦੀ ਹੈ ਜਿਥੇ ਪਹਿਲੀ ਫਿਲਮ 'ਚਾਰ ਸਾਹਿਬਜ਼ਾਦੇ' ਖ਼ਤਮ ਹੁੰਦੀ ਹੈ। ਇਸ ਵਿਚ ਬਾਬਾ ਬੰਦਾ ਬਹਾਦਰ ਦੀ ਲਾਸਾਨੀ ਕੁਰਬਾਨੀ ਅਤੇ ਉਨ੍ਹਾਂ ਦੇ ਪੁੱਤਰ ਦੀ ਸ਼ਹਾਦਤ ਨੂੰ ਦਿਖਾਇਆ ਗਿਆ ਹੈ। ਇਸ ਦੇ ਨਾਲ ਹੀ ਵੱਲੋਂ ਕਾਇਮ ਕੀਤੇ ਪਹਿਲੇ ਸਿੱਖ ਰਾਜ ਬਾਰੇ ਦੱਸਿਆ ਗਿਆ ਹੈ। ਇਹ ਫਿਲਮ ਇਸੇ ਸਾਲ ਨਵੰਬਰ ਵਿਚ ਰਿਲੀਜ਼ ਕੀਤੀ ਜਾਵੇਗੀ। ਇਸ ਦੇ ਨਿਰਮਾਣ ਦਾ ਸਾਰਾ ਕੰਮ ਬ੍ਰਿਟਿਸ਼ ਵਿਜ਼ੂਅਲ ਇਫੈਕਟਸ ਐਂਡ ਐਨੀਮੇਸ਼ਨ ਵੱਲੋਂ ਕੀਤਾ ਜਾ ਰਿਹਾ ਹੈ। ਫਿਲਮ ਦਾ ਸੰਗੀਤ ਨਿਰਮਲ ਸਿੰਘ ਨੇ ਦਿੱਤਾ ਹੈ। ਫਿਲਮ ਵਿਚ ਤਿੰਨ ਗੀਤ ਹਨ।

ਸਮਾਗਮ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਦੀ ਆਮਦ ਬਾਰੇ ਹੈਰੀ ਬਵੇਜਾ ਨੇ ਸਪਸ਼ਟ ਕੀਤਾ ਕਿ ਸ਼੍ਰੋਮਣੀ ਕਮੇਟੀ ਤੋਂ ਕੋਈ ਮਾਲੀ ਸਹਾਇਤਾ ਨਹੀਂ ਲਈ ਜਾ ਰਹੀ, ਸਗੋਂ ਹਰ ਸੀਨ ਸ਼੍ਰੋਮਣੀ ਕਮੇਟੀ ਦੀ ਸਲਾਹ ਅਤੇ ਸਹਿਮਤੀ ਨਾਲ ਤਿਆਰ ਕੀਤਾ ਜਾ ਰਿਹਾ ਹੈ ਤਾਂ ਕਿ ਇਤਿਹਾਸਕ ਅਤੇ ਧਾਰਮਿਕ ਤੱਥਾਂ ਨੂੰ ਸਹੀ ਤਰੀਕੇ ਨਾਲ ਪੇਸ਼ ਕੀਤਾ ਜਾ ਸਕੇ। ਇਹ ਫਿਲਮ ਇਰੋਜ਼ ਐਂਟਰਟੇਨਮੈਂਟ ਐਂਡ ਬਵੇਜਾ ਮੂਵੀਜ਼ ਦੀ ਸਾਂਝੀ ਪੇਸ਼ਕਸ਼ ਹੋਵੇਗੀ।



*ਹੈਰੀ ਬਵੇਜਾ ਆਪਣੀ ਪਤਨੀ ਪੰਮੀ ਬਵੇਜਾ ਨਾਲ।*

ਉਨ੍ਹਾਂ ਦੱਸਿਆ ਕਿ ਫਿਲਹਾਲ ਉਨ੍ਹਾਂ ਦਾ ਸਾਰਾ ਧਿਆਨ ਸਿੱਖ ਇਤਿਹਾਸ ਉਤੇ ਲੱਗਿਆ ਹੋਇਆ ਹੈ। ਸਿੱਖ ਇਤਿਹਾਸ ਨੂੰ ਐਨੀਮੇਸ਼ਨ ਰਾਹੀਂ ਪਰਦੇ ਉਤੇ ਉਤਾਰਨ ਤੋਂ ਬਾਅਦ ਹੀ ਕਿਸੇ ਹੋਰ ਪ੍ਰੋਜੈਕਟ ਬਾਰੇ ਸੋਚਿਆ ਜਾ ਸਕਦਾ ਹੈ। ਦੁਬਾਰਾ ਪੁੱਛਣ 'ਤੇ ਉਨ੍ਹਾਂ ਸਪਸ਼ਟ ਕੀਤਾ ਕਿ ਜੇ ਉਨ੍ਹਾਂ ਕੋਈ ਹਿੰਦੀ ਫਿਲਮ ਬਣਾਉਣੀ ਵੀ ਹੋਈ ਤਾਂ ਇਹ ਪ੍ਰੋਜੈਕਟ ਅਗਲੇ ਸਾਲ ਹੀ ਸ਼ੁਰੂ ਕੀਤਾ ਜਾ ਸਕੇਗਾ। ਇਸੇ ਦੌਰਾਨ ਉਨ੍ਹਾਂ ਮੰਨਿਆ ਕਿ ਐਨੀਮੇਸ਼ਨ ਦੇ ਮਾਮਲੇ ਵਿਚ ਭਾਰਤ ਅਜੇ ਬਹੁਤ ਪਿਛੇ ਹੈ। ਇਸੇ ਲਈ ਉਹ ਇੰਗਲੈਂਡ ਤੋਂ ਇਹ ਸੇਵਾਵਾਂ ਲੈ ਰਹੇ ਹਨ। ਉਨ੍ਹਾਂ ਆਪਣੀ ਪਹਿਲੀ ਫਿਲਮ 'ਚਾਰ ਸਾਹਿਬਜ਼ਾਦੇ' ਨੂੰ ਮਿਲੇ ਭਰਪੂਰ ਹੁੰਗਾਰੇ 'ਤੇ ਤਸੱਲੀ ਪ੍ਰਗਟ ਕੀਤੀ ਅਤੇ ਕਿਹਾ ਕਿ ਇਸੇ ਕਰ ਕੇ ਹੀ ਤਾਂ ਹੁਣ ਬੰਦਾ ਬਹਾਦਰ ਵਾਲੀ ਫਿਲਮ ਸ਼ੁਰੂ ਕੀਤੀ ਜਾ ਸਕੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਨਵੀਂ ਫਿਲਮ ਵੀ ਦਰਸ਼ਕਾਂ ਦੀਆਂ ਉਮੀਦਾਂ ਤੇ ਉਮੰਗਾਂ ਉਤੇ ਪੂਰੀ ਉਤਰੇਗੀ। ਫਿਲਮ ਨਾਲ ਜੁੜੀ ਸਮੁੱਚੀ ਟੀਮ ਇਸ ਫਿਲਮ ਨੂੰ ਵੀ ਉਤਨੀ ਹੀ ਲਗਨ, ਮਿਹਨਤ ਅਤੇ ਚਾਅ ਨਾਲ ਸਿਰੇ ਚਾੜ੍ਹਨ ਵਿਚ ਹੱਥ ਵਟਾ ਰਹੀ ਹੈ।

*-ਗੁਰਜੰਟ ਸਿੰਘ*

# ਕਿਸਾਨਾਂ ਦਾ ਫਿਕਰ ਕਰਨ ਵਾਲਾ ਓਮ ਪੁਰੀ

ਅਦਾਕਾਰ ਓਮ ਪੁਰੀ ਨੇ ਕਿਹਾ ਕਿ ਭਾਰਤੀ ਸਿਨੇਮਾ ਵਿਚੋਂ ਹੁਣ ਹੌਲੀ-ਹੌਲੀ ਕਿਸਾਨਾਂ ਵਾਲੇ ਕਿਰਦਾਰ ਗਾਇਬ ਹੋ ਗਏ ਹਨ ਅਤੇ ਇਹ ਵਰਤਾਰਾ ਬਹੁਤ ਦੁਖਦਾਈ ਹੈ। ਆਮ ਜ਼ਿੰਦਗੀ ਤੋਂ ਬਾਅਦ ਹੁਣ ਕਲਾ ਦੇ ਖੇਤਰ ਵਿਚੋਂ ਵੀ ਅਜਿਹੇ ਪਾਤਰ ਹਾਸ਼ੀਏ 'ਤੇ ਚਲੇ ਗਏ ਹਨ। ਕੋਈ ਸਮਾਂ ਸੀ ਜਦੋਂ ਕਿਸਾਨਾਂ 'ਤੇ ਕੇਂਦਰਿਤ ਫਿਲਮਾਂ ਸਭ ਤੋਂ ਵੱਧ ਬਣਦੀਆਂ ਸਨ, ਪਰ ਹੁਣ ਕਿਸਾਨ ਤਾਂ ਛੱਡੋ, ਪਿੰਡਾਂ ਦੇ ਪਿਛੋਕੜ ਉਤੇ ਵੀ ਫਿਲਮਾਂ ਨਹੀਂ ਬਣ ਰਹੀਆਂ। ਸਿਨੇਮਾ ਵਿਚ ਬਾਜ਼ਾਰੀਕਰਨ ਦੀ ਸਭ ਤੋਂ ਵੱਧ ਮਾਰ ਕਿਸਾਨਾਂ ਉਤੇ ਹੀ ਪਈ ਹੈ। ਬਾਜ਼ਾਰੀਕਰਨ ਨੇ ਆਮ ਕਿਸਾਨ ਨੂੰ ਇਕ ਤਰ੍ਹਾਂ ਨਾਲ ਰੋਲ ਕੇ ਰੱਖ ਦਿੱਤਾ ਹੈ। ਸਿਤਮਜ਼ਰੀਫੀ ਇਹ ਹੈ ਕਿ ਇਸ ਬਾਰੇ ਕਿਸੇ ਨੂੰ ਕੋਈ ਫਿਕਰ ਵੀ ਨਹੀਂ ਹੈ।

ਆਪਣੀ ਨਵੀਂ ਫਿਲਮ 'ਪ੍ਰੋਜੈਕਟ ਮਰਾਠਵਾੜਾ' ਬਾਰੇ ਨਵੀਂ ਦਿੱਲੀ ਵਿਚ ਕਰਵਾਏ ਇਕ ਸਮਾਗਮ ਦੌਰਾਨ ਫਿਲਮ ਦੇ ਮੁੱਖ ਅਦਾਕਾਰਾ ਓਮ ਪੁਰੀ ਨੇ ਕਿਹਾ ਕਿ ਹੁਣ ਪਿੰਡਾਂ ਨੂੰ ਲੈ ਕੇ ਫਿਲਮਾਂ ਨਹੀਂ ਬਣ ਰਹੀਆਂ, ਸ਼ਹਿਰਾਂ ਅਤੇ ਸ਼ਹਿਰੀ ਪਾਤਰਾਂ ਨੂੰ ਧਿਆਨ ਵਿਚ ਰੱਖ ਕੇ ਹੀ ਫਿਲਮਾਂ ਬਣਾਈਆਂ ਜਾ ਰਹੀਆਂ ਹਨ, ਜਾਂ ਫਿਰ ਅਜਿਹੀਆਂ ਫਿਲਮਾਂ ਬਣਾਈਆਂ ਜਾ ਰਹੀਆਂ ਹਨ ਜਿਨ੍ਹਾਂ ਦਾ ਕੋਈ ਮਕਸਦ ਹੀ ਨਹੀਂ ਹੈ। ਉਨ੍ਹਾਂ ਦਾਅਵਾ ਕੀਤਾ ਕਿ ਲੋਕਾਂ ਨੂੰ ਜਾਗਰੂਕ ਕਰਨ ਲਈ ਸਿਨੇਮਾ ਅੱਜ ਵੀ ਕਾਫੀ ਮਦਦਗਾਰ ਸਾਧਨ ਹੈ। ਹਿੰਦੀ ਸਿਨੇਮਾ ਦਾ ਸੋਨੇ ਦਾ ਯੁਗ 50ਵੇਂ ਅਤੇ 60ਵੇਂ ਦਹਾਕੇ ਵਿਚ ਸੀ ਜਦੋਂ ਬਿਮਲ ਰਾਏ, ਗੁਰੂ ਦੱਤ, ਮਹਿਬੂਬ ਖਾਨ ਅਤੇ ਵੀ. ਸ਼ਾਂਤਾਰਾਮ ਵਰਗੇ ਫਿਲਮਸਾਜ਼ ਪਿੰਡਾਂ ਅਤੇ ਕਿਸਾਨਾਂ 'ਤੇ ਆਧਾਰਿਤ ਫਿਲਮਾਂ ਬਣਾਉਂਦੇ ਸਨ। ਉਨ੍ਹਾਂ ਦੀਆਂ ਸਮਾਜਿਕ ਫਿਲਮਾਂ ਨੂੰ ਲੋਕ ਦੇਖਦੇ ਸਨ ਅਤੇ ਉਹ ਸਿਨੇਮਾਘਰਾਂ ਵਿਚ ਚੱਲਦੀਆਂ ਵੀ ਸਨ। ਹੁਣ ਜਿਹੜੇ ਨਵੇਂ ਫਿਲਮਸਾਜ਼ ਉਠ ਰਹੇ ਹਨ, ਉਨ੍ਹਾਂ ਦੀ ਰੁਚੀ ਸ਼ਹਿਰੀ ਮਸਲਿਆਂ ਵੱਲ ਜ਼ਿਆਦਾ ਹੈ। ਬਹੁਤ ਥੋੜ੍ਹੇ ਫਿਲਮਸਾਜ਼ ਹਨ ਜਿਹੜੇ ਪਿੰਡਾਂ ਦੇ ਮਸਲਿਆਂ ਨੂੰ ਆਪਣੀਆਂ ਫਿਲਮਾਂ ਵਿਚ ਕੋਈ ਥਾਂ ਦੇ ਰਹੇ ਹਨ। ਬਹੁਤਿਆਂ ਦਾ ਸਾਰਾ ਜ਼ੋਰ ਸ਼ਹਿਰੀ ਜੀਵਨ ਉਤੇ ਹੀ ਲੱਗਿਆ ਹੋਇਆ ਹੈ।






*ਫਿਲਮ 'ਪ੍ਰਾਜੈਕਟ ਮਰਾਠਵਾੜਾ' ਦੀ ਝਲਕ ਅਤੇ (ਸੱਜੇ) ਫਿਲਮ ਦਾ ਪੋਸਟਰ।*

**Anu Attorney**
**Professional Law Group, PLLC.**

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW (Only In WA)
*Divorce *Annulment
*International Custody

INCORPORATIONS (Only In WA)
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



**ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?**

**ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ**

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



Rates as low as 2.0%

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

**Call Paul at 1-800-705-3863**

www.Transportationfunding.com
Transportation Funding Group, Inc.
Minneapolis , MN 55426








ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans
Under One Roof

ਪਿਛਲੇ 29 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

We can sell your house in short sale at no cost to you.

Selling Homes from Gilroy to Sacramento, CA

Call us before visiting any model homes to save big time.

**JUST SOLD**

1. 4212 Solar Circle, Union City, CA 94587
2. 4246 Solar Circle, Union City, CA 94587
3. 3155 Antonio Loop, Tracy, CA 95377
4. 3060 White Ash Ave., Clovis, CA 93619
5. 10786 Willow Brook Way, Cupertino, CA 95014
6. 3222 Pumpherston Way, San Jose, CA 95148
7. 4261 Solar Circle Union City, CA 94587
8. 3236 Ormande Ct., Tracy, CA 95377
9. 345 Bridge Creek Dr., Hayward, CA 94544
10. 29058 Sebring Ct., Hayward, CA 94545
11. 3136 Ormonde Dr., Tracy CA 95377
12. 1492 Christina Ct., Hayward, CA94545
13. 4123 Lunar Way Union City, CA 94587
14. 33779 Dalton Ct., Union City, CA 94587
15. 4709 Valencia Way, Union City, CA 94587
16. 3313 Oak Bluff Ct., Dublin, CA 94568
17. 557 W. Corazon Way Mountain House, CA 95391

**Purchase Loan and Refinance**

15 & 30 Yr Fixed Rates Are Still Better!!!
5/1, 7/1 ARM are also attractive Refinance Now At Zero Cost

Call Sukhi Gill DHMS, Loan Broker Ph: 510-207-9067 CA BRE Lic.#01180969 NMLS# 352095

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



Jaswinder Gill M.Sc (PAU)
CA BRE# 00966763
Broker/Owner/Notary

Pinnacle Award Winner 2015
Grand Master Award Winner 2012, 2013 & 2014

Sacramento Office
Sam Chahal
9912 Kapalua Ln., Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

Follow us on zillow.com and trulia.com

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.